Digitized by Arya Samaj Foundation Chennai and eGangotri

४१३२६
५-३-६५

मूर्तिपूजा

२५प
२

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
पुस्तकालय

विषय संख्या २५५/२
पुस्तक संख्या
आगत पञ्जिका संख्या ५२,३२६

पुस्तक पर किसी प्रकार का निशान लगाना वर्जित है। कृपया १५ दिन से अधिक समय तक पुस्तक अपने पास न रखें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CHECKED 1973

ਮੂਰਤੀ ਪੂਜਾ

— ਕਰਤਾ —

ਸਿਵਰਾਮ ਦਾਸ ਉਦਾਸੀਨ ਚਕ੍ਰਵਰਤੀ

ਪ੍ਰਕਾਸ਼ਕ

ਮੁਰਾਰੀ ਲਾਲ ਨਾਂਗਪਾਲ

ਸਹਿਜਧਾਰੀ ਸਿੱਖ

ਸ੍ਰੀ ਕਰਨ ਪੁਰ (ਰਾਜ ਸਥਾਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੴ

ਮੂਰਤੀ ਪੂਜਾ

— ਕਰਤਾ —

ਸ਼ਿਵਰਾਮ ਦਾਸ ਉਦਾਸੀਨ ਚਕ੍ਰਵਰਤੀ

*** ਪ੍ਰਕਾਸ਼ਕ ***

ਮੁਰਾਰੀ ਲਾਲ ਨਾਂਗਪਾਲ

ਸਹਿਜਧਾਰੀ ਸਿੱਖ

ਸ੍ਰੀ ਕਰਨ ਪੁਰ (ਰਾਜ ਸਥਾਨ)

ਭੇਟਾ ਕੇਵਲ ਪ੍ਰੇਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

१५५/२
४८, ३२६

ਪ੍ਰਕਾਸ਼ਕ ਵਲੋਂ ਸੂਚਨਾ

ਸ੍ਰੀ ਮਾਨ ਸੁਆਮੀ ਸ਼ਿਵਰਾਮ ਦਾਸ ਜੀ ਉਦਾਸੀਨ ਚਕ੍ਰ ਵਰਤੀ ੫ ਮੱਘਰ ਸੰਮਤ ਬਿ: ੨੦੧੦ ਨੂੰ ਸ੍ਰੀ ਕਰਨ ਪੁਰ ਪਧਾਰੇ। ਮੇਰੇ ਘਰ ਹੀ ਉਨ੍ਹਾਂ ਨੇ ਨਿਵਾਸ ਕੀਤਾ ਅਤੇ ਕਈ ਦਿਨ ਰਹੇ, ਪ੍ਰੰਤੂ ਮੈਂ ਹਰ ਰੋਜ਼ ਆਪਣੇ ਪ੍ਰਸ਼ਨ ਲਿਖ ਕੇ ਸੁਆਮੀ ਜੀ ਦੇ ਅੱਗੇ ਧਰ ਦਿੰਦਾ ਰਿਹਾ ਅਤੇ ਉਹ ਮੇਰੇ ਲਿਖੇ ਪ੍ਰਸ਼ਨ ਤੇ ਆਪਣੇ ਉੱਤਰ ਲਿਖ ਕੇ ਮੈਨੂੰ ਦੇ ਦਿੰਦੇ ਰਹੇ, ਇੰਜ ਇਹ "ਮੂਰਤੀ ਪੂਜਾ" ਨਾਮੀ ਪੁਸਤਕ ਤਿਆਰ ਹੋ ਗਈ। ਮੂਰਤੀ ਪੂਜਾ ਬਾਰੇ ਮੇਰੇ ਦਿਲ ਵਿੱਚ ਬਹੁਤ ਚਿਰਾਂ ਤੋਂ ਹੀ ਕਈ ਪ੍ਰਸ਼ਨ ਉਠਦੇ ਹੁੰਦੇ ਸਨ ਕਿਉਂਕਿ ਮੈਂ ਆਪਣੇ ਪਿਛਲੇ ਪਿੰਡ ਮੌਸਮ ਵਾਲੇ ਰਿਆਸਤ ਬਹਾਵਲਪੁਰ ਵਿੱਚ ਨਿਤ ਗੁਰਦੁਆਰੇ ਜਾਣ ਦਾ ਪ੍ਰੇਮੀ ਸਾਂ। ਗੁਰਦੁਆਰੇ ਵਿੱਚ ਜਿੰਨੇ ਵੀ ਗੁਣੀ ਗਿਆਨੀ ਆਉਂਦੇ ਤੇ ਪਰਚਾਰ ਕਰਦੇ ਸਨ, ਉਹ ਮੂਰਤੀ ਪੂਜਾ ਦੇ ਵਿਰੁੱਧ ਜੋ ਵੀ ਪ੍ਰਮਾਣ ਤੇ ਦਲੀਲਾਂ ਦਿੰਦੇ ਸਨ, ਉਨ੍ਹਾਂ ਦਾ ਅਤੇ ਕੁਝ ਹੋਰ ਜੋ ਇਧਰ ਓਧਰ ਪਾਸੇ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਆਰਯਾ ਸਮਾਜ ਆਦਕਾਂ ਦੇ ਕਦੀਂ ਕਦੀਂ ਜਲਸਿਆਂ ਵਿੱਚ ਪਰਚਾਰ ਸੁਣ ਲੈਂਦਾ ਸਾਂ, ਉਨ੍ਹਾਂ ਦਾ ਵੀ ਮੇਰੇ ਦਿਮਾਗ਼ ਵਿੱਚ ਪ੍ਰਭਾਵ ਸੀ। ਓਹੋ ਹੀ ਮੈਂ ਸੁਆਮੀ ਜੀ ਅੱਗੇ ਪ੍ਰਸ਼ਨ ਕੀਤੇ ਤੇ ਸੁਆਮੀ ਜੀ ਨੇ ਬਹੁਤ ਯੁਕਤੀ ਯੁਕਤ ਅਤੇ ਪ੍ਰਮਾਣਾਂ ਸਹਿਤ ਉੱਤਰ ਦਿੱਤੇ। ਫਿਰ ਮੈਂ ਇਹ ਕਈਆਂ ਮਿੱਤ੍ਰਾਂ ਨੂੰ ਦਿਖਲਾਏ, ਉਨ੍ਹਾਂ ਨੇ ਪ੍ਰੇਰਨਾਂ ਕੀਤੀ। ਬਲਕਿ ਮਹੰਤ ਭਗਤ ਰਾਮ ਜੀ ਦੇ ਪਾਸ ਬੜੇ ਪਿੰਡ ਜਾਣ ਦਾ ਮੈਨੂੰ ਮੌਕਾ ਮਿਲਿਆ, ਤਾਂ ਉਨ੍ਹਾਂ ਇਹ ਪ੍ਰਸ਼ਨ-ਉਤਰ ਪੜ੍ਹਕੇ ਵਿਸ਼ੇਸ਼ ਪ੍ਰੇਰਨਾਂ ਕੀਤੀ ਕਿ ਇਹ ਪ੍ਰਸ਼ਨ-ਉਤਰ ਛਾਪ ਦਿੱਤੇ ਜਾਣ ਤਾਂ ਠੀਕ ਹੈ ਕਿਉਂਕਿ ਇਹ ਬਹੁਤ ਲਾਭਦਾਇਕ ਹਨ। ਇਸ ਲਈ ਹੁਣ ਇਸ ਪੁਸਤਕ ਦੇ ਰੂਪ ਵਿਚ ਛਾਪ ਕੇ ਇਹ ਪਾਠਕਾਂ ਦੀ ਭੇਟ ਮੁਫ਼ਤ ਕਰ ਰਿਹਾ ਹਾਂ, ਤਾਂ ਜੋ ਉਹ ਪੜ੍ਹ ਕੇ ਲਾਭ ਉਠਾਉਣ।

ਮੈਂ ਹਾਂ ਆਪ ਦਾ ਦਾਸ–

ਮੁਰਾਰੀ ਲਾਲ ਨਾਂਗਪਾਲ

ਸਹਿਜਧਾਰੀ ਸਿੱਖ,

ਸ੍ਰੀ ਕਰਨ ਪੁਰ

(ਰਾਜਸਥਾਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੰਨਵਾਦ

ਵਲੋਂ—ਮਹੰਤ ਭਗਤ ਰਾਮ 'ਮੁਸਾਫਰ' ਐਡੀਟਰ ਮਹਾਤਮਾਂ ਅੰਮ੍ਰਿਤਸਰ ਤੇ ਮੰਤ੍ਰੀ ਉਦਾਸੀਨ ਮੰਡਲ ਜਿਲਾ ਜਲੰਧਰ

ਸ੍ਰੀ ਮੁਰਾਰੀ ਲਾਲ ਜੀ ਨਾਂਗਪਾਲ ਸ੍ਰੀ ਕਰਨਪੁਰ ਵਾਲੇ ਮੇਰੇ ਪਾਸ ਆਏ ਤੇ ਉਹਨਾਂ ਨੇ ਮੈਨੂੰ ਇਹ, ਮੂਰਤੀ ਪੂਜਾ, ਨਾਮੀ ਪੁਸਤਕ ਹਸਤ ਲਿਖਤ ਵਿਖਾਈ, ਜਿਸ ਵਿਚ ਸ੍ਰੀ ਮੁਰਾਰੀ ਲਾਲ ਜੀ ਦੇ ਪ੍ਰਸ਼ਨ ਤੇ ਸ੍ਰੀ ਸੁਆਮੀ ਸ਼ਿਵਰਾਮ ਦਾਸ ਜੀ ਉਦਾਸੀਨ ਦੇ ਉੱਤਰ ਲਿਖੇ ਹੋਏ ਸਨ। ਇਸ ਪੁਸਤਕ ਨੂੰ ਮੈਂ ਬੜੇ ਗਹੁ ਤੇ ਧਿਆਨ ਨਾਲ ਵਿਚਾਰਿਆ, ਜਿਸ ਵਿਚ ਸ਼ਲਾਘਾ ਯੋਗ ਯੁਕਤੀ ਅਤੇ ਪ੍ਰਮਾਣਾਂ ਦੁਆਰਾ ਮੂਰਤੀ ਪੂਜਾ ਸਿਧ ਕੀਤੀ ਹੋਈ ਹੈ।

ਮੂਰਤੀ ਪੂਜਾ ਦਾ ਜੋ ਬੜਾ ਮਹਾਂਨ ਤੇ ਗੰਭੀਰ ਵਿਸ਼ਾ ਹੈ, ਇਸ ਉਤੇ ਸ੍ਰੀ ਸੁਆਮੀ ਜੀ ਨੇ ਬਹੁਤ ਚੰਗਾ ਚਾਨਣਾ ਪਾਇਆ ਹੈ। ਮੂਰਤੀ ਪੂਜਾ ਸਿਧ ਕਰਨ ਸਬੰਧੀ ਇਹੋ ਜਿਹੀ ਖੋਜ ਭਰੀ ਪੁਸਤਕ ਅੱਜ ਤਕ ਮੈਂ ਨਹੀਂ ਵੇਖੀ, ਕਿਉਂਕੇ ਇਸ ਪੁਸਤਕ ਵਿਚ ਸ੍ਰੀ ਸੁਆਮੀ ਜੀ ਨੇ ਮੁਰਾਰੀ ਲਾਲ ਜੀ ਦੇ ਪ੍ਰਸ਼ਨਾਂ ਦੇ ਉਹ ਉੱਤਰ ਦਿਤੇ ਹਨ ਜਿਹਨਾਂ ਨੂੰ ਪੜ੍ਹਕੇ ਮੂਰਤੀ ਪੂਜਾ ਖੰਡਨ ਸਬੰਧੀ ਸਾਰੇ ਸ਼ੰਕਿਆਂ ਦੀ ਨਵਿਰਤੀ ਹੋ ਜਾਂਦੀ ਹੈ।

ਮੇਰੇ ਮਨ ਵਿਚ ਭੀ ਕਦੇ ਕਦੇ ਮੂਰਤੀ ਪੂਜਾ ਖੰਡਨ ਹਿਤ ਕੁਛ ਸ਼ੰਕੇ ਉਠਦੇ ਰਹਿੰਦੇ ਸਨ, ਪਰ ਇਸ ਪੁਸਤਕ ਨੂੰ ਪੜ੍ਹਕੇ ਉਹ ਸਾਰੇ ਦੂਰ ਹੋ ਗਏ ਕਿਉਂਕੇ ਸੁਆਮੀ ਜੀ ਨੇ ਜੋ ਲੋਕ ਮੂਰੜੀ ਪੂਜਾ ਕਰਦੇ ਹੋਏ ਭੀ ਮੂਰਤੀ ਪੂਜਾ ਦਾ ਧੜਾ ਧੜ ਖੰਡਨ ਹੀ ਕਰਦੇ ਆ ਰਹੇ ਹਨ, ਉਹਨਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਧਾਨ ਪੂਰੀ ਵਿਦਵਤਾ ਨਾਲ ਕਰਕੇ ਉਹਨਾਂ ਨੂੰ ਨਿਰੁਤਰ ਕਰ ਦਿਤਾ ਹੈ।

ਸੁਆਮੀ ਜੀ ਨੇ ਇਹ ਪੁਸਤਕ ਲਿਖ ਕੇ ਚਿਰਾਂ ਤੋਂ ਚਲੇ ਆ ਰਹੇ ਵਿਵਾਦ ਨੂੰ ਸ਼ਾਂਤ ਕਰਕੇ ਭਾਰੀ ਉਪਕਾਰ ਕੀਤਾ ਹੈ।

ਇਸ ਪੁਸਤਕ ਨੂੰ ਪੜ੍ਹਕੇ ਇਹ ਚੰਗੀ ਤਰਾਂ ਗਿਆਨ ਹੋ ਜਾਂਦਾ ਹੈ ਕੇ ਹਰ ਜਾਤੀ ਤੇ ਹਰ ਸੰਪ੍ਰਦਾਯ ਕਿਸੇ ਨ ਕਿਸੇ ਵਿੰਗੇ ਟੇਢੇ ਢੰਗ ਨਾਲ ਜਰੂਰ ਮੂਰਤੀ ਪੂਜਾ ਕਰਦੀ ਹੈ। ਸਾਥ ਹੀ ਇਹ ਭੀ ਨਿਸਚਾ ਹੋ ਜਾਂਦਾ ਹੈ ਕੇ ਕਿਸੇ ਮੂਰਤੀ ਦੀ ਸ਼ਰਨ ਹੋਏ ਬਿਨਾ ਨਿਰਾਕਾਰ ਬ੍ਰਹਿਮ ਦਾ ਗਿਆਨ ਭੀ ਨਹੀਂ ਹੋ ਸਕਦਾ। ਇਸ ਪੁਸਤਕ ਨੂੰ ਪੜ੍ਹਕੇ ਮੈਂ ਸ੍ਰੀ ਮੁਰਾਰੀ ਲਾਲ ਜੀ ਨੂੰ ਪ੍ਰੇਰਨਾ ਕੀਤੀ ਕੇ ਆਪ ਜਰੂਰ ਇਸ ਨੂੰ ਛਾਪਣ ਦਾ ਯਤਨ ਕਰੋ ਤਾਂ ਕੇ ਹੋਰ ਪ੍ਰੇਮੀ ਭੀ ਲਾਭ ਪ੍ਰਾਪਤ ਕਰ ਸਕਣ।

ਸ੍ਰੀ ਮਾਨ ਸੁਆਮੀ ਸ਼ਿਵਰਾਮ ਦਾਸ ਜੀ ਉਦਾਸੀਨ ਸੰਪ੍ਰਦਾਯ ਦੇ ਬੜੇ ਪ੍ਰਸਿੱਧ ਵਿਦਵਾਨ ਹਨ ਜਿਹਨਾਂ ਨੇ ਅੱਗੇ ਭੀ ਕਈ ਧਾਰਮਿਕ ਪੁਸਤਕ ਛਾਪਕੇ ਧਰਮ ਅਰਥ ਵੰਡੇ ਹਨ ਇਸ ਲਈ ਸੁਆਮੀ ਜੀ ਦੇ ਉਪਕਾਰ ਦਾ ਜਿਤਨਾ ਧੰਨਵਾਦ ਕੀਤਾ ਜਾਵੇ ਥੋੜ੍ਹਾ ਹੈ ਅਖੀਰ ਉਤੇ ਮੈਂ ਹਰ ਭਾਰਤੀਯ ਨੂੰ ਇਸ ਪੁਸਤਕ ਪੜ੍ਹਨ ਦੀ ਪ੍ਰਾਰਥਨਾਂ ਕਰਦਾ ਹਾਂ ਤੇ ਸ੍ਰੀ ਮੁਰਾਰੀ ਲਾਲ ਜੀ ਦਾ ਭੀ ਅਤੀ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਮੇਰੀ ਪ੍ਰਾਰਥਨਾਂ ਨੂੰ ਮੰਨਕੇ ਇਹ ਪੁਸਤਕ ਛਪਵਾਕੇ ਪਾਠਕਾਂ ਦੀ ਭੇਟ ਕੀਤੀ ਹੈ।

ਮਹੰਤ ਭਗਤ ਰਾਮ 'ਮੁਸਾਫਰ'
ਬੜਾ ਪਿੰਡ (ਜਲੰਧਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਸੰਸਾ ਪਤ੍ਰ

ਸਰਗੁਣ ਅਥਵਾ ਨਿਰਗੁਣ ਈਸ਼ਵਰ ਕੀ ਪ੍ਰਸੰਨਤਾ ਲੇਨੇ ਵਾਲੇ ਜਗਿਆਸੂਓਂ ਕੋ ਭੀ ਪ੍ਰਤੀਕ ਕੇ ਅਤਿਰਿਕਤ ਅਨਯ ਕੋਈ ਉਪਾਏ ਕਰਨਾ ਸ਼ਸ਼ ਸ੍ਰਿੰਗ ਪ੍ਰਤੀਤਿ ਮਾਤਰ ਹੀ ਹੋ ਸਕਤਾ ਹੈ। ਇਸ ਬਾਤ ਕੋ ਸਿਧ ਕਰਨੇ ਕੇ ਲੀਏ ਪਰਮ ਮਾਨਯਵਰ ਸ੍ਰੀ ਸ੍ਵਾਮੀ ਸ਼ਿਵਰਾਮ ਦਾਸ ਜੀ ਉਦਾਸੀਨ ਚਕਰ ਵਰਤੀ ਕਾ ਲਿਖਾ ਹੂਆ 'ਮੂਰਤੀ ਪੂਜਾ' ਗ੍ਰੰਥ ਹੀ ਆਦਰਸ਼ (ਸ਼ੀਸ਼ੇ) ਕਾ ਕਾਮ ਦੇ ਸਕਤਾ ਹੈ। ਮੈਂ ਨੇ ਮੂਰਤੀ ਪੂਜਾ ਗ੍ਰੰਥ ਕਾ ਅਵਲੋਕਨ ਆਦਿ ਸੇ ਅੰਤ ਤੱਕ ਕੀਆ। ਈਸ਼੍ਵਰ ਕੋ ਨਿਰਗੁਣ ਮਾਨਨੇ ਵਾਲੋਂ ਕੋ ਭੀ ਅਵਸ਼ ਮੂਰਤੀ ਮਾਨਨੀ ਹੀ ਪੜਤੀ ਹੈ। ਇਸ ਵਿਸ਼ੈ ਮੇਂ ਯੁਕਤੀ ਪ੍ਰਮਾਣ ਗ੍ਰੰਥ ਪੜ੍ਹਨੇ ਸੇ ਹੀ ਬਨਤੇ ਹੈਂ।

ਸ੍ਰੀ ਸੁਆਮੀ ਜੀ ਨੇ ਅਪਨੇ ਬੁਧੀ ਰੂਪ ਸਾਗਰ ਸੇ ਜੋ ਯੁਕਤੀ ਪ੍ਰਮਾਣ ਰੂਪ ਮੋਤੀ ਉਛਾਲੇ ਹੈਂ। ਉਨਕੋ ਮੁਰਾਰੀ ਲਾਲ ਨਾਂਗਪਾਲ ਪ੍ਰਕਾਸ਼ਕ ਨੇ 'ਮੂਰਤੀ ਪੂਜਾ' ਗ੍ਰੰਥ ਰੂਪ ਸੂਤਰ ਦ੍ਵਾਰਾ ਮੋਤੀਓਂ ਕੀ ਮਾਲਾ ਨਿਰਮਾਣ ਕੀ ਹੈ। ਜਗਿਆਸੂ ਸਰੂਪ ਹੰਸ ਇਸ ਮਾਲਾ ਸੇ ਮੋਤੀ ਗ੍ਰਹਿਣ ਕਰਤੇ ਸਮੇਂ ਅਵਸ਼ ਮੋਤੀਓਂ ਕੋ ਦੇਸ਼ਾਂਤਰ ਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਖੇਰ ਕਰ ਔਰੋਂ ਕੋ ਭੀ ਲਾਭਾਨਵਿਤ ਕਰੇਂਗੇ। ਪ੍ਰੰਤੂ ਯਦਿ ਕਾਕ ਇਨਕੋ ਭਕਸ਼ਨ ਕਰਨੇ ਕਾ ਯਤਨ ਕਰੇਂਗੇ ਤੋ ਗਲੇ ਮੇਂ ਅਟਕ ਕਰ ਉਨਕੇ ਨਾਸ਼ਕਾ ਕਾਰਨ ਨਾ ਬਣ ਜਾਏਂ, ਯਹੀ ਭੈ ਹੈ। ਇਸ ਗ੍ਰੰਥ ਮੇਂ ਵਿਪਕਸ਼ੀਓਂ ਕੇ ਪਕਸ਼ੋਂ ਕੋ ਵਚਨ ਵਿਨਯਾਸ ਦ੍ਵਾਰਾ ਕਾਟ ਕਰ ਨਿਰੁਤਰ-ਵਾਦੀ ਮੂਰਤੀ ਮਾਨ ਬਣਾ ਦੀਆ ਹੈ। ਮੂਰਤੀ ਗ੍ਰੰਥ ਕੇ ਸ਼ਬਦ ਪੁਜਾਰੀ, ਅਰਥ ਪੁਜਾਰੀ, ਭਾਵ ਪੁਜਾਰੀ ਕੋ ਪ੍ਰਸਾਦਿ ਨਹੀਂ ਮਿਲੇਗਾ! ਯਿਹ ਤੋਂ ਗ੍ਰੰਥ ਪੜ੍ਹ ਕਰ ਹੀ ਪਤਾ ਚਲ ਸਕਤਾ ਹੈ। ਯਦੀ ਅਨਾਦਰ ਕੇ ਸਾਥ ਭੀ ਕੋਈ ਨੇਤਰ ਕਮਲ ਗ੍ਰੰਥ ਪਰ ਚੜ੍ਹਾ ਕਰ ਦੇਖੇ ਤੋ ਅਵਸ਼ ਆਦਰ ਵਾਨ ਹੋਗਾ।

ਅਧਿਕ ਕਿਆ ਕਹੇਂ ਆਪ ਸ੍ਵੈਯਮ ਹੀ 'ਮੂਰਤੀ ਪੂਜਾ' ਗ੍ਰੰਥ ਪੜ੍ਹ ਕਰ ਅਨੁਭਵ ਕਰੇਂ ਕਿ ਹਮਾਰੇ ਵਿਚਾਰ ਕਹਾਂ ਤਕ ਯਥਾਰਥ ਹੈਂ।

ਪੰਡਿਤ ਪ੍ਰਕਾਸ਼ਾ ਨੰਦ ਸ਼ਾਸਤ੍ਰੀ
ਨਿਆਏ ਵੇਦਾਂਤ ਵਿਆਕਰਣਾਚਾਰਯ
ਗੋਲਡ ਮੈਡਲਿਸਟ ਗੌਰਮਿੰਟ ਸੰਸਕ੍ਰਿਤ ਕਾਲਜ ਕਾਂਸ਼ੀ
ਵਰਤਮਾਨ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਗਲ

ਨਮਸਕਾਰ ਹੋਇ ਈਸ਼ ਕੋ,
ਜੋ ਸਤਿ ਚਿਤ ਅਨੰਦ ਰੂਪ ।
ਅਜ ਅਬਿਨਾਸ਼ੀ ਪਰਮ ਪਦ,
ਮਹਿਮਾਂ ਜਾਂਹਿ ਅਨੂਪ ।
ਕਰਹਿੰ ਅਨੁਗ੍ਰਹਿ ਜਨੋਂ ਪਰ,
ਜੋ ਧਾਰਤ ਹਿਯ ਧਯਾਨ ।
ਤਾਂਕੋ ਹੋਤ ਨਾ ਦੁਖ ਕਬਹੂੰ,
ਸਦਾ ਲਹੈਂ ਕਲਯਾਨ ।
ਪਰਮ ਪਿਤਾ ਜਗਦੀਸ਼ਰ ਕੇਰੀ,
ਗਹੀ ਸ਼ਰਣ ਮੈ ਲਾ ਕਰ ਫੇਰੀ ।
ਤੁਝ ਬਿਨ ਕੌਣ ਸਹਾਈ ਜਨਕਾ,
ਹਰਹੁ ਵਿਖੇਪ ਨਾਥ ਸਭ ਮਨਕਾ ।੧।
ਸ਼ੁਧ ਬੁਧਿ ਹੋਇ ਨਸੈ ਅੰਧੇਰਾ,
ਲੀਯੋ ਪ੍ਰਭੁ ਇਕ ਆਸਰ ਤੇਰਾ ।
ਬੋਧ ਯਥਾਰਥ ਉਰ ਪਰਕਾਸ਼ੋਂ,
ਸੰਸਯ ਔਰ ਵਿਪ੍ਰਯ ਨਾਸ਼ੋਂ ।੨।
ਮੂਰਤੀ ਪੂਜਾ ਕੀ ਭਈ ਸ਼ੰਕਾ,
ਕਰਹੁ ਵਿਵੇਕ ਉਰ ਲਾ ਕਰ ਡੰਕਾ ।
ਸਭ ਜਗ ਕੇ ਤੁਮ ਪਾਲਨ ਹਾਰੇ,
ਮੈਂ ਅਨਾਥ ਕੇ ਆਪ ਸਹਾਰੇ ।੩।
ਚਿੰਤਨ ਹੋਵੇ ਰਾਵਰੋ ਜਬ ਹੀ,
ਵਿਘਨ ਵਿਨਾਸਤ ਮਨ ਕੇ ਤਬ ਹੀ ।
ਟਰਤ ਦੋਸ਼ ਸਭ ਨਸੈ ਅਮੰਗਲ,
ਕਰੈ ਦਾਸ ਸ਼ਿਵ, ਰਾਵਰੋ ਮੰਗਲ ।੪।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਰਤੀ ਪੂਜਾ

੧. ਪ੍ਰਸ਼ਨ—ਮੂਰਤੀ ਪੂਜਾ ਕਰਨੀ ਮਨਮਤਿ ਹੈ ਜਾਂ ਗੁਰਮਤਿ।

ਉਤਰ—ਮੂਰਤੀ ਪੂਜਾ ਮਨ ਮਤਿ ਨਹੀਂ, ਕਿਉਂਕਿ ਗੁਰਬਾਣੀ ਵਿਚ, ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ, (ਗੌੜੀ ਕੀ ਵਾਰ ਮ: ੪) ਲਿਖਿਆ ਹੈ।

੨. ਪ੍ਰਸ਼ਨ—ਏਥੇ ਗੁਰ ਮੂਰਤਿ ਦਾ ਅਰਥ ਗੁਰ ਸ਼ਬਦ ਹੈ, ਕਿਉਂਕਿ ਭਾਈ ਗੁਰਦਾਸ ਜੀ ਨੇ ਵਾਰ ੨੪ ਪੌੜੀ ੨੫ ਵਿਚ ਲਿਖਿਆ ਹੈ ਕਿ, ਗੁਰ ਮੂਰਤ ਗੁਰ ਸ਼ਬਦ ਹੈ......

ਉਤਰ—ਜਿਥੇ, ਜੋ ਚਿਤੁ ਲਾਇ ਪੂਜੇ ਗੁਰ ਮੂਰਤਿ, ਜਾਂ 'ਗੁਰ ਕੀ ਮੂਰਤਿ ਮਨ ਮਹਿ ਧਿਆਨ' ਆਦਿਕ ਪਾਠ ਹੈ ਓਥੇ, ਗੁਰ ਮੂਰਤਿ ਦਾ ਅਰਥ, ਗੁਰ ਸ਼ਬਦ ਕਰਨਾ ਠੀਕ ਨਹੀਂ ਢੁਕਦਾ ਕਿਉਂਕਿ ਸ਼ਬਦ ਕੰਨਾਂ ਦਾ ਵਿਸ਼ਜ ਹੈ, ਨੇਤ੍ਰਾਂ ਦਾ ਵਿਸ਼ਜ ਨਹੀਂ, ਭਾਵ ਨੇਤ੍ਰਾਂ ਕਰਕੇ ਦੇਖਿਆ ਨਹੀਂ ਜਾਂਦਾ, ਕੰਨਾਂ ਨਾਲ ਸੁਣਿਆ ਜਾਂਦਾ ਹੈ, ਇਸ ਲਈ ਸ਼ਬਦ ਦੀ ਧੂਪ, ਦੀਪ ਆਦੀ ਕਿਸੇ ਕਿਸਮ ਦੀ ਕੋਈ ਪੂਜਾ ਵੀ ਨਹੀਂ ਕੀਤੀ ਜਾ ਸਕਦੀ, ਔਰ ਧਿਆਨ ਵੀ ਨਹੀਂ ਧਰਿਆ ਜਾ ਸਕਦਾ ਕਾਰਨ ਇਹ ਕਿ ਸ਼ਬਦ ਇਕ ਨਹੀਂ ਅਨੇਕ ਹਨ, ਅਨੇਕ ਗੁਰ ਸ਼ਬਦਾਂ ਦਾ ਧਿਆਨ ਕਿਸੇ ਇਕ, ਅਧ ਘੰਟੇ ਵਿਚ ਨਹੀਂ ਧਰਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਸਕਦਾ, ਜੇਕਰ ਕਿਸੇ ਇਕ ਸ਼ਬਦ ਦਾ ਧਿਆਨ ਧਰਨਾ ਮੰਨੀਏ ਤਾਂ ਫਿਰ ਓਹ ਅਨੇਕ ਸ਼ਬਦਾਂ ਰੂਪ ਗੁਰਬਾਣੀ ਵਿਚੋਂ ਇਕ ਸ਼ਬਦ ਕੇੜ੍ਹਾ ਹੋ ਸਕਦਾ ਹੈ, ਜਿਸਦਾ ਧਿਆਨ ਧਰਿਆ ਜਾਵੇ ਅਤੇ ਜੇਕਰ ਕਿਸੇ ਇਕ ਸ਼ਬਦ ਨੂੰ ਮੁਕੱਰਰ ਕਰ ਵੀ ਲਈਏ ਤਾਂ ਫਿਰ ਇਹ ਪ੍ਰਸ਼ਨ ਪੈਂਦਾ ਹੋਵੇਗਾ ਕਿ ਉਸ ਇਕ ਸ਼ਬਦ ਦੇ ਅਰਥ ਦਾ ਧਿਆਨ ਧਰਿਆ ਜਾਵੇ ਜਾਂ ਕਿ ਉਸ ਸ਼ਬਦ ਦੇ ਸੰਕੇਤਕ ਲਿਖੇ ਹੋਇ ਅਖਰਾਂ ਦਾ ਧਿਆਨ ਧਰਿਆ ਜਾਵੇ, ਅਥਵਾ ਕੇਵਲ ਉਸ ਸ਼ਬਦ (ਅਵਾਜ਼) ਮਾਤ੍ਰ ਦਾ ਹੀ ਧਿਆਨ ਧਰਿਆ ਜਾਵੇ, ਜੇਕਰ ਸ਼ਬਦ ਦੇ ਅਰਥ ਦਾ ਧਿਆਨ ਧਰਨਾ ਮੰਨੀਏ ਤਾਂ ਜੇਕਰ ਉਸ ਸ਼ਬਦ ਦਾ ਅਰਥ ਨਿਰਾਕਾਰ ਬ੍ਰਹਮ ਹੋਇਆ ਤਾਂ ਉਸਦਾ ਧਿਆਨ ਧਰਿਆ ਨਹੀਂ ਜਾ ਸਕਦਾ, ਕਿਉਂਕਿ ਸ੍ਰੀ ਦਸਮੇਸ਼ ਜੀ ਲਿਖ ਰਹੇ ਹਨ ਕਿ, ਨਹੀਂ ਜਾਨ ਜਾਈ ਕਛੂ ਰੂਪ ਰੇਖੰ, ਕਹਾ ਬਾਸ ਤਾਕੋ ਫਿਰੈ ਕਉਨ ਭੇਖੰ, ਕਹਾ ਨਾਮ ਤਾਕੋ ਕਹ ਕੈ ਕਹਾਵੈ, ਕਹਾ ਮੈਂ ਬਖਾਨੋਂ ਕਹੇ ਮੋਨ ਆਵੈ, ਬਚਿਤ੍ਰ ਨਾਟਕ ਧਿਆ ੧ ਕਵਿਤਾ ਅੰਕ ੧੪ ਇਤਿ ਆਦਕ ਹੋਰ ਵੀ ਕਈ ਵਾਕ ਹਨ, ਜਿਨ੍ਹਾਂ ਵਿਚ ਸਾਫ ਸਿਧ ਹੁੰਦਾ ਹੈ ਕਿ ਨਿਰਾਕਾਰ ਬ੍ਰਹਮ ਬਾਬਤ ਕੁਛ ਕਿਹਾ ਹੀ ਨਹੀਂ ਜਾ ਸਕਦਾ ਬਲਕਿ ਉਸ ਲਈ ਅਗਮ ਅਗੋਚਰ, ਅਲਖ ਅਪਾਰ, ਆਦਕ ਸ਼ਬਦ ਵਰਤੇ ਗਏ ਹਨ ਮਨ ਦੀ ਗਮਤਾ (ਪਹੁੰਚ) ਨਹੀਂ ਇਸ ਲਈ ਅਗਮ ਹੈ, ਇੰਦ੍ਰਯੋਂ ਕਾ ਵਿਸ਼ਜ ਨਹੀਂ ਇਸ ਲਈ ਅਗੋਚਰ ਹੈ ਬੁਧੀ ਦੁਆਰਾ ਲਖਿਆ ਨਹੀਂ ਜਾ ਸਕਦਾ ਇਸ ਲਈ ਅੱਲਖ ਹੈ ਤਾਂਤੇ ਨਿਰਾਕਾਰ ਬ੍ਰਹਮ ਦਾ ਮਨ ਕਰਕੇ ਧਿਆਨ ਨਹੀਂ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਧਰਿਆ ਜਾ ਸਕਦਾ, ਭਾਵ ਸਪਸ਼ਟ ਹੈ ਕਿ ਜਿਸਦਾ ਅਕਾਰ ਹੀ ਕੋਈ ਨਹੀਂ ਉਸਦਾ ਧਿਆਨ ਕਿਵੇਂ ਧਰਿਆ ਜਾ ਸਕੇਗਾ, ਅਤੇ ਜੇਕਰ ਨਿਰਾਕਾਰ ਬ੍ਰਹਮ ਦਾ ਵੀ ਧਿਆਨ ਹੋ ਸਕਦਾ ਮੰਨੀਏ ਤਾਂ ਸਾਕਾਰ ਬ੍ਰਹਮ ਦੇ ਧਿਆਨ ਹੋਣ ਵਿਚ ਕੋਈ ਸ਼ੰਕਾ ਹੀ ਨਹੀਂ ਹੋ ਸਕਦੀ ਤਾਂ ਫਿਰ ਨਿਰਾਕਾਰ ਤੇ ਸਾਕਾਰ ਦਾ ਭੇਦ ਵੀ ਕੀ, ਸਿੱਧ ਹੋਵੇਗਾ।

ਬਾਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ, ਜਹਾਂ ਬੋਲ ਤਹ ਅਛਰ ਆਵਾ, ਜਹ ਅਬੋਲ ਤਹ ਮਨੁ ਨ ਰਹਾਵਾ, ਬੋਲ ਅਬੋਲ ਮਧਿ ਹੈ ਸੋਈ, ਜਸ ਉਹ ਹੈ ਤਸ ਲਖੈ ਨ ਕੋਈ, ਰਾਗ ਗੌੜੀ ਪੂਰਬੀ ਬਾਵਨ ਅਖਰੀ ਸ੍ਰੀ ਕਬੀਰ ਜੀ ਕੀ, ਕਿ ਜਿਹਾ ਉਹ ਬ੍ਰਹਮ ਹੈ ਤੇਹਾ ਉਸਨੂੰ ਕੋਈ ਜਾਣ ਹੀ ਨਹੀਂ ਸਕਦਾ, ਤੇ ਓਥੇ ਅਬੋਲ (ਬਾਣੀ ਤੋਂ ਪਰੇ) ਵਿਚ ਮਨ ਵੀ ਨਹੀਂ ਰਹੇ ਸਕਦਾ ਤਾਂ ਉਸਦਾ ਮਨ ਵਿਚ ਧਿਆਨ ਕਿਵੇਂ ਹੋ ਸਕੇਗਾ, ਤਥਾਃ ਜੇਕਰ ਨਿਰਾਕਾਰ ਬਹਮ ਦੀਆਂ ਸਿਫਤਾਂ ਦਾ ਧਿਆਨ ਧਰੀਏ ਤਾਂ ਉਹ ਸਿਫਤਾਂ ਜੇਕਰ ਮਨ ਬੁਧੀ ਵਿਚ ਆ ਸਕਦੀਆਂ ਹਨ ਤਾਂ ਉਨ੍ਹਾਂ ਦੀ ਕੋਈ ਨਾ ਕੋਈ ਸ਼ਕਲ (ਮੂਰਤੀ) ਹੀ ਸਿਧ ਹੋ ਗਈ ਕਿਉਂਕਿ ਬੁਧੀ ਦੇ ਘੇਰੇ ਵਿਚ ਆ ਜਾਣ ਕਰਕੇ ਅਲਖ ਨਹੀਂ, ਅਤੇ ਜੇਕਰ ਮਨ ਬੁਧੀ ਵਿਚ ਨਹੀਂ ਆ ਸਕਦੀਆਂ ਤਾਂ ਫਿਰ ਉਨ੍ਹਾਂ ਦਾ ਵੀ ਧਿਆਨ ਨਹੀਂ ਹੋ ਸਕਦਾ, ਔਰ ਸੰਸਾਰ ਦੀ ਉਤਪਤੀ, ਪਾਲਨ ਸੰਘਾਰ ਤਥਾ ਦਿਆਲਤਾ ਆਦਕ ਹੀ ਸਿਫਤਾਂ ਹੋ ਸਕਦੀਆਂ ਹਨ ਉਸ ਸੰਸਰ ਬਾਬਤ ਗੁਰੂ ਜੀ ਨੇ ਕਿਹਾ ਹੈ ਕਿ, ਜਗ ਰਚਨਾ ਸਭ ਝੂਠ ਹੈ, ਆਦਕ ਕਿ ਸੰਸਾਰ ਝੂਠਾ ਹੈ, ਤਾਂ ਉਤਪਤੀ ਪਾਲਨ ਸੰਘਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਦਕ ਸਿਫਤਾਂ ਨੂੰ ਧਿਆਨ ਵਿਚ ਲਿਆਉਣ ਲਗਿਆਂ ਪਹਿਲੇ ਸੰਸਾਰ ਸਾਹਮਣੇ ਧਿਆਨ ਵਿਚ ਆਵੇਗਾ ਜੋ ਮੂਰਤੀ ਵਤ ਮਿਥਿਆ (ਝੂਠਾ) ਹੈ, ਤਾਂ ਵੀ ਮੂਰਤੀ ਪੂਜਾ ਤੋਂ ਨਹੀਂ ਬਚਿਆ ਜਾ ਸਕਦਾ, ਅਤੇ ਇਕ ਸੰਸਾਰੀ ਇਕ ਭੰਡਾਰੀ ਇਕ ਲਾਇ ਦੀਬਾਣ, ਵਾਕ ਅਨੁਸਾਰ ਉਤਪਤੀ ਪਾਲਨ ਸੰਘਾਰ ਕਰਨ ਵਾਲੇ ਬ੍ਰਹਮਾ ਵਿਸ਼ਨੂੰ ਸ਼ਿਵ ਜੀ ਹੀ ਸਿਧ ਹੁੰਦੇ ਹਨ, ਤਾਂਤੇ ਬ੍ਰਹਮਾਂ, ਵਿਸ਼ਨੂੰ, ਸ਼ਿਵ ਜੀ ਵੀ ਸਾਕਾਰ ਮੂਰਤੀ ਮਾਨ ਹਨ, ਫਿਰ ਵੀ ਸ਼ਬਦ ਦਾ ਧਿਆਨ ਧਰਨਾ ਸਿਧ ਨਾ ਹੋ ਸਕਿਆ, ਔਰ ਦਿਆਲਤਾ ਵੀ ਕਠੋਰਤਾ ਦੇ ਮੁਕਾਬਲੇ ਤੇ ਹੈ, ਤਾਂਤੇ ਦਿਆਲਤਾ ਚਿੰਤਨ ਸਮੇਂ ਸੁਭਾਵਕ ਪਾਪੀ ਲੋਗਾਂ ਦੀ ਕਠੋਰਤਾ ਪਹਿਲੇ ਸਾਹਮਣੇ ਆਵੇਗੀ ਕਿ ਕਠੋਰਤਾ ਦੇ ਮੁਕਾ-ਬਲੇ ਤੇ ਪ੍ਰਮਾਤਮਾਂ ਇਤਨਾ ਦਿਆਲੂ ਹੈ, ਇਸ ਲਈ ਪਾਪੀ ਲੋਗਾਂ ਦੀ ਤਸਵੀਰ ਵੀ ਸਾਕਾਰ ਮੂਰਤੀ ਹੀ ਹੈ, ਤਾਂ ਵੀ ਸ਼ਬਦ ਦਾ ਧਿਆਨ ਨਾਂ ਬਣ ਸਕਿਆ ਕਿਉਂਕਿ ਦਿਆਲਤਾ ਆਦਕ ਸਿਫਤਾਂ ਸ਼ਬਦ ਮਾਤ੍ਰ ਨਹੀਂ ਹਨ।

ਬਾਕੀ ਜੇਕਰ ਸ਼ਬਦ ਦਾ ਅਰਥ ਸਾਕਾਰ ਬ੍ਰਹਮ ਹੋਇਆ, ਤਾ ਫਿਰ ਕਿਸੇ ਨਾ ਕਿਸੇ ਅਕਾਰ (ਮੂਰਤੀ) ਦਾ ਹੀ ਧਿਆਨ ਧਰਨਾ ਸਿਧ ਹੋਇਆ, ਉਹ ਮੂਰਤੀ (ਸ਼ਕਲ) ਵੀ ਸ੍ਰੀ ਦਸਮੇਸ਼ ਜੀ ਇਸ ਪ੍ਰਕਾਰ ਦੀ ਲਿਖ ਰਹੈ ਹਨ ਕਿ, ਚਤੁਰ ਬਾਹ ਚਾਰੰ, ਕਰੀਟੰ ਸੁਧਾਰੰ, ਗਦਾ ਸੰਖ ਚਕਰੰ, ਦਿਪੈ ਕਰੂਰ ਬਕਰੰ, ਬਚਿਤ੍ਰ ਨਾਟਕ ਧਿਆ ੧ ਕਵਿਤਾ ਅੰਕ ੪੪ ਦਸਮ ਗੁਰੂ ਗ੍ਰੰਥ, ਕਿ ਪ੍ਰਮਾਤਮਾਂ ਦੀਆਂ ਚਾਰ ਬਾਹਵਾਂ ਸੁੰਦਰ ਹਨ ਤੇ ਕਰੀਟ (ਮੁਕਟ) ਧਾਰਨ ਕੀਤਾ ਹੋਇਆ ਹੈ ਅਤੇ ਗਦਾ, ਸੰਖ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਕਰ ਆਦਕ ਏਤੇ ਪ੍ਰਕਾਸ਼ ਮਾਨ ਹੋ ਰਹੇ ਹਨ, ਔਰ ਦਸਮ ਗੁਰੂ ਗ੍ਰੰਥ ਸਾਹਿਬ, ਚਰਿਤ੍ਰ ੪੦੪ ਵਿਚ ਸ੍ਰੀ ਦਸਮੇਸ਼ ਜੀ ਲਿਖ ਰਹੈ ਹਨ ਕਿ 'ਸ੍ਰੀ ਅਸਿਧੁਜ ਜਬ ਭਏ ਦਯਾਲਾ, ਪੂਰਨ ਕਰਾ ਗ੍ਰੰਥ ਤਤਕਾਲਾ, ਤੁਮਹਿ ਛਾਡ ਕੋਈ ਅਵਰ ਨ ਧਿਆਊ"...... ਔਰ ਅਸਿਧੁਜ ਦਾ ਅਰਥ ਇਸੇ ਚਰਿਤ੍ਰ ਦੇ ਕਵਿਤਾ ਅੰਕ ੧੦੩ ਵਿਚ ਲਿਖਿਆ ਹੈ ਕਿ 'ਜਾਂਕੀ ਧੁਜਾ ਬਿਖੈ ਰਾਜਿਤ ਅਸਿ' ਜਿਸ ਅਕਾਲ ਪੁਰਖ ਦੇ ਰਥ ਦੀ ਧੁਜਾ ਬਿਖੈ ਬ੍ਰਾਜਦੀ ਹੈ ਅਸਿ (ਤਲਵਾਰ) ਭਾਵ ਤਲਵਾਰ ਦਾ ਚਿੰਨ੍ਹ ਅਤੇ ਰਥ ਵਿਚ ਬਹਿਕੇ ਰਾਖਸ਼ਾਂ ਨੂੰ ਮਾਰਨ ਹਿਤ ਚਹੁੰ ਹਥਾਂ ਨਾਲ ਸ਼ਸ਼ਤ੍ਰਾਂ ਨੂੰ ਚਲਾਉਂਣਾ ਵੀ ਇਸੇ ਚਰਿਤ੍ਰ ਦੇ ਕਵਿਤਾ ਅੰਕ ੫੭ ਵਿਚ ਲਿਖਿਆ ਹੈ ਕਿ 'ਚਹੂੰ ਕਰਨ ਕਰ ਸਸਤ੍ਰ ਪ੍ਰਹਾਰੇ, ਦੈਂਤ ਅਨੇਕ ਮਾਰ ਹੀ ਡਾਰੇ' ਬਲਕਿ ਇਸੇ ਚਰਿਤ੍ਰ ਦੇ ਕਵਿਤਾ ਅੰਕ ੨੩੨ ਵਿਚ ਲਿਖਿਆ ਹੈ ਕਿ 'ਗੀਧ ਧੁਜਾ ਕਾਕ ਧੁਜ ਰਾਛਸ਼, ਉਲੂ ਕੇਤੁ ਬਿਯੋ ਬਡ ਰਾਛਸ਼ ਅਸਿਧੁਜ ਕੇ ਰਣ ਸਮੁਹਿ ਸਿਧਾਏ, ਮਾਰਿ ਮਾਰਿ ਚਹੂੰ ਓਰ ਉਘਾਏ' ਅਥਵਾ ਇਸੇ ਦੇ ਕਵਿਤਾ ਅੰਕ ੩੭੨ ਵਿਚ ਹੈ ਕਿ 'ਮਹਾਂ ਕਾਲ ਪੁਨਿ ਜੀਯ ਮੈਂ ਕੋਪਾ, ਧਨੁਖ ਟੰਕੋਰ ਬਹੁਰ ਰਣ ਰੋਪਾ' ਅਤੇ ਕਵਿਤਾ ਅੰਕ ੩੭੫ ਵਿਚ ਅਗੇ ਲਿਖਿਆ ਹੈ 'ਪੁਨ ਰਾਛਸ, ਕਾ ਕਾਟਾ ਸੀਸਾ, ਸ੍ਰੀ ਅਸਿ ਕੇਤੁ ਜਗਤ ਕੇ ਈਸਾ' ਆਦਕ ਇਸ ਸਾਰੇ ਗੁਰੂ ਜੀ ਦੇ ਲਿਖੇ ਚਰਿਤ੍ਰ ਵਿਚੋਂ ਅਕਾਲ ਪੁਰਖ ਦਾ ਸਰੂਪ ਚਹੁੰ ਹਥਾਂ ਵਾਲਾ ਵਿਸ਼ਨੂੰ ਹੀ ਰਾਖ਼ਸ਼ਾ ਨਾਲ ਯੁਧ ਕਰਨ ਵਾਲਾ ਸਿਧ ਹੁੰਦਾ ਹੈ ਇਸੇ ਅਸਿਧੁਜ ਦੀ ਸ਼ਰਨ ਗੁਰੂ ਜੀ ਲੈ ਰਹੈ ਹਨ ਕਿ 'ਖੜਗ ਕੇਤੁ ਮੈ ਸਰਨ ਤਿਹਾਰੀ'...ਜਾਂ, ਸ੍ਰੀ ਅਸਿਧੁਜ ਜਬ ਭਏ ਦਜਾਲਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਕ।

ਤਥਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਅਕਾਲ ਪੁਰਖ ਦੀ ਮੂਰਤੀ ਦਾ ਸਚਖੰਡ ਵਿਚ ਜਾਕੇ ਦਰਸ਼ਨ ਕੀਤਾ ਹੈ ਉਹ ਵੀ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਧਿਆ ੭੩ ਵਿਚ ਲਿਖਿਆ ਹੈ ਕਿ 'ਮਧ ਸਿੰਘਾਸਨ ਸੁੰਦਰ ਸੋਹੈ, ਭਾਨ ਅਨਿਕ ਨ ਪਟੰਤ੍ਰ ਕੋਹੈ' ੨੩ ਸਦਾ ਸਚਿਦਾ ਨੰਦ ਕ੍ਰਿਪਾਲਾ, ਤਿਹ ਪਰ ਬੈਠੇ ਸੁਖਦ ਅਕਾਲਾ,......ਚਾਰ ਭੁਜਾ ਸੋਹਿਤਿ ਅਤੀ ਚਾਰੂ, ਉਨਤ ਸਿਕੰਧ ਬ੍ਰਿਖਭ ਅਨੁਹਾਰੂ, ੩੦ ਪੀਤ ਬਸਨ ਜਿਨ ਪਰ ਅਤਿ ਸੋਹੈ, ਤੜਿਤਾ ਕੀ ਛਬ ਕੋ ਜੋ ਮੋਹੈ...ਅਤਿ ਸੁੰਦਰ ਮ੍ਰਿਦੁ ਬੋਲ ਕਪੋਲਾ, ਮੰਦ ਮੰਦ ਮੁਸਕਯਾਨ ਅਮੋਲਾ, ਕੋਟ ਮਯੰਕਨ ਸਮ ਸੁਖ ਮੰਡਲ, ਮਕਰਾਕ੍ਰਿਤ ਸੋਹਤਿ ਸ੍ਰੁਤ ਕੁੰਡਲ, ਭਾਲ ਬਿਸਾਲ ਕਿਰੀਟ ਸੁਹਾਵਾ, ਛਤ੍ਰ ਚੰਦ੍ਰਮਾਂ ਦੇਖ ਲਜਾਵਾ, ੩੫ ਇਸ ਵਿਚ ਵੀ ਚਾਰ ਬਾਹਵਾਂ, ਪੀਲੇ ਬਸਤ੍ਰ, ਮਕਰਾਕ੍ਰਿਤ (ਮਛੀ ਵਰਗੇ) ਕੰਨਾਂ ਵਿਚ ਕੁੰਡਲ, ਕਿਰੀਟ (ਮੁਕਟ) ਆਦਕ ਇਹ ਸਾਰੇ ਲਖਸ਼ਣ ਸ੍ਰੀ ਵਿਸ਼ਨੂੰ ਮੂਰਤੀ ਨੂੰ ਹੀ ਸਿਧ ਕਰਦੇ ਹਨ, ਤਾਂਤੇ ਪ੍ਰਮਾਤਮਾਂ ਦੀ ਵਿਸ਼ਨੂੰ ਸਰੂਪ ਮੂਰਤੀ ਦਾ ਹੀ ਧਿਆਨ ਧਰਨਾ ਸਿਧ ਹੋਇਆ ਕਿਸੇ ਸ਼ਬਦ ਮੂਰਤੀ ਦਾ ਨਹੀਂ, ਜੇਕਰ ਉਸ ਸ਼ਬਦ ਦੇ ਸੰਕੇਤਕ ਲਿਖੇ ਹੋਇ ਅਖਰਾਂ ਦਾ ਧਿਆਨ ਧਰਨਾ ਮੰਨਿਆ ਜਾਵੇ, ਤਾਂ ਉਹ ਲਿਖੇ ਹੋਇ ਅਖਰ ਫਿਰ ਪਥਰ ਦੀ ਮੂਰਤੀ ਨਾਂ ਸਹੀ ਤੇ ਸਿਆਹੀ ਦੀ ਮੂਰਤੀ ਹੀ ਗ੍ਰਹਿਣ ਕਰਨੀ, ਪਈ, ਕਿਉਂਕਿ ਲਿਖੇ ਹੋਇ ਅਖਰ, ਦਸਤ ਖਤ, ਆਦਕ ਕੁਛ ਵੀ ਮੂਰਤੀ ਨਾਲੋਂ ਵਖਰੀ ਹਕੀਕਤ ਨਹੀਂ ਰਖਦੇ, ਸ੍ਰੀ ਗੁਰੂ ਗ੍ਰੰਥ ਕੋਸ਼, ਵਿਚ ਜਿਥੇ ਮੂਰਤੀ ਦੇ ਅਰਥ

CC-0. In Public Domain. Gurukul Kangri Collection, Haridwar.

Digitized by Arya Samaj Foundation Chennai and eGangotri

ਕੀਤੇ ਹਨ ਓਥੇ ਚੌਥਾ ਅਰਥ ਅਕਾਰ ਵੀ ਕੀਤਾ ਹੋਇਆ ਹੈ, ਤਾਂਤੇ ਅਖਰ ਬਿਨਾਂ ਅਕਾਰ (ਸ਼ਕਲ) ਨਹੀਂ ਹਨ ਕਿੰਤੂ ਕੋਈ ਨਾ ਕੋਈ ਅਖਰਾਂ ਦਾ ਅਕਾਰ ਹੁੰਦਾ ਹੀ ਹੈ, ਇਸ ਲਈ ਅਖਰਾਂ ਦਾ ਧਿਆਨ ਧਰਨਾ ਵੀ ਅਖਰਾਂ ਰੂਪ ਮੂਰਤੀ ਦਾ ਹੀ ਧਿਆਨ ਸਾਬਤ ਹੁੰਦਾ ਹੈ, ਸ਼ਬਦ ਮੂਰਤੀ ਦਾ ਨਹੀਂ।

ਜੇਕਰ ਉਸ ਕੇਵਲ ਸ਼ਬਦ (ਅਰਥਰਹਿਤ) ਅਵਾਜ਼ ਮਾਤ੍ਰ ਦਾ ਹੀ ਧਿਆਨ ਧਰਿਆ ਜਾਵੇ ਤਾਂ ਫਿਰ ਕੇਵਲ ਸ਼ਬਦ ਮਾਤ੍ਰ ਪਥਰ ਵਤ ਅਚੇਤਨ ਹੀ ਅੰਗੀਕਾਰ ਕਰਨਾ ਪਿਆ, ਕਿਉਂਕਿ ਸ਼ਬਦ ਕੋਈ ਵੀ ਚੇਤਨ ਨਹੀਂ ਹੋ ਸਕਦਾ, ਚਾਹੇ ਉਹ ਕਿਸੇ ਦਾ ਵੀ ਕਿਉਂ ਨਾ ਹੋਵੇ, ਕਾਰਨ ਇਹ ਕਿ ਸ਼ਬਦ ਕੰਨਾਂ ਦਾ ਵਿਸ਼ਜ ਹੈ, ਕਿੰਤੂ ਇੰਦ੍ਰਜ ਗੋਚਰ ਵਸਤੂ ਚੇਤਨ ਨਹੀਂ, ਜੇਕਰ ਇੰਦ੍ਰਜ ਗੋਚਰ ਵਸਤੂ ਨੂੰ ਚੇਤਨ ਮੰਨੀਏ ਤਾਂ ਇੰਦ੍ਰਜ ਅਗੋਚਰ ਵਸਤੂ ਨੂੰ ਜੜ੍ਹ ਮੰਨਣਾ ਪਵੇਗਾ ਕਿਉਂਕਿ ਜੜ੍ਹ ਚੇਤਨ ਦਾ ਭੇਦ ਤਦ ਹੀ ਸਿੱਧ ਹੋਵੇਗਾ ਜੇਕਰ ਕਿਸੇ ਇਕ ਵਸਤੂ ਨੂੰ ਇੰਦ੍ਰਜ ਗੋਚਰ (ਇੰਦ੍ਰਯੋਂ ਕੇ ਵਿਸ਼ਯ) ਮੰਨੀਏ, ਤੇ ਦੂਜੀ ਨੂੰ ਅਗੋਚਰ (ਇੰਦ੍ਰਯੋਂ ਕੇ ਵਿਸ਼ਜ ਨਹੀਂ) ਮੰਨੀਏ, ਪ੍ਰੰਤੂ ਇੰਦ੍ਰਜ ਗੋਚਰ ਵਸਤੂ ਹੀ ਜੜ੍ਹ ਹੋ ਸਕਦੀ ਹੈ ਕਿਉਂਕਿ ਜੜ੍ਹ ਉਸਨੂੰ ਕਿਹਾ ਜਾਂਦਾ ਹੈ ਜੋ ਆਪ ਨੂੰ ਵੀ ਨਾ ਜਾਣੇ ਤੇ ਦੂਸਰੇ ਨੂੰ ਵੀ ਨਾ ਜਾਣ ਸਕੇ, ਅਤੇ ਇਥੇ ਚੇਤਨ ਦਾ ਮਤਲਬ ਇਹ ਹੈ ਕਿ ਜੋ ਆਪ ਨੂੰ ਵੀ ਜਾਣੇ ਤੇ ਦੂਜੇ ਨੂੰ ਵੀ ਜਾਣ ਸਕੇ ਤਾਂਤੇ ਸਰੀਰ ਆਦਕ ਜੋ ਇੰਦ੍ਰਜ ਗੋਚਰ ਹਨ ਉਹ ਆਪ ਨੂੰ ਵੀ ਨਹੀਂ ਜਾਣ ਸਕਦੇ ਤੇ ਦੂਸਰੇ ਨੂੰ ਵੀ ਨਹੀਂ ਜਾਣਦੇ ਅਤੇ ਸਰੀਰਾਂ ਵਿਚ ਜੀਵਾਤਮਾਂ ਇੰਦ੍ਰਜ ਕੇ ਵਿਸ਼ਜ ਨਹੀਂ ਹੈ, ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਨੂੰ ਵੀ ਜਾਣਦਾ ਹੈ ਤੇ ਦੂਜੇ ਹੋਰ ਪਦਾਰਥਾਂ ਨੂੰ ਵੀ ਜਾਣਦਾ ਹੈ ਤਾਂਤੇ ਚੇਤਨ ਹੈ ਅਤੇ ਸਰੀਰਾਦਕਾਂ ਵਿਚ ਜੀਵਾਤਮਾਂ ਨਾ ਹੋਵੇ ਜਾਂ ਕਿਸੇ ਸਖੋਪਤੀ ਆਦਕ ਦੇ ਕਾਰਨ ਚੇਤਨਤਾ ਅਵਿਰਤ ਹੋਵੇ ਤਾਂ ਸਰੀਰਾਦਕ ਆਪ ਨੂੰ ਨਹੀਂ ਜਾਣਦੇ ਤੇ ਨਾਂਹੀ ਹੋਰ ਕਿਸੇ ਪਦਾਰਥ ਨੂੰ ਜਾਣਦੇ ਹਨ ਤਾਂਤੇ ਜੜ੍ਹ ਹਨ ਜੇਕਰ ਇਥੇ ਇਹ ਦਲੀਲ ਦਿਤੀ ਜਾਵੇ ਕਿ ਸਰੀਰ ਹਿਲਦੇ ਚਲਦੇ ਨਜ਼ਰ ਆਉਂਦੇ ਹਨ ਇਸ ਲਈ ਚੇਤਨ ਹਨ, ਤਾਂ ਇੰਜ ਰੇਲ, ਮੋਟਰ, ਇੰਜਨ ਆਦਕ ਵੀ ਹਿਲਦੇ ਚਲਦੇ ਨਜਰ ਆਉਂਦੇ ਹਨ, ਪਰ ਇੰਜਨ ਰੇਲ ਮੋਟਰ ਆਦਕ ਚੇਤਨ ਨਹੀਂ ਹੁੰਦੇ, ਵਿਚ ਡਰਾਈਵਰ ਹੀ ਚੇਤਨਤਾ ਦਾ ਕੰਮ ਕਰਦਾ ਹੈ ਤਿਵੇਂ ਸਰੀਰਾਦਕਾਂ ਵਿਚ ਵੀ ਜੀਵ, ਚੇਤਨ ਹੈ, ਸਰੀਰ ਨਹੀਂ, ਔਰ ਉਹ ਜੀਵ ਚੇਤਨ ਕਿਸੇ ਇੰਦ੍ਰਜ ਕੇ ਵਿਸ਼ਜ ਨਹੀਂ, ਸਰੀਰਾਦਕ ਹੀ ਇੰਦ੍ਰਜ ਕੇ ਵਿਸ਼ਜ ਹਨ, ਇਸੇ ਤਰਾਂ ਸ਼ਬਦ ਵੀ ਆਪ ਨੂੰ ਨਹੀਂ ਜਾਣਦਾ ਤੇ ਨਾਂ ਹੀ ਦੂਜੈ ਹੋਰ ਕਿਸੇ ਨੂੰ ਜਾਣ ਸਕਦਾ ਹੈ, ਇਸ ਲਈ ਅਚੇਤਨ ਹੈ ਕਿਉਂਕਿ ਸ਼ਬਦ ਵਿਚ ਅੰਤਾ: ਕਰਨ ਨਹੀਂ, ਜਿਥੇ ਅੰਤਾ ਕਰਨ ਨਹੀਂ, ਓਥੇ ਵਿਆਪਕ: ਸਮਾਨ ਚੇਤਨ ਦੀ ਚੇਤਨਤਾ ਵਿਵਹਾਰ ਸਿਧ ਨਹੀਂ ਕਰਦੀ, ਜਿਵੇਂ ਲਕੜੀਆਂ ਵਿਚ ਸਾਮਾਨ ਅਗਨੀ ਅੰਧੇਰੇ ਨੂੰ ਦੂਰ ਕਰਨ ਦਾ ਵਿਵਹਾਰ ਨਹੀਂ ਕਰਦੀ ਕਿਸੇ ਬਤੀ ਆਦਕ ਵਿਚ ਵਿਸ਼ੇਸ਼ ਰੂਪ ਹੋ ਕੇ ਹੀ ਅੰਧੇਰਾ ਆਦਕ ਦੂਰ ਕਰ ਸਕਦੀ ਹੈ ਤਿਵੇਂ ਵਿਆਪਕ ਸਮਾਨ ਚੇਤਨ ਵੀ ਅੰਤਾਕਰਨ ਰੂਪ ਬਤੀ ਆਦਕ ਦੁਆਰਾ ਹੀ ਕਿਸੇ ਨੂੰ ਜਾਣਨ ਆਦਕ ਵਿਵਹਾਰ ਕਰਦਾ ਹੈ, ਐਵੇਂ ਨਹੀਂ, ਕਿੰਤੂ ਸ਼ਬਦ ਅੰਤਾ ਕਰਨ ਰਹਿਤ ਹੈ ਇਸ ਲਈ ਆਪ ਨੂੰ ਅਤੇ ਦੂਜੇ ਨੂੰ ਜਾਣਨ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਕ ਵਿਵਹਾਰ ਕਰਨ ਤੋਂ ਆਸਮ੍ਰਥ ਹੈ, ਤਾਂਤੇ ਚੇਤਨ ਨਹੀਂ ਕਿਹਾ ਜਾ ਸਕਦਾ ।

ਜੇਕਰ ਇਥੇ ਇਹ ਦਲੀਲ ਦੇਈਏ ਕਿ ਸਾਮਾਨ ਚੇਤਨ ਸਰਵ ਵਿਆਪਕ ਹੈ ਤਾਂਤੇ ਸ਼ਬਦ ਵਿਚ ਵੀ ਵਿਆਪਕ ਹੈ ਇਸ ਲਈ ਸ਼ਬਦ ਵੀ ਚੇਤਨ ਸਹਿਤ ਹੈ ਜੜ੍ਹ ਨਹੀਂ, ਤਾਂ ਇੰਜ ਸਮਾਨ ਚੇਤਨ ਪਥਰ ਦੀ ਮੂਰਤੀ ਵਿਚ ਵੀ ਵਿਆਪਕ ਹੈ ਤਾਂਤੇ ਪਥਰ ਦੀ ਮੂਰਤੀ ਵੀ ਚੇਤਨ ਸਹਿਤ ਹੀ ਹੈ ਇਸ ਲਈ ਉਸ ਦੀ ਪੂਜਾ ਜੜ੍ਹ ਪੂਜਾ ਨਹੀਂ ਕਹੀ ਜਾ ਸਕਦੀ, ਤਾਂਤੇ ਇਥੇ ਵਿਆਪਕ ਸਮਾਨ ਚੇਤਨ ਦਾ ਜ਼ਿਕਰ ਨਹੀਂ, ਦੂਜਾ ਸ਼ਬਦ ਅਕਾਸ਼ ਦਾ ਗੁਣ ਹੈ ਅਕਾਸ਼ ਨੂੰ ਵਿਦਵਾਨ ਲੋਗ ਪੰਜਵਾਂ ਤਤਵ ਅਚੇਤਨ ਮੰਨਦੇ ਹਨ ਤੀਜਾ ਸ਼ਬਦ ਦੀ ਸ਼ੁਧੀ ਅਸ਼ੁਧੀ ਨੂੰ ਬੁਧੀ ਸਮਝਦੀ ਹੈ ਇਸ ਲਈ ਸ਼ਬਦ, ਬੁਧੀ ਤੋਂ ਪਰੇ ਨਹੀਂ ਕਿੰਤੂ ਸ਼ਬਦ ਨਾਲੋਂ ਬੁਧੀ ਚੇਤਨ ਸਾਬਤ ਹੋ ਜਾਂਦੀ ਹੈ ਭਾਵ ਸ਼ਬਦ ਬੁਧੀ ਨਾਲੋਂ ਅਚੇਤਨ ਹੈ, ਜਿਸ ਮਨ, ਬੁਧੀ ਦੁਆਰਾ ਧਿਆਨ ਧਰਨਾ ਤੇ ਪੂਜਾ ਕਰਨੀ ਹੈ, ਚੌਥਾ ਸ਼ਬਦ ਕਿਸੇ ਗੁਰੂ ਅਵਤਾਰ, ਜਾਂ ਈਸ਼ਵਰ ਦੇ ਮੁਖ ਸੇ ਵੀ ਉਚਾਰਨ ਹੋਣੇ ਸੇ ਉਚਾਰਨ ਮਾਤ੍ਰ ਕ੍ਰਿਜਾ ਦਾ ਮੁਥਾਜ ਹੈ, ਬ੍ਰਹਮ ਚੇਤਨ ਕਿਸੇ ਦੀ ਕ੍ਰਿਜਾ ਦਾ ਮੁਥਾਜ ਨਹੀਂ ਕਿੰਤੂ ਸੁਤਹ ਸਿਧ ਹੈ, ਇਸ ਲਈ ਸ਼ਬਦ ਬ੍ਰਹਮ ਚੇਤਨ ਨਹੀਂ ।

ਜੇਕਰ ਕਹੀਏ ਕਿ ਸ਼ਬਦ ਜੀਵ ਚੇਤਨ ਹੋ ਸਕਦਾ ਹੋਵੇਗਾ ਤਾਂ ਜੀਵ ਚੇਤਨ ਦਾ ਵੀ ਕਿਸੇ ਦੀ ਕ੍ਰਿਜਾ ਸੇ ਉਤਪੰਨ ਹੋਣਾ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਜੀਵਾਤਮਾਂ ਦੀ ਜੇਕਰ ਉਤਪਤੀ ਮੰਨੀ ਜਾਵੇਗੀ ਤਾਂ ਜੀਵ ਅਮਰ ਨਹੀਂ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਣਾ, ਕਾਰਨ ਇਹ ਕਿ ਵੇਦਾਂਤ ਦੇ ਨਿਯਮ ਅਨੁਸਾਰ ਜੋ ਚੀਜ ਪੈਦਾ ਹੋਵੇ ਉਹ ਅਵਸ਼ਜ ਹੀ ਨਾਸ਼ ਹੁੰਦੀ ਹੈ ਭਾਵ ਜਿਸ ਚੀਜ ਦਾ ਆਦਿ ਹੋਵੇ ਉਸਦਾ ਅੰਤ (ਖਾਤਮਾ) ਵੀ ਹੁੰਦਾ ਹੈ ਔਰ ਗੁਰੂ ਵਾਕ ਭੀ ਹੈ 'ਜੋ ਉਪਜਯੋ ਸੋ ਬਿਨਸ ਹੈ ਪਰੋ ਆਜ ਕੇ ਕਾਲ' ਤਾਂਤੇ ਜੀਵ ਦੀ ਵੀ ਜੇਕਰ ਉਤਪਤੀ ਮੰਨੀ ਜਾਵੇਗੀ, ਤਾਂ ਜੀਵ ਵੀ ਨਾਸ਼ ਵਾਨ ਸਾਬਤ ਹੋਵੇਗਾ ਜੇਕਰ ਜੀਵ, ਨਾਸ਼ ਹੋ ਜਾਂਦਾ ਮੰਨੀਏ ਤਾਂ ਕਰਮਾਂ ਦਾ ਫਲ ਜੀਵ ਭੋਗਦਾ ਹੈ ਇਹ ਗਲ ਫਿਕੀ ਪੈ ਜਾਵੇਗੀ ਕਿਉਂਕਿ ਜੀਵ ਅਮਰ ਰਹਿ ਕੇ ਹੀ ਕਰਮਾਂ ਦਾ ਫਲ ਭੋਗ ਸਕਦਾ ਹੈ, ਕਰਮਾਂ ਦੇ ਫਲ ਭੋਗਣ ਬਾਬਤ ਗੁਰਬਾਣੀ ਵਿਚ ਡੰਕੇ ਦੀ ਚੋਟ ਨਾਲ ਕਿਹਾ ਹੈ ਕਿ 'ਜੇਹਾ ਬੀਜੈ ਸੋ ਲੁਣੇ ਕਰਮਾਂ ਸੰਦੜਾ ਖੇਤ' ਬਾਕੀ ਸ੍ਰੀ ਗੀਤਾ ਜੀ ਦੇ ਧਿਆ ੨ ਸਲੋਕ ੨੦ ਵਿਚ ਲਿਖਿਆ ਹੈ ਕਿ, ਨ ਜਾਯਤੇ ਮ੍ਰਿਯਤੇ ਵਾ ਕਦਾ ਚਿਨ...ਇਹ ਆਤਮਾ ਕਿਸੀ ਕਾਲ ਮੇਂ ਭੀ ਨਾ ਜੰਮਦਾ ਔਰ ਨਾ ਮਰਦਾ ਹੈ, ਤਾਂਤੇ ਜੀਵਾਤਮਾਂ ਭੀ ਪੈਦਾ ਨਹੀਂ ਹੁੰਦਾ, ਬ੍ਰਹਮ ਕੀ ਤਰਾਂ ਸੁਤਹ ਸਿਧ ਹੈ, ਪ੍ਰੰਤੂ ਸ਼ਬਦ ਉਚਾਰਨ ਮਾਤ੍ਰ ਕ੍ਰਿਜਾ ਬਿਨਾਂ ਪ੍ਰਗਟ ਨਹੀਂ ਹੋ ਸਕਦਾ ਇਸ ਲਈ ਸ਼ਬਦ ਜੀਵ ਚੇਤਨ ਵੀ ਨਹੀਂ ਹੋ ਸਕਦਾ, ਪੰਜਵਾਂ ਗੁਰੂ ਜਾਂ ਅਵਤਾਰ, ਸ਼ਬਦ ਦੇ ਉਚਾਰਨ ਕਰਨੇ ਵਾਲੇ ਹੋਣੇ ਸੇ ਸ਼ਬਦ ਦੇ ਕਰਤਾ ਹਨ, ਸ਼ਬਦ ਉਚਾਰਨ ਹੋਣੇ ਵਾਲਾ ਹੋਣੇ ਸੇ ਕਰਤਾ ਦਾ ਕਾਰਜ–ਕਰਮ ਹੈ ਜਿਵੇਂ ਘੁਮਿਆਰ ਘੜੇ ਦਾ ਕਰਤਾ ਹੈ ਤੇ ਘੜਾ ਘੁਮਿਆਰ ਦਾ ਕਰਮ ਹੈ, ਪ੍ਰੰਤੂ ਘੜਾ ਕਦੀਂ ਘੁਮਿਆਰ ਨਹੀਂ ਹੋ ਸਕਦਾ, ਇਸੇਤਰਾਂ ਗੁਰੂ ਅਵਤਾਰਾਂ ਦਾ ਉਚਾਰਨ ਕੀਤਾ ਹੋਇਆ ਸ਼ਬਦ (ਕਰਮ) ਗੁਰੂ ਅਵਤਾਰਾਂ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਕਰਤਾਂ) ਦੀ ਤਰਾਂ ਚੇਤਨ ਨਹੀਂ ਹੋ ਸਕਦਾ, ਅਚੇਤਨ ਹੀ ਹੋਵੇਗਾ, ਤਾਂਤੇ ਅਚੇਤਨ ਸ਼ਬਦ, ਦਾ ਧਿਆਨ ਪਥਰ ਆਦਿ ਦੀ ਅਚੇਤਨ ਮੂਰਤੀ ਦੇ ਧਿਆਨ ਨਾਲੋਂ ਕੁਛ ਵੀ ਵਧ ਨਹੀਂ ਸਾਬਤ ਹੁੰਦਾ।

੩. ਪ੍ਰਸ਼ਨ--ਗੁਰ ਮੂਰਤਿ ਗੁਰ ਸ਼ਬਦ ਹੈ ਦਾ ਮਤਲਬ ਗੁਰੂ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ ਨਹੀਂ ਹੋਵੇਗਾ ਕਿੰਤੂ ਜੋ ਧੁੰਨ ਆਤਮਕ ਰੂਪ ਅਨਹਦ ਸ਼ਬਦ ਹੈ, ਜੋ ਕਿਸੇ ਦਾ ਵੀ ਉਚਾਰਨ ਕੀਤਾ ਹੋਯਾ ਨਹੀਂ ਹੁੰਦਾ ਸਿਰਫ ਗੁਰੂ ਜੀ ਜਣਾ ਹੀ ਦਿੰਦੇ ਹਨ ਉਹ ਗੁਰ ਮੂਰਤਿ ਹੋਵੇਗਾ।

ਉਤਰ:--ਧੁੰਨ ਆਤਮਕ ਰੂਪ ਅਨਹਦ ਸ਼ਬਦ ਵੀ ਅਰਥ ਹੀਨ ਹੈ ਕਿਉਂਕਿ ਉਸ ਵਿਚ ਲਫ਼ਜ਼ਾਂ ਦੀ ਬਣਤਰ ਨਹੀਂ ਹੁੰਦੀ ਲਫ਼ਜ਼ਾ ਤੋਂ ਬਿਨਾਂ ਕੋਈ ਅਰਥ–ਮਤਲਬ ਸਿਧ ਨਹੀਂ ਹੁੰਦਾ, ਜਿਵੇਂ ਕਿਸੇ ਚਲਦੀ ਮਸ਼ੀਨ ਦੀ ਅਵਾਜ਼ ਵਿਚੋਂ ਕੋਈ ਅਰਥ ਸਿਧ ਨਹੀਂ ਹੋ ਸਕਦਾ ਤਾਂਤੇ ਮਨੁਸ਼ ਦੇ ਧਿਆਨ ਪੂਜਾ ਦੀ ਰੁਚੀ ਉਸ ਵਿਚ ਘਟ ਹੁੰਦੀ ਹੈ, ਜੇਕਰ ਕਿਸੇ ਨੂੰ ਹੋਵੇ ਵੀ ਤਾਂ ਮਨੁਸ਼ ਦੇ ਹਿਰਦੇ ਉਤੇ ਉਸਦਾ ਪ੍ਰਭਾਵ ਕੀ ਪਵੇਗਾ, ਕੀ, ਕੇਵਲ ਖੜਕਾ ਮਾਤ੍ਰ ਹੀ, ਕਿਉਂਕਿ ਪ੍ਰਭਾਵ ਸਮਝ ਆਉਂਣੇ ਸੇ ਪੈਂਦਾ ਹੈ, ਜਿਸ ਸ਼ਬਦ ਦਾ ਅਰਥ ਹੀ ਕੋਈ ਨਹੀਂ ਉਸਦੀ ਸਮਝ ਕੀ ਆਵੇਗੀ ਤਾਂਤੇ ਕੁਛ ਪ੍ਰਭਾਵ ਨਹੀਂ, ਬਾਕੀ ਰਿਹਾ ਕਿ ਅਹਨਦ ਸ਼ਬਦ ਕਿਸੇ ਦਾ ਵੀ ਉਚਾਰਨ ਕੀਤਾ ਹੋਇਆ ਨਹੀਂ ਹੁੰਦਾ, ਇਸ ਗਲ ਦੀ ਖੋਜ ਕਰਨੀ ਹੈ ਕਿ ਉਹ ਕੀ ਚੀਜ਼ ਹੁੰਦਾ ਹੈ ਜੇਕਰ ਮੰਨੀਏ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਪ੍ਰਮਾਤਮਾਂ ਦੀ ਇਕ ਰਸ ਅਵਾਜ਼ ਹੁੰਦੀ ਹੈ ਤਾਂ ਸੋਚਣਾ ਪਵੇਗਾ ਕਿ ਪ੍ਰਮਾਤਮਾਂ ਕੋਈ ਇੰਜਣ ਹੈ ਜੋ ਹਰ ਵਕਤ ਚਲਦਾ ਰਹਿੰਦਾ ਹੈ ਜਿਸਦੀ ਅਵਾਜ਼ ਹਰ ਵਕਤ ਹੁੰਦੀ ਰਹਿੰਦੀ ਹੈ ਮੰਨੀ ਜਾਵੇ, ਜੇਕਰ ਪ੍ਰਮਾਤਮਾਂ ਦੀ ਅਵਾਜ਼ ਮੰਨੀਏ ਤਾਂਵੀ ਪ੍ਰਮਾਤਮਾਂ ਪੈਦਾ ਕਰਤਾ ਅਤੇ ਸ਼ਬਦ ਪੈਦਾ ਹੋਣ ਵਾਲਾ ਕਾਰਜ ਸਿਧ ਹੋਇਆ ਤਾਂਤੇ ਪ੍ਰਮਾਤਮਾਂ ਦਾ ਹੋਰ ਸਾਰਾ ਸੰਸਾਰ ਜਦ ਪੈਦਾ ਕੀਤਾ ਹੋਇਆ ਕਾਰਜ, ਜੜ੍ਹ ਔਰ ਮਿਥਿਆ ਹੈ ਤਾਂ 'ਇਹ ਸ਼ਬਦ ਪੈਦਾ ਹੋਣ ਵਾਲਾ ਜੜ੍ਹ' ਔਰ ਮਿਥਿਆ ਕਿਉਂ ਨਾ ਹੋਇਆ, ਕਿਉਂਕਿ ਕਾਰਜ, ਕਰਤਾ ਨਹੀ ਹੋਵੇਗਾ, ਜੇਕਰ ਇਹ ਅਨਹਦ ਸ਼ਬਦ ਪ੍ਰਮਾਤਮਾਂ ਦੀ ਤਰਾਂ ਸਤਯ ਅਤੇ ਚੇਤਨ ਨਹੀਂ ਤਾਂ ਫਿਰ ਪਥਰ ਮੂਰਤੀ ਨਾਲੋਂ ਵਧ ਕੀ ਹੋਵੇਗਾ, ਔਰ ਇਹ ਸੋਚਣਾ ਪਵੇਗਾ ਕਿ ਜੇਕਰ ਇਹ ਪ੍ਰਮਾਤਮਾਂ ਦਾ ਹੀ ਅਵਾਜ਼ ਹੈ ਤਾਂ ਪ੍ਰਮਾਤਮਾਂ ਹਰ ਥਾਂ ਤੇ ਵਿਆਪਕ ਹੈ ਤਾਂਤੇ ਅਨਹਦ ਸ਼ਬਦ ਵੀ ਹਰ ਥਾਂ ਤੇ ਵਿਆਪਕ ਸੁਣਾਈ ਦਿੰਦਾ ਹੋਣਾ ਚਾਹੀਦਾ ਹੈ, ਜੋ ਸਿਵਾਇ ਕੰਨ ਬੰਦ ਕਰਕੇ ਅੰਦਰੋਂ ਸੁਣਨ ਦੇ ਬਾਹਰ ਕਿਤੇ ਵੀ ਸੁਣਾਈ ਨਹੀਂ ਦਿੰਦਾ, ਜੇਕਰ ਹਠ ਹੀ ਕਰੀਏ ਤਾਂ ਵੀ ਪਥਰ ਮੂਰਤੀ ਵਿਚ ਵੀ ਵਿਆਪਕ ਹੋਣੇ ਸੇ ਪਥਰ ਮੂਰਤੀ ਦੇ ਪੂਜਾ ਧਿਆਨ ਦਾ ਨਿਸ਼ੇਧ ਨਹੀਂ ਹੋ ਸਕੇਗਾ।

ਜੇਕਰ ਕਹੁ ਕਿ ਅਨਹਦ ਸ਼ਬਦ ਪ੍ਰਮਾਤਮਾਂ ਦਾ ਪੈਦਾ ਕੀਤਾ ਹੋਇਆ ਨਹੀਂ, ਖੁਦ ਪ੍ਰਮਾਤਮਾਂ ਹੀ ਹੈ ਇਸ ਲਈ ਨਾਸ਼ਵਾਨ ਨਹੀਂ, ਕਿਉਂਕਿ ਜੋ ਚੀਜ ਪੈਦਾ ਹੋਈ ਹੋਵੇ ਉਹ ਨਾਸ਼ ਵੀ ਹੁੰਦੀ ਹੈ ਇਹ ਨਿਯਮ ਹੈ, ਤਾਂ ਫਿਰ ਪ੍ਰਮਾਤਮਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਸਤੀ ਕੇਵਲ ਸ਼ਬਦ ਮਾਤ੍ਰ ਹੀ ਸਿਧ ਹੋਈ, ਹੋਰ ਕੁਝ ਵੀ ਨਾ, ਜੇਕਰ ਇਸ ਗਲ ਉਤੇ ਵਿਸ਼ਵਾਸ਼ ਕਰੀਏ ਕਿ ਅਨਹਦ ਸ਼ਬਦ ਪੈਦਾ ਨਹੀਂ ਹੋਇਆ ਅਨਾਦੀ ਹੈ ਤਾਂ ਅਵਿਦਿਆ ਆਦਕ ਕਈ ਪਦਾਰਥ ਅਨਾਦੀ ਵਿਦਵਾਨਾਂ ਮੰਨੇ ਹਨ, ਸੰਸਾਰ ਨੂੰ ਵੀ ਕਿਸੇ ਰੂਪ ਵਿਚ ਅਨਾਦੀ ਮੰਨਦੇ ਹਨ, ਤਾਂ ਸੰਸਾਰ ਮਿਥਿਆ ਕਿਉਂ, ਤੇ ਅਵਿਦਿਆ ਦਾ ਸਭ ਲੋਗ ਖੰਡਨ ਕਿਉਂ ਚਾਹੁੰਦੇ ਹਨ, ਤਾਂਤੇ ਅਨਹਦ ਸ਼ਬਦ ਨੂੰ ਜੇਕਰ ਅਨਾਦੀ ਵੀ ਮੰਨੀਏ ਤਾਂ ਵੀ ਅਵਿਦਿਆ ਆਦਕਾਂ ਵਤ ਚੇਤਨ ਨਹੀਂ ਸਿਧ ਹੋ ਸਕੇਗਾ, ਔਰ 'ਬੋਲ ਅਬੋਲ ਮਧਿ ਹੈ ਸੋਈ, ਜਸ ਉਹ ਹੈ ਤਸ ਲਖੈ ਨ ਕੋਈ' ਜਾਂ 'ਨਹੀ ਜਾਨ ਜਾਈ ਕਛੂ ਰੂਪ ਰੇਖੰ' ਅਥਵਾ, ਸ੍ਰੀ ਗੀਤਾ ਜੀ ਦੇ ਧਿਆ ੮ ਸਲੋਕ ੯ (ਸ੍ਰਵਸਜ ਧਾਤਾਰਮ ਚਿੰਤਜ ਰੂਪ) ਅਨੁਸਾਰ ਅਚਿੰਤ ਰੂਪ ਜਿਸ ਦੇ ਰੂਪ ਦਾ ਚਿੰਤਨ ਨਹੀਂ ਹੋ ਸਕਦਾ, ਜਾਂ ਜਾਣਿਆ ਹੀ ਨਹੀਂ ਜਾਂਦਾ, ਆਦਕ ਗਲ਼ਤ ਹੋ ਜਾਵੇਗਾ, ਕਿਉਂਕਿ ਅਨਹਦ ਸ਼ਬਦ ਤਾਂ ਸੁਨਾਈ ਦਿੰਦਾ ਹੈ ਜੋ ਵਸਤੂ ਸੁਣਾਈ ਦਿੰਦੀ ਹੈ ਉਸ ਦਾ ਧਿਆਨ ਰੂਪ ਚਿੰਤਨ ਸਪਸ਼ਟ ਹੁੰਦਾ ਹੈ, ਤੇ ਉਸਦਾ ਗਿਆਨ ਵੀ ਹੁੰਦਾ ਹੈ ਕਿ ਇਹ ਸ਼ਬਦ ਹੈ ਇਸ ਲਈ ਅਨਹਦ ਸ਼ਬਦ ਅਚਿੰਤ ਰੂਪ ਨਹੀਂ ਤੇ ਜਾਣਿਆ ਵੀ ਜਾਂਦਾ ਹੈ, ਤਾਂਤੇ ਪ੍ਰਮਾਤਮਾਂ ਦਾ ਸਰੂਪ ਕੇਵਲ ਸ਼ਬਦ ਮਾਤ੍ਰ ਹੀ ਨਹੀਂ ਜੇਕਰ ਕਹੀਏ ਕਿ 'ਗੁਰਬਾਣੀ' ਜਾਂ ਗੀੜਾ ਆਦਕ ਗ੍ਰੰਥਾਂ ਵਿਚ ਪ੍ਰਮਾਤਮਾਂ ਦਾ ਅਚਿੰਤ ਸਰੂਪ ਜਾਂ ਨਹੀਂ ਜਾਣਿਆ ਜਾਂਦਾ ਆਦਕ ਗਲਤ ਲਿਖਿਆ ਹੈ, ਵਾਸਤਵ ਵਿਚ ਅਨਹਦ ਸ਼ਬਦ ਮਾਤ੍ਰ ਹੀ ਯਥਾਰਥ ਹੈ ਤਾਂ ਇੰਜ ਸਾਡਾ ਅਨਹਦ ਸ਼ਬਦ ਮਾਤ੍ਰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰੂਪ ਨਿਸਚਿਤ ਕੀਤਾ ਹੋਇਆ ਵੀ ਗਲਤ ਸਾਬਤ ਹੋ ਸਕਦਾ ਹੈ, ਸਾਡੇ ਕੋਲ ਸਚਾਈ ਦਾ ਕੀ, ਸਬੂਤ ਹੈ ਕਿਉਂਕਿ ਕੇਵਲ ਜਬਾਨ ਸੇ ਕੁਛ ਕਹੇ ਦੇਣਾ ਹੀ ਕੋਈ ਸਬੂਤ ਪ੍ਰਮਾਣ ਨਹੀਂ ਹੋ ਸਕਦਾ ਕਾਰਨ ਇਹ ਕਿ ਅਨਹਦ ਸ਼ਬਦ ਨੂੰ ਜੀਵ, ਜਾਂ ਬੁਧੀ ਗ੍ਰਹਿਣ ਕਰਦੀ ਹੈ, ਇਸ ਲਈ ਜੀਵ, ਜਾਂ ਬੁਧੀ ਗ੍ਰਾਹਕ (ਵਿਸ਼ਈ) ਹੈ ਸ਼ਬਦ ਗ੍ਰਹਿਣ ਹੋਣੇ ਯੋਗ (ਵਿਸ਼ਜ) ਹੈ ਜੋ ਵਿਸ਼ਜ ਹੈ ਉਹ ਵਿਸ਼ਈ ਜੀਵ ਜਾਂ ਬੁਧੀ ਦਾ ਪ੍ਰਕਾਸ਼ਕ ਨਹੀਂ, ਔਰ ਵਿਸ਼ਜ, ਵਿਸ਼ਈ ਨਾਲੋਂ ਦਰਜਾ ਘਟ ਰਖਦਾ ਹੈ, ਤਾਂਤੇ ਪ੍ਰਮਾਤਮਾਂ ਨਹੀਂ ਕਿਉਂਕਿ ਪ੍ਰਮਾਤਮਾਂ ਦਾ ਸਭ ਤੋਂ ਵਡਾ ਦਰਜਾ ਹੋਣਾ ਚਾਹੀਦਾ ਹੈ, ਅਤੇ ਪ੍ਰਮਾਤਮਾਂ ਸਰਬ ਕਾ ਪ੍ਰਕਾ-ਸ਼ਕ ਹੈ ਇਸ ਲਈ ਅਨਹਦ ਸ਼ਬਦ ਪ੍ਰਮਾਤਮਾਂ ਨਹੀਂ।

ਬਾਕੀ ਬੁਧੀ ਸਖੋਪਤੀ ਸਮੈਂ ਲੀਨ ਹੋ ਜਾਂਦੀ ਹੈ ਤਾਂ ਅਨਹਦ ਸ਼ਬਦ ਸੁਨਾਈ ਨਹੀਂ ਦਿੰਦਾ ਕਿੰਤੂ ਬੁਧੀ ਜਾਂ ਜੀਵ ਜਦ ਸੁਣਨਾ ਚਾਹੈ ਤਾਂ ਸੁਨਾਈ ਦੇਵੇਗਾ ਆਪਨੇ ਆਪ ਜਬਰ ਦਸਤੀ ਸੁਨਾਈ ਨਹੀਂ ਦੇ ਸਕਦਾ, ਤਾਂਤੇ ਬੁਧੀ ਜਾਂ ਜੀਵ ਦੀ ਇੱਛਾ ਦੇ ਅਧੀਨ ਅਨਹਦ ਸ਼ਬਦ ਦੀ ਹਸਤੀ ਦੀ ਪ੍ਰਤੀਤੀ ਹੈ ਪ੍ਰੰਤੂ ਪ੍ਰਮਾਤਮਾਂ ਦੀ ਹਸਤੀ ਕਿਸੇ ਦੀ ਇਛਾ ਦੇ ਅਧੀਨ ਨਹੀਂ ਹੋਣੀ ਚਾਹੀਦੀ, ਜੇ ਹੋਵੇ ਤਾਂ ਆਂਮ ਸੰਸਾਰਕ ਪਦਾਰਥਾਂ ਨਾਲੋਂ ਵਧ ਕੁਛ ਨਹੀਂ ਕਿਉਂਕਿ ਸੰਸਾਰਕ ਪਦਾਰਥਾਂ ਨੂੰ ਜਦ ਜੀਵ ਦੇਖਣਾ ਚਾਹੇ ਤਦ ਦਿਸਦੇ ਹਨ, ਸਖੋਪਤੀ ਆਦਕ ਸਮੇਂ ਇਛਾ ਕੇ ਅਭਾਵ ਹੋਣੇ ਸੇ ਪ੍ਰਤੀਤ ਨਹੀਂ ਹੁੰਦੇ ਤਾਂਤੇ ਆਂਮ ਸੰਸਾਰਕ ਪਦਾਰਥਾਂ ਵਤ ਹੀ ਪ੍ਰਮਾਤਮਾਂ ਸਿਧ ਹੋਵੇਗਾ, ਆਂਮ ਪਦਾਰਥ ਜੜ੍ਹ ਹੀ ਪ੍ਰਤੀਤ ਹੁੰਦੇ ਹਨ ਆਪ ਨੂੰ ਵੀ ਨਹੀਂ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣਦੇ ਤੇ ਹੋਰ ਦੂਜੇ ਨੂੰ ਵੀ ਨਹੀਂ ਜਾਣ ਸਕਦੇ, ਇਸੇ ਲਈ ਆਂਮ ਪ੍ਰਤੀਤੀ ਵਾਲੇ ਪਦਾਰਥਾਂ ਤੋਂ ਅਲਗ, ਮਨ ਬੁਧੀ ਤੋਂ ਪਰੇ ਪ੍ਰਮਾਤਮਾਂ ਦੀ ਹਸਤੀ ਕਥਨ ਕੀਤੀ ਗਈ ਹੈ, ਜੇਕਰ ਇਥੇ ਇਹ ਕਿਹਾ ਜ਼ਾਵੇ ਕਿ ਅਨਹਦ ਸ਼ਬਦ ਦਾ ਕਿਵੇਂ ਪਤਾ ਲਗ ਸਕਦਾ ਹੈ ਕਿ ਉਹ ਵੀ ਆਪ ਨੂੰ ਨਹੀਂ ਜਾਣਦਾ ਤੇ ਹੋਰ ਕਿਸੇ ਨੂੰ ਵੀ ਨਹੀਂ ਜਾਣ ਸਕਦਾ : ਇਸ ਲਈ ਚੇਤਨ ਨਹੀਂ ਤਾਂ ਪ੍ਰਸ਼ਨ : ਇੰਜ ਪਥਰ ਦੀ ਮੂਰਤੀ ਦਾ ਪਤਾ ਕਿਵੇਂ ਲਗ ਸਕਦਾ ਹੈ ਕਿ, ਉਹ ਆਪ ਨੂੰ ਵੀ ਨਹੀਂ ਜਾਣਦੀ ਤੇ ਹੋਰ ਕਿਸੇ ਨੂੰ ਵੀ ਨਹੀਂ ਜਾਣ ਸਕਦੀ, ਇਸ ਲਈ ਜੜ੍ਹ ਹੈ, ਜੇਕਰ ਇਥੇ ਇਹ ਕਿਹਾ ਜਾਵੇ ਕਿ ਮੂਰਤੀ ਸਾਹਮਣੇ ਵਿਸਦੀ ਹੈ ਖਾਂਦੀ ਪੀਂਦੀ ਕੁਛ ਨਹੀਂ, ਔਰਹਿਲਦੀ ਚਲਦੀ ਵੀ ਨਹੀਂ, ਅਤੇ ਨਿਰਾਦਰੀ ਕਰਨ ਵਾਲਿਆਂ ਨੂੰ ਕੁਛ ਜੁਵਾਬ ਵੀ ਨਹੀਂ ਦਿੰਦੀ ਤੇ ਨਾਂ ਹੀ ਉਨ੍ਹਾਂ ਨੂੰ ਕੁਛ ਪ੍ਰਤੱਖ ਸ਼ਕਤੀ ਹੀ ਦਿਖਾਉਂਦੀ ਹੈ ਤਾਂ ਇੰਜ ਅਨਹਦ ਸ਼ਬਦ ਵੀ ਪ੍ਰਤੱਖ ਸੁਨਾਈ ਦਿੰਦਾ ਹੈ, ਜੇਕਰ ਪ੍ਰਤਖ ਸੁਨਾਈ ਨਾਂ ਦੇਵੇ ਤਾਂ ਉਸਦਾ ਧਿਆਨ ਜਾਂ ਗਿਆਨ ਕਿਵੇਂ ਹੋਵੇ, ਅਤੇ ਅਨਹਦ ਸ਼ਬਦ ਖਾਂਦਾ ਵੀ ਕੀ ਹੈ ਤੇ ਹਿਲਕੇ ਜਾਂਦਾ ਕਿਥੇ ਹੈ, ਔਰ ਅਨਹਦ ਸ਼ਬਦ ਦਾ ਜੋ ਲੋਗ ਖੰਡਨ ਕਰਦੇ ਹਨ ਉਨ੍ਹਾਂ ਨੂੰ ਉਹ ਅਗੋ ਅਨਹਦ ਸ਼ਬਦ, ਕੀ ਜੁਵਾਬ ਦਿੰਦਾ ਹੈ ਤੇ ਕੀ, ਪ੍ਰਤੱਖ ਸ਼ਕਤੀ ਦਿਖਾਉਂਦਾ ਹੈ, ਕੀ, ਉਹ ਖੰਡਨ ਕਰਨ ਵਾਲੇ ਲੋਗ ਅੰਨ੍ਹੇ ਪਿੰਗਲੇ ਕੁਛ ਹੋ ਜਾਂਦੇ ਹਨ ਜੇਕਰ ਕੁਛ ਵੀ ਨਹੀਂ ਕਰਦਾ ਤਾਂ ਇਹੋ ਗੁਣ ਪਥਰ ਮੂਰਤੀ ਵਿਚ ਹੋਣ ਕਰਕੇ ਮੂਰਤੀ ਨੂੰ ਜੜ੍ਹ ਤੇ ਅਨਹਦ ਸ਼ਬਦ ਵਿਚ ਇਹੋ ਗੁਣ ਹੋਣ ਕਰਕੇ ਅਨਹਦ ਸ਼ਬਦ ਨੂੰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੇਤਨ ਕਿਵੇਂ ਮੰਨਿਆ ਜਾ ਸਕੇਗਾ, ਜੇ ਕਦੀ ਅਨਹਦ ਸ਼ਬਦ ਵਿਚ ਹਿਲਨਾ, ਚਲਨਾ, ਵੀ ਮੰਨ ਲਈਏ ਤਾਂ ਇੰਜ ਹਵਾ ਵੀ ਹਿਲਦੀ–ਚਲਦੀ ਹੈ ਅਤੇ ਅਗਨੀ ਵੀ ਜਦ ਬਲਦੀ ਹੈ ਤਾਂ ਉਪਰ ਨੂੰ ਜਾਂਦੀ ਹੈ ਤਾਂ ਹਿਲਦੀ ਹੈ ਔਰ ਜਮੀਨ ਵੀ ਸਾਇੰਸ ਦਾਨ ਲੋਗ ਕਹਿੰਦੇ ਹਨ ਕਿ ਸੂਰਜ ਦੇ ਚੁਫੇਰੇ ਫਿਰਦੀ ਹੈ ਬਾਕੀ ਜਮੀਨ ਵਿਚ ਜੋ ਬੀਜ ਬੀਜਿਆ ਜਾਵੇ ਉਹ ਬੀਜ ਉਗਦਾ ਤੇ ਵਡਾ ਬੂਟਾ ਹੋ ਜਾਂਦਾ ਹੈ, ਤਾਂ ਉਸ ਬੂਟੇ ਵਿਚ ਪ੍ਰਿਥਵੀ ਅੰਸ਼ ਵਿਸ਼ੇਸ਼ ਹੈ ਪ੍ਰੰਤੂ ਬੂਟੇ ਦਾ ਵਡਾ ਹੋਣਾ ਪ੍ਰਿਥਵੀ ਅੰਸ਼ ਨੂੰ ਹੀ ਕ੍ਰਿਜਾ (ਹਰਕਤ) ਵਾਲਾ ਸਿਧ ਕਰਦਾ ਹੈ, ਔਰ ਬਿਜਲੀ, ਇੰਜਨ, ਆਦਕ ਕਈ ਪਦਾਰਥ ਹਿਲਦੇ ਨਜਰ ਆਉਂਦੇ ਹਨ, ਬਲਕਿ ਸਿਨੇਮੇਂ ਵਿਚ ਤਸਵੀਰਾਂ ਹਿਲਦੀਆਂ ਅਤੇ ਬੋਲਦੀਆਂ ਵੀ ਨਜਰ ਆਉਂਦੀਆਂ ਹਨ ਤਾਂ ਇੰਜ ਇਹ ਸਾਰੇ ਜਮੀਨ ਆਦਕ ਪਦਾਰਥ ਚੇਤਨ ਮੰਨਣੇ ਪੈਣਗੇ, ਪ੍ਰੰਤੂ ਸਵਾਸ (ਹਵਾ) ਚਲਦੇ ਹੋਇ ਵੀ ਨਹੀਂ ਜਾਣ ਸਕਦੇ, ਸਖੋਪਤੀ ਸਮੈਂ ਕਿ ਫਲਾਨਾ ਚੋਰ ਨੋਟ ਜੇਬ ਵਿਚੋਂ ਕਢਕੇ ਲੈ ਗਿਆ ਹੈ, ਤਾਂਤੇ ਹਵਾ ਸਾਂਫ ਜੜ ਹੈ, ਔਰ ਜੇਕਰ ਅਗਨੀ, ਵਾਯੂ, ਜਮੀਨ, ਅਤੇ ਲੋਹੇ ਦੇ ਬਣੇ ਹੋਇ ਇੰਜਨ ਆਦਕ ਵੀ ਚੇਤਨ ਮੰਨੇ ਗਏ ਤਾਂ ਜੜ੍ਹ ਵਸਤੂ ਇਸ ਸੰਸਾਰ ਵਿਚ ਕੇੜੀ ਮੰਨੀ ਜਾਵੇਗੀ।

ਜੇਕਰ ਇਹ ਦਲੀਲ ਦਿਤੀ ਜਾਵੇ ਕਿ ਪਥਰ ਮੂਰਤੀ ਵਿਚ ਅੰਤਾ: ਕਰਨ ਨਹੀਂ, ਤਾਂ ਜੜ੍ਹ ਹੈਂ ਤਾਂ ਇੰਜ ਅਨਹਦ ਸ਼ਬਦ ਵਿਚ ਅੰਤਾ: ਕਰਨ ਪ੍ਰਤੀਤ ਨਹੀਂ ਹੁੰਦਾ ਜੇਕਰ ਵਿਸ਼ਵਾਸ਼ ਦੇ ਅਧੀਨ ਮੰਨ ਵੀ ਲਈਏ ਤਾਂ ਵੀ ਅਨਹਦ ਸ਼ਬਦ ਚੇਤਨ ਸਿਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਹੋਇਆ, ਫਿਰ ਵੀ ਅਨਹਦ ਸ਼ਬਦ ਵਿਚ ਅੰਤਾ: ਕਰਨ ਹੀ ਚੇਤਨ ਸਿਧ ਹੋ ਗਿਆ, ਔਰ ਅੰਤਾ: ਕਰਨ ਕੇਵਲ ਸ਼ਬਦ ਮਾਤ੍ਰ ਨਹੀਂ ਹੋ ਸਕਦਾ ਕਿਉਂਕਿ ਜੇਕਰ ਅੰਤਾ: ਕਰਨ ਕੇਵਲ ਸ਼ਬਦ (ਖੜਕ) ਮਾਤ੍ਰ ਹੀ ਹੋਵੇ ਤਾਂ ਉਸਨੂੰ ਚੁਪ ਚਾਪ ਦਾ ਗਿਆਨ ਨਹੀਂ ਹੋ ਸਕੇਗਾ, ਤਾਂਤੇ ਅੰਤਾ: ਕਰਨ ਵੀ ਅਧੂਰਾ ਹੀ ਰਹੈਗਾ, ਔਰ ਫਿਰ ਇਹ ਪ੍ਰਸ਼ਨ ਪੈਂਦਾ ਹੋਵੇਗਾ ਕਿ ਉਹ ਸ਼ਬਦ ਰੂਪ ਅੰਤਾ: ਕਰਨ ਕਿਸ ਸਰੀਰ ਵਿਚ ਬ੍ਰਾਜਮਾਨ ਹੈ ਕਾਰਨ ਇਹ ਕਿ ਅੰਤਾ: ਕਰਨ ਦੀ ਪ੍ਰਤੀਤੀ ਬਿਨਾਂ ਕਿਸੇ ਸਰੀਰ ਵਿਚ ਹੋਣ ਦੇ ਹੋ ਨਹੀਂ ਸਕਦੀ ਜੇਕਰ ਵਿਸ਼ਵਾਸ਼ ਦੇ ਅਧੀਨ ਮੰਨੀ ਵੀ ਜਾਵੇ ਤਾਂ ਇੰਜ ਪਥਰ ਮੂਰਤੀ ਵਿਚ ਵੀ (ਵਿਸ਼ਵਾਸ਼ ਦੇ ਅਧੀਨ) ਅੰਤਾ: ਕਰਨ ਹੈ ਮੰਨਿਆ ਜਾ ਸਕੇਗਾ ਤਾਂ ਫਿਰ ਪਥਰ ਮੂਰਤੀ ਵੀ ਜੜ੍ਹ ਨਹੀਂ ਰਹੈਗੀ ਤਾਂਤੇ ਅਨਹਦ ਸ਼ਬਦ ਦੀ ਪੂਜਾ ਧਿਆਨ, ਪਿਛੇ ਦੱਸ ਆਏ ਹਾਂ ਕਿ ਮੂਰਤੀ ਪੂਜਾ ਨਾਲੋਂ ਵੀ ਘਾਟੇ ਵਿਚ ਹੈ ਕਿਉਂਕਿ ਅਰਥ ਰਹਿਤ ਧੁੰਨ ਆਤਮਕ ਰੂਪ ਅਨਹਦ ਸ਼ਬਦ ਦਾ ਮਨੁਸ਼ ਦੇ ਹਿਰਦੈ ਪਰ ਕੀ ਪ੍ਰਭਾਵ ਪੈ ਸਕਦਾ ਹੈ, ਕਿੰਤੂ ਮੂਰਤੀ ਜਿਸ ਗੁਰੂ ਅਵਤਾਰ ਦੀ ਹੁੰਦੀ ਹੈ ਉਸ ਗੁਰੂ ਅਵਤਾਰ ਦੇ ਸ਼ੁਭ ਗੁਣਾਂ ਦਾ ਜਾਂ ਉਨ੍ਹਾਂ ਦੀ ਕਿਸੇ ਸ਼ੁਭ ਸਿਖਿਆ ਦਾ ਮੂਰਤੀ ਦੇ ਧਿਆਨ ਜਾਂ ਪੂਜਾ ਸੇ ਪ੍ਰਭਾਵ ਪੈਂਦਾ ਹੈ।

੪. ਪ੍ਰਸ਼ਨ—ਅਨਹਦ ਸ਼ਬਦ ਨੂੰ ਜੇਕਰ ਪ੍ਰਮਾਤਮਾਂ ਦਾ ਸਾਕਾਰ ਰੂਪ ਮੰਨ ਲਈਏ ਤਾਂ ਕੀ ਹਰਜ ਹੈ।

ਉਤਰ—ਹਰਜ ਕੋਈ ਨਹੀਂ ਪਰ ਲਾਭ ਵੀ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕਿਉਂਕਿ ਪ੍ਰਮਾਤਮਾਂ ਦਾ ਸਾਕਾਰ ਰੂਪ, ਅਵਤਾਰ, ਭਗਤਾਂ ਦੇ ਕਈ ਕੰਮ ਕਰਦਾ ਹੈ ਸਹਾਇਕ ਹੁੰਦਾ ਹੈ ਸਿਖਿਆ ਵੀ ਦਿੰਦਾ ਹੈ ਪ੍ਰੰਤੂ ਅਨਹਦ ਸ਼ਬਦ (ਅਰਥ ਰਹਿਤ) ਕੇਵਲ ਧੁੰਨਆਤਮਕ–ਆਵਾਜ ਮਾਤ੍ਰ: ਸਿਵਾਇ ਘੂੰ ਘੂੰ ਸੁਣਨ ਦੇ ਭਗਤਾਂ ਦੇ ਕੇੜ੍ਹੇ ਕੰਮ ਆ ਸਕਦਾ ਹੈ ਤੇ ਕੀ ਸਿਖਿਆ ਦੇਵੇਗਾ ਜੇਕਰ ਸਿਖਿਆਂ ਦੇਵੇਗਾ ਤਾਂ ਉਹ ਅਰਥ ਰਹਿਤ ਨਹੀਂ ਹੋਵੇਗਾ ਉਸ ਵਿਚ ਲਫਜ਼ ਹੋਣਗੇ ਜੇਕਰ ਹੋਣਗੇ ਤਾਂ ਉਹ ਕਿਸੇ ਦੇ ਮੁਖ ਵਿਚੋਂ ਉਚਾਰਨ ਹੋਇਆ ਹੋਵੇਗਾ, ਤਾਂ ਫਿਰ ਉਹ ਧੁੰਨਆਤਨਕ ਰੂਪ ਅਨਹਦ ਸ਼ਬਦ ਨਹੀਂ ਰਹੈਗਾ ਉਹ ਵਰਨਾਤਮਕ ਹੀ ਸਿਧ ਹੋ ਜਾਵੇਗਾ।

ਜੇਕਰ ਅਸਲ ਖੋਜ ਕਰੀਏ ਤਾਂ ਸਰੀਰ ਵਿਚ ਮਸ਼ੀਨਰੀ ਚਲਦੀ ਹੈ, ਉਸਦੀ ਹਰਕਤ ਦੀ ਅਵਾਜ਼ ਦਿਮਾਗ਼ ਵਿਚ ਸੁਨਾਈ ਦਿੰਦੀ ਹੈ, ਉਸਨੂੰ ਕਈ ਲੋਗ ਈਸ਼ਵਰੀ ਸ਼ਬਦ ਅਨਹਦ ਕਹਿੰਦੇ ਹਨ, ਇਸ ਲਈ ਕਿ ਜਿਵੇਂ ਕਿਸੇ ਮੂਰਤੀ ਨੂੰ ਸਾਖਿਆਤ ਪ੍ਰਮੇਸ਼ਰ ਕਹਿ ਦਿੰਦੇ ਹਨ ਪ੍ਰੰਤੂ ਮੂਰਤੀ ਨਿਰਾਕਾਰ ਜਾਂ ਸਾਕਾਰ ਪ੍ਰਮੇਸ਼ਰ ਨਹੀਂ ਹੁੰਦੀ ਕਿੰਤੂ ਮੂਰਤੀ ਦੁਆਰਾ ਪ੍ਰਮਾਤਮਾਂ ਦਾ ਧਿਆਨ ਜਾਂ ਪੂਜਨ ਹੁੰਦਾ ਹੈ ਤਿਵੇਂ ਅਨਹਦ ਸ਼ਬਦ ਵੀ ਪ੍ਰਮਾਤਮਾਂ ਦਾ ਸਾਕਾਰ ਰੂਪ ਵੀ ਨਹੀਂ ਪ੍ਰੰਤੂ ਅਨਹਦ ਸ਼ਬਦ ਦੇ ਉਪਾਸ਼ਕ ਅਤਿਅੰਤ ਸ਼ਰਧਾ ਕਾਇਮ ਕਰਨ ਹਿਤ ਸ਼ਬਦ ਨੂੰ ਪ੍ਰਮਾਤਮਾਂ ਦੀ ਅਵਾਜ ਜਾਂ ਪ੍ਰਮਾਤਮਾਂ ਹੀ ਕਹੈ ਛਡਦੇ ਹਨ, ਪ੍ਰੰਤੂ ਪ੍ਰਮਾਤਮਾ ਦਾ ਸਾਕਾਰ ਰੂਪ, ਚਤਰ ਬਾਹ ਧਾਰੰ, ਕਿਰੀਟੰ ਸੁਧਾਰੰ, ਆਦਕ ਸ੍ਰੀ ਦਸਮੇਸ਼ ਜੀ ਲਿਖ ਰਹੇ ਹਨ ਪਿਛੇ ਦਸ ਆਏ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੫. ਪ੍ਰਸ਼ਨ--ਜੇਕਰ ਮੁਖਾਰ ਬਿੰਦ ਸੇ ਉਚਾਰਨ ਕੀਤਾ ਹੋਯਾ ਸ਼ਬਦ, ਚੇਤਨ ਨਹੀਂ ਤਾਂ ਸ਼ਬਦ ਦੁਆਰਾ ਪਦਾਰਥਾਂ ਦਾ ਗਿਆਨ ਨਹੀਂ ਹੋਣਾ ਚਾਹੀਦਾ।

ਉੱਤਰ--ਇੰਜ ਤਾਂ ਸ਼ਬਦ ਸੁਣੇ ਬਿਨਾਂ, ਖੁਸ਼ਬੂ ਦੁਆਰਾ (ਸੁੰਘਣੇ ਸੇ) ਵੀ ਕਈ ਚੀਜਾਂ ਦਾ ਗਿਆਨ ਹੁੰਦਾ ਹੈ ਤਾਂ ਓਥੇ ਖੁਸ਼ਬੂ ਵੀ ਚੇਤਨ ਮੰਨਣੀ ਪਵੇਗੀ ਬਲਕਿ ਨੇਤ੍ਰਾਂ ਦੇ ਵੇਖਣੇ ਸੇ ਰੂਪ ਦੁਆਰਾ ਵੀ ਕਈ ਪਦਾਰਥਾਂ ਦਾ ਗਿਆਨ ਹੁੰਦਾ ਹੈ ਤਾਂ ਉਹ ਸਾਰੇ ਵਡੇ ਛੋਟੇ, ਕਾਲੇ, ਪੀਲੇ ਆਦਕ ਰੂਪ ਚੇਤਨ ਮੰਨਣੇ ਪੈਣਗੇ, ਕਿਉਂਕਿ ਨੇਤ੍ਰਾਂ ਦਾ ਵਿਸ਼ਜ ਰੂਪ ਹੈ, ਤੁਚਾ ਦਾ ਵਿਸ਼ਜ ਸਪ੍ਰਸ਼ ਹੈ, ਜਬਾਨ ਕਾ ਵਿਸ਼ਜ ਰਸ ਹੈ, ਘ੍ਰਾਣ ਕਾ ਵਿਸ਼ਜ ਗੰਧ ਹੈ ਤਿਵੇਂ ਕੰਨਾਂ ਦਾ ਵਿਸ਼ਜ ਸ਼ਬਦ ਹੈ ਜੇਕਰ ਕੰਨਾਂ ਦੇ ਵਿਸ਼ਜ ਸ਼ਬਦ ਨੂੰ ਇਸ ਲਈ ਚੇਤਨ ਮੰਨੀਏ ਕਿ ਸ਼ਬਦ ਦੁਆਰਾ ਪਦਾਰਥਾਂ ਦਾ ਗਿਆਨ ਹੁੰਦਾ ਹੈ ਤਾਂ ਰੂਪ, ਰਸ, ਸਪ੍ਰਸ਼, ਗੰਧ, ਦੁਆਰਾ ਵੀ ਕਈ ਵਡੇ ਛੋਟੇ, ਕੌੜੇ ਫਿਕੇ, ਕੋਮਲ ਕਠੋਰ, ਆਦਕ ਗਿਆਨ ਹੁੰਦੇ ਹਨ ਤਾਂ ਰੂਪ, ਰਸਗੰਧ ਆਦਕ ਵੀ ਚੇਤਨ ਮੰਨਣੇ ਪੈਣਗੇ, ਪ੍ਰੰਤੂ ਰੂਪ, ਅਗਨੀ ਦਾ ਗੁਣ ਹੈ ਰਸ, ਜਲ ਕਾ, ਸਪ੍ਰਸ਼, ਵਾਯੂ ਕਾ, ਗੰਧ, ਪ੍ਰਿਥਵੀ ਕਾ ਗੁਣ ਹੈ, ਤਿਵੇਂ ਸ਼ਬਦ ਅਕਾਸ਼ ਦਾ ਗੁਣ ਹੈ ਉਪ੍ਰੋਕਤ, ਅਗਨੀ, ਜਲ, ਵਾਯੂ, ਪ੍ਰਿਥਵੀ, ਜੜ੍ਹ ਹਨ ਅਕਾਸ਼ ਵੀ ਤਿਵੇਂ ਜੜ੍ਹ ਹੈ, ਤਾਂਤੇ ਅਰਥ ਰਹਿਤ ਕਿਸੇ ਸ਼ਬਦ ਦਾ ਧਿਆਨ ਧਰਨਾ, ਪ੍ਰਿਥਵੀ (ਮਿਟੀ) ਆਦਕਾਂ ਦੀਆਂ ਬਣੀਆਂ ਮੂਰਤੀਆਂ ਦੇ ਧਿਆਨ ਵਤ ਹੀ ਹੈ ਵਧ ਨਹੀਂ, ਕਿੰਤੂ ਅਰਥ ਰਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਬਦ ਕਿਸੇ ਚੱਲਦੀ ਮਸ਼ੀਨ ਦੀ ਅਵਾਜ਼ ਨਾਲੋਂ ਵਧ ਮਹਾਤਮ ਨਹੀਂ ਰਖਦਾ ਅਤੇ ਅਰਥ ਹੀਨ ਸ਼ਬਦ ਵਿਚ ਧਿਆਨ ਦੀ ਰੁਚੀ ਵੀ ਘਟ ਹੁੰਦੀ ਹੈ ਤਾਂਤੇ ਕੇਵਲ ਸ਼ਬਦ ਮਾਤ੍ਰ ਦੇ ਧਿਆਨ ਧਰਨ ਨਾਲੋਂ ਕਿਸੇ ਗੁਰੂ ਅਵਤਾਰ ਦੇਵਤਾ, ਦੀ ਬਣੀ ਮੂਰਤੀ ਦੇ ਧਿਆਨ ਦੁਆਰਾ ਉਸ ਅਸਲ ਗੁਰੂ, ਦੇਵਤਾ, ਅਵਤਾਰ ਦਾ ਧਿਆਨ ਜਾਂ ਪੂਜਾ ਕਰਨੀ ਕੀ, ਅਯੋਗਤਾ ਤੇ ਘਾਟਾ ਹੈ, ਕਿਉਂਕਿ ਗੁਰੂ, ਅਵਤਾਰ, ਦੇਵਤਾ ਦੇ ਸ਼ੁਭ ਗੁਣਾਂ ਦਾ ਮਨੁਸ਼ ਦੇ ਹਿਰਦੇ ਵਿਚ ਪ੍ਰਭਾਵ ਪਵੇਗਾ, ਜਿਸ ਸੇ, ਖੋਟੇ ਗੁਣਾਂ ਨੂੰ ਤਿਆਗ ਕੇ ਸ਼ੁਭ ਗੁਣਾਂ ਨੂੰ ਧਾਰਨ ਕਰਕੇ, ਮਨੁਸ਼ ਸਦਾ ਚਾਰੀ ਹੋਵੇਗਾ ਤਾਂਤੇ ਮਨੁਸ਼ ਦਾ ਸੁਧਾਰ ਹੋਵੇਗਾ, ਕੇਵਲ ਸ਼ਬਦ, ਮਾਤ੍ਰ (ਅਰਥ ਹੀਨ) ਦੇ ਧਿਆਨ ਪੂਜਾ ਸੇ ਕੀ ਲਾਭ ਹੋਵੇਗਾ।

ਬਾਕੀ ਸ਼ਬਦ ਦੇ ਅਰਥ ਦੇ ਧਿਆਨ ਧਰਨ ਦਾ ਜਿਕਰ ਪਿਛੇ ਹੋ ਚੁਕਾ ਹੈ ਔਰ ਪਿਛੇ ਲਿਖੇ ਪ੍ਰਸ਼ਨ ਨੰਬਰ ੨ ਦੇ ਉਤਰ ਵਿਚ, ਗੁਰ ਕੀ ਮੂਰਤਿ ਮਨ ਮਹਿ ਧਿਆਨ, ਵਾਲੇ ਸ਼ਬਦ ਵਿਚ ਹੀ ਅਗੇ ਲਿਖਿਆ ਹੈ ਕਿ 'ਗੁਰ ਕੈ ਚਰਨ ਰਿਦੈ ਲੇ ਧਾਰਉ' ਤਾਂ ਗੁਰ ਮੂਰਤਿ ਦਾ ਅਰਥ ਇਥੇ ਸ਼ਬਦ ਕਰਨੇ ਸੇ, ਸ਼ਬਦ ਦੇ ਚਰਨ ਵੀ ਨਿਸਚੇ ਕਰਨੇ ਪੈਣਗੇ, ਇਸੇ ਤਰਾਂ ਹੋਰ ਵੀ ਨੱਕ ਮੂੰਹ ਆਦਕ ਸਾਰੇ ਅੰਗ ਸ਼ਬਦ, ਦੇ ਕਾਇਮ ਕਰਨੇ ਪੈਣਗੇ, ਤਾਂਤੇ ਗੁਰ ਮੂਰਤਿ ਦਾ ਅਰਥ, ਪੂਜਾ ਧਿਆਨ ਸਮੈਂ ਗੁਰ ਸ਼ਬਦ ਕਰਨਾ ਖੈਂਚਾਤਾਨੀ ਹੈ ਯਥਾਰਥ ਨਹੀਂ, ਅਤੇ ਖਾਲਸਾ ਟਰੈਕਟ ਸੁਸਾਇਟੀ ਦੇ ਲਿਖੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ, ਮੂਰਤਿ, ਦੇ ਜੋ ਅਰਥ ਲਿਖੇ ਹਨ ਉਨ੍ਹਾਂ ਵਿਚ ਵੀ ਗੁਰ

CC-0. In Public Domain. Gurukul Kangri Collection, Haridwar

 ੧੫੫ ੪੧, ੩੨੬
Digitized by Arya Samaj Foundation Chennai and eGangotri
ਸ਼ਬਦ ਅਰਥ ਕੋਈ ਨਹੀਂ ਲਿਖਿਆ ਓਥੇ ਅਰਥ ਇੰਜ ਲਿਖੇ ਹਨ ਯਥਾ: ਮੂਰਛਿਤ, ਨਿੱਗਰਤਾ, ਬੁਤ ਸਰੀਰ, ਅਕਾਰ, ਵਜੂਦ, ਹੋਂਦ ੧ ਵਜੂਦ, ਹੋਂਦ ੨ ਬੈਰਾਗੀ ਮੂਰਤਿ ਪੁਰਖ ਨੂੰ ਕਹਿੰਦੇ ਹਨ, ੩ ਮੂਰਤੀ ਬੁਤ, ੪ ਅਕਾਰ, ੫ ਤਸਵੀਰ, ੬ ਮੂਰਤੀਆਂ ਦੀ ਪੂਜਾ ਹੁੰਦੀ ਹੈ ਇਸ ਕਰਕੇ ਮੂਰਤਿ, ਦਾ ਅਰਥ ਪੂਜਾ ਯੋਗ ਸਾਧੂ ਲੋਗ ਬੀ ਆਪਨੇ ਆਪ ਨੂੰ, ਮੂਰਤੀ ਕਿਹਾ ਕਰਦੇ ਹਨ, ਤਾਂਤੇ ਇਨ੍ਹਾਂ ਕੀਤੇ ਗਏ ਅਰਥਾਂ ਵਿਚ ਗੁਰ ਸ਼ਬਦ ਅਰਥ ਕੋਈ ਨਹੀਂ ਕੀਤਾ, ਬਲਕਿ, ਹੋਂਦ, ਅਕਾਰ, ਸਰੀਰ ਆਦਕ ਕੀਤਾ ਹੈ, ਕਿਸੇ ਕਿਸਮ ਦੇ ਕਿਸੇ ਅਕਾਰ ਜਾਂ ਕਿਸੇ ਬੇਸ਼ਕਲ ਹੋਂਦ ਦੀ ਵੀ ਪੂਜਾ ਕੀਤੀ ਜਾਵੇ ਤਾਂ ਉਪ੍ਰੋਕਤ ਅਰਥਾਂ ਅਨੁਸਾਰ ਉਹ ਮੂਰਤੀ ਪੂਜਾ ਹੀ ਕੀਤੀ ਜਾਂਦੀ ਸਮਝੋ ਕਿਉਂਕਿ ਹੋਂਦ ਦਾ ਮਤਲਬ ਹੋਣਾ—ਭਾਵ ਹੈ, ਅਭਾਵ ਨਹੀਂ।

੬. ਪ੍ਰਸ਼ਨ--ਗੁਰੂ, ਦੇਵਤਾ, ਅਵਤਾਰ ਦਾ ਸਰੀਰ ਚੇਤਨਤਾ ਸਹਿਤ ਹੁੰਦਾ ਹੈ ਇਸ ਲਈ ਉਨ੍ਹਾਂ ਦੇ ਸਰੀਰ ਦੀ ਪੂਜਾ ਜਾਂ ਧਿਆਨ ਹੋ ਸਕਦਾ ਹੈ, ਪ੍ਰੰਤੂ ਉਨ੍ਹਾਂ ਦੇ ਸਰੀਰ ਦੀ ਮੂਰਤੀ ਚੇਤਨਤਾ ਰਹਿਤ, ਜੜ੍ਹ ਹੁੰਦੀ ਹੈ ਉਸਦੀ ਪੂਜਾ ਕਰਨੇ ਸੇ ਕਿਆ ਲਾਭ ਹੋ ਸਕਦਾ ਹੈ।

ਉਤਰ--ਜੜ੍ਹ ਮੂਰਤੀ ਦੀ ਪੂਜਾ ਸੇ ਭੀ ਪ੍ਰਸੰਨਤਾ ਗੁਰੂ, ਅਵਤਾਰ ਜਾਂ ਦੇਵਤਾ ਦੀ ਹੀ ਹੁੰਦੀ ਹੈ ਜਿਵੇਂ ਕੋਈ ਕਿਸੇ ਬਾਬੂ ਜੀ ਦੀ ਮੂਰਤੀ ਨੂੰ ਅਗਿਆਤ (ਬਿਨਾ ਜਣਾਏ) ਫੁਲਾਂ ਦਾ ਹਾਰ ਚੜ੍ਹਾ ਜਾਵੇ ਤਾਂ ਜਦ ਉਹ ਬਾਬੂ ਜੀ ਆਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਮੂਰਤੀ ਦੇ ਗਲ ਵਿਚ ਹਾਰ ਪਿਆ ਵੇਖਦੇ ਹਨ ਤਾਂ ਨਿਸਚੇ ਹੀ ਪ੍ਰਸੰਨ ਹੁੰਦੇ ਹਨ ਤੇ ਉਸ ਹਾਰ ਚੜ੍ਹਾਉਂਣ ਵਾਲੇ ਪੁਰਸ਼ ਨੂੰ ਆਪਣਾ ਪ੍ਰੇਮੀ ਜਾਂ ਹਿਤੈਸ਼ੀ ਸਮਝਣ ਲਗ ਜਾਂਦੇ ਹਨ ਪ੍ਰੰਤੂ ਜਦ ਕੋਈ ਉਸੇ ਬਾਬੂ ਜੀ ਦੀ ਮੂਰਤੀ ਦਾ ਅਗਿਆਤ ਹੀ ਨੱਕ ਵਢ ਜਾਵੇ ਤਾਂ ਓਹੋ ਬਾਬੂ ਸਾਹਿਬ ਜੀ ਆਕੇ ਆਪਣੀ ਮੂਰਤੀ ਨੂੰ ਦੇਖ ਕੇ ਨਿਸਚੇ ਵਿਚ ਦੁਖੀ ਹੁੰਦੇ ਤੇ ਉਸ ਨੱਕ ਵਢਣ ਵਾਲੇ ਨੂੰ ਆਪਣਾ ਦੁਸ਼ਮਣ ਸਮਝਣ ਲਗ ਜਾਂਦੇ ਹਨ, ਜਦ ਇਕ ਸਾਧਾਰਨ ਮਨੁਸ਼ ਬਾਬੂ ਜੀ ਆਪਣੀ ਮੂਰਤੀ ਦੀ ਪੂਜਾ (ਸਤਿਕਾਰ) ਵੇਖਕੇ ਪ੍ਰਸੰਨ ਹੁੰਦੇ ਤੇ ਨੱਕ ਵਢਿਆ ਵੇਖਕੇ ਨਿਰਾਦਰ ਸਮਝਕੇ ਦੁਖੀ ਵੀ ਹੁੰਦੇ ਅਤੇ ਸਤਿਕਾਰ, ਨਿਰਾਦਾਰ ਕਰਨ ਵਾਲਿਆਂ ਨੂੰ ਮਿਤ੍ਰ ਔਰ ਦੁਸ਼ਮਣ ਵੀ ਸਮਝਣ ਲਗ ਜਾਂਦੇ ਹਨ, ਤਾਂ ਜੇੜ੍ਹੇ ਗੁਰੂ, ਅਵਤਾਰ, ਦੇਵਤੇ, ਮਨੁਸ਼ਾਂ ਨਾਲੋਂ ਬਹੁਤ ਉਚੇ ਸੁਚੇ ਤੇ ਸ੍ਵਰਗਜ ਮੰਨੇ ਜਾਂਦੇ ਹਨ ਉਨ੍ਹਾਂ ਦੀ ਮੂਰਤੀ ਦੀ ਪੂਜਾ ਕਰਨੇ ਸੇ ਉਹ ਗੁਰੂ, ਅਵਤਾਰ ਦੇਵਤੇ ਵੀ ਤਿਵੇਂ ਪ੍ਰਸੰਨ ਕਿਉਂ ਨਹੀਂ ਹੋਣਗੇ ਤੇ ਪੂਜਾ ਕਰਨ ਵਾਲੇ ਨੂੰ ਆਪਣਾ ਪ੍ਰੇਮੀ ਜਾਂ ਸੇਵਕ ਕਿਵੇਂ ਨਹੀਂ ਸਮਝਣਗੇ, ਤਾਂਤੇ ਇਸ ਲਾਭ ਸੇ ਪਰੇ ਹੋਰ ਲਾਭ ਹੋਣਾ ਵੀ ਕੀ ਚਾਹੀਦਾ ਹੈ ਕਿਉਂਕਿ ਮੂਰਤੀ ਪੂਜਾ ਕੀਤੀ ਵੀ ਉਨ੍ਹਾਂ ਦੀ ਪ੍ਰਸੰਨਤਾ ਲਈ ਜਾਂਦੀ ਹੈ।

੭. ਪ੍ਰਸ਼ਨ--ਇਹ ਨਿਜਮ ਹੈ ਕਿ ਉਪਾਸ਼ਕ ਉਪਾਸ਼ਨਾ ਕਰਦਾ ਹੋਇਆ ਉਪਾਸਜ ਦਾ ਰੂਪ ਹੀ ਹੋ ਜਾਂਦਾ ਹੈ, ਤਿਵੇਂ ਮੂਰਤੀ ਪੂਜਕ ਮੂਰਤੀ ਦੀ ਪੂਜਾ ਕਰਦਾ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੜ੍ਹ ਮੂਰਤੀ ਹੀ ਹੋ ਜਾਵੇਗਾ ਕਿਉਂਕਿ ਜੜ੍ਹ ਪੂਜਾ ਸੇ ਨਿਸਚੇ ਜੜ੍ਹਤਾ ਹੀ ਪ੍ਰਾਪਤ ਹੋਵੇਗੀ।

ਉਤਰ--ਮੂਰਤੀ ਪੂਜਕ ਮੂਰਤੀ ਦੀ ਉਪਾਸ਼ਨਾ ਪੂਜਾ ਨਹੀਂ ਕਰਦੇ ਕਿੰਤੂ ਜਿਸ ਗੁਰੂ, ਦੇਵਤਾ ਪ੍ਰਮੇਸ਼ਰ ਦੀ ਮੂਰਤੀ ਹੈ ਉਸ ਮੂਰਤੀ ਦੁਆਰਾ ਉਸੇ ਗੁਰੂ, ਦੇਵਤਾ, ਪ੍ਰਮੇਸ਼ਰ ਦੀ ਹੀ ਪੂਜਾ, ਉਪਾਸ਼ਨਾ ਕਰਦੇ ਹਨ ਇਸ ਲਈ ਜੜ੍ਹਤਾ ਨੂੰ ਪ੍ਰਾਪਤ ਨਹੀਂ ਹੋਣਗੇ ਕਿਉਂਕਿ ਗੁਰੂ, ਅਵਤਾਰ, ਪ੍ਰਮੇਸ਼ਰ ਚੇਤਨਤਾ ਸਹਿਤ ਹਨ, ਬਾਕੀ ਜੜ੍ਹ ਪੂਜਾ ਸੇ ਹਰ ਇਕ ਜਗਾਹ ਜੜ੍ਹਤਾ ਹੀ ਪ੍ਰਾਪਤ ਨਹੀਂ ਹੁੰਦੀ; ਚੋਰ ਚੋਰੀ ਕਰਕੇ ਲੈ ਜਾਂਦਾ ਹੈ ਪਿਛੋਂ ਖੋਜੀ ਲੋਗ ਉਸ ਚੋਰ ਦੇ ਖੁਰੇ (ਜਮੀਨ ਤੇ ਲਗੇ ਪੈਰ ਦੇ ਚਿੰਨ੍ਹ) ਨੂੰ ਦਿਮਾਗ਼ ਵਿਚ ਵਸਾਕੇ ਉਸ ਦਾ ਅਭਿਆਸ ਕਰਕੇ ਖੁਰੇ ਪਿਛੇ ਲਗ ਕੇ ਚੋਰ ਨੂੰ ਪਕੜ ਲੈਂਦੇ ਹਨ ਖੁਰਾ (ਪੈਰ ਦਾ ਚਿੰਨ) ਜੜ੍ਹ ਹੁੰਦਾ ਹੈ, ਅਤੇ ਚੋਰ ਵਿਚ ਚੇਤਨਤਾ ਸਿਧ ਹੁੰਦੀ ਹੈ ਕਿਉਂਕਿ ਚੋਰ ਆਪ ਨੂੰ ਵੀ ਜਾਣਦਾ ਹੈ ਕਿ ਮੈਂ ਚੋਰ ਹਾਂ ਤੇ ਆਪਣੇ ਤੋਂ ਅਲਗ ਖੋਜੀਆਂ ਆਦਕਾਂ ਨੂੰ ਵੀ ਜਾਣਦਾ ਹੈ ਕਿ ਇਹ ਖੋਜੀ ਹਨ ਤਾਂਤੇ ਖੁਰੇ ਵਤ ਮੂਰਤੀ, ਜੜ੍ਹ ਪੂਜਾ ਸੇ ਗੁਰੂ, ਅਵਤਾਰ, ਪ੍ਰਮੇਸ਼ਰ, ਚੇਤਨਤਾ ਸਹਿਤ ਹੀ ਪ੍ਰਾਪਤ ਹੁੰਦੇ ਹਨ ਕੇਵਲ ਜੜ੍ਹਤਾ ਪ੍ਰਾਪਤ ਨਹੀਂ ਹੁੰਦੀ।

੯. ਪ੍ਰਸ਼ਨ--ਸਾਕਾਰ ਪ੍ਰਮਾਤਮਾਂ ਦੀ ਮੂਰਤੀ ਤੇ ਹੋ ਸਕਦੀ ਹੈ ਪ੍ਰੰਤੂ ਨਿਰਾਕਾਰ ਪ੍ਰਮਾਤਮਾਂ ਦੀ ਮੂਰਤੀ ਨਹੀਂ ਹੋ ਸਕਦੀ ਤਾਂਤੇ ਨਿਰਾਕਾਰ ਪ੍ਰਮਾਤਮਾਂ ਦੀ ਪੂਜਾ ਮੂਰਤੀ ਦੁਆਰਾ ਨਹੀਂ ਹੋ ਸਕੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਰ--ਮੂਰਤੀ ਆਪਣੀ ਕਲਪਨਾ ਸੇ ਸੰਕੇਤ ਕੀਤੀ ਜਾਂਦੀ ਹੈ ਚਾਹੇ ਉਹ ਨਿਰਾਕਾਰ ਦੀ ਹੋਵੇ ਚਾਹੇ ਸਾਕਾਰ ਦੀ, ਕਿਉਂਕਿ, ਕੁਛ ਨਹੀਂ, ਨੂੰ ਜਣਾਉਂਣ ਵਾਸਤੇ ਵੀ ਸਿਫਰ ੦ ਮੂਰਤੀ ਕਾਇਮ ਕੀਤੀ ਗਈ ਹੈ, ਜੋ ਕੁਛ ਨਹੀਂ (ਅਭਾਵ) ਹੈ ਕੋਈ ਅਕਾਰ ਹੀ ਨਹੀਂ, ਉਸਦੀ ਮੂਰਤੀ ਵੀ ਮਨੁਸ਼ਾਂ ਨੇ ਜਦ ਆਪਣੀ ਕਲਪਨਾ ਸੇ ਸਿਫਰ ੦ ਰੂਪ ਕਾਇਮ ਕੀਤੀ ਹੋਈ ਹੈ, ਤਾਂ ਜੋ ਨਿਰਾਕਾਰ ਪ੍ਰਮਾਤਮਾਂ ਸਭ ਕੁਛ ਹੈ, ਭਾਵ; ਰੂਪ ਹੈ ਉਸਦੀ ਮੂਰਤੀ ਕਿਵੇਂ ਨਹੀਂ ਕਾਇਮ ਕੀਤੀ ਜਾ ਸਕਦੀ, ਔਰ ਮੂੰਹ ਵਿਚੋਂ ਨਿਕਲੇ ਅਖਰ (ਕ) (ਖ) ਆਦੀ ਨੇਤ੍ਰਾਂ ਦਾ ਵਿਸ਼ਜ ਨਹੀਂ ਹਨ ਪ੍ਰੰਤੂ ਉਨ੍ਹਾਂ ਦੀ ਵੀ ਆਪਣੀ ਕਲਪਨਾ ਸੇ ਮਨੁਸਾਂ ਨੇ (ਕ) (ਖ) ਆਦੀ ਇਸ ਪ੍ਰਕਾਰ ਦੀ ਮੂਰਤੀ ਕਾਗਜਾਂ ਪਰ ਸਿਆਹੀ ਦੀ ਅਖਰ ਰੂਪ (ਵੱਖ ਵੱਖ ਲਿਪੀਆਂ ਵਿਚ) ਲਿਖੀ ਹੋਈ ਨੇਤ੍ਰਾਂ ਦਾ ਵਿਸ਼ਜ ਪ੍ਰਸਿਧ ਕੀਤੀ ਹੋਈ ਹੈ, ਤਾਂਤੇ ਨਿਰਾਕਾਰ ਦੀ ਵੀ ਇਸੇ ਤਰਾਂ, ਮੂਰਤੀ, ਨੇਤ੍ਰਾਂ ਦਾ ਵਿਸ਼ਜ ਹੋ ਸਕਦੀ ਹੈ ਅਤੇ ਨਿਰਾਕਾਰ ਵਾਦੀ ਵਿਆਪਕ ਬ੍ਰਹਮ ਦਾ ਸੂਚਕ, ਓਂਮ, ਅਖਰ ਮੰਨਦੇ ਵੀ ਹਨ ਬਲਕਿ ਓਂਮ, ਅਖਰ ਨੂੰ ਹੀ ਬ੍ਰਹਮ ਕਹਿੰਦੇ ਹਨ, ਤਥਾ: ਸ੍ਰੀ ਗੀਤਾ ਜੀ ਦੇ ਧਿਆ ੮ ਸਲੋਕ ੧੩ ਵਿਚ ਵੀ ਓਂਮ ਮਿਤਯੇਕਾਖ਼ਰੰ ਬ੍ਰਹਮ, ਲਿਖਿਆ ਹੈ ਕਿ ਓਂਮ, ਐਸਾ ਇਕ ਅਖ਼ਰ ਬ੍ਰਹਮ ਹੈ ਕਿੰਤੂ ਓਂਮ, ਸ਼ਬਦ ਜਾਂ ਸਿਆਹੀ ਦਾ ਲਿਖਿਆ ਓਂਮ, ਇਹ ਦੋਵੇਂ ਹੀ ਨਿਰਾਕਾਰ ਜਾਂ ਸਾਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਹਮ ਜਿਹੋ ਨਹੀਂ, ਪ੍ਰੰਤੂ ਇਥੇ ਕਿਹਾ ਬ੍ਰਹਮ ਹੈ, ਤਾਂਤੇ ਓਂਮ, ਮੂਰਤੀ ਹੈ।

ਬਾਕੀ ਓਂਮ, ਔਰ ਨਿਰਾਕਾਰ, ਜਾਂ ਵਿਆਪਕ, ਅਖੰਡ ਆਦਕ ਨਾਮ (ਸ਼ਬਦ) ਵੀ ਉਚਾਰਨ ਕਰਨੇ ਸੇ ਕੰਨਾਂ ਦਾ ਵਿਸ਼ਜ ਹਨ ਅਤੇ ਇਨ੍ਹਾਂ ਨਾਮਾਂ ਦੇ ਲਿਖੇ ਹੋਇ ਸਿਆਹੀ ਦੇ ਅਖਰ ਨੇਤ੍ਰਾਂ ਦੇ ਵਿਸ਼ਜ ਹਨ ਔਰ ਪ੍ਰਛਿੰਨ (ਥੋੜੀ ਥਾਂ ਵਿਚ ਘੇਰੇ ਦੇ ਅੰਦਰ) ਹਨ ਪ੍ਰੰਤੂ ਉਹ ਨਿਰਾਕਾਰ ਬ੍ਰਹਮ ਕਿਸੇ ਇੰਦ੍ਰਜ ਕਾ ਵਿਸ਼ਜ ਨਹੀਂ, ਅਗੋਚਰ ਹੈ ਪ੍ਰਛਿੰਨ (ਥੋੜੀ ਜਗਾਹ ਵਿਚ ਰਹਿਨੇ ਵਾਲਾ ਘੇਰੇ ਦੇ ਅੰਦਰ), ਨਹੀਂ ਸ੍ਰਵ ਵਿਆਪਕ ਹੈ, ਤਾਂਤੇ ਇਹ ਓਂਮ, ਜਾਂ ਨਿਰਾਕਾਰ, ਵਿਆਪਕ ਅਖੰਡ ਆਦਕ ਨਾਮ, (ਸ਼ਬਦ) ਜਾਂ ਲਿਖੇ ਹੋਇ ਅਖਰ, ਅਗੋਚਰ, ਅਰੂਪ ਬ੍ਰਹਮ ਨਹੀਂ, ਉਸ ਬ੍ਰਹਮ ਦੀ ਸੂਚਕ ਮੂਰਤੀ ਹੀ ਹਨ, ਇਹ ਵੀ ਯਾਦ ਰਹੇ ਕਿ ਸਿਆਹੀ ਦਾ ਆਪਨੀ ਕਲਪਨਾ ਸੇ ਲਿਖਿਆ ਹੋਇਆ (ਕ) ਉਹ ਮੂੰਹ ਵਿਚੋਂ ਨਿਕਲੇ ਹੋਇ (ਗ) (ਘ) ਦਾ ਕੰਮ ਕਦੀਂ ਨਹੀਂ ਦਿੰਦਾ, ਕਿੰਤੂ (ਕ) ਦਾ ਹੀ ਕੰਮ ਦਿੰਦਾ ਹੈ ਤਿਵੇਂ ਪ੍ਰਮਾਤਮਾਂ ਦੀ ਆਪਣੀ ਕਲਪਨਾ ਸੇ ਕਾਇਮ ਕੀਤੀ ਹੋਈ ਮੂਰਤੀ ਵੀ ਪ੍ਰਮਾਤਮਾ ਦੀ ਪੂਜਾ ਭਗਤੀ ਨੂੰ ਹੀ ਸਿਧ ਕਰਦੀ ਹੈ, ਪ੍ਰਮਾਤਮਾਂ ਤੋਂ ਅਲਗ ਹੋਰ ਜੜ੍ਹ ਆਦੀ ਪਦਾਰਥਾਂ ਦੀ ਪੂਜਾ, ਭਗਤੀ ਨੂੰ ਸਿਧ ਨਹੀਂ ਕਰਦੀ, ਬਾਕੀ ਸਾਕਾਰ ਸਰੂਪ ਦੀ ਮੂਰਤੀ ਵੀ ਕੋਈ ਉਸ ਅਕਾਰ ਦੇ ਮੁਤਾਬਕ ਬਨਾਈ ਜਾਂਦੀ ਹੈ ਪਰ ਕੋਈ ਉਸ ਅਕਾਰ ਦੇ ਅਨੁਸਾਰ ਨਹੀਂ ਵੀ ਹੁੰਦੀ ਤਾਂ ਵੀ ਉਸ ਅਕਾਰ (ਜਿਸ ਦੀ ਮੂਰਤੀ ਹੈ) ਦੀ ਹੀ ਪੂਜਾ ਭਗਤੀ ਸਿਧ ਕਰਦੀ ਹੈ ਕਿਸੇ ਹੋਰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਾਰ ਦੀ ਨਹੀਂ, ਜਿਵੇਂ ਗਣੇਸ਼ ਪੂਜਨ ਸਮੇਂ ਗਣੇਸ਼ ਜੀ ਦੇ ਸਰੀਰ ਦੇ ਆਕਾਰ ਜਿਹੀ ਮੂਰਤੀ ਨਹੀਂ ਬਨਾਈ ਜਾਂਦੀ ਕਿੰਤੂ ਕੇਵਲ ਪ੍ਰਿਥਵੀ ਪਰ ਵਿੰਗੀਆਂ ਲਕੀਰਾਂ ਜਿਹੀਆਂ ਹੀ ਉਨ੍ਹਾਂ ਦਾ ਆਸਨ ਹੁੰਦੀਆਂ ਹਨ, ਪਰ ਫਿਰ ਵੀ ਪੂਜਾ ਗਣੇਸ਼ ਜੀ ਦੀ ਹੀ ਕੀਤੀ ਸਮਝੀ ਜਾਂਦੀ ਹੈ ਤਾਂਤੇ ਮੂਰਤੀ ਪੂਜਾ ਦੁਆਰਾ ਪੂਜਾ ਧਿਆਨ ਭਗਤੀ, ਪ੍ਰਮਾਤਮਾਂ ਦੇ ਨਿਰਾਕਾਰ ਅਤੇ ਸਾਕਾਰ ਦੋਵਾਂ ਹੀ ਸਰੂਪਾਂ ਦੀ ਹੋ ਸਕਦੀ ਹੈ ਕਿਸੇ ਮੂਰਤੀ (ਆਕਾਰ) ਬਿਨਾਂ ਕਿਸੇ ਦੀ ਵੀ ਨਹੀਂ ਹੋ ਸਕੇਗੀ ਕਿਉਂਕਿ ਸਾਕਾਰ ਪਹਿਲੇ ਹੀ ਮੂਰਤੀ ਮਾਨ ਹੈ, ਤੇ ਨਿਰਾ ਕਾਰ ਦਾ ਕਿਸੇ ਮੂਰਤੀ--ਅਕਾਰ ਬਿਨਾਂ (ਨਹੀਂ ਜਾਨ ਜਾਈ ਕਛੂ ਰੂਪ ਰੇਖੰ, ਆਦਕ ਵਾਕਾਂ ਅਨੁਸਾਰ) ਕਛੂ ਜਾਣਿਆ ਹੀ ਨਹੀਂ ਜਾ ਸਕੇਗਾ ਤਾਂ ਧਿਆਨ ਪੂਜਾ ਆਦਕ ਕਿਵੇਂ ਹੋ ਸਕਦੀ ਹੈ।

੯. ਪ੍ਰਸ਼ਨ--ਪ੍ਰਛਿੰਨ ਸਾਕਾਰ (ਮੂਰਤੀ) ਦੇ ਦਰਸ਼ਨ ਸੇ ਵਿਆਪਕ ਨਿਰਾਕਾਰ ਦਾ ਗਿਆਨ ਕਿਵੇਂ ਹੋਵੇਗਾ।

ਉਤਰ:--ਗਿਆਨ ਹੋਵੇ ਜਾਂ ਨਾ ਹੋਵੇ ਪ੍ਰੰਤੂ ਪੂਜਾ ਭਗਤੀ ਨਿਰਾਕਾਰ ਦੀ ਹੀ ਸਮਝੀ ਜਾਵੇਗੀ ਜਿਵੇਂ ਪ੍ਰਛਿੰਨ (ਥੋੜੀ ਥਾਂ ਵਿਚ ਰਹਿਨ ਵਾਲੀ) ਸਾਕਾਰ ਘੜੀ ਦੇ ਦਰਸ਼ਨ ਸ਼ੇ ਵਕਤ (ਟਾਈਮ) ਦੇ ਕਿਸੇ ਹਿਸੇ ਦਾ ਗਿਆਨ ਹੋ ਜਾਂਦਾ ਹੈ, ਟਾਈਮ ਦਾ ਘੜੀ ਜਿਹਾ ਅਕਾਰ ਨਹੀਂ ਹੁੰਦਾ, ਕਿਉਂਕਿ ਟਾਈਮ, ਕਾਲਾ, ਪੀਲਾ, ਲੰਬਾ ਚੌੜਾ, ਹਲਕਾ, ਭਾਰਾ ਸ਼ਬਦ, ਸਪ੍ਰਸ਼, ਰੂਪ, ਰਸ, ਗੰਧ, ਮਾਤ੍ਰ ਨਹੀਂ, ਕਿੰਤੂ ਬੁਧੀ ਵਿਚ ਨਿਸਚੇ ਹੋ ਜਾਂਦਾ ਹੈ ਕਿ ਹੁਣ ੧੧ ਯਾਰਾਂ ਵਜੇ ਹਨ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੨ ਬਾਰਾਂ, ਪਰ ਉਹ ਯਾਰਾਂ, ਬਾਰਾਂ, ਜਿਥੇ ਓਹ ਘੜੀ ਹੈ ਓਥੇ ਹੀ ਵੱਜੇ ਨਿਸਚੇ ਨਹੀਂ ਹੁੰਦੇ ਕਿੰਤੂ ਸਭ ਥਾਂਈ ਵੱਜੇ ਨਿਸਚੇ ਹੁੰਦੇ ਹਨ ਤਿਵੇਂ ਪ੍ਰਛਿੰਨ ਸਾਕਾਰ ਘੜੀ ਵਤ ਮੂਰਤੀ ਦੇ ਵੇਖਨ ਸੇ ਨਿਰਾਕਾਰ ਦੀ ਵਿਆਪਕਤਾ ਨਿਸਚੇ ਹੁੰਦੀ ਹੈ ਔਰ ਸਾਕਾਰ ਪਦਾਰਥਾਂ ਤੋਂ ਅਲਗ ਉਸਦੀ ਹਸਤੀ ਵੀ ਨਿਸਚੇ ਹੁੰਦੀ ਹੈ, ਇਹ ਗਿਆਨ ਚਾਹੇ ਨਹੀਂ ਹੋ ਸਕਦਾ ਕਿ ਉਹ ਕੀ ਹੈ ਪਰ ਫਿਰ ਵੀ ਪੂਜਾ ਭਗਤੀ ਉਸੇ ਦੀ ਹੀ ਨਿਸਚੇ ਹੁੰਦੀ ਹੈ, ਜਿਵੇਂ ਸਾਕਾਰ ਪ੍ਰਛਿੰਨ ਘੜੀ ਨਾਲੋਂ ਟਾਈਮ ਦਾ ਗਿਆਨ ਉਲਟਾ ਤੇ ਵਰਤਨਾ ਹੁੰਦਾ ਹੈ ਤਿਵੇਂ ਮੂਰਤੀ ਦੇ ਦਰਸ਼ਨ ਪੂਜਾ ਸੇ ਉਲਟੀ ਭਾਵਨਾ ਨਿਰਾਕਾਰ ਰੂਪ ਵਿਆਪਕ ਤੇ ਪੂਜਾ ਆਦਕ ਵੀ ਵਿਆਪਕ ਸਰੂਪ ਦੀ ਹੁੰਦੀ ਸਮਝੀ ਜਾਂਦੀ ਹੈ, ਬਾਕੀ ਰਿਹਾ ਨਿਰਾਕਾਰ ਬ੍ਰਹਮ ਦਾ ਗਿਆਨ ਜਾਂ ਧਿਆਨ ਉਹ ਬੁਧੀ ਕਾ ਵਿਸ਼ਜ ਨਹੀਂ ਇਸ ਲਈ 'ਜਸ ਓਹ ਹੈ ਤਸ ਲਖੈ ਨ ਕੋਈ' ਆਦਕ ਵਾਕਾਂ ਅਨੁਸਾਰ ਉਸਦਾ ਧਿਆਨ ਆਦਕ ਨਹੀਂ ਹੋ ਸਕਦਾ, ਤਾਂਤੇ ਧਿਆਨ ਕਿਸੇ ਮੂਰਤੀ ਮਾਨ ਵਸਤੂ ਦਾ ਹੀ ਹੋ ਸਕਦਾ ਹੈ, ਉਸ ਮੂਰਤੀ ਵਿਚ ਭਾਵਨਾਂ ਚਾਹੇ ਕਿਸੇ ਸਰੂਪ ਦੀ ਕੀਤੀ ਜਾਵੇ ਹੋ ਸਕਦੀ ਹੈ।

੧੦. ਪ੍ਰਸ਼ਨ--ਨਿਰਾਕਾਰ ਬ੍ਰਹਮ ਦਾ ਗਿਆਨ ਜੇਕਰ ਨਹੀਂ ਹੋ ਸਕਦਾ ਤਾਂ ਬ੍ਰਹਮ ਗਿਆਨੀ ਕਿਵੇਂ ਹੋ ਸਕਦਾ ਹੈ।

ਉਤਰ--ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ, ਬ੍ਰਹਮ ਗਿਆਨੀ ਸਰਬ ਕਾ ਠਾਕੁਰ, ਬ੍ਰਹਮ ਗਿਆਨੀ ਆਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮੇਸ਼ਰ, ਆਦਕ ਲਿਖਿਆ ਹੈ, ਵੇਦਾਂਤ ਮਤ ਅਨੁਸਾਰ ਬ੍ਰਹਮ ਵੇਤਾ ਪੁਰਸ਼ ਆਪਣੇ ਨਾਲੋਂ ਵਖਰਾ ਹੋਰ ਕੋਈ ਬ੍ਰਹਮ ਨਹੀਂ ਮੰਨਦਾ, ਜੇਕਰ ਆਪਣੇ ਤੋਂ ਵਖਰਾ ਬ੍ਰਹਮ ਨਿਸਚੇ ਕਰੇ ਤਾਂ ਉਹ ਬ੍ਰਹਮ, ਦ੍ਰਿਸ਼ਜ ਹੋ ਜਾਂਦਾ ਹੈ ਤੇ ਆਪ ਦ੍ਰਿਸ਼ਟਾ ਹੁੰਦਾ ਹੈ, ਦ੍ਰਿਸ਼ਟਾ, ਦ੍ਰਿਸ਼ਜ ਦਾ ਪ੍ਰਕਾਸ਼ਕ ਹੋਣ ਕਰਕੇ ਚੇਤਨ ਸਿਧ ਹੁੰਦਾ ਹੈ ਤੇ ਦ੍ਰਿਸ਼ਜ ਜੜ੍ਹ, ਸਾਬਤ ਹੋ ਜਾਂਦਾ ਹੈ ਇਸ ਲਈ ਬ੍ਰਹਮ ਗਿਆਨੀ ਪੁਰਸ਼ ਆਪਣੇ ਆਤਮਾਂ ਤੋਂ ਵਖਰਾ ਹੋਰ ਕੋਈ ਚੇਤਨ ਨਹੀਂ ਮੰਨਦਾ, ਤਾਂਤੇ ਜੋ ਆਪਣੇ ਆਪ ਨੂੰ ਬ੍ਰਹਮ ਨਿਸਚੈ ਕਰਦਾ ਹੈ ਉਸਨੂੰ ਕਿਸੇ ਹੋਰ ਵਖਰੇ ਬ੍ਰਹਮ ਦੇ ਧਿਆਨ, ਪੂਜਾ, ਭਗਤੀ ਦੀ ਲੋੜ ਨਹੀਂ ਹੋ ਸਕਦੀ, ਪੂਜਾ ਭਗਤੀ, ਧਿਆਨ ਆਦਕ ਪ੍ਰਮਾਤਮਾਂ ਨੂੰ ਆਪਣੇ ਤੋਂ ਅਲਗ ਮੰਨਣ, ਉਪਾਸਨਾਂ ਵਿਚ ਹੁੰਦੇ ਹਨ, ਸੋ ਉਹ ਕਿਸੇ ਨਾ ਕਿਸੇ ਮੂਰਤੀ ਮਾਨ ਪਦਾਰਥ ਦੁਆਰਾ ਹੀ ਹੋ ਸਕਦੇ ਹਨ।

ਬਾਕੀ ਵੇਦਾਂਤ ਮਤ ਵਿਚ ਵੀ ਮੂਰਤੀ ਦੀ ਸ਼ਰਨ ਹੋਇ ਬਿਨਾਂ ਗਿਆਨ ਨਹੀਂ ਹੋ ਸਕਦਾ ਕਿਉਂਕਿ ਪਹਿਲੇ ਅਹੰ ਬ੍ਰਹਮਾਸਮੀ, ਉਪਦੇਸ਼ ਕਰਨ ਵਾਲਾ, ਗੁਰੂ, ਵੀ ਸਰੀਰ ਧਾਰੀ ਸਾਹਮਣੇ ਮੂਰਤੀ ਮਾਨ ਹੁੰਦਾ ਹੈ, ਉਸਦੀ ਸ਼ਰਨ ਜਰੂਰੀ ਹੋਣਾ ਪੈਂਦਾ ਹੈ, ਫਿਰ ਅਸਤੀ, ਭਾਤੀ, ਪ੍ਰਿਜ ਰੂਪ (ਸਤਿ, ਚਿਤ, ਅਨੰਦ, ਵਿਆਪਕਤਾ) ਨਿਸਚੇ ਕਰਨ ਹਿਤ ਪਹਿਲੇ ਨਾਮ, ਰੂਪ, (ਮੂਰਤੀ) ਦੀ ਕਲਪਨਾ ਹੁੰਦੀ ਹੈ, ਮਿਥਿਆ ਨਾਮ ਰੂਪ ਬਿਨਾ ਅਸਤੀ, ਭਾਤੀ, ਪ੍ਰਿਜਤਾ ਰੂਪ (ਸਤਿਚਿਤ ਅਨੰਦ ਕਾ) ਗ੍ਰਹਿਣ ਨਹੀਂ ਹੋ ਸਕਦਾ, ਔਰ ਅਕਹਿ ਚੇਤਨ ਨੂੰ ਜਣਾਉਂਣ ਹਿਤ ਵੇਦਾਂਤ ਮਤ ਵਿਚ ਜੋ ਅਹੰਬ੍ਰਹਮਾਸਮੀ, ਆਦਕ ਮਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਕ (ਸ਼ਬਦ) ਹਨ ਉਹ ਮੁਖ ਦੁਆਰਾ ਕਹਿ ਜਾਂਦੇ ਹਨ ਕੰਨਾਂ ਦੁਆਰਾ ਸੁਣੇ ਜਾਂਦੇ ਹਨ ਇਸ ਲਈ ਮਹਾਂ ਵਾਕ ਆਦਕ ਸ਼ਬਦ ਅਕਹਿ, ਅਗੋਚਰ ਨਹੀਂ ਹਨ, ਕਿੰਤੂ ਇਨ੍ਹਾਂ ਮਹਾਂਵਾਕਾਂ ਦੁਆਰਾ ਹੀ ਗਿਆਨ ਹੋਣਾ ਮੰਨਿਆ ਹੈ, ਤਾਂ ਮਹਾਂਵਾਕ (ਸ਼ਬਦ) ਪ੍ਰਛਿੰਨ, ਵਾਕ ਇੰਦ੍ਰਯ ਦੇ ਉਚਾਰਨ ਮਾਤ੍ਰ ਕ੍ਰਿਜਾ ਤੋਂ ਉਤਪੰਨ ਹੋਣ ਕਰਕੇ ਨਾਸ਼ ਵਾਨ ਔਰ ਜੜ੍ਹ, ਮੂਰਤੀ ਵਤ ਹੀ ਸਿਧ ਹੁੰਦੇ ਹਨ ਕਿਉਂਕਿ ਜਿਵੇਂ ਲਿਖੇ ਹੋਇ ਸਿਆਹੀ ਦੇ ਅਖਰ ਵਰਨਾਤਮਕ ਸ਼ਬਦਾਂ ਦੀ ਜੜ੍ਹ, ਪ੍ਰਛਿੰਨ, ਨਾਸ਼ਵਾਨ, ਮੂਰਤੀ, ਹਨ ਤਿਵੇਂ ਜਬਾਨ ਦੁਆਰਾ ਕਹੈ ਹੋਇ ਵਰਨਾਤਮਕ ਸ਼ਬਦ ਵੀ ਨਿਰਾਕਾਰ, ਚੇਤਨ, ਬ੍ਰਹਮ ਦੇ ਸੂਚਕ ਹੋਣੇ ਸੇ ਨਿਰਾਕਾਰ ਚੇਤਨ, ਬ੍ਰਹਮ ਦੀ ਪ੍ਰਛਿੰਨ, ਜੜ੍ਹ, ਨਾਸ਼ ਵਾਨ ਮੂਰਤੀ ਹੀ ਹਨ, ਕਿਉਂਕਿ ਵੇਦਾਂਤ ਮਤ ਵਿਚ ਇਕ ਬ੍ਰਹਮਾਤਮ ਤੋਂ ਬਿਨਾਂ ਹੋਰ ਕੋਈ ਵਸਤੂ ਸਤਿ ਅਤੇ ਚੇਤਨ ਨਹੀਂ ਮੰਨੀ ਜਾਂਦੀ ਇਸ ਲਈ ਵੇਦਾਂਤ ਮਤ ਵਿਚ ਸ਼ਬਦ ਚੇਤਨ ਨਹੀਂ, ਜਦ ਵੇਦਾਂਤ ਨੇ ਸੂਖਮ ਤੇ ਵਿਆਪਕ ਅਕਾਸ਼ ਨੂੰ ਵੀ ਜੜ੍ਹ, ਮੰਨਿਆ ਹੈ ਤਾਂ ਸ਼ਬਦ ਨੂੰ ਕਿਵੇਂ ਚੇਤਨ ਮੰਨ ਸਕਦਾ ਹੈ ਜਦ ਨਹੀਂ ਮੰਨਦਾ ਤਾਂ ਅਚੇਤਨ ਮਹਾਂਵਾਕ ਆਦਕ ਸ਼ਬਦਾਂ ਵਿਚ ਪ੍ਰਵਿਰਤੀ ਰੂਪ ਸੁਆਗਤ ਪੂਜਾ ਸਪਸ਼ਟ ਹੈ ਕਿਉਂਕਿ ਜਿਵੇਂ ਮੂਰਤੀ ਪੂਜਕ ਦੇ ਹਿਰਦੇ ਵਿਚ ਆਂਮ ਪਹਾੜ ਦੇ ਪਥਰਾਂ ਤੋਂ ਉਦਾਸੀਨਤਾ ਹੈ ਤੇ ਜਿਥੇ ਕਿਸੇ ਦੇਵਤੇ ਅਵਤਾਰ ਦੀ ਬਣੀ ਹੋਈ ਪਥਰ ਦੀ ਮੂਰਤੀ ਹੋਵੇ ਉਸ ਮੂਰਤੀ ਦਾ ਹਿਰਦੇ ਵਿਚ ਸਤਿਕਾਰ ਹੁੰਦਾ ਹੈ, ਤਿਵੇਂ ਵੇਦਾਂਤ ਮਤ ਵਿਚ ਵੀ ਜਗਿਆਸੂ ਦੀ ਆਂਮ ਅਨਾਤਮਾਂ ਵਾਚਕ ਸ਼ਬਦਾਂ ਤੋਂ ਉਦਾਸੀਨਤਾ ਹੁੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤੇ ਬ੍ਰਹਮਾਤਮ ਵਾਚਕ ਸ਼ਬਦਾਂ ਵਿਚ ਪ੍ਰਵਿਰਤੀ ਹੁੰਦੀ ਹੈ ਕਿਉਂਕਿ ਸ਼ਰਵਣ, ਮਨਨ, ਨਿਧਿਆਸਨ, ਬ੍ਰਹਮਾਤਮ, ਵਾਚਕ ਸ਼ਬਦਾਂ ਦੁਆਰਾ ਹੀ ਜਗਿਆਸੂ ਨੇ ਕਰਨਾ ਹੈ ਕਿਸੇ ਲਕੜੀ, ਕਪੜੇ, ਆਦਕ ਵਾਚਕ ਸ਼ਬਦਾਂ ਦੁਆਰਾ ਨਹੀਂ।

ਔਰ ਜਿਸ ਸ਼ਬਦ ਵਿਚ ਅਖ਼ਰ ਅਤੇ ਅਰਥ ਸਿਧ ਹੋਵੇ ਉਸਨੂੰ ਵਰਨਾਤਮਕ ਸ਼ਬਦ ਕਹਿੰਦੇ ਹਨ ਤੇ ਜਿਸ ਵਿਚ ਅਖਰ ਅਤੇ ਅਰਥ ਸਿਧ ਨਾ ਹੋਵੇ (ਨਾਬਣ ਸਕੇ) ਉਸਨੂੰ ਧੁੰਨ ਆਤਮਕ ਸ਼ਬਦ ਕਹਿੰਦੇ ਹਨ, ਤਾਂਤੇ ਵਰਨ਼ਾਤਮਕ ਸ਼ਬਦ ਵੀ ਮੂਰਤੀ ਹਨ ਕਿਉਂਕਿ ਜਿਵੇਂ ਮੂਰਤੀ ਵਿਚ, ਮੂਰਤੀ ਵਾਲਾ ਕੋਈ ਨਹੀਂ ਫੜਿਅ ਹੋਇਆ ਹੁੰਦਾ ਤਿਵੇਂ ਵਰਨਾਤਮਕ ਸ਼ਬਦਾਂ ਵਿਚ ਵੀ ਵਿਆਪਕ ਬ੍ਰਹਮ ਜਾਂ ਹੋਰ ਕੋਈ ਸਿਫਤਾਂ ਆਦਕ ਜਾਂ ਕੋਈ ਹੋਰ ਪਦਾਰਥ ਨਹੀਂ ਪਕੜੇ ਹੋਇ ਜਾਂ ਫਸੇ ਹੋਇ ਹੁੰਦੇ, ਜੇਕਰ ਫਸੇ ਹੋਇ ਹੋਣ ਤਾਂ ਜੇੜ੍ਹਾ ਮਰਚਾਂ ਦਾ ਵਾਚਕ ਸ਼ਬਦ ਹੈ ਉਹ ਕੌੜਾ ਹੋਣਾ ਚਾਹੀਦਾ ਹੈ ਤੇ ਖੰਡ ਵਾਚਕ ਸ਼ਬਦ ਵਿਚ ਮਿਠਾ ਜਾਂ ਅਗਨੀ ਵਾਚਕ ਸ਼ਬਦ ਨਾਲ ਮੂੰਹ ਸੜ ਜਾਣਾ ਚਾਹੀਦਾ ਹੈ, ਜੇਕਰ ਨਹੀਂ ਸੜਦਾ ਤਾਂ ਅਗਨੀ ਅਰਥ ਵਾਲੇ ਸ਼ਬਦ ਵਿਚ ਅਗਨੀ ਫੜੀ ਹੋਈ ਜਾਂ ਫਸੀ ਹੋਈ ਨਹੀਂ, ਤਿਵੇਂ ਬ੍ਰਹਮ ਜਾਂ ਉਸਦੀਆਂ ਸਿਫਤਾਂ ਦੇ ਅਰਥ ਵਾਲੇ ਸ਼ਬਦਾਂ ਵਿਚ ਉਹ ਬ੍ਰਹਮ ਚੇਤਨ ਜਾਂ ਉਸਦੀਆਂ ਸਿਫਤਾਂ ਫੜੀਆਂ ਜਾਂ ਫਸੀਆਂ ਹੋਈਆਂ ਨਹੀਂ, ਜਦ ਨਹੀਂ ਤਾਂ ਪਥਰ ਦੀ ਮੂਰਤੀ ਵਿਚ ਵੀ ਗੁਰੂ ਅਵਤਾਰ ਦੇਵਤਾ ਫੜੇ ਹੋਇ ਨਹੀਂ ਤਾਂ ਫਿਰ ਪਥਰ ਮੂਰਤੀ ਨਾਲੋਂ ਬ੍ਰਹਮ ਵਾਚਕ ਵਰਨਾਤਮਕ ਸ਼ਬਦ ਘਟ ਮੂਰਤੀ ਕਿਵੇਂ ਹਨ, ਜੇਕਰ ਕਹੁ ਕਿ ਜਿਸਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਰਤੀ ਦਾ ਗਿਆਨ ਨਹੀਂ ਕਿ ਇਹ ਕਿਸ ਦੀ ਮੂਰਤੀ ਹੈ ਉਸਨੂੰ ਮੂਰਤੀ ਦੇ ਦਰਸ਼ਨ ਸੇ ਕੋਈ ਲਾਭ ਨਹੀਂ ਤਾਂ ਇੰਜ ਜਿਸਨੂੰ ਵਰਨਾਤਮਕ ਸ਼ਬਦਾਂ ਦਾ ਵੀ ਗਿਆਨ ਨਹੀਂ ਉਸਨੂੰ ਉਨ੍ਹਾਂ ਸ਼ਬਦਾਂ ਵਿਚੋਂ ਕੋਈ ਲਾਭ ਨਹੀਂ ਹੁੰਦਾ, ਜਿਵੇਂ ਅੰਗ੍ਰੇਜ਼ੀ ਨਾ ਪੜ੍ਹੇ ਹੋਇ ਨੂੰ ਅੰਗ੍ਰੇਜ਼ੀ ਦੇ ਸ਼ਬਦ ਸੁਣਨੇ ਸੇ ਕੋਈ ਲਾਭ ਨਹੀਂ ਹੁੰਦਾ ਤਿਵੇਂ ਜਿਨ੍ਹਾਂ ਸ਼ਬਦਾਂ ਨੂੰ ਜੋ ਨਹੀਂ ਜਾਣਦਾ ਉਸਨੂੰ ਉਨ੍ਹਾਂ ਦੇ ਪੜ੍ਹਨ, ਸੁਣਨ ਕਰਕੇ ਕੋਈ ਲਾਭ ਨਹੀਂ ਹੁੰਦਾ, ਤਾਂਤੇ ਸ਼ਬਦ ਮੂਰਤੀ ਵਤ ਹੀ ਹਨ, ਵਧ ਨਹੀਂ, ਔਰ ਪੂਜਾ ਕੇਵਲ ਭੋਗ ਲਵਾਉਂਣਾ ਅਤੇ ਆਰਤੀ ਕਰਨ ਆਦਕ ਦਾ ਹੀ ਨਾਮ ਨਹੀਂ, ਕਿੰਤੂ ਜਿਸ ਕਿਸਮ ਦੀ ਉਹ ਮੂਰਤੀ ਹੋਵੇ ਉਸਦੀ ਜਿਸ ਤਰਾਂ ਦੀ ਵੀ ਦਿਲ ਵਿਚ ਕਦਰ ਕੀਤੀ ਜਾਵੇ ਉਸਦੀ ਓਹੋ ਹੀ ਪੂਜਾ ਸਮਝੀ ਜਾਂਦੀ ਹੈ, ਤਾਂਤੇ ਕਿਸੇ ਨਾ ਕਿਸੇ ਮੂਰਤੀ ਦੇ ਆਸਰੇ ਲਏ ਬਿਨਾਂ ਵਿਦਾਂਤ ਮਤ ਵਿਚ ਵੀ ਗਿਆਨ ਨਹੀਂ, ਤਾਂ ਪੂਜਾ, ਧਿਆਨ ਆਦਕ ਕਿਸੇ ਮੂਰਤੀ ਬਿਨਾਂ ਕ੍ਰਿਵੇਂ ਹੋ ਸਕੇਗਾ।

ਬਾਕੀ ਸਾਰਾ ਸੰਸਾਰ ਹੀ ਕਿਤੇ ਸ਼ਬਦਾਂ ਰੂਪ ਮੂਰਤੀ ਦੁਆਰਾ ਕਿਤੇ ਸਿਆਹੀ ਦੇ ਚਿਤ੍ਰੇ ਹੋਇ ਨਕਸ਼ੇ ਜਾਂ ਗ੍ਰੰਥਾਂ ਰੂਪ ਮੂਰਤੀ ਦੁਆਰਾ, ਜਾਂ ਜਲ, ਵਾਯੂ, ਅਕਾਸ਼, ਪ੍ਰਿਥਵੀ, ਲੋਹਾਂ, ਤਾਂਬਾ ਅਗਨੀ, ਬਿਜਲੀ ਆਦਕ ਜੜ੍ਹ ਤਤਾਂ ਦੀਆਂ ਬਣੀਆਂ ਕਲਾਂ, ਆਲੈ, (ਮੂਰਤੀਆਂ) ਦੁਆਰਾ ਹੀ ਸਾਇੰਸ ਆਦਕ ਸਰਬ ਕਾਰਜ–ਸਿਧੀ ਕਰ ਰਿਹਾ ਹੈ, ਮੂਰਤੀ ਬਿਨਾ ਕੁਛ ਸਿਧ ਹੀ ਨਹੀਂ ਹੋ ਰਿਹਾ, ਅਤੇ ਹਰ ਇਕ ਮਜ਼ਹਬ ਵਾਲੇ, ਜਨੇਊ, ਕਾਲੀ ਪਗ, ਜਾਂ ਭਗਵੀਂ ਪਗ ਅਥਵਾ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਆਪਣੇ ਆਪਣੇ ਧਰਮੀ ਹੋਣ ਦਾ ਚਿੰਨ੍ਹ ਰਖਦੇ ਹਨ, ਬਾਕੀ ਹੋਰ ਸੁਸਾਇਟੀਆਂ ਵੀ ਆਪਣੇ ਆਪਣੇ ਕੋਈ ਨਾ ਕੋਈ ਪਵਿਤ੍ਰ, ਤੇ ਸਚਾਈ ਹੋਣ ਦੇ ਚਿੰਨ ਆਦਕ ਰਖਦੀਆਂ ਹਨ ਸੋ ਉਪ੍ਰੋਕਤ ਸਾਰੇ ਚਿੰਨ, ਵੇਸ਼, ਜੜ੍ਹ ਹਨ, ਮੂਰਤੀ ਵਤ ਆਪ ਹੀ ਬਣਾਏ ਜਾਂਦੇ ਹਨ, ਤਾਂਤੇ ਸਚਾਈ, ਪਵਿਤ੍ਰਤਾ ਅਤੇ ਸਤਿਕਾਰ ਯੋਗ ਧਰਮਾਂ ਦੇ ਸੂਚਕ ਚਿੰਨ੍ਹਾਂ ਦਾ ਸਤਿਕਾਰ ਵਾਲੀ ਦ੍ਰਿਸ਼ਟੀ ਸੇ ਧਾਰਨ ਕਰਨਾ ਵੀ ਮੂਰਤੀ ਪੂਜਾ ਦਾ ਹੀ ਅੰਗ ਹੈ ਇਸ ਲਈ ਮੂਰਤੀ ਪੂਜਾ ਦੇ ਸਿਧਾਂਤ ਦਾ ਤਿਆਗ ਅਜ ਤਕ ਕੋਈ ਨਹੀਂ ਕਰ ਸਕਿਆ।

੧੧. ਪ੍ਰਸ਼ਨ--ਸਾਰੇ ਸੰਸਾਰ ਵਿਚ, ਸਨਾਤਨ ਧਰਮੀ ਲੋਕਾਂ ਤੋਂ ਬਿਨਾਂ ਹੋਰ ਕੋਈ ਵੀ ਮਤ ਮੂਰਤੀ ਪੂਜਾ ਨਹੀ ਕਰਦੇ, ਜਿਵੇਂ ਮੁਸਲਮਾਨ, ਆਰਜਾ ਸਮਾਜੀ, ਪ੍ਰਨਾਂਮੀ, ਰਾਧੇ ਸੁਆਮੀ, ਪਾਰਸੀ, ਆਦਕ ਸਾਰੇ ਮੂਰਤੀ ਪੂਜਾ ਤੋਂ ਇਨਕਾਰੀ ਹਨ ਕਿੰਤੂ ਤੁਸੀਂ ਕਹਿ ਰਹੇ ਹੋ ਕਿ ਕੋਈ ਅਜ ਤਕ ਮੂਰਤੀ ਪੂਜਾ ਦੇ ਸਿਧਾਂਤ ਦਾ ਤਿਆਗ ਨਹੀਂ ਕਰ ਸਕਿਆ।

ਉਤਰ--ਇਹ ਇਕ ਆਮ ਲੋਕਾਂ ਦਾ ਰਿਵਾਜ ਹੋ ਚੁਕਾ ਹੈ ਕਿ ਕਹਿਣਾ ਕੁਝ ਹੋਰ ਤੇ ਕਰਨਾ ਕੁਝ ਹੋਰ, ਇਸ ਰਿਵਾਜ ਦੇ ਅਨੁਸਾਰ ਹੀ ਇਹ ਸਭ ਲੋਕ ਮੂਰਤੀ ਪੂਜਾ ਕਰਨ ਤੋਂ ਇਨਕਾਰੀ ਹਨ, ਕਿੰਤੂ ਵਾਸਤਵ ਵਿਚ ਕਿਸੇ ਨਾ ਕਿਸੇ ਤਰੀਕੇ ਸੇ ਮੂਰਤੀ ਦੀ ਸ਼ਰਨ ਲੈਂਦੇ ਹਨ ਕਿਉਂਕਿ ਜਬਾਨੀ ਇਨਕਾਰੀ ਹੋਣ ਵਿਚ ਕੋਈ ਹਰਜ ਨਹੀਂ, ਤੇ ਕਿਸੇ ਨਾ ਕਿਸੇ ਤਰੀਕੇ ਸੇ ਮੂਰਤੀ ਦਾ ਆਸਰਾ ਲਏ ਬਿਨਾ ਕਾਰਜ ਸਿਧੀ ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣੀ ਫਰਜ ਹੁੰਦਾ ਹੈ, ਬਾਕੀ ਉਪ੍ਰੋਕਤ ਮਤਾਂ ਨਾਲ ਸਾਡਾ ਕੋਈ ਵਿਰੋਧ ਨਹੀਂ, ਉਨ੍ਹਾਂ ਦੇ ਖਿਆਲ ਉਨ੍ਹਾਂ ਨੂੰ ਮੁਬਾਰਕ ਹੋਣ, ਪ੍ਰੰਤੂ ਸਚਾਈ ਨੂੰ ਕੁਚਲਣਾ ਵੀ ਇਕ ਜੁਰਮ ਹੈ, ਤਾਂਤੇ, ਮੁਸਲਮਾਨ ਲੋਗ ਪ੍ਰਤੱਖ ਵੇਖਣੇ ਵਿਚ, ਕਬਰਾਂ ਤੇ ਦੀਵੇ ਜਗਾਉਂਦੇ, ਫੁਲ ਅਤੇ ਬਸਤ੍ਰ ਵੀ ਚੜ੍ਹਾਉਂਦੇ ਹਨ, ਕਬਰਾਂ ਕੋਲ ਖੜ੍ਹੇ ਹੋਕੇ ਦੁਆ ਮੰਗਦੇ ਜਾਂ ਕੁਝ ਪੜ੍ਹਦੇ ਵੀ ਹਨ, ਇਥੇ ਵਿਚਾਰ ਕਰਨਾ ਹੋਵੇਗਾ ਕਿ ਉਹ ਕਬਰਾਂ (ਗੁਸਤਾਨ) ਕੀ ਚੇਤਨ ਹਨ, ਜੇ ਜੜ੍ਹ ਹਨ ਤਾਂ ਉਨ੍ਹਾਂ ਦੀ ਸਤਿਕਾਰ ਰੂਪ ਪੂਜਾ ਮੂਰਤੀ ਪੂਜਾ ਹੀ ਹੈ, ਕਿਉਂਕਿ ਮੂਰਤੀ ਵੀ ਕਿਸੇ ਮਿਟੀ, ਪਥਰ ਦਾ ਬਣਿਆ ਹੋਇਆ ਅਕਾਰ ਹੀ ਹੈ, ਅਤੇ ਕਬਰ ਵੀ ਮਿਟੀ, ਚੂੰਨੇ ਦਾ ਬਣਿਆ ਹੋਇਆ ਇਕ ਅਕਾਰ ਹੈ, ਤਾਂ ਉਹ ਕਬਰ, ਮੂਰਤੀ, ਹੀ ਹੈ, ਜੇਕਰ ਇਥੇ ਇਹ ਕਹੀਏ ਕਿ ਉਸ ਕਬਰ ਵਿਚ ਸਰੀਰ ਦਬਿਆ ਹੋਯਾ ਹੁੰਦਾ ਹੈ ਤਾਂ ਉਹ ਸਰੀਰ ਮਰ ਚੁਕਾ ਹੋਇਆ ਹੁੰਦਾ ਹੈ, ਉਸ ਵਿਚ ਚੇਤਨਤਾ ਨਹੀਂ ਰਹੀਂ ਤਦੇ ਹੀ ਉਸਨੂੰ ਦੱਬਿਆ ਹੈ, ਨਹੀਂ ਤਾਂ ਜੀਉਂਦੇ ਨੂੰ ਕੌਣ ਦਬ ਸਕਦਾ ਹੈ, ਤਾਂਤੇ ਉਹ ਸਰੀਰ ਵੀ ਮਿਟੀ, ਪਥਰ ਵਤ ਜੜ੍ਹ ਹੀ ਹੈ, ਚੇਤਨ ਨਹੀਂ, ਇਸ ਲਈ ਉਹ ਦਬਿਆ ਹੋਇਆ ਸਰੀਰ ਵੀ ਮੂਰਤੀ ਵਤ ਹੀ ਹੈ।

ਬਾਕੀ ਮੁਸਲਮਾਨ ਲੋਗ ਮੱਕੇ ਦੇ ਹੱਜ ਨੂੰ ਖੁਦਾ ਦੀ ਇਬਾਦਤ ਸਮਝਦੇ ਹਨ, ਪ੍ਰੰਤੂ ਮੱਕੇ, ਕਾਬੇ ਵਿਚ ਵੀ ਇਕ ਪਥਰ ਮੂਰਤੀ ਹੀ ਬ੍ਰਾਜ ਮਾਨ ਹੋਈ ਹੋਈ, ਸ੍ਰੀ ਗੁਰ ਨਾਨਕ ਪ੍ਰਕਾਸ਼, ਦੇ ਮੱਕੇ ਦੇ ਪ੍ਰਸੰਗ ਵਿਚੋਂ ਲਿਖੀ ਹੋਈ ਸਿਧ ਹੁੰਦੀ ਹੈ, ਯਥਾ: ਅੰਤਰ ਜਾਇਕੈ ਦੇਖਤ ਕਜਾ ਇਕ ਪਾਹਨ ਮੂਰਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਰ ਧਰੀ (ਸ੍ਰੀ ਗੁਰ ਨਾਨਕ ਪ੍ਰਕਾਸ਼, ਧਿਆ ੫੮) ਅਤੇ ਭਾਈ ਸੇਵਾ ਸਿੰਘ ਜੀ ਦੇ ਲਿਖੇ, ਮੁਹੰਮਦ ਸਹਿਬ ਜੀ ਦੇ ਜੀਵਨ, ਦੇ ਸਫਾ ੧੫ ਤੇ ਲਿਖਿਆ ਹੈ ਕਿ ਕੱਲ ਸਵੇਰੇ ਜੇੜ੍ਹਾ ਆਦਮੀ ਸਭ ਤੋਂ ਪਹਿਲਾਂ ਕਾਬੇ ਵਿਚ ਆਵੇ ਓਹਦੇ ਹਥੋਂ ਇਹ ਪਥਰ ਰਖਵਾਜਾ ਜਾਵੇ, ਦੂਜੇ ਦਿਨ ਸਭ ਤੋਂ ਪਹਿਲਾਂ ਮੁਹੰਮਦ ਸਾਹਿਬ ਪੁਜੇ ਆਪਨੇ ਇਕ ਚਿੱਟੀ ਚਾਦਰ ਵਿਛਾ ਕੇ ਸੰਗੇ ਅਸਵਦ ਨੂੰ ਉਹਦੇ ਉਤੇ ਰਖ ਦਿਤਾ...ਆਦਕ ਇਸ ਲੇਖ ਵਿਚੋਂ ਵੀ ਇਹੀ ਸਾਬਤ ਹੁੰਦਾ ਹੈ ਕਿ ਮੱਕੇ ਵਿਚ ਸੰਗੇ ਅਸਵਦ (ਕਾਲਾ ਪਥਰ) ਹੀ ਰਖਵਾਜਾ ਗਿਆ ਸੀ, ਜਿਸ ਦਾ ਹੱਜ ਹੁੰਦਾ ਹੈ, ਉਹ ਸੰਗੇ ਅਸਵਦ (ਪਥਰ ਮੂਰਤੀ) ਹੀ ਸਭ ਮੁਸਲਮਾਨਾਂ ਦਾ ਪੂਜਜ ਧੇਜ ਹੈ, ਔਰ ਜੇੜ੍ਹੇ ਸੱਚੇ ਸੁਚੇ ਮੁਸਲਮਾਨ ਹਨ ਉਨ੍ਹਾਂ ਦਾ ਕਦੀਂ ਭੁਲਕੇ ਕੁਰਾਂਨ ਸ਼ਰੀਫ ਨੂੰ ਪੈਰ ਲਗ ਜਾਵੇ ਤਾਂ ਉਹ ਬਾਰ ਬਾਰ ਤੋਬਾ ਕਰਦੇ ਹਨ ਅਤੇ ਕੁਛ ਖਰੈਤ ਵੀ ਕਢਦੇ ਹਨ ਪਰ ਜੇ ਕਦੀ ਡੂੰਘੀ ਖੋਜ ਕਰੀਏ ਤਾਂ ਉਸ ਕੁਰਾਂਨ ਸਰੀਫ ਵਿਚ,ਇਕ ਕਾਗਜ ਹਨ ਜੋ ਅਚੇਤਨ ਹਨ ਦੂਜੇ ਸਿਆਹੀ ਦੇ ਅਖਰ ਹਨ ਉਨ੍ਹਾਂ ਦਾ ਵੀ ਕਾਲਾ ਰੰਗ ਹੈ, ਔਰ ਅਚੇਤਨ ਹਨ ਬਾਕੀ ਰਹੈ ਖ਼ੁਦਾ ਦੇ ਬਚਨ,ਉਹ ਕਿਸੇ ਕਾਗ਼ਜ ਜਾਂ ਸਿਆਹੀ ਦੇ ਅਖਰਾਂ ਵਿਚ ਪਕੜੇ ਨਹੀਂ ਰਹਿ ਸਕਦੇ ਇਹ ਵੀ ਪਿਛੇ ਦਸ ਆਏ ਹਾਂ ਕਿ ਬਚਨ—ਕਲਾਂਮ ਇਕ ਸ਼ਬਦ ਹੈ ਉਹ ਚਾਹੇ ਖ਼ੁਦਾ ਦਾ ਵੀ ਹੋਵੇ ਉਹ ਚੇਤਨ ਨਹੀਂ ਸਿਧ ਹੋ ਸਕਦਾ, ਫਿਰ ਕੁਰਾਂਨ ਸ਼ਰੀਫ ਦਾ ਇਤਨਾ ਸਤਿਕਾਰ ਤੇ ਇਜ਼ਤ ਕਰਨੀ ਇਹ ਦਾਰਸ਼ਨਕ ਦ੍ਰਿਸ਼ਟੀ (ਫਿਲਾਸਫੀ) ਸੇ ਸਾਫ ਮੂਰਤੀ ਪੂਜਾ ਹੈ, ਕਿਉਂਕਿ ਮੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਜਕਾਂ ਉਤੇ ਵੀ ਇਹੀ ਦੋਸ਼ ਲਾਇਆ ਜਾਂਦਾ ਹੈ ਕਿ, ਮੂਰਤੀ ਜੜ੍ਹ ਹੈ, ਔਰ ਕਿਸੇ ਅਕਾਰ ਵਾਲੀ ਹੈ (ਬਿਨਾ ਸ਼ਕਲ ਨਹੀਂ) ਤਾਂਤੇ ਉਪ੍ਰੋਕਤ ਕਬਰਾਂ ਤੇ ਫੁਲ, ਬਸਤ੍ਰ, ਚੜ੍ਹਾਉਂਣੇ, ਦੀਵੇ ਜਗਾਉਂਣੇ, ਮੱਕੇ ਦਾ ਹੱਜ (ਸੰਗੇ ਅਸਵਦ ਵਲ ਹੀ ਸਿਰ ਝੁਕਾਉਂਣਾ) ਅਤੇ ਕੁਰਾਂਨ ਸ਼ਰੀਫ ਦੀ ਇਤਨੀ ਇਜਤ (ਪੂਜਾ) ਕਰਨੀ ਕਿ ਕਿਸੇ ਹਿੰਦੂ ਕੋਲੋਂ ਭੁਲਕੇ ਕੁਰਾਂਨ ਸ਼ਰੀਫ ਦੇ ਇਕ ਪਤ੍ਰੇ ਦੀ ਕੋਈ ਬਿਅਦਬੀ ਹੋ ਜਾਵੇ ਤਾਂ ਉਸਨੂੰ ਕਤਲ ਕਰਨ ਤਕ ਜਾਣਾ ਇਹੋ ਜਿਹੇ ਕਾਰਨਾਮੇਂ ਪਾਕਸਿਤਾਨ ਵਿਚ ਕਈ ਹੁੰਦੇ ਸਨ, ਫਿਰ ਵੀ ਕਹਿਣਾਂ ਕਿ ਮੁਸਲਮਾਨ ਲੋਗ ਮੂਰਤੀ ਪੂਜਕ ਨਹੀਂ ਹਨ, ਇਹ ਸਮਝਦਾਰ ਲੋਕਾਂ ਵਿਚ ਕਿੰਨੀ ਕੁ, ਵਜਨਦਾਰ ਗਲ ਮੰਨੀ ਜਾਵੇਗੀ, ਕਿਉਂਕਿ, ਕਬਰਾਂ, ਸੰਗੇ ਅਸਵਦ (ਕਾਲਾ ਪਥਰ) ਔਰ ਕੁਰਾਨ ਸ਼ਰੀਫ ਇਹ ਸਭ ਚੀਜ਼ਾਂ ਚੇਤਨ ਨਹੀਂ ਹਨ ਤੇ ਬੇਸ਼ਕਲ ਵੀ ਨਹੀਂ ਹਨ, ਤਾਂਤੇ ਮੂਰਤੀ ਹੀ ਹਨ ਤਥਾ ਇਕ ਵੇਰ ਮੁਸਲਮਾਨ ਨਾਈ ਦੀ ਦੁਕਾਨ ਤੇ ਮੈਨੂੰ ਜਾਣ ਦਾ ਮੌਕਾ ਮਿਲਿਆ ਤੇ ਉਸ ਦੁਕਾਨ ਤੇ ਕਾਬੇ ਸ਼ਰੀਫ ਦਾ ਫੋਟੋ ਲਟਕ ਰਿਹਾ ਸੀ ਤੇ ਮੇਰੇ ਪੁਛਣੇ ਪਰ ਉਸ ਨੇ ਉਤਰ ਦਿਤਾ ਕਿ ਇਸ ਫੋਟੋ ਨੂੰ ਦੇਖਣੇ ਸੇ ਅਸਲ ਕਾਬੇ ਸ਼ਰੀਫ ਦੀ ਦਿਲ ਵਿਚ ਯਾਦ ਆ ਜਾਂਦੀ ਹੈ। ਇਸ ਲਈ ਸਾਹਮਣੇ ਦੀਵਾਰ ਤੇ ਲਟਕਾਇਆ ਹੋਇਆ ਹੈ, ਤੇ ਆਖਰ ਇਹ ਗਲ ਕਹਿਣੀ ਪਈ ਕਿ ਮੂਰਤੀ ਪੂਜਕਾਂ ਦਾ ਵੀ ਇਹੀ ਨਿਸਚਾ ਹੈ ਕਿ ਮੂਰਤੀ ਦੇ ਦਰਸ਼ਨ ਸੇ ਮੂਰਤੀ ਵਾਲੇ ਅਸਲ ਦੇਵਤਾ ਦੀ ਯਾਦ (ਧਿਆਨ) ਤੋਂ ਮੂਰਤੀ ਪੂਜਾ ਸੇ ਅਸਲ ਮੂਰਤੀ ਵਾਲੇ ਦੀ ਪੂਜਾ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਕੀ ਆਰਯਾ ਸਮਾਜ ਦੇ ਸਤਿਆਰਥ ਪ੍ਰਕਾਸ਼, ਸੰਮਤ ਬਿ: ੧੯੭੮ ਵਿਚ ਪੰਦ੍ਰਵੀਂ ਵਾਰ ੫੦੦੦ ਛਪੇ ਦੇ ਸਮੁਲਾਸ ੭ ਸਫਾ ੧੯੬ ਤੇ ਲਿਖਿਆ ਹੈ ਕਿ, ਜਬ ਉਪਾਸ਼ਨਾਂ ਕਰਨਾ ਚਾਹੈ ਤਬ ਇਕਾਂਤ ਸ਼ੁਧ ਦੇਸ਼ ਮੇਂ ਜਾਕਰ ਆਸਨ ਲਗਾ ਪ੍ਰਾਣਾਂਯਾਮ ਕਰ ਬਾਹਯ ਵਿਸ਼ਯੋਂ ਸੇ ਇੰਦ੍ਰਯੋਂ ਕੋ ਰੋਕ ਮਨ ਕੋ ਨਾਭੀ ਪ੍ਰਦੇਸ਼ ਮੇਂ ਵਾ ਹਿਰਦਯ, ਕੰਠ, ਨੇਤ੍ਰ ਸ਼ਿਖਾ ਅਥਵਾ ਪੀਠ ਕੇ ਮਧਯ ਹਾਡ ਮੇਂ ਕਿਸੀ ਸਥਾਨ ਪਰ ਇਸਥਿਰ ਕਰ ਆਪਣੇ ਆਤਮਾ ਔਰ ਪ੍ਰਮਾਤਮਾ ਕਾ ਵਵੇਚਨ ਕਰਕੇ ਪ੍ਰਮਾਤਮਾਂ ਮੇਂ ਮਗਨ ਹੋ ਜਾਨੇ ਸੇ ਸੰਯਮੀ ਹੋਵੇ।

ਇਸ ਲਿਖਤ ਵਿਚ ਜੇਹੜੇ ਉਪਾਸ਼ਨਾ = ਭਗਤੀ ਕਰਨ ਵੇਲੇ ਮਨ ਨੂੰ ਟਿਕਾਉਣ ਵਾਸਤੇ ਅਸਥਾਨ ਦਸੇ ਹਨ, ਉਹ ਸਾਰੇ ਹੀ ਅਕਾਰ ਵਾਲੇ ਮੂਰਤੀ ਮਾਨ ਹਨ, ਕੋਈ ਵੀ ਨਿਰਾਕਾਰ ਨਹੀਂ ਕਿਉਂਕਿ ਨਾਭੀ (ਧੁੰਨੀ) ਹਿਰਦਯ (ਛਾਤੀ ਦੇਸ) ਕੰਠ (ਗਲਾ) ਨੇਤ੍ਰ, ਸ਼ਿਖਾ (ਬੋਦੀ) ਪੀਠ ਦੀ ਹੱਡੀ ਇਹ ਸਾਰੀਆਂ ਅਕਾਰ ਵਾਲੀਆਂ, ਪ੍ਰਛਿੰਨ (ਘੇਰੇ ਦੇ ਅੰਦਰ) ਚੀਜਾਂ ਹਨ, ਵਿਆਪਕ ਪ੍ਰਮਾਤਮਾਂ ਸਰੂਪ ਨਹੀਂ ਹਨ, ਤਾਂਤੇ ਇਨਾਂ ਵਿਚ ਮਨ ਨੂੰ ਟਿਕਾਉਣਾ ਈਸਵਰੀ ਧਿਆਨ ਨਹੀਂ ਮੰਨਿਆ ਜਾ ਸਕਦਾ। ਆਰਯਾ ਸਮਾਜ ਦੇ ਮਤ ਵਿਚ ਪ੍ਰਮਾਤਮਾਂ ਜਦ ਨਿਰਾਕਾਰ ਔਰ ਵਿਆਪਕ ਹੈ ਤਾਂ ਫਿਰ ਉਪਾਸ਼ਨਾਂ ਦੇ ਵਕਤ ਉਸਦਾ ਧਿਆਨ ਛੱਡਕੇ ਕਿਸੇ ਹੋਰ ਸਥਾਨਾਂ ਤੇ ਮਨ ਨੂੰ ਇਸਥਿਰ ਕਰਨਾ (ਟਿਕਾਉਣਾ) ਮੂਰਤੀ ਦੇ ਧਿਆਨ ਪੂਜਾ ਨਾਲੋਂ ਕੁਝ ਘਟ ਨਹੀਂ ਕਿਹਾ ਜਾ ਸਕਦਾ। [illegible] ਮੂਰਤੀ ਪੂਜਕ ਲੋਕ [illegible] ਕਿਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਥਰ ਆਦਿ ਦੀ ਮੂਰਤੀ ਦੇ ਧਿਆਨ ਪੂਜਾ ਦੇ ਜ਼ਰੀਏ ਉਸ ਮੂਰਤੀ ਵਾਲੇ ਦੇਵਤਾ, ਅਵਤਾਰ, ਈਸ਼ਵਰ ਦਾ ਹੀ ਧਿਆਨ ਪੂਜਾ ਕਰਦੇ ਹਨ ਤੇ ਉਤੇ ਲਿਖੇ ਅਨੁਸਾਰ ਆਰਜਾ ਸਮਾਜੀ ਸੱਜਣ ਵੀ ਧੁੰਨੀ, ਨੇਤ੍ਰ, ਬੋਦੀ, ਪੀਠ ਦੀ ਹਡੀ ਆਦਕਾਂ ਦੇ ਧਿਆਨ ਦੁਆਰਾ ਹੀ ਆਤਮਾ ਪ੍ਰਮਾਤਮਾ ਦਾ ਵਵੇਚਨ ਕਰਦੇ ਹਨ, ਤਾਂ ਮੂਰਤੀ ਦੇ ਧਿਆਨ, ਪੂਜਾ ਤੋਂ ਆਰਜਾ ਸਮਾਜ ਕਿਵੇਂ ਬਚ ਗਿਆ ।

੧੨. **ਪ੍ਰਸ਼ਨ**—ਸਤਿਆਰਥ ਪ੍ਰਕਾਸ਼, ਦੇ ਸਮੁਲਾਸ ੧੧ ਸਫਾ ੩੩੩ ਤੇ ਮਹ ਰਿਸ਼ੀ ਦਯਾ ਨੰਦ ਜੀ ਨੇ ਲਿਖਿਆ ਹੈ ਕਿ, ਮਾਤਾ, ਪਿਤਾ, ਆਚਾਰਯ, ਅਤਿਥੀ, ਇਸਤ੍ਰੀ ਕੇ ਲੀਏ ਪਤੀ ਔਰ ਪੁਰਸ਼ ਕੇ ਲੀਏ ਪਤਨੀ ਪੂਜਨੀਯ ਹੈ...ਯੇਹੀ ਪ੍ਰਮੇਸ਼ਰ ਕੋ ਪ੍ਰਾਪਤੀ ਹੋਨੇ ਕੀ ਸੀੜੀਆਂ ਹੈਂ ਇਨ ਕੀ ਸੇਵਾ ਨਾ ਕਰਕੇ ਜੋ ਪਾਖਾਨ ਆਦੀ ਮੂਰਤੀ ਪੂਜਤੇ ਹੈਂ, ਵੋਹ ਅਤੀਵ ਪਾਮਰ ਨਰਕ ਗਾਂਮੀ ਹੈਂ ।

ਉਤਰ—ਮਹ ਰਿਸ਼ੀ ਦਯਾ ਨੰਦ ਜੀ ਨੇ ਵਧਦੇ ਹੋਇ ਈਸਾਈ ਮਤ ਦੇ ਪ੍ਰਚਾਰ ਨੂੰ ਆਪਣੀ ਵਿਦਿਆ ਤੇ ਸਚਾਈ ਬਲ ਨਾਲ ਰੋਕਿਆ ਸੀ ਇਹ ਹਿੰਦੂ ਮਤ ਉਤੇ ਉਹਨਾਂ ਦਾ ਉਪਕਾਰ ਹੈ, ਇਸ ਲਈ ਅਸੀਂ ਵੀ ਉਨ੍ਹਾਂ ਨੂੰ ਬੜੇ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਦੇ ਹਾਂ, ਬਾਕੀ ਇਥੇ ਵੀ ਜੇੜ੍ਹੇ, ਮਾਤਾ, ਪਿਤਾ, ਆਚਾਰਜ ਆਦਕ ਦੀ ਸੇਵਾ ਨਹੀਂ ਕਰਦੇ ਅਤੇ ਜਾਂ ਜੇੜ੍ਹੇ ਅਸਲ ਮੂਰਤੀ ਪੂਜਾ ਦੇ ਭਾਵ ਨੂੰ (ਕਿਸੇ ਸੁਆਰਥ ਹਿਤ) ਛਡਕੇ ਢੌਂਗ ਮਾਤ੍ਰ ਹੀ ਮੂਰਤੀ ਪੂਜਾ ਕਰ ਰਹੇ ਹਨ, ਉਨ੍ਹਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ੇਧ ਕੀਤਾ ਹੈ, ਇਸ ਗਲ ਦੇ ਅਸੀਂ ਵੀ ਹਾਂਮੀ ਹਾਂ ਕਿ ਮਾਤਾ, ਪਿਤਾ, ਆਚਾਰਜ ਆਦਕਾਂ ਦੀ ਸੇਵਾ ਜਰੂਰ ਕਰਨੀ ਚਾਹੀਏ ਔਰ ਕਿਸੇ ਸੁਆਰਥ ਹਿਤ ਕੀਤੀ ਗਈ ਦੰਭ ਰੂਪ ਮੂਰਤੀ ਪੂਜਾ ਜਾਂ ਕੋਈ ਹੋਰ ਕਰਮ, ਪੂਜਾਂ, ਭਗਤੀ ਕੀਤੀ ਜਾਵੇ ਤਾਂ ਨਰਕ ਗਾਂਮੀ ਹੋਣਾ ਪਵੇਗਾ, ਤਾਂਤੇ ਇਹ ਅਸਲ ਮੂਰਤੀ ਪੂਜਾ ਦੀ ਵਿਰੋਧਤਾ ਨਹੀਂ ਜੇਕਰ ਸ੍ਰੀ ਸੁਵਾਮੀ ਮਹ ਰਿਸ਼ੀ ਦਜਾ ਨੰਦ ਜੀ ਵਿਰੋਧੀ ਹੁੰਦੇ ਤਾਂ ਆਪਣੇ ਕੀਤੇ, ਯਜੁਰ ਵੇਦ ਕੇ ਭਾਸ਼ਜ, ਧਿਆ ੧੨ ਮੰਤ੍ਰ ੭੦ ਘ੍ਰਿਤੇਨ ਸੀਤਾ ਮਧੁਨਾ ਸਮਜਜਤਾਮ, ਦੇ ਅਰਥ ਵਿਚ ਇਹ ਕਦੀਂ ਨਾ ਲਿਖਦੇ ਕਿ, ਸਬ ਅਨਾਦੀ ਪਦਾਰਥੋਂ ਕੀ ਇਛਾ ਕਰਨੇ ਵਾਲੇ ਵਿਦਵਾਨ ਮਨੁਸ਼ਯੋਂ ਕੀ ਆਗਿਆ ਸੇ ਪ੍ਰਾਪਤ ਹੂਆ ਜਲ ਵਾ ਦੁਗਧ ਸੇ ਪ੍ਰਾਕਰਮ ਸਬੰਧੀ ਸੀਂਚਾ ਵਾ ਸੇਵਨ ਕੀਆ ਹੂਆ ਪਟੇਲਾ ਘੀ ਤਥਾ ਸ਼ੈਹਿਤ ਵਾ ਸ਼ਕਰ ਆਦਿ ਸੇ ਸੰਯੁਕਤ ਕਰੋ (ਸੀਤੇ) ਪਟੇਲਾ ਹਮ ਲੋਗੋ ਕੋ ਘੀ ਆਦਿ ਪਦਾਰਥੋਂ ਸੇ ਸੰਯੁਕਤ ਕਰੇਗਾ, ਇਸ ਹੇਤੂ ਸੇ ਜਲ ਸੇ ਬਾਰ ਬਾਰ ਵਰਤਾਉਂ ੭੦ ਕਿਉਂਕਿ ਪਟੇਲਾ ਇਕ ਲਕੜੀ ਹੀ ਹੁੰਦੀ ਹੈ, ਜਿਮੀਦਾਰ ਲੋਗ ਖੇਤ ਵਿਚ ਮਿਟੀ ਦੇ ਰੋੜੇ ਭੰਨਣ ਵਾਸਤੇ ਬੈਲਾਂ ਦੇ ਪਿਛੇ ਬੰਨ੍ਹ ਕੇ ਫੇਰਿਆ ਕਰਦੇ ਹਨ, ਪੰਜਾਬ ਵਿਚ ਇਸ ਲਕੜੀ ਨੂੰ ਸੁਹਾਗਾ ਕਿਹਾ ਜਾਂਦਾ ਹੈ, ਇਹ ਪਟੇਲਾ (ਲਕੜੀ) ਪਥਰ ਦੀ ਮੂਰਤੀ ਨਾਲੋਂ ਕੁਝ ਘਟ ਜੜ੍ਹ ਨਹੀਂ, ਜਿਸ ਨੂੰ ਘੀ ਤਥਾ: ਸ਼ੈਹਿਤ ਵਾ ਸ਼ਕਰ ਆਦਿ ਸੇ ਸੰਯੁਕਤ ਕਰੋ, ਲਿਖਿਆ ਹੈ, ਭਾਵ ਘੀਂ ਸ਼ਕਰ ਆਦਿਕ ਪਦਾਰਥ ਇਸ ਪਟੇਲੇ ਪਰ ਚੜਾਵੋ, ਜਿਸ ਸੇ ਫਿਰ ਅਸਾਂ ਲੋਗਾਂ ਨੂੰ ਇਹ ਪਟੇਲਾ ਘੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਕਰ ਆਦਕ ਪਦਾਰਥਾਂ ਵਾਲਾ ਕਰੇਗਾ, ਜੇਕਰ ਪਥਰ ਮੂਰਤੀ ਪਰ ਕੁਛ ਫਲ ਫੁਲ ਚੜ੍ਹਾਉਂਣੇ ਸੇਂ ਭਾਵ ਪੂਜਾ ਕਰਨੇ ਸੇ ਨਰਕ ਗਾਂਮੀ ਹੋ ਜਾਈਦਾ ਹੈ ਤਾਂ ਇਥੇ ਵੀ ਪਟੋਲੇ ਦੀ ਪੂਜਾ ਕਰਨੀ ਸਪਸ਼ਟ ਮੂਰਤੀ ਪੂਜਾ ਵਤ ਹੀ ਸਿਧ ਹੋ ਰਹੀ ਹੈ, ਤਾਂ ਫਿਰ ਇਸ ਕਰਮ ਦੁਆਰਾ ਵੀ ਨਰਕਾਂ ਨੂੰ ਜਾਣਾ ਸਿਧ ਹੋ ਸਕੇਗਾ, ਬਾਕੀ ਪਟੋਲਾ ਵੀ ਮੂਰਤੀ ਵਤ ਹੀ ਜੜ੍ਹ ਹੈ ਤਾਂ ਅਸਾਂ ਨੂੰ ਘੀਂ ਸ਼ਕਰ, ਆਦਕ ਪਦਾਰਥ ਕਿਵੇਂ ਦੇ ਸਕੇਗਾ, ਜੇਕਰ ਵਿਸ਼ਵਾਸ਼ ਦੇ ਅਧੀਨ ਇਸ ਪਟੋਲੇ ਦੁਆਰਾ, ਸ਼ਕਰ, ਘੀਂ ਆਦਕ ਫਲ ਮਿਲੇਗਾ ਤਾਂ ਮੂਰਤੀ ਦੀ ਪੂਜਾ ਦੁਆਰਾ ਵੀ ਵਿਸ਼ਵਾਸ਼ ਦੇ ਅਧੀਨ ਫਲ ਮਿਲ਼ ਸਕੇਗਾ।

ਤਥਾ: ਸੰਸਕਾਰ ਵਿਧੀ, ਅਜਮੇਰ ਵੈਦਿਕ ਯੰਤ੍ਰਾਲਯ ਸੰਮਤ ੧੯੮੪ ਬਿ: ਵਿਚ ਸੋਲਵੀਂ ਵਾਰ ਛਪੀ ਦੇ ਸਫਾ ੭੮ ਚੂੜਾ ਕਰਮ ਪ੍ਰਕਰਣ ਵਿਚ ਸ੍ਰੀ ਸੁਆਮੀ ਮਹ ਰਿਸ਼ੀ ਦਜਾ ਨੰਦ ਜੀ ਲਿਖ ਰਹੇ ਹਨ ਕਿ, ਬਾਲਕ ਕੇ ਸਿਰ ਕੇ ਬਾਲੋਂ ਮੇਂ ਤੀਨ ਬਾਰ ਹਾਥ ਫੇਰ ਕੇ ਕੇਸੋਂ ਕੋ ਭਿਗੋਵੇ ਤਤ ਪਸਚਾਤ ਕੰਘਾ ਲੈਕੇ ਕੇਸੋ ਕੋ ਸੁਧਾਰ ਕੇ ਇਕਠਾ ਕਰੇ ਤਤ ਪਸਚਾਤ, ਓਂਮ ਔਸ਼ਧੇ ਤ੍ਰਾਯਸਵ ਏਨ ਮੈਨ ਹਿੰਸੀ, ਇਸ ਮੰਤ੍ਰ ਕੋ ਬੋਲ ਕੇ ਤੀਨ ਦਰਭ ਲੈਕੇ ਦਾਹਿਨੀ ਬਾਜੂ ਕੇ ਕੇਸੋਂ ਕੇ ਸਮੂਹ ਕੋ ਹਾਥ ਸੇ ਦਬਾ ਕੇ, ਓਂਮ ਵਿਸ਼ਣੋਰ ਦੰਸ਼ ਟਰੋਸੀ, ਇਸ ਮੰਤ੍ਰ ਸੇ ਛੁਰੇ (ਉਸਤ੍ਰੇ) ਕੀ ਓਰ ਦੇਖ ਕੇ, ਓਂਮ ਸ਼ਿਵੋ ਨਾਮਾਸਿ ਸ੍ਵਧਿਤਿਸਤੇ ਪਿਤਾ ਨਮਸਤੇ ਅਸਤੂ ਮਾਮਾ ਹਿੰਸੀ, ਇਸ ਮੰਤ੍ਰ ਕੋ ਬੋਲਕੇ ਛੁਰੇ ਕੋ ਦਾਹਿਨੇ ਹਾਥ ਮੇਂ ਲੇਵੇ ਤਤ ਪਸਚਾਤ, ਓਂਮ ਸ੍ਵਧਿਤੇਮੈਨ ਹਿੰਸੀ.....ਇਸ ਉਪ੍ਰੋਕਤ ਸੰਸਕਾਰ ਵਿਧੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਲਿਖੇ ਹੋਇ ਮੰਤ੍ਰਾਂ ਦੇ ਅਰਥ, ਸੰਸਕਾਰ ਪ੍ਰਕਾਸ਼, ਅਰਥਾਤ ਸੰਸਕਾਰ ਵਿਧੀ, ਭਾਸ਼ਾ ਟੀਕਾ ਸਹਿਤ, ਸੰਪਾਦਕ ਰਾਮ ਗੋਪਾਲ ਵਿਦਿਆ ਅਲੰਕਾਰ ਗੁਰੂ ਕੂਲ ਕਾਂਗੜੀ, ਪ੍ਰਕਾਸ਼ਕ ਗੋਵਿੰਦ ਰਾਮ ਹਾਸਾ ਨੰਦ, ਵੈਦਿਕ ਪ੍ਰੈਸ, ੮੧੧ ਰਾਮ ਕੁਮਾਰ ਰਖ਼ਿਤ ਲੇਨ, ਕਲਕਤਾ, ਪ੍ਰਥਮ ਵਾਰ ੨੦੦੦ ਬਿਕ੍ਰਮਾਬਦ ੧੯੯੪ ਦੇ ਛਪੇ ਹੋਇ ਦੇ ਸਫਾ ੭੩ ਪਰ ਲਿਖੇ ਹੋਇ ਹਨ ਯਥਾ: ਓਂਮ ਔਸ਼ਧੇ ਤ੍ਰਾਜਸਵ ਏਨ ਮੈਨ ਹਿੰਸੀ, ਇਸ ਦਾ ਅਰਥ ਉਪ੍ਰੋਕਤ ਸਫਾ ੭੩ ਪਰ ਹੇਠਾਂ ਟਿਪਣੀ ਵਿਚ ਲਿਖਿਆ ਹੈ ਕਿ, ਹੇ ਕੁਸ਼ਾਓ ਤੁਮ ਇਸ ਬਾਲਕ ਕੀ ਰਖਿਆ ਕਰੋ ਇਸ ਕੋ ਹਾਨੀ ਮਤ ਪਹੁੰਚਾਓ ਔਰ ਓਂਮ ਵਿਸ਼ਣੋਰ ਦੰਸ਼ਟ ਰੋਸਿ, ਇਸ ਦਾ ਅੱਰਥ ਵੀ ਓਥੇ ਹੀ ਹੇਠਾਂ ਟਿਪਣੀ ਵਿਚ ਲਿਖਿਆ ਹੈ ਕਿ, ਹੇ ਉਸਤਰੇ ਤੂੰ ਵਿਸ਼ਣੂ (ਪ੍ਰਮਾਤਮਾਂ) ਕੀ ਦਾੜ੍ਹ ਹੈਂ, ਅਰਥਾਤ ਖੂਬ ਤੇਜ ਹੈਂ, ਬਾਕੀ: ਓਂਮ ਸ਼ਿਵੋ ਨਾਮਾਸੀ ਸ੍ਵਧਿਸਤੇ ਪਿਤਾ ਨਮਸਤੇ ਅਸਤੂ ਮਾਮਾ ਹਿੰਸੀ: ਇਸਦਾ ਅਰਥ ਵੀ ਉਸੇ ਸਫਾ ੭੩ ਪਰ ਹੀ ਲਿਖਾ ਹੈ ਕਿ ਹੇ ਉਸਤਰੇ ਤੂੰ ਕਲਿਆਨ ਕਾਰੀ ਹੈਂ ਔਰ ਹਛੇ ਲੋਹੇ ਕਾ ਬਨਾ ਹੂਆ ਹੈਂ, ਤੁਝੇ ਨਮਸਕਾਰ ਹੋ ਤੂੰ ਇਸ ਬਾਲਕ ਕੋ ਹਾਨੀ ਮਤ ਪਹੁੰਚਾਨਾ, ਅਤੇ ਓਂਮ ਸ੍ਵਧਿਤੇ ਮੈਨ ਹਿੰਸੀ, ਇਸ ਦਾ ਅਰਥ ਵੀ ਉਸੇ ਸਫੇ ੭੩ ਪਰ ਹੀ ਲਿਖਾ ਹੈ ਕਿ, ਹੇ ਲੋਹੇ ਇਸ ਬਾਲਕ ਕੋ ਹਾਨੀ ਮਤ ਪਹੁੰਚਾ, ਤਾਂਤੇ ਆਰਯਾ ਸਮਾਜ ਦੇ ਪ੍ਰਸਿਧ ਵਿਦਵਾਨ ਉਪ੍ਰੋਕਤ ਕੁਸ਼ਾ (ਡਬ) ਅਗੇ ਪ੍ਰਾਰਥਨਾ ਕਰ ਰਹੇ ਹਨ ਕਿ ਇਸ ਬਾਲਕ ਦੀ ਰਖਿਆ ਕਰੋ, ਔਰ ਫਿਰ ਲੋਹੇ ਦੇ ਬਣੇ ਹੋਇ ਉਸਤਰੇ ਅਗੇ ਪ੍ਰਾਰਥਨਾ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਮਸਕਾਰ ਵੀ ਕਰ ਰਹੇ ਹਨ, ਕਿ ਹੇ ਉਸਤਰੇ ਤੂੰ ਕਲਿਆਨ ਕਾਰੀ ਹੈਂ, ਤੈਨੂੰ ਨਮਸਕਾਰ ਹੋਵੇ ਔਰ ਇਸ ਬਾਲਕ ਕੋ ਹਾਨੀ ਮਤ ਪਹੁੰਚਾਨਾ, ਦੁਬਾਰਾ ਫਿਰ ਲੋਹੇ ਅਗੇ ਪ੍ਰਾਰਥਨਾ ਕੀਤੀ ਹੈ ਕਿ, ਹੇ ਲੋਹੇ ਇਸ ਬਾਲਕ ਕੋ ਹਾਨੀ ਮਤ ਪਹੁੰਚਾ, ਇਸ ਲਈ ਆਰਯਾ ਸਮਾਜ ਦੇ ਅਸਲ ਵਿਦਵਾਨ ਮੂਰਤੀ ਪੂਜਾ ਦੇ ਵਿਰੁਧ ਨਹੀਂ ਹਨ ਕਿਉਂਕਿ ਜੇਕਰ ਆਰਯਾ ਸਮਾਜ ਮਤ ਵਿਚ ਮੂਰਤੀ ਪੂਜਾ ਦਾ ਨਿਸ਼ੇਧ ਹੁੰਦਾ ਤਾਂ ਕੁਸ਼ਾ (ਘਾਸ ਵੀ ਮੂਰਤੀ ਵਤ ਹੀ ਜੜ੍ਹ ਹੈ, ਅਤੇ ਲੋਹੇ ਦਾ ਬਣਿਆ ਹੋਇਆ ਉਸਤ੍ਰਾ ਵੀ ਪਥਰ ਮੂਰਤੀ ਵਤ ਹੀ ਜੜ੍ਹ ਹੈ, ਕੁਛ ਵੀ ਘਟ ਨਹੀਂ, ਤਾਂ ਕੁਸ਼ਾ, ਅਤੇ ਲੋਹੇ ਦੇ ਉਸਤਰੇ ਨੂੰ ਨਮਸਕਾਰ ਜਾਂ ਇਨ੍ਹਾਂ ਅਗੇ ਬਾਲਕ ਦੀ ਰਖਿਆ ਕਰਨੇ ਦੀ ਪ੍ਰਾਰਥਨਾ, ਕਦੀਂ ਵੀ ਨਾਂ ਕੀਤੀ ਜਾਂਦੀ, ਪ੍ਰੰਤੂ ਉਪ੍ਰੋਕਤ ਸੰਸਕਾਰ ਵਿਧੀ ਵਿਚ ਮਹ ਰਿਸ਼ੀ ਦਯਾ ਨੰਦ ਜੀ, ਓਂਮ ਸ਼ਿਵੋ ਨਾਮਾਸੀ ਸ੍ਵਧਿਸਤੇ ਪਿਤਾ ਨਮਸਤੇ ਅਸਤੂ ਮਾਮਾ ਹਿੰਸੀ, ਆਦਕ ਸਪਸ਼ਟ ਲਿਖ ਰਹੇ ਹਨ, ਤਾਂਤੇ ਮੂਰਤੀ ਪੂਜਕ ਵੀ ਜੜ੍ਹ ਮੂਰਤੀ ਅਗੇ ਪ੍ਰਾਰਥਨਾ ਅਤੇ ਨਮਸਕਾਰ ਕਰਦੇ ਬਾਹਰੋਂ ਪ੍ਰਤੀਤ ਹੁੰਦੇ ਹਨ, ਅੰਦਰੋਂ ਚਾਹੈ ਉਹ ਪ੍ਰਮਾਤਮਾਂ ਅਗੇ ਹੀ ਪ੍ਰਾਰਥਨਾ ਕਰਦੇ ਹਨ ਔਰ ਆਰਯਾ ਸਮਾਜ ਵਿਚ ਵੀ ਉਪ੍ਰੋਕਤ ਜੜ੍ਹ, ਉਸਤਰੇ ਆਦਕਾਂ ਅਗੇ ਪ੍ਰਾਰਥਨਾ ਤੇ ਨਮਸਕਾਰ ਕੀਤੀ ਜਾਂਦੀ ਹੈ, ਤਾਂ ਮੂਰਤੀ ਪੂਜਾ ਦਾ ਨਿਸ਼ੇਧ ਆਰਯਾ ਸਮਾਜ ਮਤ ਵਿਚ ਕਿਵੇਂ ਮੰਨਿਆ ਜਾ ਸਕਦਾ ਹੈ, ਬਲਕਿ ਉਸਤਰੇ ਨੂੰ ਵਿਸ਼ਨੂੰ ਦੀ ਦਾੜ੍ਹ ਲਿਖਿਆ ਹੈ ਜਿਸ ਸੇ ਪ੍ਰਮਾਤਮਾਂ ਵੀ ਨਿਰਾਕਾਰ ਨਹੀਂ ਕਿਉਂਕਿ ਉਸਤ੍ਰਾ ਸਾਕਾਰ ਹੈ ਨਿਰਾਕਾਰ ਦੀ ਦਾੜ੍ਹ ਨਹੀਂ ਹੋ ਸਕੇਗਾ, ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਕਰ ਮੂਰਤੀ ਪੂਜਾ ਦਾ ਨਿਸ਼ੇਧ ਕਰਨਾ ਹੁੰਦਾ ਤਾਂ ਬਜਾਏ ਉਸਤ੍ਰੇ ਅਗੇ ਪ੍ਰਾਰਥਨਾ ਕਰਨੇ ਦੇ ਉਸਤਰਾ ਚਲਾਨੇ ਵਾਲੇ ਨਾਈ, ਅਗੇ ਹੀ ਪ੍ਰਾਰਥਨਾ ਕੀਤੀ ਜਾਂਦੀ, ਕਿਉਂਕਿ ਉਸਤਰੇ ਨਾਲੋਂ ਨਾਈ ਵਿਚ ਚੇਤਨਤਾ ਪ੍ਰਤੀਤ ਹੁੰਦੀ ਹੈ, ਨਾਈ ਚਾਹੇ ਤੇ ਬਾਲਕ ਦੀ ਕੁਛ ਰਖਿਆ ਕਰ ਵੀ ਸਕਦਾ ਹੈ, ਪ੍ਰੰਤੂ ਉਸਤਰਾ ਰਖਿਆ ਕਿਆ ਕਰ ਸਕੇਗਾ।

ਔਰ ਇਸੇ ਸੰਸਕਾਰ ਵਿਧੀ, ਅਜਮੇਰ ਵੈਦਿਕ ਯੰਤ੍ਰਾਲਯੇ ਸੰਮਤ ੧੯੯੪ ਬਿ: ਵਿਚ ਸੋਲਵੀਂ ਵਾਰ ਛਪੀ ਦੇ ਹੀ ਸਫ਼ਾ ੧੨੭ ਸਮਾਵਰਤਨ ਪ੍ਰਕਰਣ ਵਿਚ ਲਿਖਿਆ ਹੈ ਕਿ, ਓਂਮ ਬ੍ਰਹਸਪਤੇਸ਼ ਛਦਿਰਸਿ ਪਾਪ ਮਨੋ ਮਾਮੰਤਰ ਧੇਹੀ ਤੇਜਸੋ ਯਸ਼ ਸੋ ਮਾ ਮੰਤਰ ਧੇਹੀ, ਇਸ ਮੰਤ੍ਰ ਸੇ ਛਤਰ ਧਾਰਨ ਕਰੇ ਪੁਨਾ: ਓਂਮ ਪ੍ਰਤਿਸ਼ਟੇਸਥੋ ਵਿਸ਼ਵਤੋ ਮਾ ਪਾਤਮ, ਇਸ ਮੰਤ੍ਰ ਸੇ ਪਾਦ ਵੇਸ਼ਟਨ ਪਗ ਰਖਾ ਜਿਸ ਕੋ ਜੋੜਾ (ਜੁਤੀ) ਭੀ ਕਹਿਤੇ ਹੈਂ ਧਾਰਨ ਕਰੇ, ਸੰਸਕਾਰ ਵਿਧੀ, ਵਿਚ ਲਿਖੇ ਹੋਇ, ਇਸ, ਓਂਮ ਬ੍ਰਹਸਪਤੇਸ਼ ਛਦਿਰਸਿ ਪਾਪ ਮਨੋ ਮਾਮੰਤ੍ਰ ਧੇਹਿ, ਆਦਕ ਦਾ ਅਰਥ ਉਪ੍ਰੋਕਤ, ਸੰਸਕਾਰ ਪ੍ਰਕਾਸ਼, ਪ੍ਰਥਮਵਾਰ ੨੦੦੦ ਬਿਕ੍ਰਮਾਬਦ ੧੯੯੪ ਦੇ ਛਪੇ ਦੇ ਸਫਾ ੧੧੨ ਪਰ ਲਿਖਿਆ ਹੈ ਕਿ, ਹੇ ਛਾਤੇ ਤੂੰ ਬ੍ਰਹਸਪਤੀ ਕੀ ਛਤ (ਆਵਰਣ) ਹੈਂ, ਮੁਝੇ ਪਾਪ ਸੇ ਓਟ ਮੇਂ ਰਖ ਪ੍ਰੰਤੂ ਤੇਜ ਔਰ ਯਸ਼ ਸੇ ਮੁਝੇ ਆੜ ਮੇਂ ਮਤ ਰਖੋ, ਬਾਕੀ ਸੰਸਕਾਰ ਵਿਧੀ, ਵਿਚ ਲਿਖੇ ਹੋਇ, ਓਂਮ ਪ੍ਰਤਿਸ਼ਟੇਸਥੋ ਵਿਸ਼ਵਤੋ ਮਾ ਪਾਤਮ, ਦਾ ਅਰਥ ਵੀ ਉਪ੍ਰੋਕਤ ਸੰਸਕਾਰ ਪ੍ਰਕਾਸ਼, ਦੇ ਸਫਾ ੧੧੨ ਪਰ ਹੀ ਲਿਖਿਆ ਹੈ ਕਿ, ਹੇ ਜੁਤਾ ਤੁਮ ਸਰੀਰ ਕੇ ਆਧਾਰ ਹੋ ਸਬ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭੂਤਲ ਪਰ ਮੇਰੇ ਪਾਵੋਂ ਕੀ ਰਖਿਆ ਕਰ, ਤਥਾ: ਸੰਸਕਾਰ ਪ੍ਰਕਾਸ਼: ਦੇ ਸਫਾ ੧੧੨ ਪਰ ਹੀ, ਓਂਮ ਵਿਸ਼ਵਾ ਭਯੋ: ਆਦਕ ਦਾ ਵੀ ਅਰਥ ਲਿਖਿਆ ਹੈ ਕਿ, ਹੇ ਛੜੀ ਯਾ ਦੰਡ ਮੇਰੀ ਸਬ ਦੁਸ਼ਟ ਜੀਵੋਂ ਸੇ ਰਖਿਆ ਕਰੋ, ਤਾਂਤੇ ਆਰਜਾ ਸਮਾਜ ਮਤ ਵਿਚ ਜਦ ਬ੍ਰਹਮ ਚਾਰੀ ਵਲੋਂ ਛਾਤੇ ਅਗੇ ਪਾਪ ਸੇ ਓਟ ਮੈਂ ਰਖ ਆਦਕ ਪ੍ਰਾਰਥਨਾ ਕੀਤੀ ਜਾਂਦੀ ਹੈ, ਅਤੇ ਜੂਤੇ ਅਗੇ ਵੀ ਪ੍ਰਾਰਥਨਾ ਕੀਤੀ ਜਾ ਰਹੀ ਹੈ ਕਿ, ਤੁਮ ਸਰੀਰ ਕੇ ਆਧਾਰ ਹੋ, ਮੇਰੇ ਪਾਵੋਂ (ਪੈਰਾਂ) ਕੀ ਰਖਿਆ ਕਰੋ, ਔਰ ਛੜੀ (ਸੋਟੀ) ਅਗੇ ਵੀ ਪ੍ਰਾਰਥਨਾ ਕੀਤੀ ਗਈ ਹੈ ਕਿ, ਮੇਰੀ ਸਬ ਦੁਸ਼ਟ ਜੀਵੋਂ ਸੇ ਰਖਿਆ ਕਰੋ, ਤਾਂ ਉਪ੍ਰੋਕਤ ਛਾਤਾ ਵੀ ਇਕ ਲਕੜੀ ਅਤੇ ਕਪੜੇ ਦਾ ਹੀ ਬਣਿਆ ਹੋਇਆ ਹੁੰਦਾ ਹੈ, ਔਰ ਜੁਤੀ ਵੀ ਚਮੜੇ ਦੀ ਹੁੰਦੀ ਹੈ, ਤੇ ਸੋਟੀ ਵੀ ਲਕੜੀ ਦੀ ਹੋ ਸਕਦੀ ਹੈ, ਛਾਤਾ ਜੁਤਾ, ਸੋਟੀ ਇਹ ਤਿੰਨੇ ਹੀ ਚੇਤਨ ਨਹੀਂ ਹਨ, ਮੂਰਤੀ ਵਤ ਹੀ ਜੜ੍ਹ ਹਨ ਇੰਨ੍ਹਾਂ ਅਗੇ ਆਪਣੀ ਰਖਿਆ ਹਿਤ ਪ੍ਰਾਰਥਨਾਂ ਕਰਨੀ ਜੇਕਰ ਵੇਦ ਵਿਰੁਧ ਨਹੀਂ, ਤਾਂ ਕਿਸੇ ਮੂਰਤੀ ਅਗੇ ਪ੍ਰਾਰਥਨਾ ਤੇ ਉਪਮਾਂ ਰੂਪ ਪੂਜਾ ਭਗਤੀ ਕਰਨੀ ਵੇਦ ਵਿਰੁਧ ਕਿਵੇਂ ਮੰਨੀ ਜਾ ਸਕਦੀ ਹੈ।

ਤਥਾ : ਸੰਸਕਾਰ ਵਿਧੀ, ਅਜਮੇਰ ਵੈਦਿਕ ਯੰਤ੍ਰਾਲਯੇ ਸੰਮਤ ੧੯੮੪ ਬਿ: ਵਿਚ ਸੋਲਵੀ ਵਾਰ ੧੦੦੦੦ ਛਪੀ ਦੇ ਸਫਾ ੨੨੬–੨੨੭ ਤੇ ਬਲੀ ਵੈਸ਼ਵ ਦੇਵ ਵਿਧੀ: ਪ੍ਰਕਰਣ ਵਿਚ ਲਿਖਿਆ ਹੈ ਕਿ–

ਓਂਮ ਸਾਨੁਗਾਯੇਂਦ੍ਰਾਯ ਨਮ: ਇਸ ਸੇ ਪੂਰਵ,
ਓਂਮ ਸਾਨੁਗਾਯ ਯਮਾਯ ਨਮ: ਇਸ ਸੇ ਦਖ਼ਿਣ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓੰਮ ਸਾਨੁਗਾਯ ਵਰੁਣਾਯ ਨਮ: ਇਸ ਸੇ ਪਸਚਿਮ,
ਓੰਮ ਸਾਨੁਗਾਯ ਸੋਮਾਯ ਨਮ: ਇਸ ਸੇ ਉਤਰ...
ਓੰਮ ਬਨਸਪਤੀ ਭਯੋ ਨਮ: ਇਸ ਸੇ ਮੂਸਲ ਔਰ ਊਖਲ
ਓੰਮ ਭਦ ਰ ਕਾਲਯੈ ਨਮ:......

ਇਨ ਮੰਤ੍ਰੋਂ ਸੇ ਏਕ ਪੱਤਲ ਵਾ ਥਾਲੀ ਮੇਂ ਯਥੋਕਤ ਦਿਸ਼ਾਓਂ ਮੇਂ ਭਾਗ ਧਰਨਾ, ਯਦੀ ਭਾਗ ਧਰਨੇ ਕੇ ਸਮੇਂ ਕੋਈ ਅਤਿਥੀ ਆ ਜਾਇ ਤੋ ਉਸੀ ਕੋ ਦੇ ਦੇਨਾ, ਨਹੀਂ ਤੋ ਅਗਨੀ ਮੇਂ ਧਰ ਦੇਨਾ, ਤਥਾ ਸਤਿਆਰਥ ਪ੍ਰਕਾਸ਼, ਤੇਰਵੀ ਵਾਰ ੪੦੦੦ ਸੰਵਤ ੧੯੭੪ ਬਿਕ੍ਰਮੀ ਵਿਚ ਛਪੇ ਦੇ ਸਮੁਲਾਸ ੪ ਸਫਾ ੧੦੩ ਪਰ ਭੀ ਲਿਖਾ ਹੈ ਕਿ ਇਨ ਪ੍ਰਤੇਕ ਮੰਤ੍ਰੋਂ ਸੇ ਏਕ ਏਕ ਬਾਰ ਆਹੂਤੀ ਪ੍ਰਜਵਲਤ ਅਗਨੀ ਮੇਂ ਛੋੜੇ ਪਸਚਾਤ ਥਾਲੀ ਅਥਵਾ ਭੂਮੀ ਮੇਂ ਪੱਤਾ ਰਖਕੇ ਪੂਰਵ ਦਿਸ਼ਾਦੀ ਕ੍ਰਮ ਅਨੁਸਾਰ ਯਥਾ ਕ੍ਰਮ ਇਨ ਮੰਤ੍ਰੋਂ ਸੇ ਭਾਗ: ਰਖੇ, ਓੰਮ ਸਾਨੁਗਾ ਯੇਂਦ੍ਰਾਯ ਨਮ: ਸਾਨੁਗਾਯ ਯਮਾਯ ਨਮ:......ਏਥੇ ਵੀ ਸ੍ਰੀ ਸੁਆਮੀ ਮਹ ਰਿਸ਼ੀ ਦਯਾ ਨੰਦ ਜੀ ਮਹਾਰਾਜ, ਇੰਦਰ, ਯਮ, ਵਰੁਣ, ਸੋਮ ਆਦੀ ਨਾਮਾਂ ਸੇ ਪੂਰਵ, ਦਖਣ, ਪਸਚਿਮ, ਉਤਰ, ਆਦੀ ਦਿਸ਼ਾਓਂ ਮੇਂ ਪੱਤਲ ਜਾਂ ਥਾਲੀ ਵਿਚ ਭਾਗ ਧਰਨਾ ਲਿਖ ਰਹੇ ਹਨ ਬਲਕਿ, ਬਨਸਪਤੀ ਭਯੋ ਨਮ: ਦੇ ਸਾਹਮਨੇ ਊਖਲ (ਉਖਲੀ) ਮੂਸਲ (ਮੋਹਲਾ) ਵੀ ਲਿਖੇ ਹਨ, ਪ੍ਰੰਤੂ ਉਖਲੀ, ਮੋਹਲਾ ਵੀ ਪਥਰ ਮੂਰਤੀ ਵਤ ਹੀ ਜੜ੍ਹ ਹਨ, ਉਨ੍ਹਾਂ ਦੀ ਪੂਜਾ ਵੀ ਵਿਚੇ ਸਿਧ ਹੋ ਰਹੀ ਹੈ, ਔਰ ਭਦਰ ਕਾਲੀ (ਦੇਵੀ) ਦੀ ਪੂਜਾ ਵੀ ਸਪਸ਼ਟ ਭਾਸਦੀ ਹੈ।

ਅਤੇ ਇਥੇ ਇਹ ਸੁਆਲ ਪੈਦਾ ਹੋਵੇਗਾ ਕਿ ਪੱਤਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਥਾਲੀ ਵਿਚ ਪੂਰਵਾਦੀ ਦਿਸ਼ਾਂ ਵਲ ਰਖੇ ਹੋਇ ਭਾਗ (ਹਿਸੇ–ਗ੍ਰਾਸ, ਭੋਜਨ) ਇੰਦ੍ਰ, ਯਮ, ਆਦਕ ਖਾ ਜਾਂਦੇ ਹਨ ਕਿ ਨਹੀਂ ਜੇਕਰ ਨਹੀਂ ਖਾ ਜਾਂਦੇ, ਕਿਸੇ ਅਤਿਥੀ ਜਾਂ ਅਗਨੀ ਦੀ ਹੀ ਭੇਟਾ ਕਰਨੇ ਪੈਂਦੇ ਹਨ ਤਾਂ ਉਨ੍ਹਾਂ ਭਾਗਾਂ ਦੀ ਓਥੇ ਰਖਣ ਦੀ ਲੋੜ ਹੀ ਕੀ, ਹੁੰਦੀ ਹੈ, ਕੀ, ਪੱਤਲ ਜਾਂ ਥਾਲੀ ਵਿਚ ਪੂਰਬਾਦੀ ਦਿਸ਼ਾਂ ਵਲ ਭਾਗ ਰਖੇ ਤੋਂ ਬਿਨਾ ਅਤੇ ਇੰਦ੍ਰਾਯ ਨਮ: ਆਦਕ ਨਾਂਮਾਂ ਦੇ ਉਚਾਰਨ ਕੀਤੇ ਬਿਨਾ ਜੇਕਰ ਕਿਸੇ ਅਤਿਥੀ ਆਦਕ ਨੂੰ ਉਹ ਭਾਗ (ਗ੍ਰਾਸ–ਭੋਜਨ) ਦੇ ਦਿਤੇ ਜਾਣ ਤਾਂ ਕੁਛ ਹਰਜ ਹੋ ਜਾਂਦਾ ਹੈ, ਜੇਕਰ ਨਹੀਂ ਹੋ ਜਾਂਦਾ ਤਾਂ ਉਪ੍ਰੋਕਤ ਦੱਸੀ ਹੋਈ ਵਿਧੀ ਵਿਚੋਂ ਪ੍ਰਤੀਤ ਹੁੰਦਾ ਹੈ, ਕਿ, ਇੰਦਰ, ਯਮ, ਆਦਕ ਥਾਲੀ ਜਾਂ ਪੱਤਲ ਵਿਚ ਰਖੇ ਹੋਇ ਭਾਗ (ਗ੍ਰਾਸ) ਭਾਵਨਾ ਮਈ ਹੀ ਖਾਂਦੇ ਹਨ, ਪ੍ਰਤੱਖ ਨਹੀਂ ਖਾਂਦੇ ਤਦੇ ਹੀ ਕਿਸੇ ਅਤਿਥੀ ਆਦਕ ਨੂੰ ਦੇਣੇ ਪੈਂਦੇ ਹਨ, ਕਿੰਤੂ ਮੂਰਤੀ ਪੂਜਾ ਕਰਨ ਵਾਲੇ ਲੋਗਾਂ ਦੇ ਵੀ ਭੋਗ ਪਦਾਰਥ ਮੂਰਤੀ ਪ੍ਰਤੱਖ ਨਹੀਂ ਖਾਂਦੀ ਤਾਂ ਮੂਰਤੀ ਵਾਲੇ ਦੇਵਤਾ, ਅਵਤਾਰ, ਭਾਵਨਾ ਮਈ ਹੀ ਖਾਂਦੇ ਹਨ, ਜੇਕਰ ਇਥੇ ਇਹ ਕਿਹਾ ਜਾਵੇ ਕਿ ਪੱਤਲ ਥਾਲੀ ਵਿਚ ਹੀ ਭਾਗ ਧਰਨੇ ਲਿਖੇ ਹਨ ਕਿਸੇ ਮੂਰਤੀ ਅਗੇ ਭਾਗ ਧਰਨੇ ਨਹੀਂ ਲਿਖੇ ਇਸ ਲਈ ਇਥੇ ਮੂਰਤੀ ਪੂਜਾ ਸਿਧ ਨਹੀਂ ਹੁੰਦੀ, ਤਾਂ ਪੱਤਲ ਜਾਂ ਥਾਲੀ ਕੋਈ ਚੇਤਨ ਵਸਤੂ ਨਹੀਂ ਇਹਨਾਂ ਉਤੇ ਭਾਗ ਰਖਨੇ ਸੇ ਜੇਕਰ ਇੰਦ੍ਰਾਦਿਕ ਦੇਵਤਿਆਂ ਨੂੰ ਭੋਗ ਲਗ ਸਕਦਾ ਹੈ ਤਾਂ ਮੂਰਤੀ ਅਗੇ ਰਖੇ ਹੋਇ ਪਦਾਰਥਾਂ ਦਾ ਵੀ ਮੂਰਤੀ ਵਾਲੇ ਦੇਵਤਿਆਂ ਨੂੰ ਭੋਗ ਲਗ ਸਕੇਗਾ ਕੋਈ ਰੁਕਾਵਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਹੋ ਸਕਦੀ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਇੰਦ੍ਰ, ਯਮ, ਵਰੁਣ, ਭਦਰ ਕਾਲੀ, ਊਖਲ, ਮੂਸਲ, ਆਦਕ ਨਾਮ ਸਾਰੇ ਨਿਰਾਕਾਰ ਸ੍ਰਵ ਵਿਆਪਕ ਪ੍ਰਮਾਤਮਾਂ ਲਈ ਹੀ ਵਰਤੇ ਗਏ ਹਨ, ਕਿਸੇ ਦੇਵੀ ਦੇਵਤੇ ਦਾ ਇਥੇ ਚਿੰਤਨ ਨਹੀਂ ਕੀਤਾ ਗਿਆ, ਤਾਂ ਸ੍ਰਵ ਵਿਆਪਕ ਪ੍ਰਮਾਤਮਾਂ ਦੀ ਪੂਜਾ ਵਾਸਤੇ, ਪੂਰਵ, ਪਸਚਿਮ, ਉਤਰ, ਦਖ਼ਸ਼ਣ ਆਦਕ ਕਿਸੇ ਦਿਸ਼ਾਵਲ ਵੀ ਅਲਗ ਅਲਗ ਭਾਗ ਧਰਨੇ ਦੀ ਕੋਈ ਲੋੜ ਨਹੀਂ ਪ੍ਰਤੀਤ ਹੁੰਦੀ ਕਿਉਂਕਿ ਪ੍ਰਮਾਤਮਾਂ ਪੂਰਵਾਦੀ ਸਰਬ ਦਿਸ਼ਾ ਵਿਚ ਇਕ ਹੀ ਹੈ, ਬਲਕਿ ਜੋ ਭਾਗ ਧਰਨਾ ਹੈ ਉਸ ਵਿਚ ਵੀ ਵਿਆਪਕ (ਮੌਜੂਦ) ਹੈ, ਤਾਂ ਫਿਰ ਅਲਗ ਅਲਗ ਪੂਰਬ, ਪਸਚਿਮ ਆਦਕ ਦਿਸ਼ਾਂ ਵਲ ਭਾਗ ਧਰਨੇ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ ਅਗਰ ਸੁਆਲ ਪੈਂਦਾ ਹੋਇਆ ਹੈ, ਤਾਂ ਇਥੇ ਸੁਆਮੀ ਜੀ ਦੀ ਕਹੀ ਹੋਈ ਵਿਧੀ ਅਨੁਸਾਰ ਮੂਰਤੀ ਪੂਜਾ ਹੀ ਕੀਤੀ ਗਈ ਸਪਸ਼ਟ ਹੈ, ਜੇਕਰ ਹਠ ਹੀ ਕੀਤਾ ਜਾਵੇ ਤਾਂਵੀ ਪੱਤਲ ਜਾਂ ਥਾਲੀ ਵਿਚ ਰਖੇ ਹੋਇ ਚੌਹਾਂ ਦਿਸ਼ਾ ਵਿਚ ਅੰਨ ਦੇ ਗ੍ਰਾਸ (ਭਾਗ) ਉਹ ਇੰਦਰ, ਯਮ, ਵਰੁਣ ਆਦਕ ਨਾਮਾਂ ਵਾਲਾ ਪ੍ਰਮਾਤਮਾਂ ਖਾ ਜਾਂਦਾ ਹੈ ਕਿ ਨਹੀਂ, ਜੇਕਰ ਨਹੀਂ ਖਾਂਦਾ ਕਿਸੇ ਅਤਿਥੀ ਆਦਕ ਦੀ ਹੀ ਭੇਟਾ ਉਹ ਭਾਗ ਕਰਨੇ ਪੈਂਦੇ ਹਨ, ਤਾਂ ਫਿਰ ਵੀ ਚਹੁੰ ਦਿਸ਼ਾ ਵਲ ਉਹ ਭਾਗ ਧਰਨੇ ਨਿਸ਼ਫਲ ਸਿਧ ਹੋਣਗੇ, ਕਿਉਂਕਿ ਅਤਿਥੀ ਆਦਕਾਂ ਨੂੰ ਬਿਨਾਂ ਚਹੁੰ ਦਿਸ਼ਾ ਵਿਚ ਉਹ ਭਾਗ ਧਰੇ ਜਾਣ ਤੋ ਅਤੇ ਇੰਦਰ, ਯਮ, ਵਰੁਣ, ਆਦਕ ਨਾਮ ਉਚਾਰਨ ਕੀਤੇ ਬਿਨਾ: ਵੀ ਦਿਤੇ ਜਾ ਸਕਦੇ ਹਨ, ਤਾਂਤੇ ਮੂਰਤੀ ਪੂਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਵਾਲੇ ਪੁਜਾਰੀ ਵੀ ਮੂਰਤੀ ਅਗੇ ਪਦਾਰਥ ਰਖ ਕੇ ਖਾਂ ਜਾਂਦੇ ਹਨ, ਤੇ ਇਥੇ ਅਤਿਥੀ ਆਦਕ ਖਾ ਜਾਂਦੇ ਸਿਧ ਹੋ ਰਹੇ ਹਨ ਇਸ ਲਈ ਸੁਆਮੀ ਜੀ ਦੀ ਲਿਖੀ ਉਪਰੋਕਤ ਵਿਧੀ ਮੂਰਤੀ ਪੂਜਾ ਹੀ ਸਿਧ ਹੁੰਦੀ ਹੈ।

ਬਾਕੀ ਇਸੇ ਸੰਸਕਾਰ ਵਿਧੀ, ਦੇ ਸਮਾਂ ਵਰਤਨ ਪ੍ਰਕਰਨ ਵਿਚ ਲਿਖਿਆ ਹੈ ਕਿ ਬ੍ਰਹਮ ਚਾਰੀ ਵਿਦਿਆ ਪੜ੍ਹਕੇ ਜਦ ਆਵੇ ਤਾਂ ਅਪਸਵਜ ਔਰ ਦਕਸ਼ਣ ਮੁਖ ਹੋ ਕੇ, ਓਂਮ ਪਿਤਰਃ ਸ਼ੁਧ੍ਰਮ, ਇਸ ਮੰਤਰ ਸੇ ਜਲ ਭੂਮੀ ਪਰ ਛੋੜਕੇ... ਇਥੇ ਵੀ ਇਹ ਸੁਆਲ ਪੈਦਾ ਹੁੰਦਾ ਹੈ ਕਿ ਅਪਸਵਜ (ਜਨੇਊ ਖਬੇ ਪਾਸੇ ਕਰਕੇ) ਦਖਸ਼ਣ ਦਿਸ਼ਾ ਵਲ ਮੂੰਹ ਕਰਕੇ ਜੇਹੜਾ ਜਲ ਪ੍ਰਿਥਵੀ ਪਰ ਛੋੜਾ ਜਾਂਦਾ ਹੈ, ਉਹ ਪਿਤਰਾਂ ਨੂੰ ਪਹੁੰਚਦਾ ਹੈ ਕਿ ਨਹੀਂ, ਜੇਕਰ ਨਹੀਂ ਪਹੁੰਚਦਾ ਤਾਂ, ਪਿਤਰ (ਸ਼ੁਧ੍ਰਮ) ਸ਼ੁਧ ਪਵਿਤ੍ਰ ਕਿਵੇਂ ਹੋ ਸਕਣਗੇ, ਔਰ ਪ੍ਰਿਥਵੀ ਤੇ ਉਸ ਪਾਨੀ ਦੇ ਛੋੜਨ ਦਾ ਫੈਦਾ ਵੀ ਕੀ ਸਿਧ ਹੋਵੇਗਾ, ਜੇਕਰ ਕੁਛ ਵੀ ਫੈਦਾ ਨਹੀਂ ਤਾਂ ਇਹ ਰੀਤੀ ਬਿਅਰਥ ਸਿੱਧ ਹੋਵੇਗੀ ਤਾਂਤੇ ਕੁਛ ਫੈਦਾ ਹੋਵੇਗਾ।

ਬਾਕੀ ਜੇਕਰ ਇਥੇ ਜ਼ਮੀਨ ਪਰ ਛੋੜਾ ਹੋਇਆ ਪਾਨੀ ਪਿਤਰਾਂ ਨੂੰ ਪਵਿਤ੍ਰ ਕਰ ਦਿੰਦਾ ਹੈ ਜਿਥੇ ਵੀ ਉਹ ਪਿਤਰ ਰਹਿੰਦੇ ਹਨ ਤਾਂ ਮੂਰਤੀ ਅਗੇ ਧਰੇ ਹੋਇ ਭੋਗ ਪਦਾਰਥ ਵੀ ਮੂਰਤੀ ਵਾਲੇ ਦੇਵਤਾ, ਅਵਤਾਰਾਂ ਨੂੰ ਪ੍ਰਸੰਨ ਕਰ ਸਕਦੇ ਹਨ। ਚਾਹੇ ਜਿਥੇ ਵੀ ਉਹ ਦੇਵਤੇ ਆਦਕ ਹੋਣ ਕਿਉਂਕਿ ਪਥਰ ਦੀ ਮੂਰਤੀ ਜੜ੍ਹ ਹੈ, ਉਸ ਵਿਚ ਦੇਵਤਾ, ਅਵਤਾਰ, ਪ੍ਰਮਾਤਮਾਂ, ਨਹੀਂ ਤਾਂ ਜਿਸ ਜ਼ਮੀਨ ਪਰ ਉਪ੍ਰੋਕਤ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਲ ਛੋੜਾ ਗਿਆ ਹੈ ਉਹ ਜ਼ਮੀਨ ਵੀ ਜੜ੍ਹ ਹੈ ਉਥੇ ਪਿਤਰ ਵੀ ਕੋਈ ਨਹੀਂ ਹਨ, ਜੇਕਰ ਓਥੇ ਪਿਤਰ ਮੌਜੂਦ ਹੁੰਦੇ ਤਾਂ ਦਖਸ਼ਣ ਦਿਸ਼ਾ ਵਲ ਮੂੰਹ ਕਰਕੇ ਜਲ ਛੋੜਨ ਦੀ ਕੀ ਲੋੜ ਹੋ ਸਕਦੀ ਸੀ।

ਜੇਕਰ ਇਹ ਸ਼ੰਕਾ ਕੀਤੀ ਜਾਵੇ ਕਿ ਆਰਯਾ ਸਮਾਜ ਮਤ ਵਿਚ ਜੀਉਂਦੇ ਮਾਤਾ ਪਿਤਾ ਆਦਕ ਪਿਤਰਾਂ ਨੂੰ ਹੀ ਮੰਨਿਆ ਜਾਂਦਾ ਹੈ ਤਾਂ ਇਥੇ ਇਹ ਸੁਆਲ ਪੈਦਾ ਹੋਵੇਗਾ ਕਿ, ਹਰ ਇਕ ਦੇ ਜੀਉਂਦੇ ਮਾਤਾ, ਪਿਤਾ, ਦਖ਼ਸ਼ਣ ਦਿਸ਼ਾ ਵਿਚ ਹੀ ਰਹਿੰਦੇ ਹਨ ? ਕਿਸੇ ਦੇ ਵੀ ਮਾਤਾ, ਪਿਤਾ ਪੂਰਬ, ਪਸਚਿਮ, ਆਦਕ ਵਿਚ ਨਹੀਂ ਰਹਿੰਦੇ ਤਾਂ ਵੀ ਉਹ ਪਾਨੀ ਜੀਉਂਦੇ ਮਾਤਾ ਪਿਤਾ ਆਦਕਾਂ ਉਤੇ ਛੋੜਿਆ ਜਾਂਦਾ ਜਿਸ ਸੇ ਮਾਤਾ ਪਿਤਾ ਆਦੀ ਪਵਿਤ੍ਰ ਹੋ ਜਾਂਦੇ, ਕਿੰਤੂ ਸੰਸਕਾਰ ਵਿਧੀ, ਵਿਚ ਲਿਖਿਆ ਹੈ ਕਿ ਜਲ ਭੂਮੀ ਪਰ ਛੋੜੇ, ਤਾਂਤੇ ਭੂਮੀ ਪਰ ਛੋੜਾ ਹੋਇਆ ਜਲ ਜੇਕਰ ਜੀਉਂਦੇ ਮਾਤਾ ਪਿਤਾ ਆਦਕ ਪਿਤਰਾਂ ਨੂੰ ਪਵਿਤਰ ਕਰ ਦਿੰਦਾ ਹੈ ਤਾਂ ਮੂਰਤੀ ਅਗੇ ਕੀਤੀ ਗਈ ਪੂਜਾ ਵੀ ਮੂਰਤੀ ਵਾਲੇ ਦੇਵਤਾ, ਅਵਤਾਰ, ਪ੍ਰਮਾਤਮਾਂ ਦੀ ਪ੍ਰਸੰਨਤਾ ਕਰ ਸਕੇਗੀ ਔਰ ਜੇਕਰ ਉਪ੍ਰੋਕਤ ਸੰਸਕਾਰ ਵਿਧੀ ਅਨੁਸਾਰ ਜਲ ਭੂਮੀ ਪਰ ਛੋੜਾ ਹੋਇਆ ਜੀਉਂਦੇ ਮਾਤਾ ਪਿਤਾ ਆਦਕ ਪਿਤ੍ਰਾਂ ਨੂੰ ਵੀ ਕੁਛ ਫੈਦਾ ਨਾ ਦੇਵੇਗਾ, ਤਾਂ, ਪਿਤਰ: ਸ਼ੁਧ੍ਯਮ, ਦਾ ਅਰਥ ਹੀ ਕੀ ਸਿਧ ਹੋਵੇਗਾ ਤੇ ਭੂਮੀ ਪਰ ਜਲ ਛੋੜਨਾ ਵੀ ਨਿਸ਼ਫਲ ਸਿਧ ਹੋਵੇਗਾ, ਤਾਂਤੇ ਪਿਤ੍ਰਾਂ ਨੂੰ ਕੁਛ ਫੈਦਾ ਹੁੰਦਾ ਮੰਨਣਾ ਹੀ ਪਵੇਗਾ, ਅਤੇ ਜੇਕਰ ਇਥੇ ਇਹ ਕਿਹਾ ਜਾਵੇ ਕਿ, ਸੰਸਕਾਰ ਪ੍ਰਕਾਸ਼, ਸ੍ਰੀ ਪੰਡਤ ਰਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri.

ਗੋਪਾਲ ਗੁਰੂ ਕੁਲ ਕਾਂਗੜੀ, ਦੇ ਲਿਖੇ ਹੋਇ ਦੇ ਸਫ਼ਾ ੧੧੦ ਪਰ ਇਸ,, ਓਂਮ ਪਿਤਰਃ ਸ਼ੁਧੂਮ, ਦਾ ਅਰਥ ਲਿਖਿਆ ਹੈ ਕਿ, ਹੇ ਪਿਤਰੋਂ ਕੇ ਸਮਾਨ ਮਾਨਨੀਯ ਜਲੋਂ ਮੁਝੇ ਸ਼ੁਧ ਕਰੋ, ਤਾਂਵੀ ਉਹ ਜਲ ਭੂਮੀ ਪਰ ਛੋੜਾ ਹੋਇਆ ਕਿਵੇਂ ਸ਼ੁਧ ਕਰੇਗਾ ਬਾਕੀ ਪਿਤਰਃ ਚੇਤਨ ਹਨ, ਜਲ ਜੜ੍ਹ ਹੈ, ਜੇਕਰ ਜਲ ਪਿਤਰਾਂ ਦੇ ਸਮਾਨ ਮਾਨਨੀਜ ਹੋ ਸਕਦਾ ਹੈ ਕੋਈ ਹਰਜ ਨਹੀਂ ਤਾਂ ਮੂਰਤੀ ਵੀ ਚੇਤਨ, ਦੇਵਤਾ, ਅਵਤਾਰਾਂ ਪ੍ਰਮਾਤਮਾਂ ਦੇ ਸਮਾਨ ਹੀ ਮਾਨ ਨੀਜ, ਪੂਜਨੇ ਯੋਗ ਹੋ ਸਕੇਗੀ, ਫਿਰ ਵੀ ਇਸ ਸੇ ਮੂਰਤੀ ਪੂਜਾ ਦਾ ਸਿਧਾਂਤ ਹੀ ਸਿਧ ਹੋ ਰਿਹਾ ਹੈ।

ਅਤੇ ਆਰਯਾ ਸਮਾਜ ਦੇ ਜਦ ਜਲਸੇ ਜਲੂਸ ਹੁੰਦੇ ਹਨ ਤਦ ਪਰਮ ਪਵਿਤ੍ਰ ਪੁਸਤਕ ਵੇਦ ਦਾ ਅਤੀ ਸਤਿਕਾਰ ਕੀਤਾ ਜਾਂਦਾ ਹੈ, ਫੁਲਾਂ ਆਦਕਾਂ ਸੇ ਪਾਲਕੀ ਸਜਾਈ ਜਾਂਦੀ ਹੈ, ਸੁਚੇ ਰੁਮਾਲਾਂ ਸੇ ਸਸ਼ੋਭਤ ਕੀਤਾ ਜਾਂਦਾ ਹੈ, ਔਰ ਵੇਦ ਦੇ ਤੁਲਯ ਹੋਰ ਕੋਈ ਪੁਸਤਕ ਨਹੀਂ ਮੰਨਿਆ ਜਾਂਦਾ, ਅਤੇ ਜਲਸਿਆਂ ਦੇ ਪੰਡਾਲਾਂ ਵਿਚ ਬੜੇ ਬੜੇ ਮਹਾਂ ਪੁਰਸ਼ਾਂ ਰਿਸ਼ੀਆਂ ਦੇ ਫੋਟੋ ਵੀ ਲਗਾਏ ਜਾਂਦੇ ਹਨ ਪੁਛਨੇ ਸੇ ਅਗੋਂ ਇਹੋ ਉਤਰ ਮਿਲਦਾ ਹੈ ਕਿ ਇਹ ਫੋਟੋ ਬੜੇ ਉਪਕਾਰੀ ਧਰਮਾਤਮਾਂ ਪੁਰਸ਼ਾਂ ਦੇ ਹਨ, ਤਾਂਤੇ ਵੇਦ ਪੁਸਤਕ ਦਾ ਇਤਨਾ ਸਤਿਕਾਰ ਕਰਨਾ ਵੀ ਮੂਰਤੀ ਪੂਜਾ ਹੈ, ਪਿਛੇ ਦੱਸ ਆਏ ਹਾਂ ਕਿ ਕੁਰਾਂਨ ਸ਼ਰੀਫ ਵਿਚ ਸਿਆਹੀ ਤੇ ਕਾਗਜ਼ ਚੇਤਨ ਨਹੀਂ ਹਨ ਔਰ ਖ਼ੁਦਾ ਦੀ ਕਲਾਮ (ਸ਼ਬਦ) ਸਿਆਹੀ ਤੇ ਕਾਗਜ਼ਾਂ ਵਿਚ ਪਕੜੀ ਨਹੀਂ ਰਹਿ ਸਕਦੀ, ਤਾਂ ਇਥੇ ਪਰਮ ਪਵਿਤ੍ਰ ਧਰਮ ਪੁਸਤਕ ਵੇਦ (ਕਾਗਜ਼ ਤੇ ਸਿਆਹੀ ਦੇ ਅਖਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਵੇਂ ਚੇਤਨ ਮੰਨੇ ਜਾ ਸਕਣਗੇ ਤੇ ਵਿਚ ਈਸ਼ਵਰੀ ਬਾਣੀ ਕਿਵੇਂ ਪਕੜੀ ਰਹਿ ਸਕੇਗੀ, ਬਾਕੀ ਬਾਣੀ ਕੰਨਾਂ ਦਾ ਵਿਸ਼ਯ ਹੈ ਤੇ ਸਿਆਹੀ ਦੇ ਅਖਰ ਤੇ ਕਾਗਜ਼ ਨੇਤ੍ਰਾਂ ਦੇ ਵਿਸ਼ਯ ਰੂਪਵਾਨ ਹਨ, ਤਾਂਤੇ ਪਥਰ ਦੀ ਮੂਰਤੀ ਵੀ ਰੂਪਵਾਨ ਨੇਤਰਾਂ ਦਾ ਵਿਸ਼ਯ ਹੈ ਫਿਰ ਵੇਦ ਪੁਸਤਕ ਮੂਰਤੀ ਕਿਵੇਂ ਨਹੀਂ ਹੋ ਸਕੇਗੀ, ਬਲਕਿ ਜਿਸ ਵੇਦ ਬਾਣੀ ਜਾਂ ਕਿਸੇ ਮਨੁਸ਼ ਮਾਤਰ ਦੀ ਬਾਣੀ ਦੁਆਰਾ ਈਸ਼ਵਰ ਦਾ ਸਰੂਪ ਜਾਂ ਯਸ਼ ਵਰਨਨ ਕਰਨਾ ਹੈ, ਉਹ ਬਾਣੀ ਵੀ ਮੂਰਤੀ ਪੂਜਾ ਵਤ ਹੀ ਅਰਥ ਰਖਦੀ ਹੈ ਕਿਉਂਕਿ ਉਹ ਬਾਣੀ ਪ੍ਰਮਿਤ ਹੈ, ਈਸ਼ਵਰ ਅਪ੍ਰਮਿਤ ਹੈ ਉਹ ਬਾਣੀ ਚੇਤਨ ਨਹੀਂ, ਈਸ਼ਵਰ ਚੇਤਨ ਹੈ, ਬਾਣੀ ਵਿਚ ਈਸ਼ਵਰ ਦਾ ਸਰੂਪ ਪੂਰਾ ਨਹੀਂ ਆ ਸਕਦਾ, ਕਾਰਨ ਇਹ ਕਿ ਈਸ਼ਵਰ ਦਾ ਸਰੂਪ ਅਨੰਤ ਹੈ ਪੁਛਿੰਨ ਬਾਣੀ ਮਾਤ੍ਰ ਵਿਚ ਪੂਰਾ ਆ ਜਾਨਾ ਅਸੰਭਵ ਹੈ ਜਦ ਈਸ਼ਵਰ ਬਾਣੀ ਸੇ ਬਾਹਰ ਔਰ ਅਨੰਤ ਹੈ ਤਾਂ ਬਾਣੀ ਦੁਆਰਾ ਉਸ ਦਾ ਵਰਨਨ ਕਲਪਤ ਸਿਧ ਹੋਵੇਗਾ, ਕਿਉਂਕਿ ਬਾਣੀ ਦੀ ਉਸ ਪ੍ਰਮਾਤਮਾਂ ਦੇ ਸਰੂਪ ਵਿਚ ਪਹੁੰਚ ਨਹੀਂ, ਯਤੋ ਵਾਚੋ ਨਿਵਰਤੰਤੇ ਅਪ੍ਰਾਪਜ਼ ਮਨਸਾ ਸਹ, ਤਾਂਤੇ ਜਦ ਮਨ ਬਾਣੀ ਉਸ ਪ੍ਰਮਾਤਮਾਂ ਤਕ ਪਹੁੰਚ ਹੀ ਨਹੀਂ ਸਕਦੇ ਤਾਂ ਮਨ ਬਾਣੀ ਦੁਆਰਾ ਉਸ ਪ੍ਰਮਾਤਮਾਂ ਦਾ ਕਥਨ ਚਿੰਤਨ ਕਿਵੇ ਸਤਜ਼ ਹੋਵੇਗਾ ਔਰ ਪਥਰ ਦੀ ਮੂਰਤੀ ਵਿਚ ਵੀ ਦੇਵਤਾ, ਅਵਤਾਰ, ਆਦਕ ਪੂਰੇ ਨਹੀਂ ਆ ਸਕਦੇ ਅਤੇ ਜੜ੍ਹ ਹੈ ਇਸ ਲਈ ਕਲਪਤ ਹੈ ਤਾਂ ਮਨ ਬਾਣੀ ਵੀ ਈਸ਼ਵਰ ਤਕ ਪਹੁੰਚਦੀ ਨਹੀਂ, ਮਨ ਬਾਣੀ ਤੋਂ ਈਸ਼ਵਰ ਬਾਹਰ ਹੈ ਬਾਣੀ ਫਿਰ ਚੇਤਨ ਵੀ ਨਹੀਂ ਤਾਂਤੇ ਉਸ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਣੀ ਦੁਆਰਾ ਈਸ਼ਵਰ ਦਾ ਯਸ਼ ਜਾਂ ਸਰੂਪ ਵਰਨਨ, ਮੂਰਤੀ ਪੂਜਾ ਦੇ ਤੁਲਜ ਹੀ ਹੈ, ਘਟ ਨਹੀਂ।

ਬਾਕੀ ਮਹਾਂ ਪੁਰਸ਼ਾਂ ਰਿਸ਼ੀਆਂ ਦੇ ਫੋਟੋ ਇਸ ਲਈ ਲਗਾਏ ਜਾਂਦੇ ਹਨ ਕਿ ਉਹ ਪਰ ਉਪਕਾਰੀ ਧਰਮਾਤਮਾਂ ਹੋਇ ਹਨ, ਉਨ੍ਹਾਂ ਦੇ ਫੋਟੂਆਂ ਦੇ ਦਰਸ਼ਨ ਕਰਨੇ ਸੇ ਉਨ੍ਹਾਂ ਮਹਾਂ ਪੁਰਸ਼ਾਂ ਰਿਸ਼ੀਆਂ ਦੇ ਉਪਕਾਰ ਤੇ ਧਾਰਮਕ ਜੀਵਨ ਦਾ ਸਮਾਜ ਪਰ ਪ੍ਰਭਾਵ ਪਵੇਗਾ, ਤਾਂ ਦੇਵੀ, ਦੇਵਤੇ, ਅਵਤਾਰ, ਪ੍ਰਮਾਤਮਾਂ ਆਦਕ ਇਹ ਸਾਰੇ ਵੀ ਸੁਆਰਥੀ ਨਹੀਂ ਕਹਿ ਜਾ ਸਕਦੇ, ਇਹ ਵੀ ਧਰਮਾਤਮਾਂ ਤੇ ਉਪਕਾਰੀ ਹਨ ਇਨ੍ਹਾਂ ਦੇ ਫੋਟੋ (ਮੂਰਤੀ) ਸਜਾਨੇ ਲਗਾਨੇ ਸੇ ਕਿਵੇਂ ਮਨੁਸ਼ਾਂ ਨੂੰ ਕੋਈ ਲਾਭ ਨਹੀਂ ਹੋ ਸਕੇਗਾ, ਸੁੰਦਰ ਜਵਾਨ ਇਸਤ੍ਰੀ ਦੇ ਫੋਟੋ ਦੇ ਦਰਸ਼ਨ ਕਰਨੇ ਸੇ ਜਦ ਸਾਧਾਰਨ ਪੁਰਸ਼ਾਂ ਦੇ ਵਿਚ ਕਾਮ ਵਾਸਨਾਂ ਜਾਗ੍ਰਤ ਹੋ ਜਾਂਦੀ ਹੈ, ਤਾਂ ਕੋਈ ਕਾਰਨ ਨਹੀਂ ਕਿ ਦੇਵੀ, ਦੇਵਤੇ, ਅਵਤਾਰਾਂ, ਪ੍ਰਮਾਤਮਾਂ ਦੇ ਕਿਸੇ ਸਰੂਪ ਦੇ ਫੋਟੋ (ਮੂਰਤੀ) ਦੇ ਦਰਸ਼ਨ ਕਰਨੇ ਸੇ ਮਨੁਸ਼ਾਂ ਦੇ ਹਿਰਦੇ ਵਿਚ ਉਨ੍ਹਾਂ ਦੇ ਸ਼ੁਭ ਗੁਣਾਂ ਦੀ ਜਾਗ੍ਰਤੀ ਹੋਣ ਰੂਪ ਕੋਈ ਪ੍ਰਭਾਵ ਹੀ ਨਾ ਪਵੇ, ਜਾਂ ਇੰਜ ਕਹਿਣਾ ਪਵੇਗਾ ਕਿ ਉਨ੍ਹਾਂ ਵਿਚ ਕੋਈ ਵੀ ਸ਼ੁਭ ਗੁਣ ਨਹੀਂ ਸੀ, ਕਿੰਤੂ ਜੇਕਰ ਉਹ ਸ਼ੁਭ ਗੁਣਾਂ ਦੇ ਭੰਡਾਰ ਸਨ ਤਾਂ ਫਿਰ ਕੋਈ ਕਾਰਨ ਨਹੀਂ ਕਿ ਉਨ੍ਹਾਂ ਦੀ ਮੂਰਤੀ ਦੇ ਦਰਸ਼ਨ ਕਰਨੇ ਸੇ ਮਨੁਸ਼ ਦੇ ਹਿਰਦੇ ਉਤੇ ਕਿਸੇ ਸ਼ੁਭ ਗੁਣ ਦਾ ਪ੍ਰਭਾਵ ਹੀ ਨਾ ਪਵੇ।

੧੩. ਪ੍ਰਸ਼ਨ—ਆਰਯਾ ਸਮਾਜੀ ਲੋਗ ਕਹਿੰਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਵੇਦ ਵਿਚ ਵੀ ਲਿਖਿਆ ਹੈ ਕਿ ਜੋ ਲੋਗ ਮੂਰਤੀ ਪੂਜਾ ਕਰਦੇ ਹਨ ਉਹ ਮਹਾਂ ਅਗਿਆਨ ਵਿਚ ਫਸੇ ਹੋਇ ਹਨ ?

ਉਤਰ—ਵੇਦ ਵਿਚ, ਅੰਧੰ ਤਮਃ ਪ੍ਰਵਿਸ਼ੰਤੀ ਯੇ ਅਸੰਭੂਤੀ ਮੁਪਾਸਤੇ, ਤਤੋ ਭੂਯ ਏਵ ਤੇ ਤਮੋ ਯ ਉ ਸੰਭੂਤਯਾਂ ਰਤਾः ਯਯੁਰ ੪੦।੯ ਏਹੀ ਮੰਤ੍ਰ ਹੋਵੇਗਾ ਇਸਦਾ ਅਰਥ ਸ੍ਰੀ ਸੁਆਮੀ ਮਹਾਰਿਸ਼ੀ ਦਯਾ ਨੰਦ ਜੀ ਨੇ ਆਪਣੇ ਯਯੁਰ ਵੇਦ ਦੇ ਭਾਸ਼ਯ ਵਿਚ ਜੋ ਕੀਤਾ ਹੈ ਉਹ ਇਹ ਹੈ ਕਿ, (ਯੇ) ਜੋ ਲੋਗ ਪ੍ਰਮੇਸ਼ਵਰ ਕੋ ਛੋੜ ਕਰ (ਅਸੰਭੂਤਿਮ) ਅਨਾਦੀ ਅਨੁਤਪੰਨ ਸਤਵ, ਰਜ ਔਰ ਤਮੋ ਗੁਣ ਮਈ ਪ੍ਰਕ੍ਰਿਤੀ ਰੂਪ ਜੜ੍ਹ ਵਸਤੂ ਕੋ (ਉਪਾਸਤੇ) ਉਪਾਸਯ ਭਾਵ ਸੇ ਜਾਨਤੇ ਹੈ ਵੇ (ਅੰਧੰਤਮः) ਆਵਰਣ ਕਰਨੇ ਵਾਲੇ ਅੰਧਕਾਰ ਕੋ (ਪ੍ਰਵਿਸੰਤੀ) ਅਛੇ ਪ੍ਰਕਾਰ ਪ੍ਰਾਪਤ ਹੋਤੇ ਔਰ (ਯੇ) ਜੋ (ਸੰਭੂਤਯਾਮ) ਮਹਤਤਵਾਦੀ ਸਰੂਪ ਸੇ ਪਰਿਣਾਮ ਕੋ ਪ੍ਰਾਪਤ ਹੁਈ ਸ੍ਰਿਸ਼ਟੀ ਮੇਂ (ਰਤः) ਰਮਣ ਕਰਤੇ ਹੈਂ (ਤੇ) ਵੇ (ਉ) ਵਿੱਤਰਕ ਕੇ ਸਾਥ (ਤਤः) ਉਸ ਸੇ (ਭੂਯ ਏਵ) ਅਧਿਕ ਜੈਸੇ ਵੈਸੇ (ਤਮः) ਅਵਿਦਿਆ ਰੂਪ ਅੰਧਕਾਰ ਕੋ ਪ੍ਰਾਪਤ ਹੋਤੇ ਹੈਂ, ਇਸ ਅਰਥ ਵਿਚ ਇਹ ਕਿਤੇ ਨਹੀਂ ਕਿਹਾ ਕਿ ਮੂਰਤੀ ਪੂਜਾ ਕਰਨ ਵਾਲੇ ਲੋਗ ਮਹਾਂ ਅਗਿਆਨ (ਅੰਧੇਰੇ) ਵਿਚ ਫਸ ਜਾਂਦੇ ਹਨ, ਕਿੰਤੂ ਇਥੇ ਸੁਆਮੀ ਜੀ ਨੇ ਇਹ ਜਣਾਇਆ ਸਿਧ ਹੁੰਦਾ ਹੈ ਕਿ ਜੋ ਨਾਸਤਕ ਲੋਗ ਪ੍ਰਮੇਸ਼ਰ ਨੂੰ ਛਡਕੇ ਕੇਵਲ ਜੜ੍ਹ ਪ੍ਰਕ੍ਰਿਤੀ ਨੂੰ ਹੀ ਉਪਾਸਯ ਭਾਵ ਸੇ ਜਾਣਦੇ ਹਨ ਭਾਵ ਪ੍ਰਕ੍ਰਿਤੀ ਨੂੰ ਹੀ ਮੂਲ, ਕਾਰਣ ਸਭ ਸੇ ਬੜਾ ਜਾਣਦੇ ਹਨ, ਉਹ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਧਕਾਰ (ਅਗਿਆਨ) ਨੂੰ ਪ੍ਰਾਪਤ ਹੁੰਦੇ ਹਨ, ਅਤੇ ਜੋ ਲੋਕ ਸ੍ਰਿਸਟੀ ਮੇਂ ਹੀ ਰਮਣ ਕਰਦੇ ਹਨ ਭਾਵ ਸ੍ਰਿਸਟੀ=ਪੈਦਾ ਹੋਇ ਹੋਇ ਸੰਸਾਰ ਦੇ ਭੋਗਾਂ ਵਿਚ ਹੀ ਆਸ਼ਕਤ ਰਹਿੰਦੇ ਹਨ ਉਹ ਉਨਾਂ ਨਾਸਤਕਾਂ ਨਾਲੋਂ ਵੀ ਜਿਆਦਾ ਅਵਿਦਿਆ ਰੂਪ ਅੰਧੇਰੇ ਨੂੰ ਪ੍ਰਾਪਤ ਹੁੰਦੇ ਹਨ, ਇਸ ਵਿਚੋਂ ਮੂਰਤੀ ਪੂਜਾ ਦਾ ਨਿਸ਼ੇਧ ਸਿਧ ਨਹੀਂ ਹੁੰਦਾ, ਕਿਉਂਕਿ ਮੂਰਤੀ ਪੂਜਾ ਕਰਨੇ ਵਾਲੇ ਲੋਗ ਪ੍ਰਮੇਸ਼ਰ ਨੂੰ ਨਹੀਂ ਛੱਡ ਦਿੰਦੇ ਬਲਕਿ ਮੂਰਤੀ ਦੁਆਰਾ ਪ੍ਰਮਾਤਮਾਂ ਦੀ ਪੂਜਾ ਕਰਦੇ ਹਨ, ਕਿੰਤੂ ਇਥੇ ਸੁਆਮੀ ਜੀ ਅਰਥ ਕਰ ਰਹੇ ਹਨ, ਕਿ ਜੋ ਲੋਗ ਪ੍ਰਮੇਸ਼ਰ ਨੂੰ ਛੋੜਕੇ... ਤਾਂਤੇ ਪ੍ਰਮੇਸ਼ਰ ਨੂੰ ਨਾਸਤਕ ਲੋਗ ਹੀ ਛੋੜ ਦਿੰਦੇ ਹਨ, ਇਸ ਲਈ ਇਹ ਅਰਥ ਨਾਸਤਕਾਂ ਉਤੇ ਹੀ ਲਾਗੂ ਹੁੰਦਾ ਹੈ।

ਬਾਕੀ ਇਸ ਮੰਤ੍ਰ ਦਾ ਦੇਵਤਾ ਆਤਮਾ ਹੈ, ਅਤੇ ਮਹ ਰਿਸ਼ੀ ਯਾਸਕ, ਜੀ ਨਿਰੁਕਤ ਵਿਚ ਲਿਖਦੇ ਹਨ ਕਿ, ਯਾਤ੍ਤੇਨੋਚਯਤੇ ਸਾ ਦੇਵਤਾ: ਮੰਤ੍ਰ ਵਿਚ ਜਿਸਦਾ ਵਰਨਨ ਹੋਵੇ ਉਹ ਉਸ ਮੰਤ੍ਰ ਦਾ ਦੇਵਤਾ ਹੁੰਦਾ ਹੈ, ਔਰ ਪ੍ਰਾਚੀਨ ਰਿਸ਼ੀ ਲੋਗੋਂ ਨੇ ਇਸ ਮੰਤ੍ਰ ਦਾ ਦੇਵਤਾ ਆਤਮਾ ਦਸਿਆ ਹੈ, ਤਾਂਤੇ ਇਸ ਮੰਤ੍ਰ ਵਿਚ ਆਤਮਾ ਦਾ ਵਰਨਨ ਹੀ ਅਰਥ ਹੋਣਾ ਚਾਹੀਦਾ ਹੈ, ਕਿਸੇ ਜੜ੍ਹ ਵਸਤੂ ਦਾ ਨਹੀਂ, ਯੇ ਅਸੰਭੂਤੀ ਮੁਪਾਸਤੇ ਤੇ ਅੰਧੰ ਤਮ: ਪ੍ਰਵਿਸ਼ੰਤੀ, ਜੋ ਅਸੰਭੂਤੀ ਸਰੀਰ ਆਦਕ ਦੀ ਹੀ ਉਪਾਸਨਾਂ ਕਰਦੇ ਹਨ ਭਾਵ ਜੋ ਇਹ ਮੰਨਦੇ ਹਨ, ਕਿ ਸਰੀਰ ਤੋਂ ਵਖਰਾ ਹੋਰ ਕੋਈ ਆਤਮਾ ਨਹੀਂ ਕਿੰਤੂ ਸਰੀਰ ਹੀ ਆਤਮਾ ਹੈਂ ਇਸ ਦੇ ਖਤਮ ਹੋਣੇ ਸੇ ਸਭ ਕੁਛ ਇਥੇ ਹੀ ਖਤਮ ਹੋ ਜਾਂਦਾ ਹੈ, ਇਸ ਸਿਧਾਂਤ ਦੇ ਮੰਨਣ ਵਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਸਤਕ ਲੋਗ ਅੰਧ ਘੋਰ ਅਗਿਆਨ ਵਿਚ ਫਸ ਜਾਂਦੇ ਹਨ ਇਸ ਵਿਚੋਂ ਇਹ ਸਿਧ ਕੀਤਾ ਕਿ ਸਰੀਰ ਤੋਂ ਵਖਰਾ ਆਤਮਾ ਮੰਨਣ ਯੋਗ ਮੌਜੂਦ ਹੈ, ਅਤੇ ਫਿਰ ਅਗੇ ਦਸਿੱਆ ਹੈ ਕਿ, ਯੇ ਸੰਭੂਤਯਾਂ ਰਤਾ: ਤੇ ਤਤ: ਭੂਯ ਏਵ ਅੰਧੰ ਤਮ: ਪ੍ਰਵਿਸ਼ੰਤੀ, ਜੋ ਲੋਗ ਕਰਮ ਕਾਂਡ ਨੂੰ ਛਡ ਕੇ ਕੇਵਲ ਅਹੰਬ੍ਰਹਮਾਸਮੀ, ਆਦਕ ਉਚਾਰਨ ਕਰਦੇ ਹੋਇ ਬ੍ਰਹਮਾਤਮ ਵਿਚ ਰਮਣ ਕਰਦੇ ਹਨ ਉਹ ਉਸ ਸੇ ਵੀ ਵਧ ਅਗਿਆਨ ਵਿਚ ਫਸ ਜਾਂਦੇ ਹਨ ਕਿਉਂਕਿ ਕਰਮ ਦੇ ਤਿਆਗ ਸੇ ਅੰਤਾ: ਕਰਨ ਦੀ ਸ਼ੁਧੀ ਨਹੀਂ ਹੋ ਸਕਦੀ ਤਾਂਤੇ ਇਸ ਮੰਤ੍ਰ ਦੇ ਉਤ੍ਰਾਰਧ ਵਿਚ ਵੀ ਕਰਮ ਆਦਕ ਸਾਧਨਾਂ ਦੁਆਰਾ ਬ੍ਰਹਮਾਤਮ ਵਿਚ ਰਮਣ ਕਰਨ ਦੀ ਵਿਧੀ ਲਗਾਈ ਗਈ ਹੈ, ਮੂਰਤੀ ਪੂਜਾ ਦਾ ਨਿਸ਼ੇਧ ਕਿਤੇ ਨਹੀਂ ਕੀਤਾ, ਔਰ ਇਸ਼ੇ ਅਰਥ ਦੀ ਪੁਸ਼ਟੀ ਕਿਸੇ ਨਾ ਕਿਸੇ ਰੂਪ ਵਿਚ ਇਸ ਮੰਤਰ ਦੇ ਅਰਥ ਕਰਨ ਵਿਚ ਸ੍ਰੀ ਮਹੀਧਰ ਸ੍ਰੀ ਉਬਟ ਸ੍ਰੀ ਸਾਯਣ ਸ੍ਰੀ ਸ਼ੰਕਰਾਚਾਰਯ ਸ੍ਰੀ ਰਿਸ਼ੀ ਕੁਮਾਰ ਸ੍ਰੀ ਰਾਮ ਸਰੂਪ ਸ੍ਰੀ ਗਿਰਿਧਰ ਸ੍ਰੀ ਜੁਵਾਲਾ ਪ੍ਰਸਾਦਿ ਆਦਕਾਂ ਨੇ ਕੀਤੀ ਹੈ, ਭਾਵ ਮੂਰਤੀ ਪੂਜਾ ਦਾ ਨਿਸ਼ੇਧ ਅਰਥ ਕਿਸੇ ਨੇ ਵੀ ਨਹੀਂ ਕੀਤਾ, ਜੇਕਰ ਹਠ ਹੀ ਕੀਤਾ ਜਾਵੇ ਕਿ ਵੇਦ ਵਿਚ ਜੜ੍ਹ ਵਸਤੂ ਦੀ ਉਪਾਸ਼ਨਾਂ ਕਰਨ ਵਾਲੇ ਮਹਾਂ ਅਗਿਆਨ ਵਿਚ ਫਸ ਜਾਂਦੇ ਹਨ ਇਹੀ ਸਿਧਾਂਤ ਹੈ ਤਾਂ, ਨਮਸਤੇ ਸਤੁ ਵਿਦਯੁਤੇ ਨਮਸਤੇ ਸਤਨ ਯਿਤਨਵੇਂ, ਨਮਸਤੇਸਤਵ ਸ਼ਮਨੇ ਯੇ ਨਾ ਦੂੜਾਸ਼ੇ ਅਸਯਸਿ, ਅਥ੍ਰਵ ਵੇਦ ਕਾਂਡ ੧ ਸੂਕਤ ੧੩ ਮੰਤ੍ਰ ੧ ਵਿਚ ਵੇਦ ਨੇ ਬਿਜਲੀ, ਗਰਜਨਾ, ਪਥਰ ਨੂੰ ਨਿਮਸਕਾਰ ਕਰਵਾਈ ਹੈ, ਤਾਂਤੇ ਪਥਰ ਦੀ ਮੂਰਤੀ ਦੀ ਪੂਜਾ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਵਾਲੇ ਜੇਕਰ ਮਹਾਂ ਅਗਿਆਨ ਜਾਂ ਨਰਕਾਂ ਵਿਚ ਫਸ ਜਾਂਦੇ ਹਨ, ਮੰਨੀਏ ਤਾਂ ਫਿਰ ਇਥੇ ਪਥਰ ਨੂੰ ਨਮਸਕਾਰ ਕਰਨੇ ਵਾਲੇ ਵੀ ਕਿਵੇਂ ਮਹਾਂ ਅਗਿਆਨ ਤੇ ਨਰਕਾਂ ਤੋਂ ਬਚ ਸਕਣਗੇ ਤਾਂਤੇ ਉਤੇ ਜੋ ਅਰਥ ਕੀਤਾ ਗਿਆ ਹੈ ਉਹੋ ਠੀਕ ਹੈ।

ਬਾਕੀ ਇਸ ਨਮਸਤੇ ਅਸਤ੍ਰੂ ਵਿਦਯੁਤੇ ਨਮਸਤੇ ਸਤਨ ਯਿਤਨਵੇਂ ਆਦਕ ਮੰਤ੍ਰ ਦਾ ਅਰਥ ਸ੍ਰੀ ਪੰਡਤ ਖੇਮ ਕਰਣ ਦਾਸ ਤ੍ਰਿਵੇਦੀ, ਆਰਯਾ ਸਮਾਜੀ ਦੇ ਕੀਤੇ ਹੋਇ ਆਪਣੇ ਅਥ੍ਰਵ ਵੇਦ ਭਾਸ਼ਯ, ਕਾਂਡ ੧ ਸੰਮਤ ੧੯੬੯ ਬ੍ਰਿਕ੍ਰਮੀ ਪ੍ਰਿਥਮਾਵਿਰਤੀ, ੧੦੦੦ ਛਪੇ ਦੇ ਸਫਾ ੬੭ ਪਰ ਲਿਖਾ ਹੈ ਕਿ, ਹੇ ਪ੍ਰਮੇਸ਼੍ਰ (ਤੇ) ਤੁਝ (ਵਿਦਯੁਤੇ) ਕੌਂਧਾ ਲੇਤੀ ਹੁਈ ਬਿਜਲੀ ਰੂਪ ਕੋ (ਨਮਃ) ਨਮਸਕਾਰ (ਅਸਤੂ) ਹੋਵੇ (ਤੇ) ਤੁਝ (ਸੱਤਨ ਯਿਤਨਵੇਂ) ਗੜ ਗੜਾਤੇ ਹੂਏ ਬਾਦਲ ਰੂਪ ਕੋ (ਨਮਃ) ਨਮਸਕਾਰ ਹੋਵੇ (ਤੇ) ਤੁਝ (ਅਸ਼ਮਨੇ) ਪਾਖਾਨ ਰੂਪ ਕੋ (ਨਮਃ) ਨਮਸਕਾਰ (ਅਸਤੂ) ਹੋਵੇ (ਯੇਨ) ਜਿਸ ਪਥਰ ਸੇ (ਦੂੜਾਸ਼ੇ) ਦੁਖਦਾਯੀ ਪੁਰਸ਼ ਕੋ (ਅਸਜਸਿ) ਤੂੰ ਢਾਹ ਦੇਤਾ ਹੈ, ਇਸ ਅਰਥ ਵਿਚ ਆਰਯਾ ਸਮਾਜ ਦੇ ਵਿਦਵਾਨ ਭੀ ਸਾਫ ਮੰਨ ਰਹੈ ਹਨ ਕਿ, ਹੇ ਪ੍ਰਮੇਸ਼ਰ ਤੁਝ ਬਿਜਲੀ ਰੂਪ ਕੋ ਤੁਝ ਗੜ ਗੜਾਤੇ ਹੂਏ ਬਾਦਲ ਰੂਪ ਕੋ ਤੁਝ ਪਾਖਾਨ (ਪਥਰ) ਰੂਪ ਕੋ ਨਮਸਕਾਰ ਹੋਵੇ, ਬਿਜਲੀ, ਬਦੱਲ, ਪਥਰ ਇਹ ਤਿੰਨੇ ਹੀ ਜੜ੍ਹ ਪ੍ਰਤੀਤ ਹੁੰਦੇ ਹਨ, ਚੇਤਨ ਨਹੀਂ, ਔਰ ਪ੍ਰਮਾਤਮਾਂ ਜਦ ਚੇਤਨ ਹੈ ਤਾਂ ਉਸਨੂੰ ਪਥਰ ਸਰੂਪ ਕਿਉਂ ਕਿਹਾ ਜੇਕਰ ਵੇਦ ਪਥਰ ਨੂੰ ਵੀ ਪ੍ਰਮਾਤਮਾਂ ਦਾ ਰੂਪ ਕਹਿਕੇ ਨਮਸਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਦੀ ਆਗਿਆ ਦੇ ਰਿਹਾ ਹੈ, ਤਾਂ ਫਿਰ ਮੂਰਤੀ ਪੂਜਕ ਪਥਰ ਦੀ ਮੂਰਤੀ (ਪਥਰ) ਨੂੰ ਪ੍ਰਮਾਤਮਾਂ ਕਹਿਕੇ, ਨਮਸਕਾਰ ਕਰਦੇ ਹਨ ਤਾਂ ਉਹ ਮਹਾਂ ਅਗਿਆਨ ਤੇ ਨਰਕਾਂ ਵਿਚ ਕਦੀਂ ਨਹੀਂ ਫਸ ਸਕਦੇ ਜੇਕਰ ਇਥੇ ਇਹ ਸ਼ੰਕਾ ਕੀਤੀ ਜਾਵੇ ਕਿ ਵੇਦ, ਨੇ ਪਥਰ ਰੂਪ ਨੂੰ ਨਮਸਕਾਰ ਕਰਵਾਈ ਹੈ, ਮੂਰਤੀ ਨੂੰ ਨਹੀਂ, ਤਾਂ ਪਥਰ ਵੀ ਜੜ੍ਹ ਹੈ ਔਰ ਮੂਰਤੀ ਵੀ ਜੜ੍ਹ ਹੈ, ਬਾਕੀ ਪਥਰ ਨੂੰ ਨਮਸਕਾਰ, ਫਿਰ ਕੁਲ ਪਹਾੜਾਂ, ਪਕੀਆਂ ਸੜਕਾਂ ਅਤੇ ਵਟਿਆਂ ਨੂੰ ਵੀ ਕਰਨੀ ਪਵੇਗੀ ।

ਅਤੇ ਜੇਕਰ ਹਠ ਹੀ ਕੀਤਾ ਜਾਵੇ ਕਿ, ਅਸੰਭੂਤੀ ਦਾ ਅਰਥ ਸਰੀਰ ਨਹੀਂ, ਤੇ ਸੰਭੂਤਯਾਂ ਦਾ ਅਰਥ ਬ੍ਰਹਮਾਤਮ ਨਹੀਂ, ਅਸੰਭੂਤੀ ਦਾ ਅਰਥ ਕੇਵਲ ਅਨੁਤਪੰਨ ਜੜ੍ਹ ਪ੍ਰਕ੍ਰਿਤੀ ਅਤੇ ਸੰਭੂਤਯਾਂ ਦਾ ਅਰਥ ਪਰਿਣਾਮ ਕੋ ਪ੍ਰਾਪਤ ਹੋਈ ਸ੍ਰਿਸ਼ਟੀ ਹੀ ਹੈ ਤਾਂ ਵੀ ਸ਼ਬਦ (ਮੁਖਦੁਆਰਾ ਨਿਕਲੀ ਹੋਈ ਬਾਣੀ) ਵੀ ਜੜ ਚੇਤਨ ਨਹੀਂ, ਔਰ ਪ੍ਰਛਿੰਨ (ਸੂਵ ਵਿਆਪਕ ਨਹੀਂ) ਹੈ ਤਾਂ ਉਸ ਸ਼ਬਦ (ਬਾਣੀ) ਦੁਆਰਾ ਪ੍ਰਮਾਤਮਾਂ ਦਾ ਗਿਆਨ ਹੋਣਾ ਵੀ ਦੂਸ਼ਤ ਹੀ ਮੰਨਣਾ ਪਵੇਗਾ, ਅਤੇ ਆਪਣੀ ਬਾਣੀ ਦੁਆਰਾ ਪ੍ਰਮਾਤਮਾਂ ਦਾ ਸਿਮਰਨ, ਉਪਮਾ, ਭਗਤੀ, ਆਦਕ ਸਭ ਕੁਝ ਕਰਨਾ ਹੀ ਨਿਸ਼ਫਲ ਸਿਧ ਹੋਵੇਗਾ, ਕਿਉਂਕਿ ਜੜ੍ਹ ਪ੍ਰਛਿੰਨ, ਮੂਰਤੀ ਦੁਆਰਾ ਕੀਤੀ ਗਈ ਪ੍ਰਮਾਤਮਾਂ ਦੀ ਪੂਜਾ ਭਗਤੀ ਜਦ ਪਾਪ ਹੋਵੇ ਤਾਂ ਜੜ੍ਹ, ਪ੍ਰਛਿੰਨ ਹੀ ਕਿਸੇ ਬਾਣੀ ਦੁਆਰਾ ਕੀਤੀ ਗਈ ਉਪਮਾਂ, ਭਗਤੀ, ਜਪ, ਆਦਕ ਕਿਵੇਂ ਨਹੀਂ ਪਾਪ ਸਿਧ ਹੋ ਸਕੇਗਾ, ਕਾਰਨ ਇਹ ਕਿ ਜੜ੍ਹ, ਪ੍ਰਛਿੰਨ ਦੁਆਰਾ ਪੂਜਾ ਕਰਨੀ ਅਗਰ ਪਾਪ ਹੁੰਦਾ ਇਕ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਾਨੂੰਨ ਹੈ ਤਾਂ ਇਹ ਸਭ ਥਾਂਈਂ ਲਾਗੂ ਹੋਵੇਗਾ, ਕੇਵਲ ਮੂਰਤੀ ਪੂਜਾ ਪਰ ਹੀ ਨਹੀਂ ਲਾਗੂ ਰਹਿ ਸਕੇਗਾ।

੧੪. ਪ੍ਰਸ਼ਨ—ਮੈਂ ਇਕ ਦਿਨ ਆਰਜਾ ਸਮਾਜ ਦੇ ਜਲਸੇ ਵਿਚ ਗਿਆ ਤੇ ਉਥੇ ਇਕ ਪੰਡਤ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ, ਵੇਦ ਵਿਚ ਲਿਖਿਆ ਹੈ ਕਿ ਪ੍ਰਮਾਤਮਾਂ ਦੀ ਮੂਰਤੀ ਨਹੀਂ ਹੋ ਸਕਦੀ, ਜਦ ਨਹੀਂ ਹੋ ਸਕਦੀ ਤਾਂ ਮੂਰਤੀ ਪੂਜਾ ਕਰਨੀ ਨਿਸ਼ੇਧ ਕਰਮ ਸਿਧ ਹੋ ਗਿਆ।

ਉਤਰ—ਵੇਦ ਵਿਚ, ਨ ਤਸਯ ਪ੍ਰਤਿਮਾ ਅਸਤਿ, ਏਹੀ ਵੇਦ ਮੰਤ੍ਰ (ਯਜੁਰ ੩੨।੩) ਹੋਵੇਗਾ ਇਸਦਾ ਅਰਥ ਸ੍ਰੀ ਸੁਆਮੀ ਮਹ ਰਿਸ਼ੀ ਦਯਾ ਨੰਦ ਜੀ ਨੇ ਆਪਣੇ ਯਜੁਰ ਵੇਦ ਦੇ ਭਾਸ਼ਯ ਵਿਚ ਕੀਤਾ ਹੈ ਕਿ, (ਤਸਜ) ਉਸ ਪ੍ਰਮੇਸ਼ਵਰ ਕੀ (ਪ੍ਰਤਿਮਾ) ਪ੍ਰਤਿਮਾ-ਪਰਿਮਾਣ ਉਸਕੇ ਤੁਲਜ ਅਵਧੀ ਕਾ ਸਾਧਨ ਪ੍ਰਤਿ ਕ੍ਰਿਤਿ, ਮੂਰਤੀ ਵਾ ਆਕ੍ਰਿਤੀ (ਨਅਸਤਿ) ਨਹੀਂ ਹੈ, ਔਰ ਮਹ ਰਿਸ਼ੀ ਜੀ ਨੇ ਇਸੇ ਮੰਤ੍ਰ ਦੇ ਦੂਜੇ ਅਰਥ ਵਿਚ ਇਸਦਾ ਇਹ ਅਰਥ ਲਿਖਿਆ ਹੈ ਕਿ, ਜਿਸ ਪ੍ਰਮੇਸ਼ਰ ਕੀ ਪ੍ਰਸਿਧ ਮਹਤੀ ਕੀਰਤੀ ਹੈ, (ਤਸਜ) ਉਸਕਾ (ਪ੍ਰਤਿਮਾ) ਪ੍ਰਤਿਬਿੰਬ ਤਸਵੀਰ ਨਹੀਂ ਹੈ, ਇਹ ਠੀਕ ਹੈ ਅਦੁਤੀ ਪ੍ਰਮਾਤਮਾਂ ਦੇ ਤੁਲ ਹੋਰ ਕੁਛ ਵੀ ਨਹੀਂ ਹੋ ਸਕਦਾ ਔਰ ਨਾ ਉਸਦੀ ਕੋਈ ਜਿਉਂ ਕੀ ਤਿਉਂ ਤਸਵੀਰ ਹੀ ਹੋ ਸਕਦੀ ਹੈ ਅਤੇ ਨਾ ਹੀ ਕੋਈ ਪਰਿਮਾਣ, ਮਾਪਾ ਹੀ ਹੋ ਸਕਦਾ ਹੈ, ਕਿ ਪ੍ਰਮਾਤਮਾਂ ਕਿੰਨਾ ਕੁ ਹੈ, ਪਰੰਤੂ ਕੁਛ ਨਹੀਂ ਦੀ ਸੂਚਕ ਗੋਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿੰਦੀ ੦ ਜ਼ੀਰੋ ਇਹ ਮੂਰਤੀ ਕਾਇਮ ਕੀਤੀ ਹੈ ਜਿਸਨੂੰ ਦੇਖ ਕੇ, ਕੁਛ ਨਹੀਂ, ਦਾ ਗਿਆਨ ਹੋ ਜਾਂਦਾ ਹੈ ਅਕਾਸ਼ ਦਾ ਵੀ ਕੋਈ ਪਰਿਮਾਣ, ਮਾਪਾ ਨਹੀਂ ਕਿ ਕਿਤਨਾ ਔਰ ਕਿਸ ਜਿਹਾ ਹੈ, ਔਰ ਨਾਂਹੀ ਕੋਈ ਅਕਾਸ਼ ਦਾ ਰੂਪ ਰੰਗ ਹੈ ਪਰ ਫਿਰ ਵੀ ਸਰਵਤ੍ਰ ਵਿਆਪਕ ਅਕਾਸ਼ ਦੀ ਇਹੀ ਗੋਲ ਬਿੰਦੀ ੦ ਸਿਫ਼ਰ ਮੁਕਰਰ ਕੀਤੀ ਗਈ, ਧਾਰਮਕ ਗ੍ਰੰਥਾਂ ਵਿਚ ਮੂਰਤੀ ਹੀ ਹੈ, ਜਿਸਨੂੰ ਦੇਖ ਕੇ ਅਕਾਸ਼ ਦਾ ਗਿਆਨ ਹੁੰਦਾ ਹੈ, ਅਤੇ ਟਾਈਮ (ਵਕਤ) ਦੀ ਵੀ ਮੂਰਤੀ ਘੜੀ ਆਦਕ ਹੈ ਔਰ ਬਰਸ ਮਹੀਨੇ ਆਦੀ ਹਿਸੇ ਔਰ ਭੂਤ, ਭਵਿਸ਼ਯ, ਵਰਤਮਾਨ ਆਦੀ ਮਾਪਾ ਵੀ ਬੁਧੀ ਸੇ ਕਲਪਨਾ ਕੀਤਾ ਗਿਆ ਹੋਇਆ ਹੈ, ਵਾਸਤਵ ਵਿਚ ਟਾਈਮ ਦਾ ਵੀ ਕੋਈ ਰੂਪ ਰੰਗ ਨਹੀਂ ਔਰ ਵਿਆਪਕ ਵੀ ਹੈ, ਪਰ ਫਿਰ ਵੀ ਉਪ੍ਰੋਕਤ ਬੁਧੀ ਦੁਆਰਾ ਕਲਪਤ ਕੀਤੀਆਂ ਗਈਆਂ ਮੂਰਤੀਆ ਸੇ ਹੀ ਅਸਲੀ ਟਾਈਮ ਔਰ ਅਸਲੀ ਅਕਾਸ਼ ਅਤੇ ਕੁਛ ਨਹੀਂ, ਆਦਕ ਅਰੂਪ ਵਿਆਪਕ ਵਸਤੂਆਂ ਦਾ ਗਿਆਨ ਹੋ ਜਾਂਦਾ ਹੈ, ਇਹ ਅਨੁਭਵ ਜਗਤ ਵਿਚ ਸਭ ਨੂੰ ਪ੍ਰਸਿਧ ਹੈ, ਤਾਂ ਉਸ ਨਿਰਾਕਾਰ ਪ੍ਰਮਾਤਮਾਂ ਦੀ ਬੁਧੀ ਦੁਆਰਾ ਕਲਪਨਾ ਕੀਤੀ ਗਈ ਕਿਸੇ ਮੂਰਤੀ ਦੀ ਪੂਜਾ ਭਗਤੀ ਕਰਨੇ ਸੇ ਅਸਲ ਨਿਰਾਕਾਰ ਪ੍ਰਮਾਤਮਾਂ ਦੀ ਹੀ ਪੂਜਾ ਭਗਤੀ ਕੀਤੀ ਜਾਂਦੀ ਹੈ ਕਿਵੇਂ ਨਹੀਂ ਮੰਨੀ ਜਾ ਸਕੇਗੀ, ਤਾਂਤੇ ਇਸ ਅਰਥ ਸੇ ਵੀ ਮੂਰਤੀ ਪੂਜਾ ਦਾ ਖੰਡਨ ਨਹੀਂ ਹੋ ਸਕਦਾ।

ਬਾਕੀ: ਜੇਕਰ ਕੇਵਲ ਹਠ ਹੀ ਕਰੀਏ ਕਿ ਨਿਰਾਕਾਰ ਪ੍ਰਮਾਤਮਾਂ ਦੀ ਮੂਰਤੀ ਨਹੀਂ ਹੋ ਸਕਦੀ ਤਾਂ ਇੰਜ ਵੇਦ ਵਿਚ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮਾਤਮਾਂ ਦੇ ਸਾਕਾਰ ਸ਼ਿਵ ਸਰੂਪ ਦੀ ਪੂਜਾ ਭਗਤੀ ਵੀ ਲਿਖੀ ਹੈ, ਯਥਾ: ਮੁਖਾਯਤੇ ਪਸ਼ੂਪਤੇ ਯਾਨਿ ਚਕ੍ਸ਼ਸਿ ਤੇ ਭਵ ਤ੍ਵਚੇ ਰੂਪਾਯ ਸੰਦ੍ਰਸ਼ੇ ਪ੍ਰਤੀ ਚੀਨਾਯ ਤੇ ਨਮ: ੫ ਨਮਸਤੇ ਸਤ ਵਾਯਤੇ ਨਮੋ ਅਸਤੂ ਪ੍ਰਾਯਤੇ, ਨਮਸਤੇ ਰੁਦ੍ਰ ਤਿਸ਼ਠਤ ਆਸੀਨਾਯੋਤ ਤੇ ਨਮ: ੧੫ ਅਥ੍ਰਵ ਵੇਦ ਕਾਂਡ ੧੧ ਪ੍ਰਪਾਠਕ ੨੪ ਅਨੁਵਾਕ ੧ ਮੰਤ੍ਰ ੫, ੧੫ ਹੇ ਪਸ਼ੂਪਤੇ ਤੇਰੇ ਮੁਖ ਨੂੰ ਹੇ ਭਵ ਤੇਰੀਆਂ ਅਖਾਂ ਨੂੰ ਤੇਰੀ ਤ੍ਵਚਾ ਭਾਵ ਦੇਖਨੇ ਯੋਗ ਜੋ ਤੇਰਾ ਰੂਪ ਹੈ ਉਸ ਨੂੰ ਹੇ ਪਸਚਿਮ ਦਿਸ਼ਾ ਕੇ ਅਧਿਪਤੀ ਪ੍ਰਨਾਮ ਹੈ, ੫, ਆਉਂਦੇ ਹੋਇ ਆਪ ਨੂੰ ਪ੍ਰਨਾਮ ਜਾਂਦੇ ਹੋਇ ਨੂੰ ਪ੍ਰਨਾਮ ਹੇ ਰੁਦ੍ਰ ਖੜੇ ਹੋਇ ਆਪ ਜੀ ਨੂੰ ਪ੍ਰਨਾਮ ਅਤੇ ਬੈਠੇ ਹੋਇ ਨੂੰ ਪ੍ਰਨਾਮ ਇੰਨਾਂ ਮੰਤ੍ਰਾਂ ਵਿਚ ਨਿਰਾਕਾਰ ਵਿਆਪਕ ਪ੍ਰਮਾਤਮਾਂ ਨੂੰ ਨਮਸਕਾਰ ਨਹੀਂ ਕੀਤੀ ਗਈ ਕਿਉਂਕਿ ਨਿਰਾਕਾਰ ਵਿਆਪਕ ਪ੍ਰਮਾਤਮਾਂ ਦਾ ਮੂੰਹ, ਅਖੀ: ਤ੍ਵਚਾ, ਆਉਂਣਾ, ਜਾਣਾਂ, ਖੜੇ ਹੋਣਾ, ਬੈਠਣਾ ਆਦਕ ਨਹੀਂ ਬਣ ਸਕਦਾ, ਇਹ ਉਪ੍ਰੋਕਤ ਕਥਨ ਸਾਰਾ ਸਾਕਾਰ ਸਰੀਰ ਵਿਚ ਹੀ ਘਟ ਸਕਦਾ ਹੈ, ਤਾਂਤੇ ਸਾਕਾਰ ਸਰੀਰ ਮੂਰਤੀ ਮਾਨ ਹੈ, ਮੂਰਤੀ ਮਾਨ ਵਸਤੂ ਦੀ ਮੂਰਤੀ ਸੁਖੈਨ ਹੀ ਬਣ ਸਕਦੀ ਹੈ।

੧੫. ਪ੍ਰਸ਼ਨ—ਆਰਯਾ ਸਮਾਜ ਮਤ ਵਿੱਚ ਕਿਸੇ ਵਿਦਵਾਨ ਨੇ ਅੱਜ ਤਕ ਕਿਸੇ ਵੇਦ ਮੰਤ੍ਰ ਦਾ ਅਰਥ ਪ੍ਰਮਾਤਮਾਂ ਸਾਕਾਰ ਹੈ ਨਹੀਂ ਕੀਤਾ: ਕਿੰਤੂ ਆਪ ਪ੍ਰਮਾਤਮਾਂ ਸਾਕਾਰ ਹੈ ਅਰਥ ਕਰ ਰਹੇ ਹੋ ਕੀ ਸੱਚ ਮੰਨਿਆ ਜਾਵੇ।

ਉਤਰ—ਕਿਉਂ ਨਹੀਂ ਕੀਤਾ, ਪਹਿਲੇ ਤਾਂ ਸ੍ਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਆਮੀ ਮਹਾਂ ਰਿਸ਼ੀ ਦਯਾ ਨੰਦ ਜੀ ਹੀ ਆਪਣੀ, ਵੈਦਿਕ ਸੰਧਿਆ ਲਿਖੀ ਵਿਚ, ਇੱਕ ਅੰਗ, ਮਨਸਾ ਪਰਿਕਰਮਾ ਵੀ ਲਿਖ ਗਏ ਹਨ, ਮਨਸਾ ਪਰਿਕਰਮਾ, ਦਾ ਮਤਲਬ ਇਹੀ ਨਿਕਲਦਾ ਹੈ ਕਿ, ਪ੍ਰਮਾਤਮਾਂ ਦੀ ਮਨ ਕਰਕੇ ਪਰਿਕਰਮਾਂ ਕਰੋ, ਭਾਵ ਆਪਨੇ ਮਨ ਨੂੰ ਪ੍ਰਮਾਤਮਾਂ ਦੇ ਚੁਫੇਰੇ ਫੇਰੋ, ਘੁਮਾਓ, ਔਰ ਮਨ ਪ੍ਰਮਾਤਮਾਂ ਦੇ ਚਾਰ ਚੁਫੇਰੇ ਤਦ ਹੀ ਫਿਰ ਸਕੇਗਾ ਜੇਕਰ ਪ੍ਰਮਾਤਮਾਂ ਨਿਰਾਕਾਰ ਅਤੇ ਸਰਵ ਵਿਆਪਕ ਨਾ ਹੋਵੇ ਕਿਉਂਕਿ ਨਿਰਾਕਾਰ ਪ੍ਰਮਾਤਮਾਂ ਮਨ ਦਾ ਵਿਸ਼ਜ ਨਹੀਂ, ਅਪ੍ਰਾਪਜ ਮਨਸਾ ਸਹ, ਬਾਕੀ ਜੇਕਰ ਪ੍ਰਮਾਤਮਾਂ ਅਨੰਤ ਵਿਆਪਕ ਹੋਵੇ ਤਾਂ ਮਨ ਉਸਦੀ ਸੀਮਾਂ–ਹਦ ਨਹੀਂ ਲੱਭ ਸਕੇਗਾ ਜੇਕਰ ਮਨ ਕੋਈ ਸੀਮਾਂ ਕਾਇਮ ਕਰੇਗਾ ਤਾਂ ਉਹ ਫਿਰ ਅਨੰਤ ਵਿਆਪਕ ਨਹੀਂ ਰਹੇਗਾ, ਕਿਉਂਕਿ ਜਿਸ ਦੀ ਹਦ (ਸੀਮਾਂ) ਮਿਲ ਗਈ ਉਹ ਮਨ ਦੇ ਘੇਰੇ ਅੰਦਰ ਆ ਜਾਣ ਕਰਕੇ ਅਨੰਤ ਵਿਆਪਕ ਨਹੀਂ ਹੋ ਸਕਦਾ।

ਅਤੇ ਮਨ ਜੇਕਰ ਆਪਣੇ ਸਰੀਰ ਦੇ ਬਾਹਰ ਚਾਰ ਚੁਫੇਰੇ, ਵਿਆਪਕ ਪ੍ਰਮਾਤਮਾਂ ਦੇ ਅੰਦਰ ਅੰਦਰ ਹੀ ਫਿਰੇਗਾ ਤਾਂ ਫਿਰ ਉਹ ਪ੍ਰਮਾਤਮਾਂ ਦੀ ਪਰਿਕਰਮਾਂ ਨਹੀਂ ਹੋ ਸਕਦੀ ਉਹ ਤੇ ਫਿਰ ਆਪਣੇ ਸਰੀਰ ਦੀ ਹੀ ਪ੍ਰਕਰਮਾਂ ਸਿਧ ਹੋਵੇਗੀ, ਤਾਂਤੇ ਪ੍ਰਮਾਤਮਾਂ ਦੀ ਪ੍ਰਕਰਮਾਂ ਕਰਨ ਹਿਤ ਮਨ ਵਿਚ ਨਿਰਾ-ਕਾਰ ਵਿਆਪਕ ਪ੍ਰਮਾਤਮਾਂ ਦੇ ਵਿਰੁਧ ਕੋਈ ਪ੍ਰਮਾਤਮਾਂ ਦੀ ਥੋੜ੍ਹੇ ਥਾਂ ਵਿੱਚ ਕਿਸੇ ਆਕਾਰ ਵਾਲੀ ਮੂਰਤੀ ਕਲਪਨਾ ਕਰਨੀ ਪਵੇਗੀ ਜੋ ਉਹ ਪ੍ਰਮਾਤਮਾਂ ਦਾ ਸਾਕਾਰ ਸਰੂਪ ਹੀ ਸਿੱਧ ਹੋਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਕੀ ਕਲਪਨਾ ਕੀਤੇ ਹੋਇ ਕਿਸੇ ਸਰੂਪ ਦੀ ਪ੍ਰਕਰਮਾਂ, ਕਿਸੇ ਮੰਦਰ ਮੂਰਤੀ ਦੀ ਪ੍ਰਕਰਮਾਂ ਨਾਲੋਂ ਕੁਛ ਘਟ ਨਹੀਂ ਹੋਵੇਗੀ।

ਔਰ ਸ੍ਰੀ ਸੁਆਮੀ ਦਯਾ ਨੰਦ ਜੀ ਨੇ ਜੋ ਆਰਯਾ ਭਿਵਿਨਯ ਪੁਸਤਕ ਲਿਖੀ ਹੈ ਉਸਦੀ ਨਵੀਂ ਹੀ ਐਡੀਸ਼ਨ ਸੰਮਤ ਬਿ: ੨੦੧੦ ਵਿਚ ਗੋਵਿੰਦ ਰਾਮ ਹਾਸਾ ਨੰਦ, ਨਈ ਸੜਕ ਦੇਹਲੀ, ਦੇ ਪਤੇ ਪਰ ਛਪੀ ਹੋਈ ਦੇ ਸਫ਼ਾ ੨੨ ਪਰ ਲਿਖਾ ਹੈ ਕਿ, ਹੇ ਅਨੰਤ ਬਲ ਪਰੇਸ਼ ਵਾਯੋ ਦਰਸ਼ਨੀਯ ਆਪ ਆਪਣੀ ਕ੍ਰਿਪਾ ਸੇ ਹੀ ਹਮ ਕੋ ਪ੍ਰਾਪਤ ਹੋ, ਹਮ ਲੋਗੋਂ ਨੇ ਆਪਨੀ ਅਲਪ ਸ਼ਕਤੀ ਸੇ ਸੋਮ (ਸੋਮ ਵਲਯਾਦੀ) ਔਸ਼ਧਿਯੋਂ ਕਾ ਉਤਮ ਰਸ ਸੰਪਾਦਨ ਕੀਆ ਹੈ ਔਰ ਜੋ ਕੁਛ ਭੀ ਹਮਾਰੇ ਸ੍ਰੇਸ਼ਟ ਪਦਾਰਥ ਹੈਂ ਵੋਹ ਆਪ ਕੇ ਲੀਏ ਅਰੰਕ੍ਰਿਤਾ : ਅਰਥਾਤ ਉਤਮ ਰੀਤੀ ਸੇ ਹਮ ਨੇ ਬਨਾਏ ਹੈਂ, ਔਰ ਵੋਹ ਸਭ ਆਪ ਕੇ ਸਮਰਪਣ ਕੀਏ ਗਏ ਹੈਂ, ਉਨ ਕੋ ਆਪ ਸਵੀਕਾਰ ਕਰੋ (ਸਰਵਾਤਮਾ ਸੇ ਪਾਨ ਕਰੋ)।

ਇਥੇ ਵੀ ਇਹ ਸੁਆਲ ਪੈਦਾ ਹੁੰਦਾ ਹੈ ਕਿ, ਜਦ ਪ੍ਰਮਾਤਮਾਂ ਰੋਮ ਰੋਮ ਵਿਚ ਵਿਆਪਕ ਹੈ ਕੋਈ ਥਾਂ ਖਾਲੀ ਨਹੀਂ ਤਾਂ ਫਿਰ ਉਹ ਪ੍ਰਮਾਤਮਾਂ ਜੀਵ, ਮਨ ਬੁਧੀ ਆਦਕਾਂ ਵਿੱਚ ਵੀ ਮੌਜੂਦ ਹੋਵੇਗਾ ਜੇਕਰ ਮੌਜੂਦ ਨਹੀਂ ਤਾਂ ਉਹ ਸਰਵ ਵਿਆਪੀ ਨਹੀਂ ਮੰਨਿਆ ਜਾਵੇਗਾ, ਅਤੇ ਜੇਕਰ ਜੀਵ, ਮਨ ਬੁਧੀ ਆਦਕਾਂ ਵਿਚ ਵੀ ਮੌਜੂਦ ਹੈ ਤਾਂ ਫਿਰ ਜੀਵ, ਜਾਂ ਮਨ ਬੁਧੀ ਵਿਚ ਇਹ ਇੱਛਾ ਹੀ ਨਹੀਂ ਪੈਦਾ ਹੋਣੀ ਚਾਹੀਦੀ ਕਿ ਹੇ ਅਨੰਤਬਲ ਆਪ ਆਪਨੀ ਕ੍ਰਿਪਾ ਸੇ ਹੀ ਹਮ ਕੋ ਪ੍ਰਾਪਤ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਜਦ ਅਗੇ ਹੀ ਪ੍ਰਾਪਤ ਹੈ ਤੇ ਹੋਰ ਫਿਰ ਉਹ ਕੀ, ਪ੍ਰਾਪਤ ਹੋਵੇਗਾ, ਤਾਂਤੇ ਪ੍ਰਮਾਤਮਾਂ ਦੇ ਕਿਸੇ ਸਾਕਾਰ ਸਰੂਪ ਦੀ ਪ੍ਰਾਪਤੀ-(ਮਿਲਨ) ਦੀ ਇਛਾ ਹੀ ਇਥੇ ਸਿਧ ਹੁੰਦੀ ਹੈ, ਬਾਕੀ ਸ੍ਰੀ ਮਹ ਰਿਸ਼ੀ ਜੀ ਨੇ ਇਸ ਵਿਚ ਇਥੇ ਸੋਮਰਸ (ਗਿਲੋ ਆਦਕ ਦੇ ਅਰਕ) ਦਾ ਪ੍ਰਮਾਤਮਾਂ ਨੂੰ ਭੋਗ ਲਗਾਉਣ ਵਾਸਤੇ ਪ੍ਰਾਰਥਨਾ ਕੀਤੀ ਹੈ, ਅਤੇ ਹੋਰ ਵੀ ਸ੍ਰਿਸ਼ਟ ਪਦਾਰਥਾਂ ਨੂੰ ਸੁਈ ਕਾਰ ਕਰਨ ਵਾਸਤੇ ਕਿਹਾ ਹੈ, ਕਿੰਤੂ ਨਿਰਾਕਾਰ ਵਿਆਪਕ ਪ੍ਰਮਾਤਮਾਂ ਵਿਚ ਸੋਮ ਰਸ ਆਦਕ ਨੂੰ ਪੀਣ ਦੀ ਕ੍ਰਿਜਾ ਨਹੀਂ ਬਣ ਸਕਦੀ, ਔਰ (ਸਰਵਾਤਮਾਂ ਸੇ ਪਾਨ ਕਰੋ) ਜੋ ਬਰੈਕਟ ਵਿਚ ਲਿਖਿਆ ਹੈ ਇਸ ਨਾਲ ਵੀ ਕਾਰਜ ਸਿਧੀ ਨਹੀਂ ਹੋ ਸਕਦੀ, ਕਿਉਂਕਿ ਸ੍ਵਾਤਮਾਂ, ਵੀ ਨਿਰਾਕਾਰ ਹੈ ਉਹ ਵੀ ਕਿਸੇ ਸਰੀਰ ਦੁਆਰਾ ਹੀ ਸੋਮਰਸ ਆਦਕ ਨੂੰ ਪੀਵੇਗਾ ਤਾਂਤੇ ਇਥੇ ਵੀ ਕਿਸੇ ਸਾਕਾਰ ਪ੍ਰਮਾਤਮਾਂ ਦੇ ਸਰੂਪ ਨੂੰ ਮਿਲਨ ਦੀ ਇਛਾ ਹੀ ਸਿਧ ਹੋ ਰਹੀ ਹੈ, ਕਾਰਨ ਇਹ ਕਿ ਸੋਮਰਸ ਆਦਕਾਂ ਦੇ ਭੋਗ ਲਵਾਉਣ ਲਈ ਵੀ ਕਿਸੇ ਪ੍ਰਮਾਤਮਾਂ ਦੇ ਸਾਕਾਰ ਸਰੂਪ ਦੀ ਹੀ ਲੋੜ ਹੈ, ਔਰ ਵਿਆਪਕ ਪ੍ਰਮਾਤਮਾਂ ਨੂੰ ਭੋਗ ਲਵਾਂਉਣ ਦੀ ਵੀ ਇਛਾ ਨਹੀਂ ਪੈਦਾ ਹੁੰਦੀ ਕਿਉਂਕਿ ਜੇੜ੍ਹੇ ਪਦਾਰਥਾਂ ਨੂੰ ਭੋਗ ਲਵਾਉਂਣ ਲਈ ਪ੍ਰਾਰਥਨਾਂ ਕਰਨੀ ਹੈ ਉਹ ਪ੍ਰਮਾਤਮਾਂ ਉਨ੍ਹਾਂ ਹੀ ਪਦਾਰਥਾਂ ਵਿਚ ਅਗੇ ਹੀ ਮੌਜੂਦ ਹੈ।

ਬਾਕੀ ਜੇਕਰ ਇਥੇ ਇਹੀ ਕਿਹਾ ਜਾਵੇ ਕਿ ਨਿਰਾਕਾਰ ਵਿਆਪਕ ਪ੍ਰਮਾਤਮਾਂ ਨੂੰ ਹੀ ਭੋਗ ਲਵਾਉਂਣ ਲਈ ਪ੍ਰਾਰਥਨਾ ਕੀਤੀ ਗਈ ਹੈ, ਤਾਂ ਫਿਰ ਇਹ ਸੁਆਲ ਪੈਦਾ ਹੋਵੇਗਾ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਰਥਨਾ ਕਰਨੇ ਸੇ ਨਿਰਾਕਾਰ ਸਰਵ ਵਿਆਪਕ ਪ੍ਰਮਾਤਮਾਂ ਸੋਮ ਰਸ ਆਦਕ ਨੂੰ ਭੋਗ ਲਾ ਲੈਂਦਾ ਹੈ ਕਿ ਨਹੀਂ, ਭਾਵ ਉਹ ਸੋਮ ਰਸ ਆਦਕ ਪਦਾਰਥ ਗ੍ਰਹਿਣ ਕਰ ਲੈਂਦਾ ਹੈ ਕਿ ਉਸੇ ਤਰਾਂ ਜਿਉਂ ਕੇ ਤਿਉਂ ਹੀ ਪਏ ਰਹਿੰਦੇ ਹਨ ਜੇਕਰ ਜਿਉਂ ਕੇ ਤਿਉਂ ਹੀ ਪਏ ਰਹਿੰਦੇ ਹਨ ਵਿਚੋਂ ਕੁਛ ਵੀ ਨਹੀਂ ਘਟਦੇ ਤਾਂ ਇਹ ਵੀ ਮੂਰਤੀ ਪੂਜਾ ਵਤ ਹੀ ਪੂਜਾ ਸਿਧ ਹੋ ਗਈ ਕਿਉਂਕਿ ਮੂਰਤੀ ਅਗੇ ਧਰੇ ਹੋਇ ਭੋਗ ਪਦਾਰਥ ਵੀ ਮੂਰਤੀ ਨਹੀਂ ਖਾਂਦੀ ਤੇ ਵਿਆਪਕ ਪ੍ਰਮਾਤਮਾਂ ਵੀ ਸੋਮ ਰਸ ਆਦਕਾਂ ਨੂੰ ਨਹੀਂ ਖਾਂਦਾ ਕਿੰਤੂ ਕੇਵਲ ਪ੍ਰਾਰਥਨਾਂ ਮਾਤ੍ਰ ਹੀ ਹੈ, ਤਾਂ ਸ੍ਰਵ ਵਿਆਪਕ ਪ੍ਰਮਾਤਮਾਂ ਤੇ ਮੂਰਤੀ ਦੀ ਪੂਜਾ ਦਾ ਭੇਦ ਕੀ, ਰਿਹਾ ਭਾਵ ਕੁਛ ਵੀ ਨਾਂ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਪ੍ਰਮਾਤਮਾਂ ਕਿਸੇ ਸੋਮ ਰਸ ਆਦਕਾਂ ਦਾ ਭੁਖਾ ਨਹੀਂ ਕਿੰਤੂ ਭਗਤਾਂ ਦਾ ਕੁਛ ਅਰਪਨ ਕਰਨਾ ਭਗਤਾਂ ਦੀ ਕੇਵਲ ਸ਼ਰਧਾ ਭਗਤੀ ਹੀ ਹੈ, ਤਾਂ ਇਸੇ ਤਰਾਂ ਮੂਰਤੀ ਪੂਜਕ ਭਗਤ ਵੀ ਆਪਣੇ ਇਸ਼ਟ, ਦੇਵਤਾ, ਈਸ਼ਵਰ ਲਈ ਕਈ ਭੋਗ ਪਦਾਰਥ ਅਰਪਨ ਕਰਦੇ ਹਨ, ਈਸ਼ਵਰ, ਜਾਂ ਦੇਵਤਾ ਖਾਂਦੇ ਹਨ ਜਾਂ ਨਹੀਂ ਇਹ ਸੁਆਲ ਹੀ ਨਹੀਂ ਕਿੰਤੂ ਕੇਵਲ ਸ਼ਰਧਾ ਭਗਤੀ ਹੀ ਪ੍ਰਗਟ ਹੁੰਦੀ ਹੈਂ ਅਤੇ ਕਈ ਮੂਰਤੀ ਪੂਜਕਾਂ ਦੇ ਭੋਗ ਪਦਾਰਥ ਭਗਵਾਨ ਨੇ ਖਾਏ ਇਤਿਹਾਸ ਵਿਚ ਲਿਖੇ ਵੀ ਹਨ ਪਰ ਸਾਡੀ ਇਸ ਉਤੇ ਬਹਿਸ ਨਹੀਂ।

ਅਤੇ ਇਸੇ ਆਰਯਾ ਭਿਵਿਨਯ, ਪੁਸਤਕ ਦੇ ਸਫਾ ੯੨ ਪਰ ਲਿਖਾ ਹੈ ਕਿ, ਹੇ ਦ੍ਰਵਣੀਯ ਸਰੂਪ, ਸਭ ਭੂਤ ਮਾਤ੍ਰ ਆਪ ਹੀ ਮੇਂ ਦ੍ਰਵੇ ਹੈਂ, ਕਿਉਂਕਿ ਕਾਰਯ ਕਾਰਣ ਮੇਂ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲੇ ਹੈਂ ਆਪ ਸਭ ਕੇ ਕਾਰਨ ਹੋ, ਇਥੇ ਵੀ ਸ੍ਰੀ ਸੁਆਮੀ ਮਹ ਰਿਸ਼ੀ ਜੀ ਨੇ ਇਹ ਦਰਸਾਇਆ ਹੈ ਕਿ ਦ੍ਰਵਣੀਯ ਸਰੂਪ (ਪਿਗਲਣ ਸਰੂਪ) ਪ੍ਰਮਾਤਮਾਂ ਵਿਚੋਂ ਹੀ ਸਭ ਭੂਤ (ਜਲ, ਪ੍ਰਿਥਵੀ, ਅਗਨੀ ਆਦਕ) ਦ੍ਰਵੇ ਹਨ। ਤਾਂ ਤੇ ਇਥੇ ਇਹ ਸਾਬਤ ਹੋ ਰਿਹਾ ਹੈ ਕਿ, ਪ੍ਰਮਾਤਮਾਂ ਸਭ ਭੂਤੋਂ ਕਾ ਉਪਾਦਾਨ ਕਾਰਨ ਹੈ ਕਿਉਂਕਿ ਕਾਰਜ ਕਾਰਨ ਮੇਂ ਹੀ ਮਿਲੇ ਹੈ ਵੀ ਲਿਖਿਆ ਹੈ, ਪ੍ਰੰਤੂ ਨਮਿਤ ਕਾਰਨ ਵਿਚ ਕਾਰਯ ਮਿਲ ਨਹੀਂ ਸਕਦਾ, ਉਪਾਦਾਨ ਕਾਰਨ ਵਿਚ ਹੀ ਕਾਰਜ ਮਿਲ (ਲੀਨ ਹੋ) ਸਕਦਾ ਹੈ ਕਿਉਂਕਿ ਨਮਿਤ ਕਾਰਨ ਕਾਰਜ ਸੇ ਅਲਗ ਰਹਿੰਦਾ ਹੈ ਜਿਵੇਂ ਘੜੇ ਰੂਪ ਕਾਰਜ ਦਾ ਨਮਿਤ ਕਾਰਨ ਘੁਮਿਆਰ, ਚਕਰ ਆਦਕ ਹੈ ਉਹ ਘੜੇ ਸੇ ਹਮੇਸ਼ਾ ਹੀ ਅਲਗ ਰਹਿੰਦੇ ਹਨ, ਕਿੰਤੂ ਮਿੱਟੀ ਉਸ ਘੜੇ ਦਾ ਉਪਾਦਾਨ ਕਾਰਨ ਹੈ ਉਹ ਘੜੇ ਸੇ ਕਿਸੇ ਵਕਤ ਵੀ ਅਲਗ ਨਹੀਂ ਹੋ ਸਕਦੀ, ਅਤੇ ਘੜਾ ਜਦ ਟੁਟੇਗਾ ਤਦ ਵੀ ਮਿੱਟੀ ਵਿਚ ਹੀ ਮਿਲੇਗਾ, ਘੁਮਿਆਰ, ਚਕਰ ਆਦਕਾਂ ਵਿਚ ਨਹੀਂ ਮਿਲੇਗਾ, ਤਾਂ ਤੇ ਪਿਗਲਣ ਸਰੂਪ ਪ੍ਰਮਾਤਮਾਂ ਵਿਚੋਂ ਸਾਰੇ ਭੂਤ ਦ੍ਰਵੇ ਹਨ ਜਿਵੇਂ ਸੋਨੇ ਵਿਚੋਂ ਪਿਗਲ ਕੇ ਭੂਸ਼ਣ ਬਣ ਜਾਂਦੇ ਹਨ, ਪ੍ਰੰਤੂ ਉਹ ਭੂਸ਼ਣ ਸੋਨਾ ਸਰੂਪ ਹੀ ਹੁੰਦੇ ਹਨ, ਤਿਵੇਂ ਇਥੇ ਪ੍ਰਮਾਤਮਾਂ ਸਭ ਭੂਤਾਂ ਦਾ ਉਪਾਦਾਨ ਕਾਰਨ ਸਿਧ ਹੋਣੇ ਸੇ ਸਭ ਭੂਤ ਸਰੂਪ ਹੀ ਸਿਧ ਹੋਵੇਗਾ ਕਾਰਨ ਇਹ ਕਿ ਉਪਾਦਾਨ ਕਾਰਨ ਕਾਰਯ ਸੇ ਅਲਗ ਨਹੀਂ ਹੋ ਸਕਦਾ, ਕਿੰਤੂ ਕਾਰਜ ਸਰੂਪ ਹੀ ਹੁੰਦਾ ਹੈ ਬਾਕੀ ਜਲ ਪ੍ਰਿਥਵੀ ਆਦਕ ਭੂਤ ਕਾਰਯ ਸਾਕਾਰ ਹਨ ਇਸ ਲਈ ਪ੍ਰਮਾਤਮਾਂ ਵੀ ਸਾਕਾਰ ਹੀ ਇਥੇ ਸਿਧ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਹਾ ਹੈ।

ਤਥਾ, ਇਸੇ ਆਰਜਾਭਿਵਿਨਜ ਪੁਸਤਕ ਦੇ ਸਫਾ ੬੪ ਤੇ ਲਿਖਿਆ ਹੈ ਕਿ, ਜਬ ਸ੍ਰਿਸ਼ਟੀ ਨਹੀਂ ਹੂਈ ਥੀ ਤਬ ਏਕ ਅਦ੍ਵਤੀਜ ਹਿਰਣ ਗ੍ਰਭ (ਜੋ ਸੂਰਯਾਦੀ ਤੇਜੱਸਵੀ ਪਦਾਰਥੋਂ ਕਾ ਗ੍ਰਭ ਨਾਮ ਉਤਪਤੀ ਸਥਾਨ ਉਤਪਾਦਕ) ਹੈ, ਸੋ ਹੀ ਪ੍ਰਥਮ ਥਾ ਵੋਹ ਸਭ ਜਗਤ ਕਾ ਸਨਾਤਨ ਪ੍ਰਾਦੁਰ ਭੂਤ ਪ੍ਰਸਿਧ ਪਤੀ ਹੈ ਇਥੇ ਵੀ ਮਹਾਂ ਰਿਸ਼ੀ ਜੀ ਸੂਰਜ ਆਦਕਾਂ ਦਾ ਉਤ੍ਪਤੀ ਸਥਾਨ ਭਾਵ ਜਿਸ ਵਿਚੋਂ ਸੂਰਜ ਆਦਕ ਪੈਦਾ ਹੋਇ ਹਨ, ਉਹ ਪ੍ਰਮਾਤਮਾਂ ਹਿਰਣ ਗਰਭ ਸੀ, ਕਹਿ ਰਹੇ ਹਨ, ਜੋ ਚੀਜ਼ ਜਿਸ ਵਿਚੋਂ ਪੈਦਾ ਹੋਵੇ ਉਹ ਉਸ ਤੋਂ ਅਤਿਅੰਤ ਅਲਗ ਨਹੀਂ ਹੋ ਸਕਦੀ ਬਲਕਿ ਉਹ ਉਸੇ ਦਾ ਰੂਪ ਹੀ ਹੁੰਦੀ ਹੈ, ਜਿਵੇਂ ਪ੍ਰਿਥਵੀ ਦੇ ਗਰਭ ਵਿਚੋਂ ਕੋਈ ਚੀਜ਼ ਪੈਦਾ ਹੋਈ ਹੋਈ ਆਖਰ ਉਹ ਪ੍ਰਿਥਵੀ ਸਰੂਪ ਹੀ ਹੁੰਦੀ ਹੈ ਅਤੇ ਸੂਰਜਾਦੀ ਤੇਜਸਵੀ ਪਦਾਰਥ ਸਾਕਾਰ ਪ੍ਰਸਿਧ ਹਨ ਜਿਸ ਹਿਰਣ ਗਰਭ ਵਿਚੋਂ ਇਹ ਨਿਕਲੇ ਹਨ ਉਹ ਹਿਰਣ ਗਰਭ ਪ੍ਰਮਾਤਮਾਂ ਵੀ ਸਾਕਾਰ ਹੀ ਹੋਇਆ ਸਿਧ ਹੋ ਰਿਹਾ ਹੈ।

ਤਥਾ—ਇਸੇ ਆਰਜਾਭਿਵਿਨਜ,ਦੇ ਸਫਾ ੩੨ ਤੇ ਲਿਖਿਅ ਹੈ ਕਿ, ਵਹੀ ਏਕ ਚੇਤਨ ਬ੍ਰਹਮ ਆਪ ਸਦਾ ਪ੍ਰਾਦੁਰ ਭੂਤ ਹੈ ਔਰ ਸਬ ਕਭੀ ਪ੍ਰਾਦੁਰ ਭੂਤ ਕਭੀ ਅਪ੍ਰਾਦੁਰ ਭੂਤ (ਵਿਨਾਸ਼ ਭੂਤ) ਹੋ ਜਾਤੇ ਹੈਂ ਇਥੇ ਵੀ ਏਹ ਪ੍ਰਸ਼ਨ ਪੈਦਾ ਹੁੰਦਾ ਹੈਕਿ ਜੇਕਰ ਅਪ੍ਰਾਦੁਰ ਭੂਤ ਦਾ ਅਰਥ ਵਿਨਾਸ਼ ਭੂਤ ਹੈ ਤਾਂ ਪ੍ਰਾਦੁਰ ਭੂਤ ਦਾ ਅਰਥ ਆਪੇ ਹੀ ਪੈਦਾ ਹੋਣਾ ਜਾਂ, ਕਿਸੇ ਲੋਪ ਹੋਈ ਚੀਜ਼ ਦਾ ਪ੍ਰਗਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣਾ ਸਿੱਧ ਹੋ ਗਿਆ ਤਾਂ ਫਿਰ ਪ੍ਰਮਾਤਮਾਂ ਦੀ ਨਿਰਾਕਾਰਤਾ ਜਾਂ ਵਿਆਪਕਤਾ ਅਥਵਾ ਸਤ ਚਿਤ ਅਨੰਦਤਾ, ਆਦਕ ਕੇਹੜੀ ਚੀਜ਼ ਸਦਾ ਪ੍ਰਾਦੁਰ ਭੂਤ (ਪ੍ਰਤੱਖ ਸਾਹਮਣੇ ਪ੍ਰਗਟ) ਹੈ, ਕੀ ਇਹਨਾਂ ਵਿਚੋਂ ਕੋਈ ਨੇਤਰਾਂ ਜਾਂ ਕੰਨਾਂ ਅਥਵਾ ਕਿਸੇ ਗਿਆਨ ਇੰਦਰਜ ਦਾ ਵਿਸ਼ਜ ਭੀ ਹੈ, ਜੇਕਰ ਕੋਈ ਭੀ ਕਿਸੇ ਗਿਆਨ ਇੰਦਰਜ ਦਾ ਵਿਸ਼ਜ ਨਹੀਂ ਤਾਂ ਪ੍ਰਤੱਖ ਸਾਹਮਣੇ ਸਦਾ ਪ੍ਰਗਟ ਕੀ, ਹੋ ਸਕਦਾ ਹੈ, ਇਸ ਲਈ ਪ੍ਰਮਾਤਮਾਂ ਦਾ ਕੋਈ ਸਾਕਾਰ ਸਰੂਪ ਹੀ ਪ੍ਰਾਦੁਰ ਭੂਤ ਹੋ ਸਕਦਾ ਹੈ।

ਅਤੇ ਇਸੇ ਆਰਜ਼ਾਭਿਵਿਨਜ, ਪੁਸਤਕ ਦੇ ਸਫ਼ਾ ੬੪ ਤੇ ਲਿਖਿਆ ਹੈ ਕਿ, ਹੇ ਅੰਤ੍ਰ ਯਾਂਮਿਨ ਹਮਾਰੇ ਹਿਰਦੈ ਮੇਂ ਸਦਾ ਸਿਥਰ ਹੋ ਮੌਨ ਸੇ ਹੀ ਸਰਵੋਤਮ ਗਿਆਨ ਦੇਓ ਔਰ ਇਸੇ ਪੁਸਤਕ ਦੇ ਸਫ਼ਾ ੫੫ ਤੇ ਲਿਖਿਆ ਹੈ ਕਿ, ਪਰਮਾ ਨੰਦ ਬਲ ਵਾਲੇ ਇੰਦਰ ਪ੍ਰਮਾਤਮਾਂ ਕੋ ਸਖਾ ਹੋਨੇ ਕੇ ਲੀਏ ਅਤਿਅੰਤ ਪ੍ਰਾਰਥਨਾ ਸੇ ਗਦ ਗਦ ਹੋਕੇ ਬੁਲਾਵੇ ਅਥਵਾ: ਇਸੇ ਪੁਸਤਕ ਦੇ ਸਫ਼ਾ ੪੮ ਤੇ ਲਿਖਿਆ ਹੈ ਕਿ, ਜੈਸੇ ਮਨੁਸ਼ ਆਪਣੇ ਘਰ ਮੇਂ ਰਮਣ ਕਰਤਾ ਹੈ ਵੈਸੇ ਹੀ ਆਪ ਸਦਾ ਸ੍ਵਪ੍ਰਕਾਸ਼ ਯੁਕਤ ਹਮਾਰੇ ਹਿਰਦੈ (ਆਤਮਾ) ਮੇਂ ਰਮਣ ਕੀਜੀਏ, ਇਥੇ ਵੀ ਇਹ ਵਿਚਾਰ ਪੈਦਾ ਹੁੰਦੀ ਹੈ ਕਿ ਜਦ ਉਹ ਪ੍ਰਮਾਤਮਾਂ ਉਪ੍ਰੋਕਤ ਲਿਖੇ ਅਨੁਸਾਰ ਸਾਡੇ ਹਿਰਦੇ ਵਿਚ ਚੁਪ ਚੁਪੀਤਾ ਸਦਾ ਇਸਥਿਤ ਹੈ ਤਾਂ ਫਿਰ ਉਸਨੂੰ ਮਿਤ੍ਰ ਹੋਣ ਲਈ ਬੁਲਾਉਂਣਾ ਕਿਥੋਂ ਅਤੇ ਕਿਥੇ ਹੈ, ਕਾਰਨ ਇਹ ਕਿ ਬੁਲਾਉਣਾ ਉਸਨੂੰ ਹੁੰਦਾ ਹੈ ਜੋ ਮੌਜੂਦ ਨਾ ਹੋਵੇ ਕਿੰਤੂ ਜੋ ਸਦਾ ਹੀ ਮੌਜੂਦ ਹੈ ਤਾਂ ਫਿਰ ਉਸਨੂੰ ਬੁਲਾਉਣ ਦੀ ਇਛਾ ਹੀ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਦਾ ਹੋ ਸਕਦੀ ਔਰ ਜਾਂ ਉਸਨੂੰ ਬੁਲਾਉਂਣਾ ਹੁੰਦਾ ਹੈ ਜੋ ਸੁਤਾ ਪਿਆ ਹੋਵੇ ਪ੍ਰੰਤੂ ਜੋ ਸਦਾ ਅਖੰਡ ਜੋਤੀ ਪ੍ਰਕਾਸ਼ ਮਾਨ ਹੋਵੇ ਉਹ ਸੁਤਾ ਹੋਇਆ ਨਹੀਂ ਹੋ ਸਕਦਾ।

ਬਾਕੀ ਜਿਵੇਂ ਮਨੁਸ਼ ਆਪਣੇ ਘਰ ਵਿਚ ਰਮਣ ਕਰਦਾ ਹੈ ਤਿਵੇਂ ਸਾਡੇ ਹਿਰਦੈ ਵਿਚ ਉਹ ਪ੍ਰਮਾਤਮਾਂ ਰਮਣ ਕਰੇਗਾ ਤਾਂ ਮਨੁਸ਼ ਆਪਣੇ ਘਰ ਵਿਚ ਫਿਰਦਾ ਤੁਰਦਾ ਹੈ, ਤਾਂ ਪ੍ਰਮਾਤਮਾਂ ਵੀ ਹਿਰਦੇ ਵਿਚ ਫਿਰੇ ਤੁਰੇਗਾ ਜੇਕਰ ਇੰਜ ਹੀ ਹੋਵੇ ਤਾਂ ਫਿਰ ਹਿਰਦੇ ਵਿਚ ਪੂਰਨ ਵਿਆਪਕ ਨਹੀਂ ਹੋ ਸਕਣਾ ਕਿਉਂਕਿ ਮਨੁਸ਼ ਆਪਣੇ ਘਰ ਵਿਚ ਪੂਰਨ ਵਿਆਪਕ ਨਹੀਂ ਹੁੰਦਾ ਤਦੇ ਹੀ ਫਿਰ ਤੁਰ ਸਕਦਾ ਹੈ ਜੇਕਰ ਪੂਰਨ ਵਿਆਪਕ ਹੋਵੇ ਤਾਂ ਇਕ ਇੰਚ ਭਰ ਵੀ ਇਧਰ ਓਧਰ ਹਿਲ ਨਹੀਂ ਸਕੇਗਾ, ਤਾਂ ਤੇ ਮਲੂਮ ਹੁੰਦਾ ਹੈ ਹਿਰਦੇ ਵਿਚ ਨਿਰਾਕਾਰ ਪੂਰਨ ਵਿਆਪਕ ਪ੍ਰਮਾਤਮਾਂ ਸੇ ਮਨ ਸੰਤੁਸ਼ਟ ਨਹੀਂ ਹੋਇਆ ਤਦੇ ਹੀ ਬੁਲਾਉਣੇ ਸੇ ਆਉਣ ਵਾਲੇ ਪ੍ਰਮਾਤਮਾਂ ਨੂੰ ਬੁਲਾਉਣ ਦੀ ਇਛਾ ਹੋ ਰਹੀ ਹੈ ਕਿੰਤੂ ਜੋੜ੍ਹਾ ਬੁਲਾਉਣੇ ਸੇ ਪ੍ਰਮਾਤਮਾਂ ਆਵੇਗਾ ਉਹ ਕੋਈ ਸਾਕਾਰ ਸਰੂਪ ਹੀ ਹੋਵੇਗਾ।

ਔਰ ਸ੍ਰੀ ਸੁਆਮੀ ਮਹ ਰਿਸ਼ੀ ਦਯਾਨੰਦ ਜੀ ਨੇ ਜੋ, ਪੰਚ ਮਹਾਂ ਯਗ ਵਿਧੀ, ਪੁਸਤਕ ਲਿਖੀ ਹੈ ਉਸ ਦੀ ਨਵੀਂ ਹੀ ਐਡੀਸ਼ਨ, ਗੋਬਿੰਦ ਰਾਮ ਹਾਸਾ ਨੰਦ ਨਈ ਸੜਕ, ਦੇਹਲੀ ਦੇ ਪਤਾ ਪਰ ਛਪੀ ਦੇ ਸਫ਼ਾ ੨੫ ਤੇ ਲਿਖਿਆ ਹੈ ਕਿ, ਨਿਰਗੁਣ ਉਪਾਸ਼ਨਾ ਇਸ ਪ੍ਰਕਾਰ ਸੇ ਕਰਨੀ ਚਾਹੀਏ ਕਿ, ਈਸ਼ਵਰ ਅਨਾਦੀ ਅਨੰਤ ਹੈ ਅਜਨਮਾ: ਅਮ੍ਰਿਤਯੂ, ਨਿਰਾਕਾਰ, ਨਿਰਵਿਕਾਰ ਜਿਸ ਮੇਂ ਰੂਪ ਰਸ ਗੰਧ ਸਪ੍ਰਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦ, ਅਨਿਆਇ, ਅਧਰਮ, ਰੋਗ, ਦੋਸ਼, ਅਗਿਆਨ, ਔਰ ਮਲੀਨਤਾ ਨਹੀਂ ਹੈ ਔਰ ਜਿਸ ਕਾ ਪਰਿਮਾਣ, ਛੇਦਨ, ਬੰਧਨ, ਇੰਦ੍ਰਯੋਂ ਸੇ ਦਰਸ਼ਨ ਗ੍ਰਹਨ ਔਰ ਕੰਪਨ ਨਹੀਂ ਹੋਤਾ, ਜੋ ਦੀਰਘ ਔਰ ਸ਼ੋਕਾਤੁਰ ਕਭੀ ਨਹੀਂ ਹੋਤਾ ਜਿਸ ਕੋ ਭੂਖ ਪਿਆਸ, ਸ਼ੀਤੋਸ਼ਣ ਹਰਸ਼ ਔਰ ਸ਼ੋਕ ਕਭੀ ਨਹੀਂ ਹੋਤੇ ਜੋ ਉਲਟਾ ਕਾਮ ਕਭੀ ਨਹੀਂ ਕਰਤਾ, ਇਤਿਆਦੀ ਜੋ ਜਗਤ ਕੇ ਗੁਣੋਂ ਸੇ ਈਸ਼ਵਰ ਕੋ ਅਲਗ ਜਾਨ ਕੇ ਧਿਆਨ ਕਰਨਾ ਵੋਹ ਨਿਰਗੁਣ ਉਪਾਸ਼ਨਾ ਕਹਾਤੀ ਹੈ, ਇਸ ਵਿਚ ਇਥੇ ਇਹ ਸ਼ੰਕਾ ਪੈਦਾ ਹੁੰਦੀ ਹੈ ਕਿ ਜਿਸ ਈਸ਼ਵਰ ਵਿਚ ਸ਼ਬਦ, ਸਪ੍ਰਸ਼, ਰੂਪ, ਰਸ-ਗੰਧ ਆਦਕ ਨਹੀਂ ਹਨ, ਔਰ ਇੰਦਰਯੋਂ ਸੇ ਦਰਸ਼ਨ ਔਰ ਗ੍ਰਹਿਣ ਵੀ ਨਹੀਂ ਹੋ ਸਕਦਾ ਤਾਂ ਉਹ ਸਦਾ ਪ੍ਰਾਦੁਰ ਭੂਤ, ਕੀ ਹੈ।

ਬਾਕੀ ਜੇਕਰ ਨਿਰਗੁਣ ਉਪਾਸ਼ਨਾਂ ਵਿਚ ਇਹ ਦੱਸਿਆ ਹੈ ਕਿ, ਪ੍ਰਮਾਤਮਾਂ ਨੂੰ ਭੁਖ ਪਿਆਸ, ਹਰਸ਼-ਸ਼ੋਕ ਕਦੀਂ ਨਹੀਂ ਹੁੰਦੇ ਅਤੇ ਰੋਗ, ਦੋਸ਼, ਮਲੀਨਤਾ ਅਗਿਆਨ ਆਦਕ ਨਹੀਂ ਹੁੰਦੇ ਤਾਂ ਇਸ ਤੋਂ ਸਾਬਤ ਹੋਇਆ ਕਿ ਸਗੁਣ ਉਪਾਸ਼ਨਾਂ ਵਿਚ ਇਹ ਸਾਰੇ ਜਗਤ ਦੇ ਗੁਣ ਦੋਸ਼, ਹਰਸ਼, ਸ਼ੋਕ, ਭੁਖ, ਪਿਆਸ ਅਗਿਆਨ ਆਦਕ ਈਸ਼ਵਰ ਵਿਚ ਹੁੰਦੇ ਹੋਣਗੇ ਕਿਉਂਕਿ ਨਿਰਗੁਣ ਉਪਾਸ਼ਨਾਂ ਸੇ ਸਗੁਣ ਉਪਾਸ਼ਨਾਂ ਦਾ ਭੇਦ ਤਦ ਹੀ ਸਿਧ ਹੋ ਸਕਦਾ ਹੈ ਜੇਕਰ ਈਸ਼ਵਰ ਦਾ ਹੀ ਸਰੂਪ ਦੋ ਪਰਕਾਰ ਦਾ ਹੋਵੇ ਜੇਕਰ ਸਗੁਣ ਉਪਾਸ਼ਨਾਂ ਵਿਚ ਵੀ ਇਹ ਭੁਖ [ਪਿਆਸ ਹਰਖ, ਸ਼ੋਕ, ਮਲੀਨਤਾ ਆਦਕ ਗੁਣ ਦੋਸ਼ ਪ੍ਰਮਾਤਮਾਂ ਵਿਚ ਨਹੀਂ ਮੰਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣੇ ਤਾਂ ਨਿਰਗੁਣ ਉਪਾਸ਼ਨਾਂ ਵਿਚ ਪਹਿਲੇ ਹੀ ਨਿਸ਼ੇਧ ਕਰ ਦਿਤਾ ਹੋਇਆ ਹੈ ਤਾਂ ਨਿਰਗੁਣ, ਸਗੁਣ ਉਪਾਸ਼ਨਾਂ ਦੋ ਪ੍ਰਕਾਰ ਦੀ ਸਿਧ ਕਿਵੇਂ ਹੋ ਸਕਦੀ ਹੈ, ਤੇ ਸਿਧ ਕਰਨ ਦੀ ਲੋੜ ਵੀ ਕੀ ਸੀ, ਜੇ ਕਹੋ ਕਿ ਸਗੁਣ ਉਪਾਸ਼ਨਾਂ ਹੋਣੀ ਹੀ ਨਹੀਂ ਚਾਹੀਦੀ ਤਾਂ ਇਸੇ ਸਫੇ ਤੇ ਪਹਿਲੇ ਸੁਆਮੀ ਜੀ ਨੇ ਸਗੁਣ ਉਪਾਸ਼ਨਾਂ ਕਰਨੀ ਵੀ ਲਿਖੀ ਹੈ ਪਰੰਤੂ ਵਿਚ ਇਨ੍ਹਾਂ ਗੁਣ, ਦੋਸ਼ਾਂ ਦਾ ਵਿਧਾਨ ਜਾਂ ਨਿਸ਼ੇਧ ਨਹੀਂ ਕੀਤਾ ਕਿੰਤੂ ਨਿਰਗੁਨ ਉਪਾਸ਼ਨਾਂ ਵਿਚ ਹੀ ਇਹਨਾਂ ਦਾ ਨਸ਼ੇਧ ਕੀਤਾ ਹੈ, ਇਨ੍ਹਾਂ ਦਾ ਨਿਸ਼ੇਧ ਕਰਨਾ ਹੀ ਸਗੁਣ ਉਪਾਸ਼ਨਾ ਵਿਚ ਇਨ੍ਹਾਂ ਦਾ ਹੋਣਾ ਸਿਧ ਕਰੇਗਾ, ਤਾਂਤੇ ਇਹ ਭੁਖ ਪਿਆਸ, ਆਦੀ ਗੁਣ, ਦੋਸ਼ ਕਿਸੇ ਸਾਕਾਰ ਸਰੂਪ ਵਿਚ ਹੀ ਕਲਪਨਾ ਹੋ ਸਕਦੇ ਹਨ।

ਤਥਾ : ਆਰਯਾਭਿਵਿਨਯ ਦੇ ਸਫਾ ੬੦ ਪਰ ਪ੍ਰਮਾਤਮਾਂ ਨੂੰ ਲਿਖਿਆ ਹੈ ਕਿ, ਹਮਾਰੇ ਪ੍ਰਿਯ ਭੋਗੋ ਕੋ ਮਤ ਚੋਰ ਔਰ ਮਤ ਚੁਰਵਾਵੋ ਹਮਾਰੇ ਗ੍ਰਭੋਂ ਕਾ ਵਿਦਾਰਣ ਮਤ ਕਰ, ਚੋਰੀ ਕਰਨੀ ਜਾਂ ਚੋਰੀ ਕਰਵਾਉਣੀ ਅਥਵਾ ਗ੍ਰਭ ਗਿਰਾਉਣੇ ਇਹ ਭ੍ਰਿਸ਼ਟਾਚਾਰ ਹੈ, ਸ੍ਰਿਸ਼ਟ ਕਰਮ ਨਹੀਂ ਹਨ, ਤਾਂਤੇ ਇਥੇ ਇਹ ਵੀ ਸੋਚਣਾ ਪਵੇਗਾ ਕਿ ਇਹ ਚੋਰੀ ਕਰਨੀ, ਕਰਵਾਉਣੀ, ਜਾਂ ਗ੍ਰਭ ਗਿਰਾਉਣੇ (ਨਾਸ਼ ਕਰਨੇ) ਨਿਰਾਕਾਰ ਸਰਵ ਵਿਆਪਕ ਪ੍ਰਮਾਤਮਾਂ ਦੇ ਹੀ ਕਰਮ ਹਨ ਕਿ ਕਿਸੇ ਹੋਰ ਸਾਕਾਰ ਸਰੂਪ ਦੇ, ਜੇਕਰ ਇਹ ਕਰਮ ਨਿਰਾਕਾਰ ਸਰੂਪ ਦੇ ਨਹੀਂ ਤਾਂ ਫਿਰ ਆਪੇ ਹੀ ਇਹ ਸਾਕਾਰ ਸਰੂਪ ਦੇ ਮੰਨਣੇ ਪੈਣਗੇ ਅਤੇ ਜੇਕਰ ਇਹ ਨਿਰਾਕਾਰ ਸਰੂਪ ਦੇ ਹੀ ਕਰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ, ਤਾਂ ਨਿਰਾਕਾਰ ਵੀ ਸਦਾ ਚਾਰੀ ਸਿਧ ਨਹੀਂ ਹੋ ਸਕੇਗਾ ਔਰ ਜਗਤ ਦੇ ਗੁਣਾਂ ਸੇ ਅਲਗ ਜਾਨ ਕੇ ਈਸ਼ਵਰ ਦਾ ਧਿਆਨ ਕਰਨਾ ਜੋ ਨਿਰਗੁਣ ਉਪਾਸ਼ਨਾ ਕਹਾਉਂਦੀ ਹੈ ਆਦਕ ਉਪ੍ਰੋਕਤ ਲੇਖ ਅਨੁਸਾਰ ਫਿਰ ਪ੍ਰਮਾਤਮਾਂ ਜਗਤ ਦੇ ਗੁਣਾਂ ਤੋ ਅਲਗ ਵੀ ਸਿਧ ਨਹੀਂ ਹੋ ਸਕਦਾ ਕਿਉਂਕਿ ਚੋਰੀ ਕਰਨੀ ਕਰਵਾਉਣੀ ਇਹ ਗੁਣ ਜਗਤ ਦੇ ਹਨ, ਕਿੰਤੂ ਜੇਕਰ ਚੋਰੀ ਆਦਿ ਗੁਣ ਜਗਤ ਦੇ ਨਾਂ ਮੰਨੇ ਜਾਣ ਤਾਂ, ਕੀ, ਫਿਰ ਇਹ ਈਸ਼ਰ ਦੇ ਮੰਨੇ ਜਾਣਗੇ ਜੇਕਰ ਚੋਰੀ ਕਰਨੀ ਕਰਾਂਉਣੀ ਈਸ਼ਵਰ ਦੇ ਹੀ ਕਰਮ ਹਨ ਤਾਂ ਸ੍ਰੀ ਕ੍ਰਿਸ਼ਨ ਜੀ ਦਾ ਮਖਣ ਚੁਰਾਂਉਣਾ ਜਾਂ ਚੁਰਵਾਉਣਾਂ ਵੀ ਵੇਦ ਵਿਰੁਧ ਨਹੀਂ ਹੋ ਸਕਣਾਂ, ਤੇ ਸ੍ਰੀ ਕ੍ਰਿਸ਼ਨ ਜੀ ਦੀ ਈਸ਼ਵਰ ਪਦਵੀ ਵੀ ਇਸ ਕਰਮ ਸੇ ਨਹੀਂ ਟੁਟ ਸਕਣੀ।

ਬਾਕੀ ਜਿੰਨੇ ਵੀ ਨਿਰਗੁਣ ਜਾਂ ਸ੍ਰਗੁਣ ਉਪਾਸ਼ਨਾਂ ਵਿਚ ਸ੍ਰਵ ਸ਼ਕਤੀਮਾਨ, ਦਿਆਲੂ, ਨਿਆਇਕਾਰੀ, ਚੇਤਨ, ਵਿਆਪਕ ਆਦਕ ਇਥੇ ਪ੍ਰਮਾਤਮਾਂ ਦੇ ਗੁਣ ਦੱਸੇ ਹਨ, ਇਹ ਸਾਰੇ ਪ੍ਰਮਾਤਮਾਂ ਵਿਚ ਹੀ ਹੋ ਸਕਦੇ ਹਨ ਜਾਂ ਕਿ ਕਿਸੇ ਵੇਦ ਵਿਚ ਵੀ ਹੋ ਸ਼ਕਦੇ ਹਨ ਜੇਕਰ ਵੇਦ ਮੰਤ੍ਰਾਂ ਵਿਚ ਵੀ ਇਹ ਉਪ੍ਰੋਕਤ ਗੁਣ ਸ੍ਰਵਸ਼ਕਤੀਮਾਨ, ਦਿਆਲੂ, ਨਿਆਇ-ਕਾਰੀ, ਚੇਤਨ ਵਿਆਪਕ ਆਦਕ ਬ੍ਰਿਾਜਮਾਨ ਹਨ ਤਾਂ ਵੇਦ ਮੰਤ੍ਰ ਹੀ ਫਿਰ ਪ੍ਰਮਾਤਮਾਂ ਸਾਬਤ ਹੋ ਗਏ, ਤਾਂ ਫਿਰ ਇੰਜ ਕਹਿਣਾ ਪਵੇਗਾ ਕਿ ਵੇਦ ਮੰਤਰ ਹੀ ਪ੍ਰਮਾਤਮਾਂ ਦੀ ਹਸਤੀ ਹਨ ਕਿਉਂਕਿ ਗੁਣ-ਗੁਣੀ ਵਿਚ ਹੀਂ ਰਹਿ ਸਕਦੇ ਹਨ ਬਾਹਰ ਕਿਤੇ ਨਹੀਂ ਰਹਿ ਸਕਦੇ ਅਤੇ ਜੇਕਰ ਉਪ੍ਰੋਕਤ ਗੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਦ ਮੰਤ੍ਰਾਂ ਵਿਚ ਨਹੀਂ ਹੋ ਸਕਦੇ ਤਾਂ ਵੇਦ ਮੰਤ੍ਰ ਵੀ ਉਪ੍ਰੋਕਤ ਈਸ਼ਵਰ ਦੇ ਗੁਣਾਂ ਰਹਿਤ ਹੋਣੇ ਸੇ ਅਚੇਤਨ ਪ੍ਰਿਛਿੰਨ (ਸੀਮਿਤ) ਸਾਬਤ ਹੋਣਗੇ ਜੇਕਰ ਇਥੇ ਇਹ ਕਿਹਾ ਜਾਵੇ ਕਿ ਵੇਦ ਈਸ਼ਵਰ ਦੀ ਬਾਣੀ ਹੋਣ ਕਰਕੇ ਜੜ੍ਹ ਨਹੀਂ ਹੋ ਸਕਦੇ ਤਾਂ ਪਹਾੜ, ਪ੍ਰਿਥਵੀ ਆਦਕ ਵੀ ਈਸ਼ਵਰ ਦੇ ਹੀ ਬਣਾਏ ਹੋਇ ਹੋਣ ਕਰਕੇ ਈਸ਼ਵਰੀ ਹੀ ਰਚਨਾ ਹੈ ਉਹ ਕਿਵੇਂ ਜੜ੍ਹ ਹੋ ਸਕਣਗੇ ਬਲਕਿ ਉਪ੍ਰੋਕਤ ਆਰਜਾਭਿਵਿਨਯ ਵਿਚ ਲਿਖੇ ਅਨੁਸਾਰ ਜੋ ਸੂਰਯਾਦੀ ਪਦਾਰਥ ਹਿਰਣਜ ਗਭ ਵਿਚੋਂ ਨਿਕਲੇ ਅਤੇ ਸਭ ਭੂਤ ਮਾਤ੍ਰ ਜਿਸ ਪ੍ਰਮਾਤਮਾਂ ਵਿਚੋਂ ਦ੍ਰਵੇ ਹਨ ਉਹ ਭੂਤ ਅਤੇ ਸੂਰਯਾਦੀ ਵੀ ਕਿਵੇਂ ਜੜ੍ਹ ਮੰਨੇ ਜਾ ਸਕਦੇ ਹਨ, ਤਾਂ ਤੇ ਪ੍ਰਿਛਿੰਨ ਅਚੇਤਨ ਵੇਦ ਮੰਤ੍ਰਾਂ ਦੁਆਰਾ ਪ੍ਰਮਾਤਮਾਂ ਦੀ, ਪ੍ਰਮਾਤਮਾਂ ਦੇ ਉਪ੍ਰੋਕਤ ਗੁਣਾਂ ਦੇ ਵਿਚਾਰ ਪੂਰਬਕ ਜੋ ਉਪਾਸ਼ਨਾ ਕਰਨੀ ਹੈ, ਉਹ ਵੀ ਮੂਰਤੀ ਪੂਜਾ ਸੇ ਕੁਛ ਵਧ ਮਹੱਤਵ ਨਹੀਂ ਰਖੇਗੀ ਕਿਉਂਕਿ ਮੂਰਤੀ ਵੀ ਪ੍ਰਿਛਿੰਨ, ਅਚੇਤਨ ਹੈ, ਉਸ ਦੁਆਰਾ ਪ੍ਰਮਾਤਮਾਂ ਦੀ ਪੂਜਾ ਜਾਂ ਭਗਤੀ ਕਰਨੀ ਅਤੇ ਵੇਦ ਵੀ ਅਚੇਤਨ ਔਰ ਪ੍ਰਿਛਿੰਨ ਸਾਬਤ ਹੋਣ ਕਰਕੇ ਉਨ੍ਹਾਂ ਦੁਆਰਾ ਉਪਾਸ਼ਨਾ = ਭਗਤੀ ਕਰਨੀ ਸਮਾਨ ਅਰਥ ਹੀ ਰਖੇਗੀ।

ਜੇਕਰ ਇਹ ਕਿਹਾ ਜਾਵੇ ਕਿ ਪਰਮਾਤਮਾਂ ਵਿਆਪਕ ਹੈ ਇਸ ਲਈ ਵੇਦ ਮੰਤਰਾਂ ਵਿਚ ਵੀ ਵਿਆਪਕ ਹੈ ਤਾਂਤੇ ਵੇਦ ਮੰਤ੍ਰਾਂ ਵਿਚ ਵੀ ਚੇਤਨਤਾ ਹੈ, ਤਾਂ ਇੰਜ ਪ੍ਰਮਾਤਮਾਂ ਪਥਰ ਮੂਰਤੀ ਵਿਚ ਵੀ ਵਿਆਪਕ ਹੈ ਫਿਰ ਮੂਰਤੀ ਵਿਚ ਵੀ ਚੇਤਨਤਾ ਹੈ, ਜੜ੍ਹਤਾ ਨਹੀਂ, ਬਾਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਦ ਈਸ਼ਵਰ ਦੀ ਤਕਰੀਰ (ਬਾਣੀ) ਹਨ ਤਾਂ ਤਹਰੀਰ ਹੋਇ ਹੋਇ (ਛਾਪੇ ਹੋਇ) ਵੇਦ ਫਿਰ ਈਸ਼ਵਰ ਦੀ ਬਾਣੀ ਵੇਦ ਨਹੀਂ ਹੋਣੇ ਚਾਹੀਦੇ ਅਤੇ ਨਾਂ ਹੀ ਛਾਪੇ ਹੋਇ ਵੇਦਾਂ ਦੁਆਰਾ ਈਸ਼ਵਰ ਦੀ ਤਕਰੀਰ (ਬਾਣੀ) ਸਮਝਣ ਦਾ ਯਤਨ ਹੀ ਕਰਨਾਂ ਚਾਹੀਦਾ ਹੈ, ਕਿਉਂਕਿ ਛਾਪੇ ਹੋਇ ਵੇਦ ਵੀ ਮੂਰਤੀ ਹਨ ਅਤੇ ਮੂਰਤੀ ਦੁਆਰਾ ਜੇਕਰ ਪ੍ਰਮਾਤਮਾਂ ਦੀ ਪੂਜਾ ਭਗਤੀ ਕਰਨੀ ਅਸ਼ੁਧ ਹੈ ਤਾਂ ਫਿਰ ਛਾਪੇ ਹੋਇ ਵੇਦਾਂ (ਮੂਰਤੀ) ਦੁਆਰਾ ਈਸ਼ਵਰ ਦੀ ਬਾਣੀ ਗਿਆਨ ਸਮਝਣਾ ਵੀ ਅਸ਼ੁਧ ਹੀ ਹੋਵੇਗਾ ਤਾਂਤੇ ਅਸ਼ੁਧ ਗਿਆਨ ਸਚੀ ਕਲਿਆਨ ਨਹੀਂ ਕਰੇਗਾ ਔਰ ਇੰਜ ਬੁਧੀ ਵੀ ਪ੍ਰਮਾਤਮਾਂ ਨਾਲੋਂ ਜੜ੍ਹ ਅਤੇ ਪ੍ਰਛਿੰਨ ਹੈ ਇਸ ਲਈ ਬੁਧੀ ਦੁਆਰਾ ਵੀ ਪ੍ਰਮਾਤਮਾਂ ਦੀ ਪੂਜਾ ਭਗਤੀ ਨਹੀਂ ਕਰਨੀ ਚਾਹੀਦੀ, ਕਾਰਨ ਇਹ ਕਿ, ਬੁਧੀ ਦੁਆਰਾ ਕਿਸੇ ਪ੍ਰਕਾਰ ਦੀ ਪੂਜਾ ਭਗਤੀ ਦਾ ਨਿਸ਼ਚਾ ਕਰਨਾ ਵੀ ਅਸ਼ੁਧ ਹੀ ਸਾਬਤ ਹੋਵੇਗਾ ਤਾਂ ਫਿਰ ਸਚੀ ਪੂਜਾ ਭਗਤੀ ਕੀਤੀ ਕਿਵੇਂ ਜਾ ਸਕੇਗੀ।

ਤਥਾ: ਯਜੁਰਵੇਦ ਧਿਆਇ ੩੧ ਮੰਤ੍ਰ੧੯ ਪ੍ਰਜਾ ਪਤਿਸ਼ ਚਰਤਿ ਗ੍ਰਭੇ ਅੰਤਰ ਜਾਯ ਮਾਨੋ ਬਹੁਧਾ ਵਿਜਾਯਤੇ,ਤਸਜ ਯੋਨਿੰ ਪਰਿ ਪਸ਼ਯੰਤੀ ਧੀਰਾਸ ਤਸਮਿਨ ਹ ਤਸਥੁਰ ਭੁਵਨਾਨਿ ਵਿਸ਼ਵਾ: ਇਸ ਮੰਤ੍ਰ ਦਾ ਅਰਥ ਸ੍ਰੀ ਮਹ ਰਿਸ਼ੀ ਦਯਾਨੰਦ ਜੀ ਨੇ ਆਪਣੇ ਰਚੇ ਯੁਜੁਰ ਵੇਦ ਦੇ ਭਾਸ਼ਜ ਵਿਚ ਇਹ ਕੀਤਾ ਹੈ ਕਿ, ਹੇ ਮਨੁਸ਼ਜੋ ਜੋ (ਅਜਾਯਮਾਨ) ਆਪਣੇ ਸਰੂਪ ਸੇ ਉਤਪੰਨ ਨਹੀਂ ਹੋਨੇ ਵਾਲਾ (ਪ੍ਰਜਾ ਪਤੀ) ਪ੍ਰਜਾ ਕਾ ਰਖਸ਼ੱਕ ਜਗਦੀਸ਼ਰ (ਗਰਭੇ) ਗਰਭਸਥ ਜੀਵਾਤਮਾਂ ਔਰ (ਅੰਤ:) ਸਭ ਕੇ ਹਿਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਂ (ਚਰਤਿ) ਵਿਚਰਤਾ ਹੈ। ਔਰ (ਬ੍ਰਹੁਧਾ) ਬਹੁਤ ਪ੍ਰਕਾਰੋਂ ਸੇ (ਵਿਜਾਯਤੇ) ਵਿਸ਼ੇਸ਼ ਕਰ ਪ੍ਰਗਟ ਹੋਤਾ (ਤਸਜ) ਉਸ ਪਰਜਾ ਪਤੀ ਕੇ ਜਿਸ (ਯੋਨਿਮ) ਸਰੂਪ ਕੋ (ਧੀਰਾ) ਧਯਾਨ ਸ਼ੀਲ ਵਿਦਵਾਨ ਜਨ (ਪਰਿ ਪਸ਼ਯੰਤੀ) ਸਭ ਓਰ ਸੇ ਦੇਖਤੇ ਹੈਂ (ਤਸਮਿਨ) ਉਸ ਮੇਂ (ਹ) ਪ੍ਰਸਿਧ (ਵਿਸ਼ਵਾ) ਸਭ (ਭੁਵਨਾਨੀ) ਲੋਕ ਲੋਕਾਂਤਰ (ਤਸਥੂ) ਇਸਥਿਤ ਹੈ, ਇਸ ਵਿਚ ਇਥੇ, ਆਪਨੇ ਸਰੂਪ ਸੇ ਉਤਪੰਨ ਨਹੀਂ ਹੋਨੇ ਵਾਲਾ ਸ੍ਰੀ ਸੁਆਮੀ ਜੀ ਅਰਥ ਲਿਖ ਰਹੇ ਹਨ ਕਿ ਪਰਜਾ ਦਾ ਰਖਸ਼ਕ ਜਗਦੀਸ਼ਰ ਸਭ ਕੇ ਹਿਰਦੇ ਵਿਚ ਵਿਚਰਦਾ ਹੈ ਔਰ ਬਹੁਤ ਪ੍ਰਕਾਰੋਂ ਸੇ ਵਸ਼ੇਸ਼ ਕਰ ਪ੍ਰਗਟ ਹੁੰਦਾ ਹੈ, ਇਥੇ ਇਹ ਸ਼ੰਕਾ ਪੈਦਾ ਹੋ ਜਾਂਦੀ ਹੈ ਕਿ, ਜਦ ਪ੍ਰਮਾਤਮਾਂ ਨਿਰਾਕਾਰ ਅਤੇ ਅਜਨਮਾਂ ਔਰ ਸ੍ਰਵ ਵਿਆਪਕ ਹੈ, ਤਾਂ ਫਿਰ ਉਹ ਬਹੁਤ ਪ੍ਰਕਾਰੋਂ ਸੇ ਵਸ਼ੇਸ਼ ਕਰ ਪ੍ਰਗਟ, ਕੀ, ਹੁੰਦਾ ਹੈ, ਕੀ, ਨਿਰਾਕਾਰ ਸੇ ਸਾਕਾਰ ਹੋ ਜਾਂਦਾ ਹੈ। ਜਿਸ ਲਈ ਵਸ਼ੇਸ਼ ਕਰਕੇ ਪ੍ਰਗਟ ਹੁੰਦਾ ਹੈ ਮੰਨਿਆ ਜਾ ਸਕੇ, ਜਾਂ ਅਜਨਮਾਂ ਹੁੰਦਾ ਹੋਇਆ ਕਿਤੇ ਜਨਮ ਲੈ ਲੈਂਦਾ ਹੈ ਜਿਸ ਲਈ ਵਸ਼ੇਸ਼ ਕਰ ਪਰਗਟ ਹੁੰਦਾ ਹੈ। ਅਥਵਾ ਸਰਵ ਵਿਆਪਕ ਨਾਂ ਰਹਿ ਕੇ ਕਿਸੇ ਇਕ ਦੇਸ਼ੀ ਸਰੂਪ ਵਿਚ ਹੋ ਜਾਂਦਾ ਹੈ ਇਸ ਲਈ ਵਸ਼ੇਸ਼ ਕਰਕੇ ਪ੍ਰਗਟ ਹੁੰਦਾ ਹੈ, ਜੇਕਰ ਇੰਜ ਹੀ ਹੋਵੇ ਤਾਂ ਪ੍ਰਮਾਤਮਾਂ ਦੇ ਅਵਤਾਰ ਹੋਣ ਵਿਚ ਬਾਕੀ ਹੋਰ ਕੀ ਕਸਰ ਰਹਿੰਦੀ ਹੈ, ਤੇ ਪਰਮਾਤਮਾਂ ਦਾ ਸਾਕਾਰ ਰੂਪ ਮੰਨ ਲੈਣ ਵਿਚ ਹੋਰ ਅੜੱਚਨ ਵੀ ਕੀ, ਰਹਿ ਜਾਂਦੀ ਹੈ, ਜੇਕਰ ਸਾਕਾਰ ਨਹੀਂ ਹੁੰਦਾ ਨਿਰਾਕਾਰ ਅਵਸਥਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੀ ਰਹਿੰਦਾ ਹੈ ਔਰ ਕਿਤੇ ਜਨਮ ਵੀ ਨਹੀਂ ਲੈਂਦਾ ਭਾਵ ਪ੍ਰਗਟ ਵੀ ਨਹੀਂ ਹੁੰਦਾ ਅਤੇ ਵਿਆਪਕਤਾ ਵਿਚ ਵੀ ਕੁਛ ਫਰਕ ਨਹੀਂ ਪੈਂਦਾ ਤਾ ਫਿਰ ਕੋੜ੍ਹੇ ਬਹੁਤ ਪ੍ਰਕਾਰੋਂ ਸੇ ਵਸ਼ੇਸ਼ ਕਰ ਪ੍ਰਗਟ ਹੁੰਦਾ ਹੈ ਕਿਉਂਕਿ ਵਸ਼ੇਸ਼ ਦਾ ਅਰਥ ਸਮਾਨਜ ਹੀ ਰਹਿਣਾ ਨਹੀਂ ਹੁੰਦਾ। ਜਿਵੇਂ ਸਮਾਨਜ ਅਗਨੀ ਜਦ ਨੇਤ੍ਰਾਂ ਦੇ ਵਿਸ਼ਯ ਹੁੰਦੀ ਹੈ ਤਦ ਉਸ ਨੂੰ ਵਸ਼ੇਸ਼ ਅਗਨੀ ਕਿਹਾ ਜਾਂਦਾ ਹੈ, ਜਦ ਤਕ ਕਿਸੇ ਸ਼ਕਲ ਵਿਚ ਪ੍ਰੱਤਖ ਨਾ ਹੋਵੇ ਤਦ ਤਕ ਉਹ ਸਮਾਨਯ ਹੀ ਕਹੀ ਜਾਂਦੀ ਹੈ ਵਸ਼ੇਸ਼ ਨਹੀਂ, ਤਾਂਤੇ ਜਦ ਤਕ ਨਿਰਾਕਾਰ ਸਾਕਾਰ ਨਹੀਂ ਹੁੰਦਾ ਤਦ ਤਕ ਵਸ਼ੇਸ਼ ਕਰ ਪ੍ਰਗਟ ਹੋਣਾ ਨਹੀਂ ਮੰਨਿਆ ਜਾ ਸਕਦਾ ਬਾਕੀ ਪ੍ਰਗਟ ਹੁੰਦਾ ਵੀ ਤਦ ਮੰਨਿਆਂ ਜਾ ਸਕਦਾ ਹੈ ਜੇਕਰ ਪਹਿਲੇ ਅਪ੍ਰਗਟ ਹੋਵੇ ਅਤੇ ਜੇਕਰ ਪਹਿਲੇ ਸਦਾ ਹੀ ਪ੍ਰਗਟ ਹੈ ਤਾਂ ਉਸ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਪ੍ਰਗਟ ਹੁੰਦਾ ਹੈ, ਕਿਉਂਕਿ ਜਦ ਉਹ ਅਗੇ ਸਦਾ ਹੀ ਪ੍ਰਗਟ ਹੈ ਤਾਂ ਪ੍ਰਗਟ ਦਾ ਹੋਰ ਪ੍ਰਗਟ ਕੀ ਹੋ ਸਕਦਾ ਹੈ।

ਔਰ ਜੇਕਰ ਪਹਿਲੇ ਅਪ੍ਰਗਟ ਹੈ ਤਾਂ ਉਸ ਦਾ ਪ੍ਰਗਟ ਹੋਣਾ ਕਿਸ ਤਰੀਕੇ ਸੇ ਮੰਨਿਆਂ ਜਾਵੇਗਾ, ਕਿਆ ਨਿਰਾਕਾਰ ਸਰੂਪ ਵਿਚ ਹੀ ਪ੍ਰਗਟ ਹੋਵੇਗਾ, ਜੇਕਰ ਹੋਵੇਗਾ ਤਾਂ ਉਹ ਕੀ ਹੋਵੇਗਾ ਕਿਉਂਕਿ ਜਦ ਉਹ ਅਗੇ ਨਿਰਾਕਾਰ ਹੈ ਤਾਂ ਉਹ ਅਪ੍ਰਗਟ ਹੈ ਤਾਂ ਜਦ ਉਹ ਪ੍ਰਗਟ ਹੋਵੇਗਾ ਤਾਂ ਫਿਰ ਵੀ ਉਹ ਨਿਰਾਕਾਰ ਹੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇਗਾ ਤਾਂ ਉਹ ਅਪ੍ਰਗਟ ਕਿਵੇਂ ਨਹੀਂ ਰਹੇਗਾ, ਕਿਆ ਨਿਰਾਕਾਰ ਨੇਤ੍ਰਾਂ ਦਾ ਵਿਸ਼ਜ ਬਣ ਜਾਵੇਗਾ ਜੇਕਰ ਨਹੀਂ ਤਾਂ ਫਿਰ ਪ੍ਰਗਟ ਹੋਣਾ ਸਿਧ ਕੀ ਹੋਇਆ ਔਰ ਜੇਕਰ ਨੇਤ੍ਰਾਂ ਦੇ ਵਿਸ਼ਜ ਹੋ ਜਾਵੇਗਾ ਤਾਂ ਫਿਰ ਉਹ ਨਿਰਾਕਾਰ ਨਹੀਂ ਕਿਹਾ ਜਾ ਸਕੇਗਾ, ਤਾਂਤੇ ਇਥੇ ਵੇਦ ਮੰਤ੍ਰ ਦੇ ਅਰਥ ਵਿਚ ਸਾਫ ਨਹੀਂ ਤੇ ਫੇਰ ਭਾਵ ਸੇ ਪ੍ਰਮਾਤਮਾਂ ਦਾ ਸਾਕਾਰ ਹੋਣਾ ਅਵਸ਼ਜ ਮੰਨਿਆ ਗਿਆ ਹੈ, ਜੇਕਰ ਮੰਨਿਆ ਗਿਆ ਹੈ ਤਾਂ ਉਸਦੀ ਪ੍ਰਤਿਮਾ—ਮੂਰਤੀ ਨਹੀਂ ਹੋ ਸਕਦੀ, ਇਹ ਅਰਥ ਕਿਵੇਂ ਠੀਕ ਮੰਨਿਆ ਜਾ ਸਕੇਗਾ ਕਿਉਂਕਿ ਸਾਕਾਰ ਆਪ ਮੂਰਤੀ ਮਾਨ ਹੈ, ਉਸਦੀ ਮੂਰਤੀ ਸੁਖੈਨ ਹੀ ਹੋ ਸਕਦੀ ਹੈ।

ਤਥਾ : ਸ੍ਰੀ ਪੰਡਿਤ ਖੇਮ ਕਰਨ ਦਾਸ ਤ੍ਰਿਵੇਦੀ, ਆਰਯਾ ਸਮਾਜੀ ਭੀ, ਆਪਣੇ ਕੀਤੇ ਅਥ੍ਰਵ ਵੇਦ, ਦੇ ਭਾਸ਼ਜ ਕਾਂਡ ੧੬ ਪ੍ਰਥਮਾਵਿਰਤੀ, ੧੦੦੦ ਸੰਵਤ ੧੯੭੫ ਬਿਕ੍ਰਮੀ ਦੇ ਛਪੇ ਹੋਏ ਦੇ ਸਫਾ ੩੨੪੯ ਪਰ, ਰਿਸ਼ੀਣਾਂ ਪ੍ਰਸਤਰੋਸੀ ਨਮੋ ਅਸਤੁ ਦੈਵਾਯ ਪ੍ਰਸਤ੍ਰਾਯ (ਕਾਂਡ ੧੬) ਸੂਕਤ (੨) ਮੰਤ੍ਰ ੬ ਦਾ ਅਰਥ ਲਿਖ ਰਹੇ ਹਨ ਕਿ, ਹੇ ਪ੍ਰਮੇਸ਼ਰ ਤੂੰ (ਰਿਸ਼ੀਣਾਮ) ਇੰਦ੍ਰਯੋਂ ਕਾ (ਪ੍ਰਸਤਰ) ਫੈਲਾਨੇ ਵਾਲਾ (ਅਸਿ) ਹੈਂ, (ਦੈਵਾਯ) ਦਿਵਜ ਗੁਣ ਵਾਲੇ (ਪ੍ਰਸਤ੍ਰਾਯ) ਫੈਲਾਨੇ ਵਾਲੇ ਤੁਝ ਕੋ (ਨਮ:) ਨਮਸਕਾਰ—ਸਤਿਕਾਰ (ਅਸਤੁ) ਹੋਵੇ, ਇਥੇ ਵੀ ਵੇਦ ਮੰਤ੍ਰ ਦੇ ਅਰਥ ਵਿਚ ਪ੍ਰਮਾਤਮਾਂ ਨੂੰ ਇੰਦ੍ਰਯਾਂ ਨੂੰ ਫੈਲਾਨੇ ਵਾਲਾ ਲਿਖਿਆ ਹੈ, ਪ੍ਰੰਤੂ ਨਿਰਾਕਾਰ ਪ੍ਰਮਾਤਮਾਂ ਇੰਦ੍ਰਜ ਰਹਿਤ ਹੈ ਜਦ ਉਸਦੇ ਇੰਦ੍ਰਜ ਹੈ ਹੀ ਨਹੀਂ, ਤਾਂ ਉਹ ਫੈਲਾਏ ਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਆ, ਤਾਤੇ ਇਥੇ ਪ੍ਰਮਾਤਮਾਂ ਇੰਦ੍ਰਯੋਂ ਵਾਲਾ ਸਾਬਤ ਹੁੰਦਾ ਹੈ, ਇੰਦ੍ਰਯੋਂ ਵਾਲਾ ਪ੍ਰਮਾਤਮਾ ਕੋਈ ਵਿਅਕਤੀ ਮਾਤ੍ਰ ਸਾਕਾਰ ਸਰੂਪ ਹੀ ਹੋਵੇਗਾ।

ਅਤੇ ਉਪ੍ਰੋਕਤ ਸ੍ਰੀ ਪੰਡਤ ਖੇਮਕਰਨ ਦਾਸ ਜੀ ਨੇ ਹੀ ਆਪਣੇ ਭਾਸ਼ਯ ਵਿਚ, ਅਥ੍ਰਵ ਵੇਦ, ਕਾਂਡ ੧੯ ਸੂਕਤ ੬ ਮੰਤਰ ੭ ਚੰਦਰਮਾਂ ਮਨਸੋ ਜਾਤਸ਼ਚਖ਼ੋ ਸੂਰਯੋ ਅਜਾਯਤ, ਮੁਖਾਦਿੰਦ੍ਰਸਚਾਗਨੀਸ਼ਚ ਪ੍ਰਾਣਾਦ ਵਾਯੂ ਰਜਾਯਤ, ਦਾ ਅਰਥ ਕੀਤਾ ਹੈ ਕਿ ਇਸ ਪੁਰਸ਼ ਕੇ ਮੰਤਰ ੬ (ਮਨਸ:) ਮਨ ਮਨਨ ਸਾਮ੍ਰਥ ਸੇ (ਚੰਦ੍ਰਮਾਂ:) ਚੰਦਰ ਲੋਕ (ਜਾਤ:) ਉਤਪੰਨ ਹੂਆ (ਚਖ਼ੋ) ਨੇਤ੍ਰ ਸੇ (ਸੂਰਯ:) ਸੂਰਯ ਮੰਡਲ (ਅਜਾਯਤ) ਉਤਪੰਨ ਹੂਆ (ਮੁਖਾਤ) ਮੁਖਸੇ (ਇੰਦਰ:) ਬਿਜਲੀ (ਚ) ਔਰ (ਅਗਨੀ) ਆਗ (ਚ) ਔਰ (ਪ੍ਰਾਣਾਤ) ਪ੍ਰਾਣਸੇ (ਵਾਯੂ) ਪਵਨ (ਅਜਾਯਤ) ਉਤਪੰਨ ਹੂਆ, ਅਗੇ ਮੰਤ੍ਰ ੮ ਦੇ ਅਰਥ ਵਿਚ ਵੀ ਲਿਖਿਆ ਹੈ ਕਿ, ਇਸ ਪੁਰਸ਼ ਕੀ ਨਾਭੀ ਸੇ ਲੋਕੋਂ ਕੇ ਬੀਚ ਕਾ ਆਕਾਸ਼ ਹੂਆ, ਆਦਕ ਇਸ ਵਿਚ ਪਰਮਾਤਮਾਂ ਮਨ, ਨੇਤ੍ਰ, ਮੁਖ, ਪਰਾਣ, ਨਾਭੀ, ਆਦਕ ਅੰਗਾਂ ਵਾਲਾ ਸਾਬਤ ਹੋ ਰਿਹਾ ਹੈ, ਤਾਂਤੇ ਜਿਸ ਪ੍ਰਮਾਤਮਾਂ ਦੇ ਨੇਤ੍ਰ, ਮੁਖ, ਪ੍ਰਾਣ, ਮਨ ਆਦਕ ਵੀ ਹੋਣ ਉਹ ਨਿਰਾਕਾਰ ਹੀ ਨਹੀਂ ਮੰਨਿਆਂ ਜਾ ਸਕਦਾ।

ਔਰ ਅਥ੍ਰਵ ਵੇਦ, ਕਾਂਡ ੯ ਸੂਕਤ ੪ ਮੰਤਰ ੧੨ ਪਾਰਸ਼ਵੇ ਆਸਤਾ ਮਨੁਮਤਜ.........ਆਦਕ ਦਾ ਭਾਸ਼ਯ ਵੀ ਉਪਰੋਕਤ ਸ੍ਰੀ ਪੰਡਤ ਖੇਮ ਕਰਨ ਦਾਸ ਜੀ ਹੀ ਪ੍ਰਿਥਮਾ-ਵਿਰਤੀ ੧੦੦੦ ਸੰਮਤ ੧੯੭੪ ਬਿਕ੍ਰਮੀ ਛਪੇ ਵਿਚ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਰ ਰਹੇ ਹਨ ਕਿ, ਪਰਮੇਸ਼ਰ ਕੀ (ਪਾਰਸ਼ਵੇ) ਦੋਨੋਂ ਕਾਂਖੇ (ਕਖ਼ਿਆਏਂ) (ਅਨੁਮਤਯਾ:) ਅਨਕੂਲ ਬੁਧੀ ਕੀ ਥੀ (ਅਨੁਵਰਿਜੌ) ਉਸ ਕੀ ਦੋਨੋਂ ਕੋਖੇਂ (ਭਾਗਸਜ) ਐਸ਼ਵਰਯ ਕੀ (ਆਸਤਾਮ) ਥੀ (ਅਸ਼ਠੀਵੰਤੌ) ਉਸ ਕੇ ਦੋਨੋ ਘੁਟਨੋ ਕੋ (ਮਿਤ੍ਰ:) ਪ੍ਰਾਣ ਨੇ (ਅਬ੍ਰਵੀਤ) ਬਤਲਾਯਾ ਇਸ ਵਿਚ ਵੀ ਪ੍ਰਮਾਤਮਾਂ ਦੋਨੋ ਕੋਖੇਂ = ਦੋਂਹ ਵਖੀਆਂ ਵਾਲਾ ਅਤੇ ਦੋਨੋ ਘੁਟਨੋਂ = ਦੋਂਹ ਗੋਡਿਆਂ ਵਾਲਾ ਸਿਧ ਹੋ ਰਿਹਾ ਹੈ ਬਲਕਿ ਅਥ੍ਰਵ ਵੇਦ ਕਾਂਦ ੯ ਸੂਕਤ ੪ ਮੰਤ੍ਰ ੧੭ ਸ਼ਰਿਣੋਤੀ ਭਦ੍ਰੰ ਕਣਾਭਯਾਮ, ਦਾ ਅਰਥ ਵੀ ਉਪ੍ਰੋਕਤ ਸ੍ਰੀ ਪੰਡਿਤ ਖੇਮ ਕਰਨ ਦਾਸ ਜੀ ਨੇ ਆਪਣੇ ਭਾਸ਼ਜ ਵਿਚ ਕੀਤਾ ਹੈ ਕਿ, ਦੋਨੋਂ ਕਾਨੋਂ ਸੇ (ਭਦ੍ਰਮ) ਕਲਿਯਾਣ (ਸ਼ਰਿਣੋਤੀ) ਸੁਨਤਾ ਹੈ, ਇਸ ਵਿਚ ਇਥੇ ਪ੍ਰਮਾਤਮਾਂ ਦੇ ਦੋ ਕੰਨ ਵੀ ਸਿੱਧ ਹੋ ਰਹੈ ਹਨ ਫਿਰ ਵੀ ਪ੍ਰਮਾਤਮਾਂ ਨਿਰਾਕਾਰ ਹੀ ਹੈ ਤਾਂ ਕਿਸੇ ਦਾ ਕੀ ਚਾਰਾ ਹੈ।

ਤਥਾ: ਅਥ੍ਰਵ ਵੇਦ, ਕਾਂਡ ੯ ਸੂਕਤ ੪ ਮੰਤ੍ਰ ੧੧ ਯ ਇੰਦਰ ਇਵ ਦੇਵੇਸ਼ੂ ਗੋਸ਼ਵੇਤੀ ਵਿਵਾਦਤ, ਤਸਜ ਰਿਖਭਸਯਾਂਗਾਨੀ ਬ੍ਰਹਮਾ ਸੰਸਤੌਤੁ ਭਦ੍ਰਜਾ, ਦਾ ਅਰਥ ਉਪ੍ਰੋਕਤ ਸ੍ਰੀ ਪੰਡਿਤ ਖੇਮ ਕਰਨ ਦਾਸ ਜੀ ਨੇ ਆਪਣੇ ਉਪ੍ਰੋਕਤ ਭਾਸ਼ਜ ਵਿਚ ਲਿਖਿਆ ਹੈ ਕਿ (ਇੰਦ੍ਰ ਇਵ) ਬੜੇ ਐਸ਼ਵਰਜਵਾਨ ਪੁਰਸ਼ ਕੇ ਸਮਾਨ (ਦੇਵੇਸ਼ੁ) ਵਿਦਵਾਨੋਂ ਕੇ ਬੀਚ (ਜ:) ਜੋ ਪ੍ਰਮੇਸ਼ਰ (ਵਿਵਾਦਤ) ਅਨੇਕ ਪਰਕਾਰ ਬੋਲਤਾ ਹੂਆ (ਗੋਸ਼ੂ) ਭੂਮੀ ਆਦਿ ਲੋਕੋਂ ਮੇਂ (ਏਤੀ) ਚਲਤਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਤਸਜ) ਉਸ(ਰਿਖਭਸਜ) ਸ੍ਰਵ ਵਿਆਪਕ ਕੇ ਅੰਗਾਂਨੀਅੰਗੋਂ ਕੋ (ਬ੍ਰਹਮਾ) ਚਾਰੋ ਵੇਦ ਜਾਨਨੇ ਵਾਲਾ ਵਿਦਵਾਨ (ਭਦ੍ਰਯਾ) ਕਲਿਆਣੀ ਰੀਤੀ ਸੇ (ਸਮ) ਭਲੇ ਪ੍ਰਕਾਰ (ਸਤੌਤੁ) ਸਤਿਕਾਰ ਸੇ ਵਰਨਨ ਕਰੇ, ਇਸ ਵਿਚ ਵੀ ਇਥੇ ਪੁਰਸ਼ ਦੇ ਸਮਾਨ ਪ੍ਰਮਾਤਮਾਂ, ਵਿਦਵਾਨਾਂ ਦੇ ਵਿਚ ਅਨੇਕ ਪ੍ਰਕਾਰ ਸੇ ਬੋਲਦਾ ਅਤੇ ਭੂਮੀ ਆਦਿ ਲੋਕਾਂ ਵਿਚ ਚਲਦਾ ਸਾਬਤ ਹੋ ਰਿਹਾ ਹੈ ਬਾਕੀ ਸ੍ਰਵ ਵਿਆਪਕ ਦੇ ਅੰਗਾਂ ਦਾ ਵਿਦਵਾਨ ਭਲੀ ਪ੍ਰਕਾਰ ਸੇ ਵਰਨਨ ਕਰੇ ਵੀ ਲਿਖਿਆ ਹੈ ਕਿੰਤੂ ਸ੍ਰਵ ਵਿਆਪਕ ਦੇ ਅੰਗ ਨਹੀਂ ਕਾਇਮ ਹੋ ਸਕਦੇ ਤਾਂਤੇ ਇਥੇ ਇੰਜ ਹੀ ਮੰਨਣਾ ਪਵੇਗਾ ਕਿ ਸ੍ਰਵ ਵਿਆਪਕ ਕਿਸੇ ਅਵਤਾਰ ਸਰੂਪ ਵਿਚ ਸਾਕਾਰ ਹੁੰਦਾ ਹੈ, ਤਦੇ ਹੀ ਉਸਦੇ ਅੰਗ ਪ੍ਰਤਯੰਗ ਹੋ ਸਕਦੇ ਹਨ; ਅਤੇ ਤਦ ਹੀ ਉਹ ਵਿਦਵਾਨਾਂ ਵਿਚ ਪੁਰਸ਼ ਦੇ ਸਮਾਨ ਭਾਸ਼ਣ ਦੇ ਸਕੇਗਾ ਤੇ ਪ੍ਰਿਥਵੀ ਆਦਿ ਲੋਕਾਂ ਵਿਚ ਚਲ ਵੀ ਸਕੇਗਾ, ਕੇਵਲ ਨਿਰਾਕਾਰ ਸਰੂਪ ਵਿਚ ਇਹ ਉਪ੍ਰੋਕਤ ਗਲਾਂ ਨਹੀਂ ਬਣ ਸਕਦੀਆਂ।

ਬਾਕੀ ਅਥ੍ਰਵ ਵੇਦ, ਕਾਂਡ ੧੩ ਸੂਕਤ ੨ ਮੰਤ੍ਰ ੩੭ ਦਿਵਸ ਪ੍ਰਿਸ਼ਠੇ ਧਾਵਮਾਨੰ ਸੁਪਰਣਮਦਿਤਯਾ: ਪੁਤ੍ਰੰ ਨਾਥ ਕਾਮ ਉਪਯਾਮੀ ਭੀਤ:, ਦਾ ਅਰਥ ਉਪ੍ਰੋਕਤ ਸ੍ਰੀ ਪੰਡਤ ਖੇਮ ਕਰਨ ਦਾਸ ਜੀ ਆਪਣੇ ਭਾਸ਼ਜ ਪ੍ਰਿਥਮਾਵਿਰਤੀ ੧੦੦੦ ਸੰਮਤ ੧੯੭੫ ਬਿ: ਵਿਚ ਛਪੇ ਵਿਚ ਕਰ ਰਹੈ ਹਨ ਕਿ, (ਨਾਥ ਕਾਮ) ਨਾਥ ਈਸ਼ਵਰ ਕੋ ਚਾਹਨੇ ਵਾਲਾ (ਭੀਤ:) ਡਰਾ ਹੂਆ ਮੈਂ (ਦਿਵ:) ਅਕਾਸ਼ ਕੀ (ਪ੍ਰਿਸ਼ਠੇ) ਪੀਠ ਪਰ (ਧਾਵਮਾਨੰ) ਦੌੜਤੇ ਹੂਏ (ਸੁਪਰਣਮ) ਬੜੇ ਪਾਲਨੇ ਵਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅਦਿਤਯਾ:) ਅਖੰਡ ਬਾਣੀ ਕੇ (ਪੂੜ੍ਹਮ) ਸ਼ੋਧਨੇ ਵਾਲੇ ਪ੍ਰਮੇਸ਼ਰ ਕੋ (ਉਪ) ਆਦਰ ਸੇ (ਯਾਮੀ) ਪਹੁੰਚਤਾ ਹੂੰ, ਇਸ ਵਿਚ ਆਕਾਸ਼ ਦੀ ਪਿਠ ਪਰ ਪ੍ਰਮਾਤਮਾਂ ਦਾ ਦੌੜਨਾ ਸਿਧ ਕੀਤਾ ਗਿਆ ਹੈ ਪਰ ਨਿਰਾਕਾਰ ਸ੍ਰਵ ਵਿਆਪਕ ਵਿਚ ਅਕਾਸ਼ ਦੀ ਪਿਠ ਉਤੇ ਹੀ ਦੌੜਨਾ ਕ੍ਰਿਯਾ ਨਹੀਂ ਹੋ ਸਕਦੀ ਕਿਉਂਕਿ ਜਦ ਪ੍ਰਿਥਵੀ ਵਿਚ ਵੀ ਵਿਆਪਕ ਹੈ ਤਾਂ ਫਿਰ ਦੌੜਨਾ ਕੇਵਲ ਆਕਾਸ਼ ਦੀ ਪੀਠ ਪਰ ਹੀ ਕਿਉਂ ਹੋਵੇਗਾ ਤਾਂਤੇ ਆਕਾਸ਼ ਦੀ ਪਿਠ ਪਰ ਦੌੜਨੇ ਵਾਲਾ ਵੀ ਕੋਈ ਪ੍ਰਮਾਤਮਾਂ ਦਾ ਸਾਕਾਰ ਸਰੂਪ ਹੀ ਹੋਵੇਗਾ।

ਤਥਾ: ਅਥ੍ਰਵ ਵੇਦ, ਕਾਂਡ ੧੫ ਸੂਕਤ ੨ ਮੰਤ੍ਰ ੧ ਸ ਉਦਤਿਸ਼ਟਤ ਸ ਪ੍ਰਾਚੀ ਦਿਸ਼ਮਨੁ ਵਜਚਲਤ, ਦਾ ਅਰਥ ਉਪ੍ਰੋਕਤ ਸ਼੍ਰੀ ਪੰਡਤ ਖੇਮ ਕਰਨ ਦਾਸ ਜੀ ਆਪਣੇ ਕੀਤੇ ਭਾਸ਼ਯ ਵਿਚ ਲਿਖ ਰਹੈ ਹਨ ਕਿ, (ਸ) ਵਹ (ਬ੍ਰਾਤਯ ਪ੍ਰਮਾਤਮਾਂ) (ਉਤਅਤਿਸ਼ਠਤ) ਖੜਾ ਹੂਆ (ਸ:) ਵਹ (ਪ੍ਰਾਚੀਮ) ਸਾਮਨੇ ਵਾਲੀ ਅਥਵਾ ਪੂਰਵ (ਦਿਸ਼ਮਅਨੁ) ਦਿਸ਼ਾ ਕੀ ਓਰ (ਵਿਅਚਲਤ) ਵਿਚਰਾ, ਇਥੇ ਪ੍ਰਮਾਤਮਾਂ ਨੂੰ ਖੜਾ ਹੂਆ ਅਤੇ ਪੂਰਵ ਦਿਸ਼ਾ ਕੀ ਓਰ ਵਿਚਰਾ, ਸਿੱਧ ਕਰ ਰਹੈ ਹਨ, ਕਿੰਤੂ ਸ੍ਰਵ ਵਿਆਪਕ ਨਿਰਾਕਾਰ, ਵਿਚ ਖੜੇ ਹੋਣਾ ਨਹੀਂ ਬਣ ਸਕਦਾ ਅਤੇ ਇਕ ਦਿਸ਼ਾ ਵਲ ਵਿਚਰਨਾ ਵੀ ਅਸੰਭਵ ਹੈ, ਇਹ ਤਾਂ ਹੀ ਹੋ ਸਕੇਗਾ ਜੇਕਰ ਪਰਮਾਤਮਾਂ ਦਾ ਕੋਈ ਸਾਕਾਰ ਸਰੂਪ ਹੀ ਮੰਨਿਆ ਜਾਵੇ ਤਾਂਤੇ ਇਥੇ ਵੀ ਕੋਈ ਪਰਮਾਤਮਾਂ ਸਾਕਾਰ ਸਰੂਪ ਹੀ ਸਿਧ ਹੁੰਦਾ ਹੈ।

ਔਰ ਅਥ੍ਰਵ ਵੇਦ, ਕਾਂਡ ੧੩ ਸੂਕਤ ੧ ਮੰਤ੍ਰ ੩੯

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮੁਤ੍ਰ ਸੰਨੀਹ ਵੇਤਥੇਤ: ਸਸਤਾਨੀ ਪਸ਼ਜਸੀ, ਇਤ: ਪਸ਼ਯੰਤੀ ਰੋਚਨੰ ਦਿਵਿ ਸੂਰਯੰ ਵਿਪਸਚਿਤਮ, ਦਾ ਅਰਥ ਉਪ੍ਰੋਕਤ ਸ੍ਰੀ ਪੰਡਿਤ ਖੇਮ ਕਰਨ ਦਾਸ ਜੀ ਨੇ ਆਪਣੇ ਕੀਤੇ ਭਾਸ਼ਯ ਪ੍ਰਿਥਮਾਵਿਰਤੀ ੧੦੦੦ ਸੰਮਤ ੧੯੭੫ ਬਿ: ਛਪੇ ਵਿਚ ਕੀਤਾ ਹੈ ਕਿ, ਹੇ ਪ੍ਰਮੇਸ਼ਰ (ਅਮੁਤ੍ਰ) ਵਹਾਂ ਪਰ (ਸਨ) ਰਹਿਤਾ ਹੂਆ ਤੂ (ਇਹ) ਯਹਾਂ (ਵੇਤਥ) ਜਾਨਤਾ ਹੈ, (ਇਤ :) ਇਧਰ (ਸਨ) ਰਹਿਤਾ ਹੂਆ (ਤਾਨੀ) ਉਨ ਵਸਤੂਯੋਂ ਕੋ (ਪਸ਼ਜਸੀ) ਦੇਖਤਾ ਹੈ, (ਇਤ:) ਯਹਾਂ ਸੇ (ਦਿਵਿ) ਪ੍ਰਤੇਕ ਵਿਵਹਾਰ ਮੇਂ [ਰੋਚਨਮ] ਚਮਕਨੇ ਵਾਲੇ [ਵਿਪਸ਼ਚਿਤਮ] ਬੁਧੀਮਾਨ [ਸੂਰਯਮ] ਸਬ ਕੋ ਚਲਾਨੇ ਵਾਲੇ ਪ੍ਰਮੇਸ਼ਰ ਕੋ [ਪਸ਼ਯੰਤੀ] ਵੇ ਵਿਦਵਾਨ ਦੇਖਤੇ ਹੈਂ, ਇਸ ਵਿਚ ਇਥੇ ਵੀ ਪਰਮਾਤਮਾਂ ਸਰਵ ਵਿਆਪਕ ਸਿਧ ਨਹੀਂ ਹੁੰਦਾ ਕਿਉਂਕਿ ਇਸ ਵਿਚ ਲਿਖਿਆ ਹੈ, ਹੇ ਪਰਮੇਸ਼ਰ ਵਹਾਂ ਪਰ ਰਹਿਤਾ ਹੂਆ ਤੂੰ ਯਹਾਂ ਜਾਨਤਾ ਹੈ, ਇਧਰ ਰਹਿਤਾ ਹੂਆ ਉਨ ਵਸਤੂਯੋਂ ਕੋ ਦੇਖਤਾ ਹੈ ਔਰ ਬੁਧੀਮਾਨ ਪਰਮੇਸ਼ਰ ਕੋ ਵਿਦਵਾਨ ਦੇਖਤੇ ਹੈਂ, ਜੇਕਰ ਪਰਮਾਤਮਾਂ ਸਰਵ ਵਿਆਪਕ ਹੈ ਤਾਂ ਉਹਨਾਂ ਵਸਤੂਆਂ ਵਿਚ ਵੀ ਵਿਆਪਕ [ਮੌਜੂਦ] ਹੈ ਜਿਨ੍ਹਾਂ ਵਸਤੂਆਂ ਨੂੰ ਇਧਰ ਰਹਿੰਦਾ ਹੋਇਆ ਦੇਖਦਾ ਹੈ, ਅਤੇ ਯਹਾਂ [ਇਥੇ] ਵੀ ਵਿਆਪਕ ਹੈ ਜੋ ਵਹਾਂ [ਉਥੇ] ਰਹਿੰਦਾ ਹੋਇਆ ਜਾਣਦਾ ਹੈ, ਤਾਂ ਕੀ, ਕਾਰਨ ਹੈ ਇਧਰ ਉਧਰ ਹੋਕੇ ਦੇਖਦਾ ਹੈ ਸਰਵ ਜਗਾਹ ਮੌਜੂਦ ਹੀ ਕਿਉਂ ਨਹੀਂ ਦੇਖਦਾ ਤਾਂਤੇ ਇਥੇ ਇੰਜ ਇਕ ਦੇਸ਼ੀ ਸਿੱਧ ਹੋ ਰਿਹਾ ਹੈ।
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਕੀ, ਬੁਧੀਮਾਨ ਹੋਣੇ ਸੇ ਅੰਤਾ: ਕਰਨ ਵਾਲਾ ਸਿੱਧ ਹੋਵੇਗਾ ਕਿਉਂਕਿ, ਮਨ, ਬੁਧੀ, ਚਿਤ, ਅਹੰਕਾਰ ਨੂੰ ਹੀ ਅੰਤਾ: ਕਰਨ ਕਿਹਾ ਜਾਂਦਾ ਹੈ, ਅਤੇ ਅੰਤਾ ਕਰਨ ਕਿਸੇ ਸ਼ਰੀਰ ਵਿਚ ਹੀ ਹੋਵੇਗਾ, ਤਾਂ ਤੇ ਇਕਦੇਸ਼ੀ, ਅੰਤਾ: ਕਰਨ ਵਾਲਾ ਪ੍ਰਮਾਤਮਾਂ ਕੋਈ ਸਰੀਰ ਧਾਰੀ ਹੀ ਸਿਧ ਹੁੰਦਾ ਹੈ।

ਤਥਾ ਇਸ ਮੰਤ੍ਰ ਦਾ ਅਰਥ ਸ੍ਰੀ ਪੰਡਿਤ ਜਯਦੇਵ ਸ਼ਰਮਾਂ ਵਿਦਿਆ ਅਲੰਕਾਰ, ਮੀਮਾਂਸਾ ਤੀਰਥ, ਆਰਯਾ ਸਮਾਜੀ ਜੀ ਨੇ ਆਪਣੇ ਕੀਤੇ ਭਾਸ਼ਯ, ਅਥ੍ਰਵ ਵੇਦ ਸੰਹਿਤਾ (ਤ੍ਰਿਤਯਖੰਡ) ਪ੍ਰਕਾਸ਼ਕ ਆਰਯਾ ਸਾਹਿਤਯ ਮੰਡਲ ਅਜਮੇਰ, ਪ੍ਰਿਥਮਾਵਿਰਤੀ ੨੦੦੦ ਸੰਮਤ ੧੯੯੬ ਦੇ ਛਪੇ ਸਫਾ ੪੫੯ ਤੇ ਕੀਤਾ ਹੈ ਕਿ, (ਅਮੁਤ੍ਰਸਨ) ਹੇ ਪ੍ਰਭੂ ਆਪ ਦੂਰ ਰਹਿ ਕਰ (ਇਹ ਵੇਤਥ) ਯਹਾਂ ਕੀ ਜਾਨ ਲੇਤੇ ਹੋ ਔਰ (ਇਤ: ਸਤ) ਯਹਾਂ ਰਹਿ ਕਰ ਭੀ [ਤਾਨੀ] ਉਂਨ ਉਂਨ ਦੂਰ ਕੇ ਕਾਰਯੋਂ ਕੋ [ਪਸ਼ਯੰਤੀ] ਦੇਖਤੇ ਹੋ..........ਆਦਕ ਇਸ ਵਿਚ ਵੀ ਪਰਮਾਤਮਾਂ ਸ੍ਰਵ ਵਿਆਪਕ ਨਹੀਂ ਕਿਉਂਕਿ ਹੇ ਪ੍ਰਭੂ ਦੂਰ ਰਹਿ ਕਰ ਯਹਾਂ ਕੀ ਜਾਨ ਲੇਤੇ ਹੋ ਅਤੇ ਯਹਾਂ ਰਹਿ ਕਰ ਭੀ ਉਂਨ ਦੂਰ ਕੇ ਕਾਰਯੋਂ ਕੋ ਦੇਖਤੇ ਹੋ, ਲਿਖਾ ਹੈ—

ਕਿੰਤੂ ਸ੍ਰਵ ਵਿਆਪਕ ਪਰਮਾਤਮਾਂ ਵਾਸਤੇ ਕੋਈ ਨੇੜੇ ਨਹੀਂ ਅਤੇ ਕੁਛ ਦੂਰ ਨਹੀਂ ਕਿਹਾ ਜਾ ਸਕਦਾ, ਨੇੜੇ ਦੂਰ ਦੀ ਕਲਪਨਾ ਇਕ ਦੇਸ਼ੀ ਪਦਾਰਥ ਵਿਚ ਹੀ ਹੋ ਸਕਦੀ ਹੈ।

ਤਥਾ: ਅਥ੍ਰਵ ਵੇਦ, ਕਾਂਡ ੧੩ ਸੂਕਤ ੨ ਮੰਤ੍ਰ ੧੧ ਦਾ ਅਰਥ ਉਪ੍ਰੋਕਤ ਸ੍ਰੀ ਜਯਦੇਵ ਸ਼ਰਮਾਂ ਜੀ ਨੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪ੍ਰੋਕਤ ਭਾਸ਼ਜ ਦੇ ਸਫ਼ਾ ੪੭੪ ਤੇ ਲਿਖਿਆ ਹੈ ਕਿ—
(ਏਤੌ) ਯੇਦੋਨੋ [ਕ੍ਰੀਡੰਤੌ] ਖੇਲਤੇ ਹੂਏ [ਸ਼ਿਸ਼ੂ] ਦੋ ਬਾਲਕੋਂ ਕੇ ਸਮਾਨ ਪਰਮਾਤਮਾਂ ਔਰ ਆਤਮਾਂ ਦੋਨੋ [ਮਾਯਯਾ] ਮਾਯਾ— ਅਲੌਕਿਕ ਬੁਧੀ ਸੇ (ਅਰਣਵੰ ਪਰੀਯਾਤ:) ਸਮੁਦਰ ਤਕ ਪਹੁੰਚਤੇ ਹੈਂ, ਇਸ ਵਿਚ ਵੀ ਪ੍ਰਮਾਤਮਾਂ ਔਰ ਆਤਮਾਂ ਦੋਨੋਂ ਬਾਲਕਾਂ ਵਤ ਖੇਲਦੇ ਹੋਇ ਸਮੁੰਦਰ ਤਕ ਪਹੁੰਚਦੇ ਲਿਖਿਆ ਹੈ, ਨਿਰਾਕਾਰ ਸ੍ਰਵ ਵਿਆਪਕ ਪ੍ਰਮਾਤਮਾਂ ਵਿਚ ਬਾਲਕ ਕੇ ਸਾਮਾਨ ਖੇਲਨਾ ਅਤੇ ਸਮੁੰਦਰ ਤਕ ਜਾਣਾ, ਆਉਣਾ ਨਹੀਂ ਬਣ ਸਕਦਾ ਕਿਉਂਕਿ ਉਹ ਸਮੁੰਦਰ ਦੇ ਕਿਨਾਰੇ ਪਰ ਵੀ ਪਹਿਲੇ ਵਿਆਪਕ (ਮੌਜੂਦ) ਹੈ, ਜੋ ਪ੍ਰਮਾਤਮਾਂ ਬਾਲਕ ਦੇ ਸਮਾਨ ਕਿਸੇ ਸਮੁੰਦਰ ਦੇ ਕਿਨਾਰੇ ਤਕ ਖੇਲਦਾ ਹੋਇਆ ਜਾਵੇ ਆਵੇ ਉਹ ਕੋਈ ਸਾਕਾਰ, ਅਵਤਾਰ ਸਰੂਪ ਹੀ ਹੋ ਸਕਦਾ ਹੈ।

ਅਤੇ ਯਜੁਰ ਵੇਦ, ਧਿਆ ੩੩ ਮੰਤ੍ਰ ੨੪ ਦਾ ਅਰਥ ਮਹ ਰਿਸ਼ੀ ਦਯਾ ਨੰਦ ਜੀ ਨੇ ਆਪਣੇ ਭਾਸ਼ਜ ਵਿਚ ਕੀਤਾ ਹੈ ਕਿ, (ਯੇਸ਼ਾਮ) ਜਿਨਕਾ (ਇਧਮ:) ਤੇਜਸਵੀ (ਪ੍ਰਿਥੂ) ਵਿਸਤਾਰ ਯੁਕਤ (ਸ੍ਵਰੂ:) ਪ੍ਰਤਾਪੀ (ਯੁਵਾ) ਜਵਾਨ [ਬ੍ਰਿਹਨ] ਮਹਾਨ [ਇੰਦ੍ਰ:] ਉਤਮ ਐਸ਼ਵਰਯਵਾਲਾ ਪ੍ਰਮਾਤਮਾਂ (ਸਖਾ) ਮਿਤ੍ਰ ਹੈ ਆਦਕ, ਇਸ ਵਿਚ ਪ੍ਰਮਾਤਮਾਂ ਨੂੰ ਤੇਜੱਸਵੀ ਅਤੇ ਜਵਾਨ ਲਿਖਿਆ ਹੈ, ਨਿਰਾਕਾਰ ਸ੍ਰਵ ਵਿਆਪਕ ਵਿਚ ਜਵਾਨ ਹੋਣਾ ਤੇ, ਤੇਜਸਵੀ ਆਦਕ ਹੋਣਾ ਨਹੀਂ ਬਣ ਸਕਦਾ: ਕਿਉਂਕਿ ਉਹ ਇਕ ਰਸ ਹੈ ਉਸ ਵਿਚ ਕਿਸੇ ਜਵਾਨ, ਬਾਲ ਆਦਕ ਅਵਸਥਾ ਦੀ ਕਲਪਨਾ ਨਹੀਂ ਹੋ ਸਕਦੀ, ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਸਾਕਾਰ ਇਕ ਦੇਸ਼ੀ ਸਰੂਪ ਦਾ ਹੀ ਜ਼ਿਕਰ ਹੈ।

ਤਥਾ : ਸਤਯਾਰਥ ਪ੍ਰਕਾਸ਼ ਸੰਮਤ ੧੯੭੪ ਬਿ: ਵਿਚ ਛਪੇ ਤੇਰਵੀ ਵਾਰ ੪੦੦੦ ਦੇ ਸਫਾ ੩੪ ਤੇ, ਯਥੇ ਮਾਂ ਵਾਚੰ ਕਲਯਾਣੀ, ਇਸ ਯਜੁਰ ਵੇਦ ਮੰਤ੍ਰ ਦੇ ਅਰਥ ਵਿਚ ਮਹ ਰਿਸ਼ੀ ਦਯਾ ਨੰਦ ਜੀ ਲਿਖ ਰਹੇ ਹਨ ਕਿ, ਦੇਖੋ ਪਰਮੇਸ਼ਰ ਸ੍ਵਯੰ ਕਹਿਤਾ ਹੈ ਕਿ ਹਮ ਨੇ ਬ੍ਰਹਮਣ, ਖਤ੍ਰੀਜ, [ਆਰਯਾਯ] ਵੈਸ਼ਜ [ਸ਼ੂਦ੍ਰਾਯ] ਸ਼ੂਦਰ, ਔਰ [ਸ੍ਵਾਯ] ਆਪਨੇ ਭ੍ਰਿਤਜ ਵਾ ਇਸਤ੍ਰੀ ਯਾਦੀ [ਅਰਣਾਯ] ਔਰ ਅਤੀ ਸ਼ੂਦਰ ਆਦੀ ਕੇ ਲੀਏ ਭੀ ਵੇਦੋਂ ਕਾ ਪ੍ਰਕਾਸ਼ ਕਿਯਾ ਹੈ, ਇਥੇ ਹੀ ਅਗੇ ਮਹ ਰਿਸ਼ੀ ਜੀ ਲਿਖ ਰਹੈ ਹਨ ਕਿ, ਕਹੀਯੇ ਅਬ ਤੁਮਾਰੀ ਬਾਤ ਮਾਨੇ ਵਾ ਪ੍ਰਮੇਸ਼ਰ ਕੀ, ਪ੍ਰਮੇਸ਼ਰ ਕੀ ਬਾਤ ਅਵਸ਼ਜ ਮਾਨ ਨੀਯ ਹੈ, ਇਤਨੇ ਪਰ ਭੀ ਜੋ ਕੋਈ ਇਸਕੋ ਨਾ ਮਾਨੇਗਾ ਵਹ ਨਾਸਤਿਕ ਕਹਾਵੇਗਾ, ਇਸ ਵਿਚ ਪ੍ਰਮੇਸ਼ਰ ਸ੍ਵਯੰ ਕਹਿਤਾ ਹੈ ਕਿ ਹਮਨੇ ਬ੍ਰਹਮਣ...(ਆਦਕ) ਔਰ ਆਪਨੇ ਭ੍ਰਿਤਜ–ਨੌਕਰ ਅਤੇ ਇਸਤ੍ਰੀ ਆਦੀ ਕੇ ਲੀਏ ਭੀ ਵੇਦੋਂ ਕਾ ਪ੍ਰਕਾਸ਼ ਕਿਯਾ ਹੈ ਇਸ ਅਰਥ ਸੇ ਪ੍ਰਮਾਤਮਾਂ ਇਸਤ੍ਰੀ ਅਤੇ ਨੌਕਰ ਆਦਕ ਪਰਵਾਰ ਵਾਲਾ ਸਾਬਤ ਹੋ ਰਿਹਾ ਹੈ, ਇਸਤ੍ਰੀ, ਨੌਕਰ ਆਦੀ ਤਦ ਹੀ ਹੋ ਸਕਦੇ ਹਨ ਜੇਕਰ ਪ੍ਰਮਾਤਮਾਂ ਕਿਸੇ ਮਨੁਸ਼ ਸਰੂਪ ਜਾਂ ਕਿਸੇ ਵੀ ਸਾਕਾਰ ਸਰੂਪ ਵਿਚ ਹੀ ਹੋਵੇ, ਸ੍ਰਵ ਵਿਆਪਕ ਪ੍ਰਮਾਤਮਾਂ ਦੀ ਕੋਈ ਇਸਤ੍ਰੀ ਅਤੇ ਨੌਕਰ ਆਦਕ ਨਹੀਂ ਕਹੈ ਜਾ ਸਕਦੇ ਤਾਂਤੇ ਇਥੇ ਵੀ ਵੇਦਾਂ ਦਾ ਪ੍ਰਕਾਸ਼ ਕਰਨੇ ਵਾਲੇ ਪ੍ਰਮਾਤਮਾਂ ਦੇ ਕਿਸੇ ਸਾਕਾਰ ਰੂਪ ਦਾ ਹੀ ਜਿਕਰ ਸਿਧ ਹੁੰਦਾ ਹੈ, ਬਾਕੀ : ਵੇਦਾਮ੍ਰਿਤ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਪਾਦਕ ਸ੍ਰੀ ਪਾਦ ਦਾਮੋਦਰ ਸਾਤਵਲੇਕਰ, ਪ੍ਰਕਾਸ਼ਕ : ਸ੍ਰੀ ਮਤੀ ਆਰਯਾ ਪ੍ਰਤੀ ਨਿਧੀ ਸਭਾ ਪੰਜਾਬ ਲਹੌਰ ਸੰਮਤ ੧੯੮੧ ਵਿਚ ਛਪੇ ਦੇ ਸਫਾ ੩੬੯ ਤੇ, ਰੂਪੰ ਰੂਪੰ ਪ੍ਰਤੀ ਰੂਪੋ ਵਭੂਵ ਤਦਸਯ ਰੂਪੰ ਪ੍ਰਤੀ ਚਕ਼ਸ਼ਣਾਯ, ਇੰਦ੍ਰੋ ਮਾਯਾ ਭਿ ਪੁਰੂ ਰੂਪ ਈਯਤੇ ਯੁਕਤਾ ਹਯਸਯ ਹਰਯ: ਸ਼ਤਾ ਦਸ਼ [ਰਿਗਵੇਦ, ੬।੪੭।੧੮] ਇਸਦਾ ਅਰਥ ਲਿਖਿਆ ਹੈ ਕਿ, ਵਹ [ਇੰਦਰ:] ਪ੍ਰਭੂ ਜਗਤ ਕੇ ਪ੍ਰਤੇਕ ਰੂਪ ਕੇ ਲੀਏ [ਪ੍ਰਤਿ ਰੂਪ:] ਆਦਰਸ਼ ਰੂਪ [ਵਭੂਵ] ਹੂਆ ਹੈ, [ਅਸਯ ਤਤ ਰੂਪੰ] ਇਸਕਾ ਵਹ ਆਦਰਸ਼ ਰੂਪ [ਪ੍ਰਤਿ ਚਕ਼ਸ਼ਣਾਯ] ਦੇਖ਼ਨੇ ਕੇ ਲੀਏ ਹੀ ਹੂਆ ਹੈ, ਵਹੀ ਪ੍ਰਭੂ [ਮਾਯਾ ਭਿ ਪੁਰੂ ਰੂਪ:] ਆਪਨੀ ਸ਼ਕਤੀਯੋਂ ਸੇ ਬਹੁਤ ਰੂਪ ਧਾਰਨ ਕਰਕੇ [ਈਯਤੇ] ਚਲਤਾ ਹੈ, ਇਸ ਕੇ ਰਥ ਕੇ ਲੀਏ [ਹਰਯ:] ਘੋੜੇ [ਦਸ਼ ਸ਼ਤਾ:] ਦਸ ਸੌ [ਯੁਕਤਾ:] ਜਾਤੇ ਹੈਂ, ਪ੍ਰਮਾਤਮਾਂ ਪ੍ਰਤੇਕ ਜਗਤ ਕੇ ਸਰੂਪ ਕੇ ਲੀਏ ਆਦਰਸ਼ ਰੂਪ ਹੂਆ ਹੈ, ਅਰਥਾਤ ਇਸ ਕਾ ਰੂਪ ਦੇਖ ਕਰ ਜਗਤ ਕੇ ਆਕਾਰ ਬਨਾਏ ਹੈਂ, ਇਸ ਪ੍ਰਕਾਰ ਆਪਨੀ ਅਦਭੁਤ ਸ਼ਕਤੀਯੋਂ ਸੇ ਵਿਵਧ ਰੂਪ ਧਾਰਨ ਕਰਕੇ ਯਹ ਬਹੁ ਰੂਪੀ ਬਨ ਕਰ ਕਾਰਯ ਕਰਤਾ ਹੈ ਔਰ ਇਸਕੇ ਰਥ ਕੇ ਲੀਏ ਦਸ ਸੌ ਘੋੜੇ ਸਹਸਰੋਂ ਘੋੜੇ ਅਰਥਾਤ ਸ਼ਕਤੀਆਂ ਹੈਂ, ਇਨ ਸ਼ਕਤੀਯੋਂ ਕਾ ਉਪਯੋਗ ਕਰਕੇ ਵਹ ਸਰਵਤ੍ਰ ਕਾਰਯ ਕਰਤਾ ਹੈ।

ਇਸ ਅਰਥ ਵਿਚ ਸਾਫ ਲਿਖਿਆ ਹੈ ਕਿ, ਵਹੀ ਪ੍ਰਭੂ ਆਪਨੀ ਸ਼ਕਤੀਯੋਂ ਸੇ ਬਹੁਤ, ਰੂਪ ਧਾਰਨ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਲਤਾ ਹੈ, ਔਰ ਇਸਕਾ ਵਹ ਆਦਰਸ਼ ਰੂਪ ਦੇਖਣੇ ਕੇ ਲੀਏ ਹੀ ਹੂਆ ਹੈ ਅਤੇ ਇਸ ਕੇ ਰਥ ਕੇ ਲੀਏ ਦਸ ਸੌ ਘੋੜੇ ਹੈਂ, ਤਾਂਤੇ ਇਹ ਸਭ ਕੁਛ ਨਿਰਾਕਾਰ ਸਰਵ ਵਿਆਪਕ ਸਰੂਪ ਵਿਚ ਨਹੀਂ ਬਣ ਸਕਦਾ ਕਿਉਂਕਿ ਨਿਰਾਕਾਰ ਸਰਵ ਵਿਆਪਕ ਇਕੋ ਹੀ ਸਰੂਪ ਹੈ ਉਹ ਬਹੁਤ ਰੂਪ ਧਾਰਨ ਕਰ ਕੇ ਚਲਦਾ ਕਿਵੇਂ ਮੰਨਣ ਵਿਚ ਆਵੇਗਾ, ਜਿਥੇ ਬਹੁਤ ਰੂਪ [ਸ਼ਕਲਾਂ] ਧਾਰਨ ਕਰ ਕੇ ਚਲਦਾ ਹੈ, ਉਥੇ ਉਹ ਕੋਈ ਸਾਕਾਰ ਸਰੂਪਾਂ ਵਿਚ ਹੀ ਸਿਧ ਹੋਵੇਗਾ ਕਿਉਂਕਿ ਇਕ ਸਰੂਪ ਸ੍ਰਵ ਵਿਆਪਕ ਵਿਚ ਬਹੁਤ ਰੂਪ (ਟੁਕੜੇ ਹੋਣਾ) ਤੇ ਚਲਨਾ ਆਦਕ ਅਸਿਧ ਹੈ, ਬਾਕੀ ਇਸਕਾ ਆਦਰਸ਼ ਰੂਪ, ਦੇਖਨੇ ਕੇ ਲੀਏ ਹੀ ਹੂਆ ਹੈ, ਤਾਂ ਦੇਖਣੇ ਯੋਗ ਵੀ ਕੋਈ ਸਾਕਾਰ ਸਰੂਪ ਹੀ ਹੋ ਸਕਦਾ ਹੈ, ਨਿਰਾਕਾਰ ਨਹੀਂ ਔਰ ਜਿਸ ਸਰੂਪ ਵਿਚ ਰਥ ਆਦਕ ਦਾ ਵਰਨਨ ਹੋਵੇ ਉਹ ਸਾਕਾਰ ਹੀ ਕਿਹਾ ਜਾਵੇਗਾ, ਔਰ ਇਸਕਾ ਰੂਪ ਦੇਖ ਕਰ ਜਗਤ ਕੇ ਆਕਾਰ ਬਨਾਏ ਹੈਂ, ਤਾਂ ਉਹ ਪ੍ਰਮਾਤਮਾਂ ਨਿਰਾਕਾਰ ਹੀ ਕਿਵੇਂ ਰਹਿ ਸਕਦਾ ਹੈ, ਇਸ ਤੋਂ ਉਲਟਾ ਸਾਬਤ ਹੋ ਰਿਹਾ ਹੈ ਕਿ, ਪ੍ਰਮਾਤਮਾਂ ਦਾ ਸਰੂਪ ਵੀ ਇਸੇ ਜਗਤ ਜਿਹਾ ਹੀ ਸਾਕਾਰ ਹੈ, ਜਿਸਨੂੰ ਦੇਖਕੇ ਇਸ ਜਗਤ ਦੇ ਆਕਾਰ ਬਨਾਏ ਗਏ ਹਨ, ਫਿਰ ਇਹ ਵੀ ਲਿਖਿਆ ਹੈ ਕਿ, ਆਪਨੀ ਸ਼ਕਤੀਯੋਂ ਸੇ ਵਿਵਧ ਰੂਪ ਧਾਰਨ ਕਰਕੇ ਯਹ ਬਹੁਰੂਪੀ ਬਨ ਕਰ ਕਾਰਯ ਕਰਤਾ ਹੈ, ਇਸ ਅਰਥ ਵਿਚ ਬਿਲ ਕੁਲ ਸਾਫ ਹੋ ਗਿਆ ਕਿ ਉਹ ਆਪਨੀ ਸ਼ਕਤੀ ਸੇ ਬਹੁਰੂਪੀ ਬਨ ਕਰ ਕੰਮ ਕਰਦਾ ਹੈ, ਪ੍ਰੰਤੂ ਬਹੁ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪਾਂ ਵਿਚ ਪ੍ਰਗਟ ਹੋਣਾ ਆਨਾਦੀ, ਤੇ ਨਿਰਾਕਾਰ ਤੇ ਸ੍ਰਵ ਵਿਆਪਕ ਸਰੂਪ ਨਹੀਂ ਕਿਹਾ ਜਾ ਸਕਦਾ, ਕਿਉਂਕਿ ਬਹੁ ਰੂਪ ਬਣਨਾ ਤਦ ਹੈ ਜੇਕਰ ਪਹਿਲੇ ਅਨਾਦੀ ਬਹੁ ਰੂਪ ਨਹੀਂ ਬਣਿਆ ਹੋਇਆ, ਜੇਕਰ ਅਨਾਦੀ, ਹੀ ਬਹੁ ਰੂਪੀ ਹੈ ਤਾਂ ਬਹੁ ਰੂਪੀ ਬਨ ਕਰ ਕਾਰਯ ਕਰਤਾ ਹੈ ਇਹ ਕਥਨ ਬਿਅਰਥ ਹੋ ਜਾਂਦਾ ਹੈ, ਤਾਂਤੇ ਬਹੁ ਰੂਪੀ ਬਣਨਾਂ ਹੀ ਸਾਕਾਰ ਅਤੇ ਅਵਤਾਰ ਸਿਧੀ ਹੈ।

ਤਥਾ ਇਸੇ, ਵੇਦਾਮ੍ਰਿਤ, ੧੯੮੧ ਦੇ ਹੀ ਛਪੇ ਹੋਇ ਦੇ ਸਫਾ ੩੭੮ ਤੇ ਅਥ੍ਰਵ ਵੇਦ, ਦੇ ਦੋਂਹ, ਮੰਤ੍ਰਾਂ ਦਾ ਅਰਥ ਲਿਖਿਆ ਹੈ ਕਿ [ਯਸਯ ਅੰਗੇ] ਜਿਸਕੇ ਅੰਗੋਂ ਕੇ ਗਾਤ੍ਰੋਂ ਮੇਂ ਤੇਤੀਸ ਦੇਵ ਵਿਸ਼ੇਸ਼ ਸੇਵਾ ਕਰਤੇ ਹੈਂ, ਉਨ ਤੇਤੀਸ ਦੇਵੋਂ ਕੋ ਬ੍ਰਹਮ ਗਿਆਨੀ ਪੁਰਸ਼ ਹੀ ਕੇਵਲ ਜਾਨਤੇ ਹੈਂ, ਤੇਤੀਸ ਦੇਵ ਜਿਸਕਾ (ਨਿਧਿ) ਕੋਸ਼ ਸਰਵਦਾ ਰਖ਼ਸ਼ਣ ਕਰਤੇ ਹੈਂ, ਉਸ ਨਿਧੀ ਕੋ ਆਜ ਕੌਨ ਜਾਨਤਾ ਹੈ, ਸੂਰਜ, ਚੰਦਰ, ਵਾਯੂ, ਜਲ, ਪ੍ਰਿਥਵੀ ਆਦਿ ਤੇਤੀਸ ਦੇਵਤਾਯੇਂ ਹੈਂ, ਵਹੀ ਦੇਵਤਾਯੇਂ ਪ੍ਰਮੇਸ਼ਰ ਕੇ ਅੰਗ ਔਰ ਗਾਤ੍ਰ ਹੈਂ, ਮਾਨੋ ਉਸ ਪ੍ਰਮਾਤਮਾਂ ਕਾ ਯਹ ਵਿਸ਼ਵ ਹੀ ਦੇਵਤਾ ਮਈ ਸਰੀਰ ਹੈ, ਇਸ ਪ੍ਰਮਾਤਮਾਂ ਕੇ ਸਰੀਰ ਕੀ ਠੀਕ ਠੀਕ ਕਲਪਨਾ ਅਕੇਲੇ ਬ੍ਰਹਮ ਗਿਆਨੀ ਕੋ ਹੀ ਹੋਤੀ ਹੈ, ਦੂਸਰੇ ਸਾਧਾਰਨ ਜਨ ਇਸ ਬਾਤ ਕੋ ਜਾਨ ਨਹੀਂ ਸਕਤੇ।

ਇਸ ਅਰਥ ਵਿਚ, ਜਿਸ ਕੇ ਅੰਗੋਂ ਕੇ ਗਾਤ੍ਰੋਂ ਮੇਂ ਤੇਤੀਸ ਦੇਵ ਵਿਸ਼ੇਸ਼ ਸੇਵਾ ਕਰਤੇ ਹੈਂ, ਲਿਖਿਆ ਹੈ, ਜੇ ਕਰ ਪ੍ਰਮਾਤਮਾਂ ਦੇ ਅੰਗਾਂ ਦੇ ਸਰੀਰ ਮੰਨੀਏ ਤਾਂ ਪ੍ਰਮਾਤਮਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਾਵਯਵ, ਨਿਰਾਕਾਰ ਨਹੀਂ ਮੰਨਿਆਂ ਜਾ ਸਕੇਗਾ, ਬਾਕੀ, ਸੂਰਜ, ਚੰਦ੍ਰਮਾਂ, ਵਾਯੂ, ਜਲ ਪ੍ਰਿਥਵੀ ਆਦਕ ਤੇਤੀ ਦੇਵਤਾਯੋਂ ਹੀ ਪ੍ਰਮਾਤਮਾਂ ਦੇ ਉਪ੍ਰੋਕਤ ਅੰਗ ਔਰ ਗਾਤ੍ਰ ਲਿਖੇ ਹਨ, ਜਲ ਵਾਯੂ, ਪ੍ਰਿਥਵੀ ਆਦਕ ਪਦਾਰਥ ਜੜ੍ਹ ਹਨ, ਤਾਂ ਫਿਰ ਪ੍ਰਮਾਤਮਾਂ ਦੇ ਅੰਗ ਔਰ ਗਾਤ੍ਰ ਜੜ੍ਹ ਹੀ ਸਿਧ ਹੋ ਗਏ ਔਰ ਮੂਰਤੀ ਪੂਜਕ ਜੜ੍ਹ, ਮੂਰਤੀ ਦੀ ਪੂਜਾ ਭਗਤੀ ਕਰਦੇ ਹਨ ਤਾਂ ਜੜ੍ਹ ਮੂਰਤੀ, ਪ੍ਰਿਥਵੀ ਦਾ ਹੀ ਅੰਸ਼ ਹੈ ਤਾਂਤੇ ਮੂਰਤੀ ਰੂਪ ਪ੍ਰਿਥਵੀ ਉਪ੍ਰੋਕਤ ਵੇਦ ਮੰਤ੍ਰ ਦੇ ਅਰਥ ਅਨੁਸਾਰ ਪ੍ਰਮਾਤਮਾਂ ਦਾ ਅੰਗ ਸਾਬਤ ਹੋਣੇ ਸੇ ਮੂਰਤੀ ਦੀ ਪੂਜਾ ਪ੍ਰਮਾਤਮਾਂ ਦੇ ਹੀ ਅੰਗ--ਸਰੂਪ ਦੀ ਪੂਜਾ ਸਿਧ ਹੋ ਰਹੀ ਹੈ, ਪ੍ਰਮਾਤਮਾਂ ਦੇ ਕਿਸੇ ਅੰਗ ਦੀ ਪੂਜਾ ਭਗਤੀ ਕਰਨੀ ਉਹ ਪ੍ਰਮਾਤਮਾਂ ਦੀ ਹੀ ਪੂਜਾ ਭਗਤੀ ਹੈ, ਕਿਉਂਕਿ ਮਨੁਸ਼ ਦੇ ਕਿਸੇ ਅੰਗ ਦਾ ਸਤਿਕਾਰ ਕੀਤਾ ਜਾਵੇ ਤਾਂ ਉਹ ਮਨੁਸ਼ ਆਪਣਾ ਹੀ ਸਤਿਕਾਰ ਸਮਝਦਾ ਹੈ।

ਬਲਕਿ, ਵੇਦ ਵਿਚ, ਪ੍ਰਮਾਤਮਾਂ ਦੀ ਮਹਾਂਬੀਰ ਨਾਮ ਦੀ ਮਿੱਟੀ ਦੀ ਮੂਰਤੀ ਬਣਾਉਣੀ ਵੀ ਮਿਲਦੀ ਹੈ, ਯਥਾ: ਦੇਵੀ ਦਜਾਵਾ ਪ੍ਰਿਥਵੀ ਮਖਸਜ ਤਵਾ ਮਧਜ ਸ਼ਿਰੋ ਗਾਧਜਾਸੰ, ਦੇਵ ਯਜਨੇ ਪ੍ਰਿਥਵਯਾ: ਮਖਾਯ ਤਵਾ ਮਖਸਜ ਤਵਾ ਸ਼ੀਰਖ਼ਣੇ, ਯਜੁਰ ਵੇਦ ੭।੩ ਹੇਮ੍ਰਿਦ ਜਲ ਰੂਪ ਦੇਵਿਯੋ ਮੈਂ ਦੇਵ ਯਜਨ ਸਥਾਨ ਮੇਂ ਤੁਮ ਦੋਨੋਂ ਕੋ ਲੇਕਰ ਮਹਾਂਬੀਰ ਕੀ ਮੂਰਤੀ ਬਨਾਊਂਗਾ ਅਤੇ ਮੈਂ ਯੱਗ ਕੇ ਲੀਏ ਤੁਮ ਦੋਨੋਂ ਕੋ ਗ੍ਰਹਿਣ ਕਰਤਾ ਹੂੰ ਮਹਾਂਬੀਰ ਬਨਾਨੇ ਕੇ ਹੇਤੂ ਯੇਹ ਤੁਮਾਰਾ ਗ੍ਰਹਿਣ ਹੈ ਇਸ ਮੰਤਰ ਦੇ ਇਸ ਅਰਥ ਦੀ: ਪਸ਼ਤ੍ਰੀ, ਸ਼ਤ ਪਤ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੪।੧।੨।੯। ਵਿਚ ਕੀਤੀ ਗਈ ਹੈ, ਬਾਕੀ ਉਪਰੋਕਤ ਵੇਦ ਮੰਤਰ ਦਾ ਅਰਥ ਸ੍ਰੀ ਸੁਆਮੀ ਮਹਾਂ ਰਿਸ਼ੀ ਦਯਾ ਨੰਦ ਜੀ ਨੇ ਆਪਣੇ ਯਜੁਰ ਵੇਦ ਭਾਸ਼ਜ ਵਿਚ ਇਹ ਕੀਤਾ ਹੈ ਕਿ, [ਦੇਵੀ] ਉਤਮਗੁਣੋਂ ਸੇ ਯੁਕਤ [ਦਜਾਵਾ ਪ੍ਰਿਥਵੀ] ਪ੍ਰਕਾਸ਼ ਔਰ ਭੂਮੀ ਕੇ ਤੁਲਜ ਵਰਤਮਾਨ ਅਧਿਆਪਕਾ ਔਰ ਉਪਦੇਸ਼ਕਾ ਇਸਤਰੀਯੋ [ਆਦਜ] ਇਸ ਸਮੇਂ [ਪ੍ਰਿਥਿਵਯਾ] ਪ੍ਰਿਥਵੀ ਕੇ ਬੀਚ [ਦੇਵਯਜਨੇ] ਵਿਦਵਾਨੋਂ ਕੇ ਕੇ ਯਗ ਸਥਲ ਮੇਂ [ਵਾਮ] ਤੁਮ ਦੋਨੋਂ ਕੇ [ਮਖਸਯ] ਯਗ ਕੇ [ਸ਼ਿਰਾ] ਉਤਮ ਅਵਯਵ ਕੋ ਮੈਂ [ਰਾਧਯਾ ਸਮ] ਸਮਯਕ ਸਿਧ ਕਰੂੰ [ਮਖਮਯ] ਯਗ ਕੇ [ਸ਼ਰੀਸ਼ਣੇ] ਉਤਮ ਅਵਯਵ ਕੀ ਸਿਧੀ ਕੇ ਲੀਏ [ਤਵਾ] ਤੁਝ ਕੋ ਔਰ [ਮਖਾਯ] ਯਗ ਕੇ ਲੀਏ [ਤਵਾ] ਤੁਝ ਕੋ ਸਮਯਕ ਸਿਧ ਕਰੂੰ, ਇਸ ਅਰਥ ਵਿਚ ਚਾਹੇ ਸੁਆਮੀ ਜੀ ਨੇ ਮੂਰਤੀ ਬਣਾਉਣੀ ਅਰਥ ਨਹੀਂ ਲਿਖਿਆ ਪਰ ਫਿਰ ਵੀ ਇਹ ਲਿਖ ਰਹੇ ਹਨ ਕਿ ਵਿਦਵਾਨੋਂ ਕੇ ਯਗ ਸਥਲ ਮੇਂ ਤੁਮ ਦੋਨੋਂ ਕੇ ਯਗ ਕੇ ਉੱਤਮ ਅਵਯਵ ਕੋ ਮੈਂ ਸਮਯਕ ਸਿਧ ਕਰੂੰ, ਇਥੇ ਇਹ ਪ੍ਰਸ਼ਨ ਪੈਦਾ ਹੋਵੇਗਾ ਕਿ ਯਗ ਦਾ ਉਹ ਉਤਮ ਅਵਯਵ (ਅੰਗ) ਕੀ ਹੈ, ਜਿਸਨੂੰ ਲਿਖਿਆ ਹੈ ਕਿ ਸਮਯਕ-ਭਲੀ ਪ੍ਰਕਾਰ ਸੇ ਸਿਧ ਕਰੂੰ, ਕਿਆ ਉਹ ਅੰਗ ਕੋਈ ਨਿਰਾਕਾਰ ਹੈ ਜਾਂ ਸਾਕਾਰ ਹੈ, ਜੇਕਰ ਨਿਰਾਕਾਰ ਹੈ ਤਾਂ ਉਸਦਾ ਸਿਧ ਕੀ, ਕਰਨਾ ਹੈ, ਕਿਆ ਉਸਨੂੰ ਸਾਕਾਰ ਸਿਧ ਕਰਨਾ ਹੈ, ਜੇਕਰ ਨਹੀਂ ਤਾਂ ਉਸਦਾ ਹੋਰ ਕੀ ਸਿਧ ਹੋ ਸਕਦਾ ਹੈ, ਅਤੇ ਜੇਕਰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਕਾਰ ਹੈ ਤਾਂ ਉਹ ਮੂਰਤੀ ਮਾਨ ਹੈ ਫਿਰ ਕੋਈ ਨਾ ਕੋਈ ਮੂਰਤੀ ਹੀ ਸਿਧ ਕਰਨੀ ਅਰਥ ਸਿਧ ਹੋ ਗਿਆ ਔਰ ਫਿਰ ਇਹ ਲਿਖਿਆ ਹੈ ਕਿ, ਯਗ ਕੇ ਉਤਮ ਅਵਯਵ ਕੀ ਸਿਧੀ ਕੇ ਲੀਏ ਤੁਝ ਕੋ ਅਤੇ ਯਗ ਕੇ ਲੀਏ ਤੁਝਕੋ ਸਮਯਕ ਸਿਧ ਕਰੂੰ, ਕਿਆ ਵਰਤਮਾਨ ਅਧਿਆਪਕਾ ਤੇ ਉਪਦੇਸ਼ਕਾ ਇਨ੍ਹਾਂ ਦੋਹਾਂ ਇਸਤ੍ਰੀਆਂ ਨੂੰ ਹੀ ਇਥੇ, ਤੁਝ ਕੋ ਸਮਯਕ ਸਿਧ ਕਰੂੰ, ਲਿਖਿਆ ਹੈ ? ਜੇਕਰ ਇੰਜ ਹੀ ਹੈ ਤਾਂ ਯਗ ਦੇ ਉਤਮ ਅੰਗ ਦੀ ਸਿਧੀ ਵਾਸਤੇ ਔਰ ਯਗ ਦੀ ਸਿਧੀ ਵਾਸਤੇ ਉਨ੍ਹਾਂ ਇਸਤ੍ਰੀਆਂ ਦਾ ਕਿਆ ਸਿਧ ਕਰਨਾ ਹੈ, ਕਿਉਂਕਿ ਉਹ ਅਗੇ ਅਸਿਧ ਨਹੀਂ ਹਨ, ਅਤੇ ਪਹਿਲੇ ਲਿਖਿਆ ਹੈ ਕਿ ਪ੍ਰਕਾਸ਼ ਔਰ ਭੂਮੀ ਕੇ ਤੁਲਯ ਵਰਤਮਾਨ ਅਧਿਆਪਕਾ ਇਥੇ ਵੀ ਇਹ ਸ਼ੰਕਾ ਪੈਂਦੀ ਹੈ ਕਿ, ਉਹ ਆਧਿਆਪਕਾ ਤੇ ਉਪਦੇਸ਼ਕਾ ਭੂਮੀ ਦੇ ਤੁਲ ਜੜ੍ਹ ਸੁਭਾਵ ਰਖਨ ਵਾਲੀਆਂ ਹਨ, ਕਿ ਚੇਤਨ, ਜੇ ਚੇਤਨ ਹਨ ਤਾਂ ਭੂਮੀ ਵੀ ਚੇਤਨ ਹੀ ਹੋ ਗਈ ਔਰ ਜੇਕਰ ਜੜ੍ਹ ਸੁਭਾਵ ਹਨ ਤਾਂ ਉਹ ਉਪਦੇਸ਼ਕਾ ਤੇ ਅਧਿਆਪਕਾ, ਕਿਆ ਹੋਣਗੀਆਂ, ਪ੍ਰੰਤੂ ਇਸ ਅਰਥ ਵਿਚੋਂ ਵੀ ਯਗ ਦਾ ਉਤਮ ਅੰਗ ਕੋਈ ਕਾਇਮ ਕਰਨਾ ਸਿਧ ਹੋ ਰਿਹਾ ਹੈ, ਜੋ ਕਿਸੇ ਮੂਰਤੀ ਤੋਂ ਖਾਲੀ ਨਹੀਂ, ਕਿਉਂਕਿ ਅੰਗ ਨਿਰਾਕਾਰ ਨਹੀਂ ਸਾਕਾਰ ਹੈ, ਅਤੇ ਉਹ ਵੀ ਅਗੇ ਸਿਧ ਨਹੀਂ, ਨਵਾਂ ਹੀ ਸਿਧ ਕਰਨਾ ਹੈ, ਜੇਕਰ ਪਹਿਲੇ ਹੀ ਸਿਧ ਹੁੰਦਾ ਤਾਂ ਇਥੇ ਅਰਥ ਵਿਚ ਇਹ ਕਿਉਂ ਲਿਖਣਾ ਸੀ ਕਿ ਯਗ ਕੇ ਉਤਮ ਅਵਯਵ ਕੋ ਮੈਂ ਸਮਯਕ ਸਿਧ ਕਰੂੰ, ਜਿਸ ਕਰਕੇ ਜੋ ਨਵਾਂ ਹੀ ਯਗ ਦਾ ਉਤਮ ਅੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਛੀ ਤਰ੍ਹਾਂ ਸਿਧ ਕਰਨਾ ਹੈ ਉਹ ਕੀ, ਹੋਵੇਗਾ ਉਹ ਕਿਸੇ ਕਿਸਮ ਦੀ ਕੋਈ ਵਸਤੂ, ਮੂਰਤੀ ਹੀ ਹੋਵੇਗੀ।

ਬਾਕੀ, ਨਾ ਤਸਜ ਪ੍ਰਤਿਮਾ ਅਸਤਿ, ਮੰਤ੍ਰ ਦੀ ਜੇਕਰ ਪੂਰੀ ਖੋਜ ਕਰੀਏ ਤਾਂ ਉਸ ਨਿਰਾਕਾਰ ਪ੍ਰਮਾਤਮਾਂ ਦਾ ਇਸ ਵਿਚ ਜ਼ਿਕਰ ਨਹੀਂ, ਜਿਸ ਦੀ ਕੋਈ ਮੂਰਤੀ ਨਹੀਂ ਕਿਉਂਕਿ ਪੂਰਾ ਮੰਤ੍ਰ ਇਹ ਹੈ ਕਿ, ਨ ਤਸਜ ਪ੍ਰਤਿਮਾ ਅਸਤਿ ਯਸਜ ਨਾਮ ਮਹਦ ਯਸ਼:, ਹਿਰਣਜ ਗ੍ਰਭ ਇਤਯੇਸ਼ ਮਾਮਾਹਿੰਸੀ ਇਤਯੇਸ਼ ਯਸਮਾਨ੍ਹ ਜਾਤ ਇਤਯੇਸ਼, ਇਸ ਮੰਤ੍ਰ ਵਿਚ ਤਿੰਨਾਂ ਮੰਤ੍ਰਾਂ ਦੀ ਪ੍ਰਤੀਕ ਹੈ ੧ ਹਿਰਣਜ ਗ੍ਰਭ ੨ ਮਾਮਾਹਿੰਸੀ, ੩ ਯਸਮਾਨ ਜਾਤ, ਪਹਿਲੀਪ੍ਰਤੀਕ ਵਾਲਾ ਮੰਤ੍ਰ ਯਜੁਰ ਵੇਦ ੧੩।੪ ਵਿਚ, ਹੈ ਦੂਜੀ ਪ੍ਰਤੀਕ ਵਾਲਾ ਮੰਤ੍ਰ ਯਜੁਰ ੧੨।੧੨੦ ਵਿਚ ਹੈ, ਤੀਜੀ ਪ੍ਰਤੀਕ ਵਾਲਾ ਮੰਤ੍ਰ ਯਜੁਰ ੮।੩੬ ਵਿਚ ਹੈ, ਇਨ੍ਹਾਂ ਤਿੰਨਾਂ ਵਿਚੋਂ ਪਹਿਲੀ ਪ੍ਰਤੀਕ ਵਾਲਾ ਮੰਤ੍ਰ ਇਹ ਹੈ।

ਹਿਰਣਜ ਗ੍ਰਭ : ਸਮ ਵਰਤਤਾਗਰੇ ਭੂਤਸਜ ਜਾਤ : ਪਤਿਰੇਕ ਆਸੀਤ, ਸਦਾਧਾਰ ਪ੍ਰਿਥਵੀਂ ਦਯਾਮੁਤੇਮਾਂ ਕਸਮੈ ਦੇਵਾਯ ਹਵਿਖਾ ਵਿਧੇਮ, ਇਸ ਦਾ ਭਾਵ ਇਹ ਹੈ ਕਿ, ਹਿਰਣ ਗ੍ਰਭ ਈਸ਼ਵਰ ਸ੍ਰਿਸ਼ਟੀ ਸੇ ਪਹਿਲੇ ਵਰਤਮਾਨ ਥੇ ਵੋਹ ਪ੍ਰਗਟ ਹੋ ਕਰ ਸਮਸਤ ਭੂਤ, ਸਮੂਹ ਕੇ ਏਕ ਪਤੀ ਹੂਏ, ਵੋਹ ਹਿਰਣ ਗ੍ਰਭ ਦਜੂ ਲੋਕ ਔਰ ਪ੍ਰਿਥਵੀ ਕੋ ਧਾਰਨ ਕਿਯੇ ਹੈਂ, ਉਸ ਦੇਵ ਕੇ ਲੀਏ ਹਮ ਹਵੀ ਦੇਤੇ ਹੈਂ, ਇਸ ਵਿਚ ਈਸ਼ਵਰਦਾ ਪ੍ਰਗਟ ਹੋਣਾ ਸਿਧ ਹੋ ਰਿਹਾ ਹੈ ਤਾਂਤੇ ਜਿਸ ਸਰੂਪ ਵਿਚ ਵੀ ਪ੍ਰਮਾਤਮਾਂ ਪ੍ਰਗਟ ਹੋਇਆ ਹੋਵੇਗਾ ਉਹ ਸਾਕਾਰ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਨਿਰਾਕਾਰ ਵਿਚ ਪ੍ਰਗਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਣਾ ਨਹੀਂ ਬਣ ਸਕਦਾ।

ਬਾਕੀ ਸ੍ਰੀ ਸੁਆਮੀ ਮਹਾਂ ਰਿਸ਼ੀ ਦਯਾ ਨੰਦ ਜੀ ਨੇ, ਨ ਤਸਯ ਪ੍ਰਤਿਮਾ ਅਸਤਿ, ਮੰਤਰ ਦੇ ਦੂਜੇ ਅਰਥ ਵਿਚ ਜੋ ਉਪਰੋਕਤ ਤਿੰਨਾਂ ਮੰਤਰਾਂ ਦੀ ਪ੍ਰਤੀਕ ਦੇ ਪਤੇ ਲਿਖੇ ਹਨ ਉਹਨਾਂ ਵਿਚ ਪਹਿਲੀ ਪਰਤੀਕ ਦੇ ਹਿਰਣ ਗਰਭਾ: ਮੰਤਰ ਦਾ ਪਤਾ ਯਜੁਰ ਵੇਦ ਧਿਆ ੨੫ ਮੰਤ੍ਰ ੧੦ ਵੀ ਲਿਖਿਆ ਹੈ, ਇਸ ਧਿਆ ੨੫ ਮੰਤਰ ੧੦ ਦਾ ਅਰਥ ਸ੍ਰੀ ਸੁਆਮੀ ਦਯਾ ਨੰਦ ਜੀ ਨੇ ਆਪਣੇ ਯਜੁਰ ਵੇਦ ਭਾਸ਼ਯ ਵਿਚ ਇਹ ਕੀਤਾ ਹੈ ਕਿ, ਹੇ ਮਨੁਸ਼ਯੋ, ਜੈਸੇ ਹਮ ਲੋਗ ਜੋ [ਹਿਰਣ ਗ੍ਰਭਾ:] ਸੂਰਜਾਦੀ ਤੇਜ ਪਦਾਰਥ ਜਿਸ ਕੇ ਭੀਤਰ ਹੈ ਵੋਹ ਪਰਮਾਤਮਾਂ [ਜਾਤ:] ਪ੍ਰਾਦੁਰ ਭੂਤ ਔਰ [ਭੂਤ ਸਯ] ਉਤਪੰਨ ਹੂਏ ਜਗਤ ਕਾ (ਏਕ:) ਅਸਹਾਇਕ ਏਕ (ਅਗ੍ਰੇ) ਭੂਮੀ ਆਦਿ ਸ੍ਰਿਸ਼ਟੀ ਸੇ ਪਹਿਲੇ ਭੀ (ਪਤਿ:) ਪਾਲਨ ਕਰਨੇ ਹਾਰਾ (ਆਸੀਤ) ਹੈ, ਇਸ ਅਰਥ ਵਿਚ ਵੀ ਸੂਰਜਾਦੀ ਪਦਾਰਥ ਜਿਸਦੇ ਅੰਦਰ ਹਨ ਉਹ ਪ੍ਰਮਾਤਮਾਂ ਪ੍ਰਾਦੁਰ ਭੂਤ—ਸਾਹਮਣੇ ਪਰਤੱਖ ਨਿਰਾਕਾਰ (ਬੇ ਸ਼ਕਲ) ਸਿਧ ਨਹੀਂ ਹੁੰਦਾ ਕਿਉਂਕਿ ਸੂਰਜਾਦੀ ਪਦਾਰਥ ਬੇਸ਼ਕਲ ਨਹੀਂ ਹਨ। ਨੇਤਰਾਂ ਨਾਲ ਵੇਖੇ ਜਾ ਸਕਦੇ ਹਨ ਤਾਂ ਜਿਸ ਪਰਮਾਤਮਾਂ ਦੇ ਅੰਦਰ ਇਹ ਸੂਰਜਾਦੀ ਪਦਾਰਥ ਹਨ, ਉਹ ਬੇ ਸ਼ਕਲ ਕਿਵੇਂ ਹੋ ਸਕੇਗਾ। ਕਿਉਂਕਿ ਬੇਸ਼ਕਲ ਪ੍ਰਮਾਤਮਾਂ ਵਿਚੋਂ ਬੇਸ਼ਕਲ ਪਦਾਰਥ ਹੀ ਨਿਕਲਨੇ ਚਾਹੀਦੇ ਹਨ, ਅਤੇ ਸਾਕਾਰ ਵਿਚੋਂ ਸਾਕਾਰ ਨਿਕਲਨੇ ਚਾਹੀਏ ਜੇਕਰ ਇਸੇ ਗਲ ਤੇ ਹੀ ਹਠ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਵੇ ਕਿ, ਨਿਰਾਕਾਰ ਪ੍ਰਮਾਤਮਾ ਵਿਚੋਂ ਹੀ ਸੂਰਜਾਦੀ ਸਾਕਾਰ ਪਦਾਰਥ ਨਿਕਲੇ ਹਨ ਤਾਂ ਫਿਰ ਨਿਰਾਕਾਰ (ਬੇਸ਼ਕਲ) ਪ੍ਰਮਾਤਮਾਂ ਵਿਚੋਂ ਕੋਈ ਸਾਕਾਰ–ਸ਼ਕਲ ਵਾਲਾ ਅਵਤਾਰ ਕਿਵੇਂ ਨਹੀਂ ਪ੍ਰਗਟ ਹੋ ਸਕਦਾ, ਕੀ, ਅੜਚਨ ਪੈ ਜਾਂਦੀ ਹੈ, ਅਤੇ ਜੇਕਰ ਕਿਸੇ ਸਾਕਾਰ–ਸ਼ਕਲ ਵਾਲੇ ਪ੍ਰਮਾਤਮਾਂ ਵਿਚੋਂ ਇਹ ਸੂਰਯਾਦੀ ਸਾਕਾਰ ਪਦਾਰਥ ਨਿਕਲੇ ਹਨ ਤਾਂ ਉਹ ਸ਼ਕਲ ਵਾਲਾ ਪ੍ਰਮਾਤਮਾਂ ਆਪੇ ਹੀ ਸਾਕਾਰ ਸਾਬਤ ਹੋਵੇਗਾ ਫਿਰ ਉਸਦੀ ਮੂਰਤੀ ਕਿਵੇਂ ਨਹੀਂ ਹੋ ਸਕੇਗੀ।

ਬਾਕੀ ਦੂਜੀ ਪ੍ਰਤੀਕ ਵਾਲੇ ਮੰਤ੍ਰ ਵਿਚ ਵੀ ਇਹ ਲਿਖਿਆ ਹੈ ਕਿ, ਜੋ ਪ੍ਰਜਾ ਪਤੀ ਪ੍ਰਿਥਵੀ ਕਾ ਉਤਪੰਨ ਕਰਨੇ, ਸਤਿ ਧਾਰਨ ਕਰਨੇ ਵਾਲਾ ਦਯੂ ਲੋਕ ਕੋ ਸਿਰਜਨਕਰ ਵਿਆਪਤ ਹੈ ਔਰ ਜੋ ਆਦਿ ਪੁਰਸ਼ ਪ੍ਰਥਮ ਸਰੀਰ ਜਗਤ ਕਾ ਅਹਲਾਦ ਔਰ ਤ੍ਰਿਪਤੀ ਸਾਧਕ ਜਲ ਕੋ ਉਤਪੰਨ ਕਰਤਾ ਹੂਆ ਵਾ ਮਨੁਸ਼ੋ ਕਾ ਰਚਨੇ ਵਾਲਾ ਹੈ ਵੋਹ ਪ੍ਰਜਾ ਪਤੀ ਮੁਝੇ ਮਤ ਮਾਰੇ, ਉਸ ਪ੍ਰਜਾ ਪਤੀ ਕੇ ਨਮਿਤ ਮੈਂ ਹਵੀ ਦੇਤਾ ਹੂੰ, ਇਸ ਮੰਤ੍ਰ ਵਿਚ ਵੀ ਪ੍ਰਮਾਤਮਾਂ ਨੂੰ ਆਦਿ ਪੁਰਸ਼ ਪ੍ਰਥਮ ਸਰੀਰ ਕਿਹਾ ਹੈ, ਸਰੀਰ ਸਾਕਾਰ ਹੀ ਹੋ ਸਕਦਾ ਹੈ, ਔਰ ਪ੍ਰਮਾਤਮਾਂ ਨੂੰ ਹਵੀ ਦੇਣਾ ਵੀ ਕਿਹਾ ਹੈ ਨਿਰਾਕਾਰ ਵਿਆਪਕ ਸਰੂਪ ਵਿਚ ਹਵੀ, ਗ੍ਰਹਿਣ ਦੀ ਕ੍ਰਿਯਾ ਨਹੀਂ ਬਣੇਗੀ ਕਿਉਂਕਿ ਹਵੀ ਵਿਚ ਵੀ ਪਹਿਲੇ ਹੀ ਵਿਆਪਕ ਹੈ।

ਅਤੇ ਤੀਜੀ ਪ੍ਰਤੀਕ ਵਾਲੇ ਮੰਤ੍ਰ ਵਿਚ ਵੀ ਇਹ ਜਣਾਯਾ ਹੈ ਕਿ, ਜਿਸ ਪੁਰਸ਼ ਸੇ ਦੂਸਰਾ ਕੋਈ ਉਤਕ੍ਰਿਸ਼ਟ ਨਹੀਂ ਪ੍ਰਾਦੁਰ ਭੂਤ ਹੂਆ ਜੋ ਸੰਪੂਰਨ ਲੋਕੋਂ ਮੇਂ ਅੰਤ੍ਰਯਾਮੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਸੇ ਪ੍ਰਵਿਸ਼ਟ ਹੈ ਵਹ ਖੜਸ ਕਲਾਤਮਕ ਸਭ ਭੂਤੋਂ ਕਾ ਆਸ਼ਰਯ ਜਗਤ ਕਾ ਸੁਆਮੀ ਪ੍ਰਜਾ ਰੂਪਸੇ ਸਮਯਕ ਰਮਣ ਕਰਤਾ ਹੂਆ ਪ੍ਰਜਾ ਪਾਲਨ ਕੇ ਨਮਿਤ, ਅਗਨੀ, ਵਾਯੂ, ਸੂਰਜ, ਲਖਣ ਵਾਲੀ ਤੀਨ ਜੋਤੀਯੋਂ ਆਪਣੇ ਤੇਜ ਸੇ ਉਜੀਵਨ ਕਰਤਾ ਹੈ, ਇਸ ਵਿਚ ਵੀ ਪ੍ਰਮਾਤਮਾਂ ਦਾ ਪ੍ਰਾਦੁਰ ਭੂਤ ਹੋਣਾ ਸਿਧ ਹੋ ਰਿਹਾ ਹੈ, ਔਰ ਪ੍ਰਜਾ ਰੂਪ ਸੇ ਰਮਣ ਕਰਤਾ ਹੂਆ ਸਿਧ ਹੋਣੇ ਸੇ ਭੀ ਕੇਵਲ ਨਿਰਾਕਾਰ ਨਹੀਂ, ਕਿਉਂਕਿ ਪ੍ਰਜਾ ਦਾ ਸਰੂਪ ਨਿਰਾਕਾਰ ਨਹੀਂ ਕਿੰਤੂ ਸਾਕਾਰ ਹੈ, ਤਾਂਤੇ ਨਤਸਯ ਪ੍ਰਤਿਮਾ ਅਸਤਿ, ਪੂਰਵਾਰਧ ਮੰਤਰ ਵਿਚ ਜਦ ਕਿਹਾ ਕਿ ਉਸਕੀ ਪ੍ਰਤਿਮਾ ਨਹੀਂ ਹੈ ਤਾਂ ਸਵਾਲ ਪੈਦਾ ਹੋਇਆ ਕਿ ਕਿਸਕੀ, ਤਾਂ ਉਤ੍ਰਾਰਧ ਮੰਤਰ ਵਿਚ ਕਿਹਾ ਗਿਆ ਕਿ ਇਨ੍ਹਾਂ ਤੀਨ ਪ੍ਰਤੀਕ ਵਾਲੇ ਮੰਤਰਾਂ ਵਿਚ ਜਿਸ ਪ੍ਰਮਾਤਮਾਂ ਦਾ ਵਰਨਣ ਹੈ ਉਸਦੀ ਪ੍ਰਤਿਮਾ ਨਹੀਂ ਹੈ, ਅਤੇ ਇਹਨਾਂ ਤਿੰਨਾਂ ਮੰਤਰਾਂ ਵਿਚ ਉਸ ਕੇਵਲ ਨਿਰਾਕਾਰ ਸਰੂਪ ਪ੍ਰਮਾਤਮਾ ਦਾਂ ਵਰਨਨ ਨਹੀਂ ਸਿਧ ਹੋਇਆ ਬਲਕਿ, ਹਿਰਣ ਗ੍ਰਭ, ਆਦੀ ਪ੍ਰਾਦੁਰ ਭੂਤ, ਪਰਜਾ ਰੂਪ ਆਦੀ ਸਾਕਾਰ ਦਾ ਹੀ ਵਰਨਨ ਹੈਂ ਤਾਂਤੇ ਇਹ ਅਰਥ ਠੀਕ ਨਹੀਂ ਬੈਠਦਾ ਕਿ ਉਸ ਪ੍ਰਮਾਤਮਾਂ ਦੀ ਮੂਰਤੀ ਨਹੀਂ ਹੈ, ਸਾਕਾਰ ਦੀ ਮੂਰਤੀ ਹੋਣ ਵਿਚ ਕੋਈ ਅੜਚਨ ਹੀ ਨਹੀਂ ਹੁੰਦੀ, ਇਸ ਲਈ ਇਥੇ ਸਾਫ ਅਰਥ ਇਹ ਹੈ ਕਿ ਉਸ ਪਰਮਾਤਮਾਂ ਦੀ ਪ੍ਰਤਿਮਾ—ਸਦ੍ਰਿਸ਼ਜਤਾ ਨਹੀਂ ਹੈ ਭਾਵ ਉਸ ਪਰਮਾਤਮਾਂ ਦੇ ਸਮਾਨ ਹੋਰ ਕੋਈ ਨਹੀਂ ਹੋ ਸਕਦਾ।

ਬਾਕੀ ਜੇਕਰ ਹੋਰ ਖੋਜ ਕਰੀਏ ਤਾਂ, ਨ ਤਸਯ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤਿਮਾ ਅਸਤਿ, ਇਸ ਮੰਤ੍ਰ ਤੋਂ ਪਹਿਲੇ ਦੋ ਮੰਤ੍ਰ ਅਤੇ ਪਿਛਲੇ ਚੌਥੇ ਮੰਤ੍ਰ ਵਿਚ ਵੀ ਉਸ ਕੇਵਲ ਨਿਰਾਕਾਰ ਪਰਮਾਤਮਾਂ ਦਾ ਵਰਨਨ ਨਹੀਂ ਜਿਸਦੀ ਮੂਰਤੀ ਨਹੀਂ ਹੋ ਸਕਦੀ, ਕਾਰਨ ਇਹ ਕਿ, ਨਤਸਜ ਪ੍ਰਤਿਮਾ ਅਸਤਿ, ਮੰਤ੍ਰ ਯਜੁਰ ਵੇਦ ਧਿਆ ੩੨ ਮੰਤ੍ਰ ੩ ਹੈ ਅਤੇ ਯਜੁਰ ਵੇਦ ਧਿਆ ੩੨ ਮੰਤ੍ਰ ੧ ਵਿਚ ਵੀ ਦਸਿਆ ਹੈ ਕਿ ਵੋਹੀ ਅਗਨੀ, ਵਹੀ ਆਦਿਤਜ, ਵੋਹੀ ਵਾਯੂ ਔਰ ਵੋਹੀ ਚੰਦ੍ਰਮਾਂ ਹੈ ਵਹੀ ਪ੍ਰਾਕਰਮ ਵੋਹੀ ਬ੍ਰਹਮ ਵੋਹੀ ਜਲ ਅਤੇ ਵਹੀ ਸ੍ਰਿਸ਼ਟੀ ਰਚਿਤਾ ਪ੍ਰਜਾਪਤੀ ਹੈ ਅਤੇ ਯਜੁਰ ਵੇਦ ਧਿਆ ੩੨ ਮੰਤ੍ਰ ਦੂਜੇ ਵਿਚ ਵੀ ਇਹ ਦਿਖਾਯਾ ਗਿਆ ਹੈ ਕਿ, ਉਸ ਈਸ਼ਵਰ ਸੇ ਨਿਮੇਖ਼ ਆਦਿ ਕਾਲ ਵਿਭਾਗ ਬਿਜਲੀਆਂ ਉਤਪੰਨ ਹੋਈ ਹੈ, ਉਸ ਕੋ ਤ੍ਰਿਛੀ ਤ੍ਰਫ ਅਤੇ ਨੀਚੇ ਊਪਰ ਸੇ ਕੋਈ ਪਕੜ ਨਹੀਂ ਸਕਦਾ ਇਨ੍ਹਾਂ ਦੋਂਹ ਮੰਤ੍ਰਾਂ ਵਿਚ ਵੀ ਪ੍ਰਮਾਤਮਾਂ ਨੂੰ, ਅਗਨੀ, ਜਲ, ਵਾਯੂ, ਸੂਰਜਾਦੀ ਕਿਹਾ ਹੈ ਅਤੇ ਕਾਲ ਵਿਭਾਗ ਤੇ ਬਿਜਲੀਆਂ ਆਦਕ ਉਤਪੰਨ ਹੋਈਆਂ ਕਹੀਆਂ ਹਨ ਕਿੰਤੂ ਜਲ, ਅਗਨੀ, ਸੂਰਜ, ਨਿਰਾਕਾਰ ਨਹੀਂ ਹਨ ਉਹ ਸਾਕਾਰ ਹਨ, ਬਾਕੀ ਬਿਜਲੀ ਵੀ ਸਾਕਾਰ ਹੀ ਦਰਸ਼ਨ ਦਿੰਦੀ ਹੈ, ਜਿਸ ਪਰਮਾਤਮਾ ਵਿਚੋਂ ਉਹ ਪੈਦਾ ਹੋਈ ਹੈ ਉਹ ਬਿਜਲੀ ਆਦਕ ਦਾ ਕਾਰਨ ਬਿਜਲੀ ਸਰੂਪ ਸਾਕਾਰ ਹੀ ਸਮਝੋ।

ਔਰ ਯਜੁਰ ਵੇਦ ਧਿਆ ੩੨ ਮੰਤ੍ਰ ੪ ਵਿਚ ਵੀ ਇਹ ਕਿਹਾ ਹੈ ਕਿ ਯਹ ਜੋ ਪੂਰਵੋਕਤ ਦੇਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਮਾਤਮਾਂ ਸਭ ਦਿਸ਼ਾ ਵਿਦਿਸ਼ਾਉਂ ਮੇਂ ਠਹਿਰਾ ਹੂਆ ਹੈ, ਯਹੀ ਪ੍ਰਥਮ ਸ੍ਰਿਸ਼ਟੀ ਕੇ ਅਰੰਭ ਮੇਂ ਹਿਰਣ ਗਰ੍ਭ ਰੂਪ ਸੇ ਉਤਪੰਨ ਹੂਆ ਵੋਹੀ ਗਰ੍ਭ ਕੇ ਭੀਤਰ ਆਇਆ ਵੋਹੀ ਉਤਪੰਨ ਹੂਆ ਔਰ ਵੋਹੀ ਆਗੇ ਕੋ ਉਤਪੰਨ ਹੋਗਾ ਸਭ ਕੇ ਭੀਤਰ ਅੰਤਾ: ਕਰਣੋਂ ਮੇਂ ਠਹਿਰਾ ਹੂਆ ਹੈ ਜੋ ਨਾਨਾ ਰੂਪ ਧਾਰਨ ਕਰਕੇ ਸਭ ਓਰ ਮੁਖੋਂ ਵਾਲਾ ਹੋ ਰਿਹਾ ਹੈ, ਇਸ ਪਿਛਲੇ ਮੰਤਰ ਵਿਚ ਵੀ ਸ੍ਰਿਸ਼ਟੀ ਦੇ ਅਰੰਭ ਵਿਚ ਪਰਮਾਤਮਾਂ ਉਤਪੰਨ ਹੂਆ ਅਤੇ ਅਗੇ ਨੂੰ ਉਤਪੰਨ ਹੋਵੇਗਾ ਸਿਧ ਹੁੰਦਾ ਹੈ, ਤਾਂਤੇ ਜੋ ਉਤਪੰਨ ਹੋਵੇਗਾ ਉਹ ਨਿਰਾਕਾਰ ਹੀ ਨਹੀਂ ਰਹਿ ਸਕਦਾ ਕਾਰਨ ਇਹ ਕਿ ਨਿਰਾਕਾਰ ਦਾ ਪ੍ਰਗਟ ਕੀ, ਹੋਣਾ ਹੈ, ਪ੍ਰਗਟ, ਅਪ੍ਰਗਟ ਸਾਕਾਰ ਹੀ ਹੋ ਸਕਦਾ ਹੈ, ਬਲਕਿ ਇਸ ਮੰਤਰ ਦਾ ਅਰਥ ਸ੍ਰੀ ਸੁਆਮੀ ਮਹਾਂ ਰਿਸ਼ੀ ਦਯਾ ਨੰਦ ਜੀ ਨੇ ਵੀ ਆਪਣੇ ਯਜੁਰ ਵੇਦ ਭਾਸ਼ਯ ਵਿਚ ਲਿਖਿਆ ਹੈ ਕਿ, ਹੇ (ਜਨਾ:) ਵਿਦਵਾਨੋਂ (ਏਸ਼ਾ) ਯੇਹ [ਹ] ਪ੍ਰਸਿਧ ਪ੍ਰਮਾਤਮਾਂ [ਦੇਵ:] ਉਤਮ ਸਰੂਪ [ਸਰਵਾ:] ਸਭ ਦਿਸ਼ਾ ਔਰ [ਪ੍ਰਦਿਸ਼ਾ] ਵਿਦਿਸ਼ਾਓਂ ਕੋ [ਅਨੁ] ਅਨਕੂਲਤਾ ਸੇ ਵਿਆਪਤ ਹੋ ਕੇ [ਸ:] [ੳ] ਵਹੀ [ਗਰਭੇ] ਅੰਤਾ: ਕਰਣ ਕੇ [ਅੰਤ:] ਬੀਚ [ਪੂਰਵ:] ਪ੍ਰਥਮ ਕਲਪ ਕੇ ਆਦਿ ਮੇਂ [ਹ] ਪਰਸਿਧ [ਜਾਤ:] ਪਰਕਟਤਾ ਕੋ ਪਰਾਪਤ ਹੂਆ, (ਸ: ਏਵ) ਵਹੀ [ਜਾਤ:] ਪਰਸਿਧ ਹੂਆ [ਸ:] ਵੋਹ (ਜਨਿਸ਼ਜਮਾਣ) ਅਗਾਮੀ ਕਲਪੋਂ ਮੇਂ ਪ੍ਰਥਮ ਪਰਸਿਧੀ ਕੋ ਪਰਾਪਤ ਹੋਗਾ (ਸਰਵ ਤੋ ਮੁਖ:) ਸਰਵ ਓਰ ਸੇ ਮੁਖਾਦੀ ਅਵਯਵੋਂ ਵਾਲਾ ਅਰਥਾਤ ਮੁਖਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਦਰਯੋਂ ਕੇ ਕਾਮ ਸਰਵਤ੍ਰ ਕਰਤਾ (ਪ੍ਰਤਯੰ) ਪਰਤੈਕ ਪਦਾਰਥ ਕੋ ਪਰਾਪਤ ਹੂਆ (ਤਿਸ਼ਟਤਿ) ਅਚਲ ਸੂਵਤਰ ਇਸਥਿਰ ਹੈ ਵੋਹੀ ਤੁਮ ਲੋਗੋਂ ਕੋ ਉਪਾਸ਼ਨਾ ਕਰਨੇ ਔਰ ਜਾਨਨੇ ਯੋਗ ਹੈ, ਇਸ ਅਰਥ ਵਿਚ ਸੁਆਮੀ ਜੀ ਨੇ ਸਪਸ਼ਟ ਕਿਹਾ ਹੈ ਕਿ ਵੋਹੀ ਅੰਤਾ : ਕਰਨ ਕੇ ਬੀਚ ਪਰਥਮ ਕਲਪ ਕੇ ਆਦਿ ਮੇਂ ਪ੍ਰਸਿਧ ਪਰਗਟਤਾ ਕੋ ਪਰਾਪਤ ਹੂਆ, ਇਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਜਿਸ ਅੰਤਾ : ਕਰਨ ਦੇ ਵਿਚ ਪ੍ਰਸਿਧ ਪ੍ਰਗਟਤਾ ਨੂੰ ਪਰਮਾਤਮਾਂ ਪਰਾਪਤ ਹੋਇਆ ਹੈ, ਉਹ ਅੰਤਾ : ਕਰਨ ਕਿਸੇ ਸਰੀਰ ਵਿਚ ਸੀ ਜਾਂ ਕਿ ਬਿਨਾਂ ਹੀ ਕਿਸੇ ਸਰੀਰ ਦੇ ਸੀ, ਜੇਕਰ ਬਿਨਾਂ ਹੀ ਕਿਸੇ ਸਰੀਰ ਦੇ ਸੀ ਤਾਂ ਉਹ ਅੰਤਾ : ਕਰਨ ਹੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਅੰਤਾ :– ਅੰਦਰ ਜੋ ਕਿਸੇ ਦੇ ਕਰਨ ਹੋਵੇ ਸੋ ਅੰਤਾ : ਕਰਨ ਹੁੰਦਾ ਹੈ। ਤਾਂਤੇ ਕਿਸੇ ਨਾ ਕਿਸੇ ਸਰੀਰ ਦੇ ਅੰਦਰ ਹੀ ਹੋਣਾ ਚਾਹੀਦਾ ਹੈ, ਔਰ ਜੇਕਰ ਕਿਸੇ ਸਰੀਰ ਵਿਚ ਸੀ ਤਾਂ ਉਹ ਅਵਤਾਰ ਕਿਵੇਂ ਨਾ ਸਿਧ ਹੋ ਗਿਆ ਕਿਉਂਕਿ ਜਿਸ ਸਰੀਰ ਦੇ ਅੰਤਾ: ਕਰਨ ਵਿਚ ਪ੍ਰਮਾਤਮਾਂ ਪ੍ਰਗਟ ਸੀ ਅਤੇ ਅਗੇ ਆਉਂਣ ਵਾਲੇ ਕਲਪਾਂ ਵਿਚ ਵੀ ਪ੍ਰਮਾਤਮਾਂ ਪ੍ਰਗਟ ਹੋਵੇਗਾ ਤਾਂ ਉਹ ਅਵਤਾਰ ਨਹੀਂ ਤਾਂ ਹੋਰ ਕੀ, ਕਿਹਾ ਜਾ ਸਕਦਾ ਹੈ ਜੇਕਰ ਇਹ ਕਿਹਾ ਜਾਵੇ ਕਿ ਉਹ ਪ੍ਰਮਾਤਮਾਂ ਸਦਾ ਹੀ ਪ੍ਰਗਟ ਹੈ ਜਾਂ ਅਪ੍ਰਗਟ ਹੈ ਤਾਂ ਉਸਦਾ ਅਗਾਮੀ ਕਲਪਾਂ ਵਿਚ ਪ੍ਰਗਟ ਹੋਣਾ ਕੀ, ਮੰਨਿਆ ਜਾ ਸਕੇਗਾ, ਇਹੀ ਮੰਨਿਆ ਜਾ ਸਕਦਾ ਹੈ ਕਿ ਉਹ ਕਿਸੇ ਸਾਕਾਰ ਸਰੂਪ ਵਿਚ ਹੀ ਪ੍ਰਗਟ ਹੋਇਆ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇਗਾ, ਬਲਕਿ ਸੁਆਮੀ ਜੀ ਲਿਖ ਰਹੇ ਹਨ ਮੁਖਾਦੀ ਇੰਦ੍ਰਯੋਂ ਕੇ ਕਾਮ ਸ੍ਵਤ੍ਰ ਕਰਤਾ ਪ੍ਰਤੇਕ ਪਦਾਰਥਾਂ ਕੋ ਪ੍ਰਾਪਤ ਹੂਆ ਤਾਂਤੇ ਹਰ ਇਕ ਪਦਾਰਥ ਨੂੰ ਪ੍ਰਾਪਤ ਹੋਣਾ ਵੀ ਕੀ, ਹੋ ਸਕਦਾ ਹੈ ਤੇ ਇੰਦ੍ਰਯਾਂ ਦੇ ਕੰਮ ਵੀ ਇੰਦ੍ਰਯਾਂ ਵਾਲਾ ਹੀ ਕੋਈ ਸਾਕਾਰ ਹੀ ਕਰੇਗਾ, ਇਸ ਲਈ, ਨ ਤਸਜ ਪ੍ਰਤਿਮਾ ਅਸਤਿ, ਵਾਲੇ ਮੰਤ੍ਰ ਦੇ ਅਗਲੇ ਪਿਛਲੇ ਮੰਤ੍ਰਾਂ ਵਿਚ ਵੀ ਪਰਮਾਤਮਾਂ ਦੇ ਕਿਸੇ ਨਾ ਕਿਸੇ ਸਾਕਾਰ ਰੂਪ ਦੀ ਹੀ ਮਹਿੰਮਾਂ ਵਰਨਨ ਕੀਤੀ ਹੋਈ ਹੈ, ਤਾਂਤੇ ਇਸ, ਨ ਤਸਜ ਪ੍ਰਤਿਮਾ ਅਸਤਿ, ਮੰਤ੍ਰ ਦਾ ਅਰਥ ਵੀ ਪਰਮਾਤਮਾਂ ਦੇ, ਸਾਕਾਰ ਸਰੂਪ ਪ੍ਰਕਰਨ ਦੇ ਵਿਰੁਧ ਨਿਰਾਕਾਰ ਨਹੀਂ ਕੀਤਾ ਜਾ ਸਕਦਾ ਜਿਸਦੀ ਮੂਰਤੀ ਹੀ ਨਹੀਂ ਹੋ ਸਕਦੀ।

ਬਾਕੀ: ਜਦ ਵਿਆਪਕ ਵਸਤੂ ਵਿਚੋਂ ਕੋਈ ਮੂਰਤੀ ਮਾਨ ਪਦਾਰਥ ਪ੍ਰਗਟ ਨਾ ਹੋਵੇ ਤਦ ਤਕ ਉਸ ਵਿਆਪਕ ਵਸਤੂ ਦਾ ਨਿਸਚੇ ਕਰਨਾ ਗਿਆਨ ਵੀ, ਮੁਸ਼ਕਲ ਹੋ ਜਾਂਦਾ ਹੈ, ਜਿਵੇਂ ਵਿਆਪਕ ਸਮਾਨ ਅਗਨੀ ਵਿਚੋਂ ਜੇਕਰ ਕਦੀਂ ਵੀ ਪ੍ਰਛਿੰਨ (ਸੀਮਤ) ਸਰੂਪ ਸਾਕਾਰ ਅਗਨੀ ਪ੍ਰਗਟ ਨਾ ਹੋਵੇ ਤਾਂ ਉਸ ਵਿਆਪਕ ਸਾਮਾਨ ਅਗਨੀ ਦਾ ਅਨੁਮਾਨ ਕਰਨਾ ਵੀ ਮੁਸ਼ਕਲ ਹੋ ਜਾਵੇਗਾ, ਤਿਵੇਂ ਵਿਆਪਕ ਪਰਮਾਤਮਾਂ ਕਿਸੇ ਸਰੂਪ ਵਿਚ ਪਰਗਟ ਹੀ ਨਾ ਹੁੰਦਾ ਤਾਂ ਉਸ ਵਿਆਪਕ ਪਰਮਾਤਮਾਂ ਦਾ ਅਨੁਮਾਨ ਵੀ ਲਗਣਾ ਮੁਸ਼ਕਲ ਹੋ ਜਾਂਦਾ, ਤਥਾ ਜਿਵੇਂ ਵਿਆਪਕ ਅਗਨੀ ਰੋਟੀ ਆਦਕ ਪਕਾਉਣ ਦਾ ਕੰਮ ਨਹੀਂ ਦੇ ਸਕਦੀ ਤਿਵੇਂ ਵਿਆਪਕ ਪਰਮਾਤਮਾਂ ਇੰਦ੍ਰਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਆਰਾ ਕੀਤੇ ਜਾਨ ਵਾਲੇ ਕੰਮ, ਕ੍ਰਿਜਾ ਵੀ ਕਰਨੇ ਵਾਲਾ ਨਹੀਂ ਹੋ ਸਕਦਾ, ਅਤੇ ਕਿਸੇ ਕੇਵਲ ਵਿਆਪਕ ਵਾਦੀ ਨੂੰ ਕਿਹਾ ਜਾਵੇ ਕਿ ਤੂੰ ਇਕ ਦਿਸ਼ਾ ਵਲ ਮੂੰਹ ਕਰਕੇ ਭਜਨ ਕਿਉਂ ਕਰਦਾ ਹੈ ਤਾਂ ਉਹ ਇਹੀ ਕਹੇਗਾ ਕਿ ਮੇਰਾ ਚਾਰੋਂ ਤਰਫ ਮੂੰਹ ਹੋ ਹੀ ਨਹੀਂ ਸਕਦਾ ਕਿਸੇ ਇਕ ਦਿਸ਼ਾ ਵਲ ਹੀ ਕਰਨਾ ਪੈਂਦਾ ਹੈ ਇਸੇ ਤਰ੍ਹਾਂ ਵਿਆਪਕ ਪਰਮਾਤਮਾਂ ਦੀ ਪੂਜਾ ਭਗਤੀ ਕਿਸੇ ਇਕ ਦੇਸ਼ੀ (ਪ੍ਰਿਛਿੰਨ) ਸਰੂਪ-ਮੂਰਤੀ ਦੀ ਹੀ ਕੀਤੀ ਜਾ ਸਕਦੀ ਹੈ, ਇਸੇ ਲਈ ਵੇਦ ਨੇ ਵੀ ਪਰਮਾਤਮਾਂ ਦਾ ਸਾਕਾਰ ਸਰੂਪ ਵਰਨਨ ਕੀਤਾ ਹੈ। ਕਿਉਂਕਿ, ਵਿਆਪਕ ਵਸਤੂ ਦੀ ਪੂਜਾ ਭਗਤੀ ਕੀਤੀ ਹੀ ਨਹੀਂ ਜਾ ਸਕਦੀ। ਕਾਰਨ ਇਹ ਕਿ ਜਿਸ ਮਨ ਬੁਧੀ ਦੁਆਰਾ ਪੂਜਾ ਭਗਤੀ ਕਰਨੀ ਹੈ ਉਸ ਮਨ ਬੁਧੀ ਵਿਚ ਵੀ ਉਹ ਪਰਮਾਤਮਾਂ ਪਹਿਲੇ ਹੀ ਵਿਆਪਕ ਹੈ, ਫਿਰ ਪੂਜਾ ਭਗਤੀ ਕਰਨੀ ਕਿਸ ਨੇ ਔਰ ਕਿਸ ਦੀ ਹੈ।

ਬਾਕੀ ਈਸ਼ਵਰ ਦਾ ਨਾਮ ਜਪਣਾ ਵੀ ਇਕ ਮੂਰਤੀ ਪੂਜਾ ਦਾ ਹੀ ਅੰਗ ਹੈ, ਕਿਉਂਕਿ, ਨਾਮ ਵੀ ਮਨ ਬੁਧੀ ਦੁਆਰਾ ਕੋਈ ਨਾ ਕੋਈ ਕਲਪਨਾ ਕੀਤਾ ਹੋਇਆ ਹੁੰਦਾ ਹੈ ਉਸ ਨਾਮ ਵਿਚ ਉਹ ਅਸਲ ਪਰਮਾਤਮਾਂ ਪਕੜਿਆ ਹੋਇਆ ਨਹੀਂ ਹੁੰਦਾ ਜਿਵੇਂ ਅਗਨੀ ਨਾਮ ਵਿਚ ਅਗਨੀ, ਪਾਨੀ ਨਾਮ ਵਿਚ ਪਾਨੀ ਪਕੜਿਆ ਹੋਇਆ ਨਹੀਂ ਹੁੰਦਾ, ਜੇ ਹੋਵੇ ਤਾਂ ਪਾਨੀ ਨਾਮ ਲੇਨੇ ਸੇ ਹੀ ਪਿਆਸ ਦੂਰ ਹੋ ਜਾਵੇ ਅਤੇ ਅਗਨੀ ਨਾਮ ਲੇਨੇ ਸੇ ਮੂੰਹ ਅਤੀ ਗਰਮ ਹੋ ਜਾਵੇ, ਪ੍ਰੰਤੂ ਇੰਜ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ, ਤਾਂ ਤੇ ਈਸ਼ਵਰ ਦੇ ਨਾਮ ਵਿਚ ਈਸ਼ਵਰ ਵੀ ਫੜਿਆ ਹੋਯਾ ਨਹੀ, ਇਸ ਲਈ ਈਸ਼ਵਰ ਦਾ ਨਾਮ ਵੀ, ਕਲਪਤ ਹੈ, ਔਰ ਪਥਰ ਦੀ ਮੂਰਤੀ ਆਦਿ ਵੀ ਕਲਪਤ ਹੈ ਕਾਰਨ ਇਹ ਕਿ ਮਨ ਬੁਧੀ ਸੇ ਕਲਪਨਾ ਕੀਤੀ ਜਾਂਦੀ ਹੈ ਕਿ, ਇਹ ਈਸ਼ਵਰ ਜਾਂ ਕਿਸੇ ਦੇਵੀ ਦੇਵਤਾ ਅਵਤਾਰ ਦੀ ਮੂਰਤੀ ਹੈ, ਤਾਂਤੇ ਈਸ਼ਵਰ ਨਾਮ ਦਾ ਭਜਨ ਕਰਨਾ ਅਤੇ ਮੂਰਤੀ ਪੂਜਾ ਕਰਨੀ ਇਕੋ ਜਿਹਾ ਹੀ ਕਰਮ ਮਲੂਮ ਹੁੰਦਾ ਹੈ।

ਕਈ ਸੱਜਣ ਬੜੇ ਜੋਰ ਸ਼ੋਰ ਸੇ ਭਜਨ ਗਾਉਂਦੇ ਹੁੰਦੇ ਹਨ ਕਿ, ਤੁਮ ਹੋ ਮੂਰਤੀ ਮੇਂ ਵਿਆਪਕ ਤੁਮ ਹੀ ਵਿਆਪਕ ਹੋ ਫੂਲੋਂ ਮੇਂ, ਕਹੋ ਭਗਵਾਨ ਪਰ ਭਗਵਾਨ ਭਲਾ ਕਿਉਂਕਰ ਚੜ੍ਹਾਊਂ ਮੈਂ, ਅਗਰ ਉਹਨਾਂ ਸਜਣਾਂ ਨੂੰ ਇਹ ਪੁਛਿਆ ਜਾਵੇ ਕਿ, ਜਦ ਭਗਵਾਨ ਸ੍ਰਵ ਵਿਆਪਕ ਹੈ ਤਾਂ ਭਗਵਾਨ ਕੁਰਸੀ ਵਿੱਚ ਵੀ ਹੋਵੇਗਾ ਔਰ ਉਸਦੇ ਉਪਰ ਬੈਠ ਕੇ ਗਾਉਂਣ ਵਾਲੇ ਮਾਸਟਰ ਸਾਹਿਬ ਵਿੱਚ ਵੀ ਹੋਵੇਗਾ। ਤਾਂ ਭਗਵਾਨ ਦੇ ਉਪਰ ਭਗਵਾਨ ਨੂੰ ਕਿਵੇਂ ਬੈਠਾ ਰਹੇ ਹਨ, ਕੀ ਕੁਰਸੀ ਵਿੱਚ ਰਹਿਣ ਵਾਲੇ ਭਗਵਾਨ ਪਰ ਭਾਰ ਨਹੀਂ ਪੈ ਰਿਹਾ, ਇਤਨਾਂ ਕਸ਼ਟ ਭਗਵਾਨ ਨੂੰ ਕਿਉਂ ਦਿੰਦੇ ਹਨ—ਤਥਾ ਗਾਣਾ ਇੰਜ ਗਾਉਂਣਾ ਚਾਹੀਏ ਕਿ, ਤੁਮ ਹੀ ਹੋ ਪੇਟ ਮੇਂ ਵਿਆਪਕ ਤੁਮ ਹੀ ਵਿਆਪਕ ਹੋ ਭੋਜਨ ਮੇਂ ਕਹੁ ਭਗਵਾਨ ਮੇਂ ਭਗਵਾਨ ਭਲਾ ਕਿਉਂ ਕਰ ਧਸਾਊਂ ਮੈਂ, ਤਾਂਤੇ ਭੋਜਨ ਜਦ ਦਸ ਦਿਨ ਪੇਟ ਵਿੱਚ ਨਾ ਧਸਾਇਆ ਗਿਆ ਤਾਂ ਪਤਾ ਚਲ ਜਾਵੇਗਾ ਕਿ, ਮੂਰਤੀ ਅਤੇ ਫੂਲਾਂ ਵਿੱਚ ਵਿਆਪਕ ਹੈ, ਇਸ ਲਈ ਭਗਵਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਭਗਵਾਨ ਨਾ ਚੜਾਉਣ ਦਾ ਕੀ ਮਹਾਤਮ ਹੈ, ਤੇ ਚੜਾਉਣ ਦਾ ਕੀ ਮਹਾਤਮ ਹੈ, ਅਸਲ ਗਲ ਇਹ ਹੈ ਕਿ ਗਹਿਰਾਈ ਦੇ ਭਾਵ ਨੂੰ ਜਾਣਨਾ ਹੀ ਨਾਂ ਤੇ ਐਵੇਂ ਚੁਟਕਲੇ ਉਡਾਈ ਜਾਨੇ, ਕੋਈ ਬੁਧੀ ਮਤਾ ਨਹੀਂ ਹੁੰਦਾ, ਜੇਕਰ ਕਿਹਾ ਜਾਵੇ ਕਿ ਕੁਰਸ਼ੀ ਤੇ ਮਾਸ਼ਟਰ ਜੀ ਨੂੰ ਨਾਂ ਬਿਠਾਯਾ ਜਾਵੇ ਜਾਂ ਭੋਜਨ ਪੇਟ ਵਿਚ ਨਾ ਪਾਇਆ ਜਾਵੇ ਤਾਂ ਗੁਜਾਰਾ ਨਹੀਂ ਹੁੰਦਾ ਤਾਂ ਇੰਜ ਜਗਿਆਸੂ ਲੋਕਾਂ ਦਾ ਵੀ ਫੁਲ ਚੜ੍ਹਾਉਣੇ ਆਦਕ ਪੂਜਾ ਭਗਤੀ ਨਾ ਕੀਤੀ ਜਾਵੇ ਤਾਂ ਗੁਜਾਰਾ ਨਹੀਂ ਹੁੰਦਾ ਕਿੰਤੂ ਪਾਮਰ, ਵਿਸ਼ਈ ਲੋਕਾਂ ਦਾ ਹੋ ਜਾਂਦਾ ਹੈ।

ਤਥਾ ਕਈ ਥਾਂਈ, ਈਸ਼ਵਰ ਨਹੀਂ ਮੰਦਰ ਮਸਜਿਦ ਮੇਂ ਗੌਰ ਕਰ ਦੇਖਨਾ ਜੀ, ਇਸ ਪ੍ਰਕਾਰ ਦੇ ਗੀਤ ਬੜੇ ਪ੍ਰੇਮ ਸੇ ਗਾਏ ਜਾਂਦੇ ਹਨ, ਪ੍ਰੰਤੂ ਗੌਰ ਕਰਕੇ ਦੇਖਿਆ ਜਾਵੇ ਤਾਂ ਈਸ਼ਵਰ ਜਦ ਵਿਆਪਕ ਹੈ ਤਾਂ ਮੰਦਰ ਮਸੀਤਾਂ ਵਿਚੋਂ ਕਿਵੇਂ ਬਾਹਰ ਨਿਕਲ ਗਿਆ ਮੰਨਿਆ ਜਾ ਸਕੇਗਾ, ਜੇਕਰ ਇਥੇ ਇਹ ਦਲੀਲ ਦਿਤੀ ਜਾਵੇ ਕਿ ਪਰਮਾਤਮਾਂ ਸ੍ਰਵ ਵਿਆਪਕ ਹੈ, ਤਾਂ ਉਸਦੀ ਪੂਜਾ ਭਗਤੀ ਹਿਤ ਕੇਵਲ, ਮੰਦਰ, ਮਸਜਿਦਾਂ ਵਿਚ ਕਿਉਂ ਜਾਇਆ ਜਾਂਦਾ ਹੈ, ਤਾਂ ਇੰਜ ਜਦ ਉਹ ਪਰਮਾਤਮਾਂ ਹਿਰਦੇ, ਮਨ, ਬੁਧੀ, ਜਬਾਨ, ਆਦਕਾਂ ਵਿਚ ਵੀ ਸ੍ਰਵ ਵਿਆਪਕ ਹੋਣੇ ਸੇ ਵਿਆਪਕ ਹੈ ਤਾਂ ਫਿਰ ਕੇਵਲ ਮਨ, ਬੁਧੀ, ਹਿਰਦੇ ਜਾਂ ਜਬਾਨ ਦੁਆਰਾ ਹੀ ਉਸਦਾ ਚਿੰਤਨ ਜਾਂ ਪੂਜਨ ਆਦਕ ਕਿਉਂ ਕੀਤਾ ਜਾ ਸ਼ਕੇਗਾ ਕਿੰਤੂ ਕਿਸੇ ਹੋਰ ਸਾਧਨਾਂ ਦੁਆਰਾਂ ਕਿਉਂ ਨਹੀਂ ਕੀਤਾ ਜਾ ਸਕਦਾ ਤਾਂਤੇ ਇਹ ਆਂਮ ਅਜ ਕਲ ਰਿਵਾਜ ਹੀ ਹੋ ਚੁਕਾ ਹੈ ਕਿ ਲੋਕਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿਨਾ ਕਿ, ਗੌਰ ਕਰਕੇ, ਦੇਖੋ ਤੇ ਆਪ ਗ਼ੌਰ ਕਰਕੇ ਦੇਖਨਾ ਹੀ ਨਹੀਂ।

ਪ੍ਰਨਾਮੀ ਧਰਮ ਵਿਚ ਵੀ ਮੂਰਤੀ ਪੂਜਾ ਤੋਂ ਇਨਕਾਰ ਜਾਂਦਾ ਹੈ, ਪ੍ਰੰਤੂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਅਤੇ ਸ੍ਰੀ ਰਾਧਾ (ਸਯਾਮਾ) ਜੀ ਦੇ ਮੁਕਟ, ਬਸਤਰ ਅਤੇ ਭੂਸ਼ਣਾਂ ਦੀ ਪੂਜਾ ਸਿਧ ਹੁੰਦੀ ਹੈ, ਇਹ ਇਕ ਸਾਧਾਰਨ ਲੋਕਾਂ ਨੂੰ ਭੁਲੇਖਾ ਹੈ ਕਿ, ਪਰਨਾਮੀ ਮਤ ਵਿਚ ਮੂਰਤੀ ਪੂਜਾ ਨਹੀਂ, ਕਿਉਂਕਿ ਸ੍ਰੀ ਕ੍ਰਿਸ਼ਨ ਅਤੇ ਰਾਧਾ ਜੀ ਦੇ ਬਸਤਰ, ਭੂਸ਼ਣ ਵੀ ਮੂਰਤੀ ਵਤ ਅਚੇਤਨ ਹੀ ਹਨ, ਤਾਂ ਉਨ੍ਹਾਂ ਦੀ ਅਤੀ ਸਤਿਕਾਰ ਰੂਪ ਪੂਜਾ ਕਰਕੇ ਫਿਰ ਕਹਿਣਾ ਕਿ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ—ਇਹ ਕਿਡੀ ਹਾਸੋ ਹੀਣੀ ਗਲ ਹੈ, ਭੂਸ਼ਨ ਆਦੀ ਪੂਜਾ ਸੇ ਜੇਕਰ ਭਗਵਾਨ ਪ੍ਰਸੰਨ ਹੋ ਸਕਦੇ ਹਨ ਤਾਂ ਉਨ੍ਹਾਂ ਦੀ ਮੂਰਤੀ ਪੂਜਨ ਦੁਆਰਾ ਨਰਾਜ਼ ਵੀ ਨਹੀਂ ਹੋ ਸਕਦੇ, ਬਾਕੀ ਪ੍ਰਨਾਮੀ ਧਰਮ ਦੇ ਇਸ਼ਟ ਰੂਪ ਪਰਮ ਧਾਂਮ ਵਿਚ ਕੋਈ ਪਦਾਰਥ ਵੀ ਨਿਰਾਕਾਰ ਨਹੀਂ ਮੰਨਿਆ ਜਾਂਦਾ ਪਰਮ ਧਾਂਮ ਅਤੇ ਸ੍ਰੀ ਅਖਰਾਤੀਤ ਔਰ ੧੨ ਹਜਾਰ ਸਖੀਆਂ ਆਦਕ ਇਹ ਸਾਰੇ ਮੂਰਤੀ ਮਾਨ (ਸਾਕਾਰ) ਹੀ ਮੰਨੇ ਜਾਂਦੇ ਹਨ, ਫਿਰ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ ਕਹਿਣਾ ਕੋਈ ਵਡੀ ਗਲ ਨਹੀਂ।

ਔਰ ਪ੍ਰਨਾਮੀ ਧਰਮ ਵਿਚ, ਸ੍ਰੀ ਕੁਲਜਮ ਸਰੂਪ, ਧਰਮ ਪੁਸਤਕ, ਦੀ ਅਤੀ ਸਤਿਕਾਰ ਰੂਪ ਪੂਜਾ ਭਗਤੀ ਵੀ ਹੁੰਦੀ ਹੈ, ਉਹ ਪਰਮ ਪਵਿਤ੍ਰ ਧਰਮ ਪੁਸਤਕ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਮ ਧਰਮ ਪੁਸਤਕਾਂ ਵਤ ਹੀ ਸਿਆਹੀ, ਕਾਗਜ ਆਦਕਾਂ ਨਾਲ ਹੀ ਤਿਆਰ ਹੋਇ ਹੋਇ ਹੋਣ ਕਰਕੇ ਚੇਤਨ ਨਹੀਂ ਹੋ ਸਕਦੇ, ਜੇਕਰ ਚੇਤਨ ਨਹੀਂ ਹੋ ਸਕਦੇ ਤਾਂ ਜੜ੍ਹ ਮੂਰਤੀ ਦੀ ਪੂਜਾ ਨਾਲੋਂ ਉਨਾਂ ਦੀ ਸਤਿਕਾਰ=ਪੂਜਾ ਦਾ ਵਾਧਾ ਕੀ ਮੰਨਿਆ ਜਾ ਸਕੇਗਾ, ਜੇਕਰ ਕਿਹਾ ਜਾਵੇ ਕਿ ਪ੍ਰਨਾਮੀ ਮਤ ਵਿਚ ਮਾਨਸਕ ਪੂਜਾ ਦੀ ਪ੍ਰਧਾਨਤਾ ਹੈ,ਇਸ ਲਈ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ, ਤਾਂ ਵੀ ਮਾਨਸਕ ਪੂਜਾ ਕਰਨੇ ਸਮੇਂ ਮਨ ਵਿਚ, ਪਰਮ ਧਾਮ, ਸ੍ਰੀ ਅਖ਼ਰਾਤੀਤ ਅਤੇ ਸ੍ਰੀ ਸਖੀਆਂ ਦੇ ਸਰੂਪ ਕਲਪਨਾਂ ਕਰਨੇ ਪੈਂਣਗੇ, ਕਿਉਂਕਿ ਜੋ ਅਸਲ ਪਰਮ ਧਾਂਮ ਅਤੇ ਸ੍ਰੀ ਅਖ਼ਰਾਤੀਤ, ਔਰ ਸਖੀਆਂ ਆਦਕ ਹਨ ਉਹ ਮਾਤ੍ਰ ਲੋਕ ਤੋਂ ਬਹੁਤ ਦੂਰੀ ਪਰ ਰਹਿੰਦੇ ਦੱਸੇ ਗਏ ਹਨ, ਇਸ ਲਈ ਉਨ੍ਹਾਂ ਦਾ ਇਥੇ ਬੈਠਿਆਂ ਪ੍ਰਤੱਖ ਨਹੀਂ ਹੋ ਸਕਦਾ, ਕੇਵਲ ਗੁਰੂ ਜੀ ਦੇ ਮੁਖਾਰ ਬਿੰਦ ਸੇ ਉਨ੍ਹਾਂ ਦਾ ਸਰੂਪ ਸ੍ਰਵਨ ਕਰਨੇ ਸੇ ਮਨ ਵਿਚ ਹੀ ਪਰਮ ਧਾਂਮ ਆਦਕਾਂ ਦਾ ਨਕਸ਼ਾ ਕਲਪਨਾ ਹੁੰਦਾ ਹੈ, ਕਿੰਤੂ ਜੇਕਰ ਪਰਮ ਧਾਂਮ ਆਦਕਾਂ ਦਾ ਇਥੇ ਸਾਹਮਨੇ ਪ੍ਰਤੱਖ ਦਰਸ਼ਨ ਹੋ ਸਕੇ ਤਾਂ ਫਿਰ ਮਾਨਸਿਕ ਪੂਜਾ ਦੀ ਲੋੜ ਵੀ ਨਹੀਂ ਰਹਿ ਸਕਦੀ ਕਾਰਨ ਇਹ ਕਿ, ਮਾਨਸਕ ਪੂਜਾ ਉਸੇ ਦੀ ਹੀ ਕਰਨ ਦੀ ਲੋੜ ਹੁੰਦੀ ਹੈ ਜਿਸਦਾ ਇਥੇ ਪ੍ਰਤੱਖ ਨਾਂ ਹੋਵੇ ਕਿਉਂਕਿ ਜੋ ਵਸਤੂ ਪ੍ਰਤੱਖ ਹੋਵੇ ਉਸਦੀ ਪ੍ਰਤੱਖ ਹੀ ਪੂਜਾ ਹੋ ਸਕਦੀ ਹੈ ਫਿਰ ਮਾਨਸਿਕ ਪੂਜਾ ਕਰਨ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ ਤਾਂਤੇ ਮਨ ਵਿਚ ਕਲਪਨਾ ਕੀਤਾ ਹੋਇਆ ਪਰਮ ਧਾਂਮ ਆਦਕ ਦਾ ਨਕਸ਼ਾ ਅਸਲ ਪਰਮ ਧਾਂਮ ਆਦਕ ਨਹੀਂ ਕੇਵਲ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਪਿਆ ਹੋਇਆ ਨਕਸ਼ਾ ਮਾਤ੍ਰ ਹੈ, ਔਰ ਪਥਰ ਆਦਕ ਦੀ ਮੂਰਤੀ ਵੀ ਅਸਲ ਦੇਵਤਾ ਨਹੀਂ, ਦੇਵਤਾ ਦੀ ਵਿਚ ਭਾਵਨਾ ਕੀਤੀ ਜਾਂਦੀ ਹੈ, ਤਾ ਫਿਰ ਮਾਨਸਕ ਪੂਜਾ ਵੀ ਮੂਰਤੀ ਪੂਜਾ ਨਾਲੋਂ ਕੁਛ ਵਧ ਨਹੀਂ ਸਿਧ ਹੁੰਦੀ, ਸਪਸ਼ਟ ਮੂਰਤੀ ਪੂਜਾ ਵਤ ਹੀ ਹੈ, ਕਿਉਂਕਿ ਜੋ ਚੀਜ ਅਸਲ ਨਹੀਂ ਕਲਪਨਾ ਮਾਤ੍ਰ ਹੀ ਹੈ ਓਹੋ ਬਨਾਵਟ ਅਤੇ ਅਚੇਤਨ ਹੈ।

ਬਾਕੀ, ਪ੍ਰਨਾਮੀ ਧਰਮ ਦੇ ਹਿੰਦੁਸਤਾਨ ਵਿਚ ਕਈ ਮੰਦਰ ਹਨ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਮੰਦਰਾਂ ਦੇ ਦਰਸ਼ਨਾਂ ਦੀ ਅਭਿਲਾਸ਼ਾ ਵੀ ਹੁੰਦੀ ਹੈ ਕਿੰਤੂ ਜੇਕਰ ਵਿਚਾਰੀਏ ਤਾਂ ਉਹ ਮੰਦਰ ਕੋਈ ਆਮ ਮੰਦਰਾਂ ਨਾਲੋਂ ਕਿਸੇ ਵਖਰੇ ਚੂੰਨੇ ਮਿਟੀ ਦੇ ਨਹੀਂ ਬਣੇ ਹੋਇ, ਤਾਂਤੇ ਚੇਤਨ ਨਹੀਂ ਹਨ, ਜੇਕਰ ਨਹੀਂ ਹਨ, ਤਾਂ ਉਹਨਾਂ ਦਾ ਸਤਿਕਾਰ ਅਤੇ ਦਰਸ਼ਨਾਂ ਦੀ ਇਛਾਂ ਵੀ ਪੂਜਾ ਹੈ, ਜਬਾਨੀ ਕਹੀ ਜਾਣਾ ਕਿ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ ਇੰਜ ਕੋਈ ਹਰਜ ਨਹੀਂ, ਪਰੰਤੂ ਅਮਲੀ ਤੌਰ ਤੇ ਮੂਰਤੀ ਪੂਜਾ ਦੇ ਤਿਆਗੀ ਨਹੀਂ ਹੋ ਸਕਦੇ। ਔਰ ਪ੍ਰਨਾਮੀ ਧਰਮ ਵਿਚ, ਪਰਮ ਧਾਮ ਆਦਕ ਤੋਂ ਬਿਨਾਂ ਇਸ ਜਗਤ ਸਾਰੇ ਨੂੰ ਅਸਤ (ਝੂਠਾ) ਮੰਨਿਆ ਜਾਂਦਾ ਹੈ, ਪਰ ਇਸੇ ਜਗਤ ਦੇ ਜੀਵਾਂ ਸਹਿਤ, ਸਰੀਰ, ਪਰਨਾਮੀ ਮਤ ਦੇ ਸੰਤ, ਗੁਰੂ, ਮਹਾਤਮਾਂ ਹੁੰਦੇ ਹਨ ਉਹਨਾਂ ਸੰਤ, ਗੁਰੂ, ਲੋਕਾਂ ਦੀ ਪੂਜਾ ਪਰਨਾਮ ਆਦਕ ਸਪਸ਼ਟ ਕੀਤੀ ਜਾਂਦੀ ਹੈ, ਤਾਂਤੇ ਮੂਰਤੀ ਵਤ ਪਰਨਾਮੀ ਧਰਮ ਦੇ ਮਤ ਅਨੁਸਾਰ ਇਸ ਜਗਤ ਦੀ ਹਰ ਇਕ ਚੀਜ਼ ਜਦ ਅਸਤ (ਝੂਠੀ) ਹੈ ਤਾਂ ਇਸ ਜਗਤ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵ, ਸਰੀਰ, ਆਦਕਾਂ ਦੀ ਪੂਜਾ ਕਰਨੀ ਵੀ ਮੂਰਤੀ ਪੂਜਾ ਹੀ ਸਪਸ਼ਟ ਹੈ, ਕਿਉਂਕਿ ਮੂਰਤੀ ਵਿਚ ਵੀ ਕੋਈ ਦੇਵਤਾ ਆਦਕ ਸਤ, ਪਦਾਰਥ ਨਹੀਂ ਮੰਨਦੇ ਤੇ ਇਸ ਜਗਤ ਵਿੱਚ ਵੀ ਉਹ ਕਿਸੇ ਥਾਂ ਆਪਣਾ ਪਰਮ ਧਾਮ ਨਿਵਾਸੀ ਪ੍ਰਮਾਤਮਾਂ ਵਿਆਪਕ ਜਾਂ ਰਹਿੰਦਾ ਨਹੀਂ ਮੰਨਦੇ ਕਿੰਤੂ ਪਰਮ ਧਾਮ ਵਿਚ ਹੀ ਰਹਿੰਦਾ ਮੰਨਦੇ ਹਨ ਜੋ ਇਸ ਲੋਕ ਤੋਂ ਬਹੁਤ ਦੂਰ ਸਫਰ ਦਸਦੇ ਹਨ ਤਾਂ ਇਸ ਜਗਤ ਦੇ ਪਦਾਰਥਾਂ ਨਾਲ ਬਣੇ ਸਜੇ ਹੋਏ ਸੰਤ, ਗੁਰੂ, ਲੋਕਾਂ ਦੀ ਜੋ ਪੂਜਾ ਭਗਤੀ ਹੈ ਉਹ ਇਸ ਲੋਕ ਦੀ ਮੂਰਤੀ ਦੀ ਪੂਜਾ ਵਤ ਹੀ ਪੂਜਾ ਭਗਤੀ ਕੀਤੀ ਜਾਂਦੀ ਸਿਧ ਹੁੰਦੀ ਹੈ।

ਰਾਧੇ ਸੁਆਮੀ, ਮਤ ਵਿਚ ਵੀ ਮੂਰਤੀ ਪੂਜਾ ਦਾ ਖੰਡਨ ਹੀ ਕੀਤਾ ਜਾਂਦਾ ਹੈ, ਪਰੰਤੂ ਖੋਜ ਕਰੀਏ ਤਾਂ ਉਹਨਾਂ ਦੇ ਵੀ ਸਤ ਲੋਕ, ਅਗਮ, ਅਲਖ, ਅਨਾਮੀ–ਲੋਕ ਆਦਕ ਇਸ ਮਾਤ੍ਰ ਲੋਕ ਤੋਂ ਕਈ ਅਰਬਾਂ ਖਰਬਾਂ, ਅਸੰਖਾਂ ਮੀਲਾਂ ਦੀ ਦੂਰੀ ਪਰ ਦਸੇ ਗਏ ਹਨ, ਉਹਨਾਂ ਲੋਕਾਂ ਦਾ ਇਸ ਲੋਕ ਵਿਚ ਬਹਿ ਕੇ ਪ੍ਰਤੱਖ ਗਿਆਨ ਹੋਣਾ ਅਸੰਭਵ ਹੈ, ਕਿੰਤੂ ਉਹਨਾਂ ਅਲਖ, ਅਗੰਮ ਆਦਕ ਲੋਕਾਂ ਦੇ ਗੁਰੂ ਦੁਆਰਾ ਸੁਣੇ ਹੋਇ ਨਕਸ਼ੇ ਮਨ ਵਿਚ ਹੀ ਕਲਪਨਾਂ ਹੁੰਦੇ ਹਨ, ਜੋ ਕਲਪਨਾਂ ਮਾਤ੍ਰ ਵਸਤੂ ਹੋਵੇ ਉਹ ਕਿਸੇ ਮੂਰਤੀ ਨਾਲੋਂ ਘਟ ਨਹੀਂ ਹੁੰਦੀ, ਤਾਂਤੇ ਮੂਰਤੀ ਦੇ ਧਿਆਨ ਵਤ ਹੀ, ਅਗਮ, ਅਲਖ ਆਦਕ ਲੋਕਾਂ ਦਾ ਧਿਆਨ ਸਿਧ ਹੋ ਰਿਹਾ ਹੈ, ਅਸਲ ਅੱਲਖ ਅਗੰਮ ਆਦਕ ਲੋਕਾਂ ਦਾ ਧਿਆਨ ਨਹੀਂ, ਕਈ ਸਜਣ ਇਹ ਹਠ ਕਰਿਆ ਕਰਦੇ ਹਨ ਕਿ, ਸਾਡੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਤੀ ਹੀ ਅਸਲ, ਅਲਖ, ਅਗੰਮ ਆਦਕ ਲੋਕਾਂ ਵਿਚ ਪਹੁੰਚ ਜਾਂਦੀ ਹੈ ਇਸ ਲਈ ਸਾਡਾ ਧਿਆਨ ਮਨ ਦੇ ਕਲਪੇ ਹੋਇ ਅਲਖ, ਅਗੰਮ ਆਦਕ ਲੋਕ ਮਾਤ੍ਰ ਹੀ ਨਹੀਂ, ਪ੍ਰੰਤੂ ਇਥੇ ਪ੍ਰਸ਼ਨ ਹੋ ਸਕਦਾ ਹੈ ਕਿ ਜੇਕਰ ਸੁਰਤੀ ਹੀ ਅਸੰਖਾਂ ਮੀਲਾਂ ਦੀ ਦੂਰੀ ਪਰ ਪਹੁੰਚ ਜਾਂਦੀ ਹੈ ਅਤੇ ਓਥੇ ਅਨੰਦ ਹੀ ਅਨੰਦ ਦੀ ਮਸਤੀ ਹੈ, ਤਾਂ ਫਿਰ ਉਹ ਸੁਰਤੀ ਵਾਪਸ ਉਸੇ ਦੁਖ ਰੂਪ ਸਰੀਰ ਵਿਚ ਕਿਉਂ ਹਰ ਰੋਜ਼ ਹੀ ਆ ਜਾਂਦੀ ਹੈ, ਕਿਆ, ਉਥੇ ਇਸ ਸਰੀਰ ਦੇ ਅਨੰਦ ਨਾਲੋਂ ਵੀ ਅਨੰਦ ਫਿਕਾ ਹੈ, ਜਿਸ ਲਈ ਇਸ ਸਰੀਰਕ ਅਨੰਦ ਨੂੰ ਯਾਦ ਕਰਕੇ ਵਾਪਸ ਆ ਜਾਂਦੀ ਹੈ, ਜੇਕਰ ਉਹਨਾਂ ਅਲਖ, ਅਗੰਮ, ਆਦਕ ਲੋਕਾਂ ਦਾ ਅਨੰਦ ਇਥੋਂ ਦੇ ਪਦਾਰਥਾਂ ਨਾਲੋਂ ਕਈ ਕਰੋੜ ਗੁਣਾਂ ਵਿਸ਼ੇਸ਼ ਹੈ ਤਾਂ ਫਿਰ ਸੁਰਤੀ ਦੇ ਵਾਪਸ ਆ ਜਾਣ ਦਾ ਕੋਈ ਕਾਰਨ ਸਿਧ ਨਹੀਂ ਹੁੰਦਾ।

ਤਾਂਤੇ ਅਸਲ ਗਲ ਇਹ ਹੈ ਕਿ, ਸੁਰਤੀ ਅਸੰਖਾਂ ਮੀਲਾਂ ਦੀ ਦੂਰੀ ਪਰ ਜਾਂਦੀ ਨਹੀਂ, ਜੇਕਰ ਪਹੁੰਚ ਜਾਂਦੀ ਤਾਂ ਵਾਪਸ ਉਸੇ ਸਰੀਰ ਵਿਚ ਹੀ ਚਟ ਪਟ ਆ ਜਾਣ ਦਾ ਕੋਈ ਕਾਰਨ ਨਹੀਂ, ਕਿੰਤੂ ਅਸੰਖਾਂ ਮੀਲਾਂ ਦੀ ਦੂਰੀ ਦੀ ਕਲਪਨਾਂ ਕੀਤੀ ਜਾਂਦੀ ਹੈ ਔਰ ਅਲਖ, ਅਗੰਮ ਆਦਕ ਲੋਕਾਂ ਦੇ ਨਕਸ਼ੇ ਵੀ ਮਨ ਵਿਚ ਹੀ ਕਲਪੇ ਜਾਂਦੇ ਹਨ ਅਤੇ ਸੁਰਤੀ (ਬ੍ਰਿਤੀ) ਸਰੀਰ ਤੋਂ ਬਾਹਰ ਜਾਕੇ ਜੇਕਰ ਯਥਾਰਥ ਪਦਾਰਥ ਦੇਖ ਸਕਦੀ ਹੋਵੇ ਤਾਂ ਹਰ ਇਕ ਮਨੁਸ਼ ਦੀ ਬ੍ਰਿਤੀ ਬਾਹਰ ਜਾਕੇ ਹਰ ਇਕ ਸ਼ੈਹਰਾਂ ਵਿਚ ਜੋ ਕੰਮ ਹੋ ਰਹੇ ਹਨ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਰੇ ਘਰ ਬੈਠੇ ਹੀ ਯਥਾਰਥ ਵੇਖ ਸੱਕਣਗੇ, ਪ੍ਰੰਤੂ ਇੰਜ ਹੋ ਨਹੀਂ ਰਿਹਾ, ਕਿੰਤੂ ਤਾਰ, ਅਖਬਾਰ, ਰੇਡੀਯੋਂ ਆਦਕਾਂ ਦੇ ਜਰੀਏ ਹੀ ਬਾਹਰ ਮੁਲਕਾਂ, ਦੇਸ਼ਾਂ ਵਿਚ ਹੋ ਰਹੇ ਕੰਮਾਂ ਦੀਆਂ ਖਬਰਾਂ ਆ ਰਹੀਆਂ ਹਨ, ਜੇਕਰ ਕਿਹਾ ਜਾਵੇ ਕਿ, ਯੋਗੀ ਲੋਕ ਆਪਣੀ ਬ੍ਰਿਤੀ ਦੁਆਰਾ ਹੀ ਸਾਰੀਆਂ ਪ੍ਰਦੇਸਾਂ ਦੀਆਂ ਖਬਰਾਂ ਦੱਸ ਸਕਦੇ ਹਨ, ਤਾਂ ਉਨ੍ਹਾਂ ਵਿਚ ਵੀ ਸਿਧੀ ਪ੍ਰਾਪਤਿ ਹੋਵੇ ਤਾਂ ਦੱਸ ਸੱਕਣਗੇ, ਨਹੀਂ ਤਾਂ ਨਹੀਂ, ਦੱਸ ਸਕਣਗੇ, ਪ੍ਰੰਤੂ ਸੁਆਲ ਇਥੇ ਇਹ ਹੈ ਕਿ, ਬ੍ਰਿਤੀ ਸਰੀਰ ਤੋਂ ਬਾਹਰ ਜਾਕੇ ਹਜ਼ਾਰਾਂ ਮੀਲਾਂ ਦੀ ਦੂਰੀ ਪਰ ਸਚੇ ਪਦਾਰਥ ਵੇਖਦੀ ਹੈ, ਇਸਦਾ ਉਤਰ ਇਹ ਹੈ ਕਿ ਜੇਕਰ ਬ੍ਰਿਤੀ ਹਜਾਰਾਂ ਮੀਲਾਂ ਦੀ ਦੂਰੀ ਪਰ ਬਾਹਰ ਜਾਕੇ ਸਚੇ ਪਦਾਰਥ ਵੇਖਦੀ ਹੈ ਤਾਂ ਹਰ ਇਕ ਇਨਸਾਨ ਦੀ ਬ੍ਰਿਤੀ ਬਾਹਰ ਜਾਕੇ ਸਚੇ ਪਦਾਰਥ ਵੇਖ ਸਕਦੀ ਹੈ, ਕਿੰਤੂ ਇੰਜ ਹੈ ਨਹੀਂ ਤਾਂ ਯੋਗੀ ਲੋਕਾਂ ਦਾ ਵਿਚ ਜੋ ਉਤਰ ਹੈ ਇਸਦਾ ਇਥੇ ਕੋਈ ਸਬੰਧ ਨਹੀਂ, ਕਿਉਂਕਿ ਜਿਸ ਯੋਗੀ ਨੇ ਸਿਧੀ ਪ੍ਰਾਪਤ ਕੀਤੀ ਹੈ, ਉਸਨੂੰ ਦੂਰ ਦੇਸ਼ਾਂ ਦੇ ਪਦਾਰਥਾਂ ਦਾ ਗਿਆਨ ਸਿਧੀ ਦੇ ਬਲ ਕਰਕੇ ਹੁੰਦਾ ਹੈ ਕੇਵਲ ਬ੍ਰਿਤੀ ਦੇ ਬਾਹਰ ਜਾਣ ਕਰਕੇ ਹੀ ਨਹੀਂ ਹੁੰਦਾ, ਜੇਕਰ ਯੋਗੀ ਦੀ ਬ੍ਰਿਤੀ ਦੇ ਬਾਹਰ ਜਾਣ ਕਰਕੇ ਹੀ ਦੂਰ ਦੇਸ਼ਾਂ ਦੇ ਪਦਾਰਥਾਂ ਦਾ ਗਿਆਨ ਹੋਣਾ ਮੰਨਿਆ ਜਾਵੇ, ਤਾਂ ਯੋਗੀ ਦੀ ਸਿਧੀ ਪ੍ਰਾਪਤਿ ਕੀਤੀ ਦਾ ਕੋਈ ਮੁਲ ਹੀ ਨਹੀਂ ਰਹਿ ਜਾਵੇਗਾ ਤਾਂਤੇ ਯੋਗੀ ਲੋਕਾਂ ਨੂੰ ਦੂਰ ਦੇਸ਼ਾਂ ਦੇ ਪਾਦਰਥਾਂ ਦਾ ਸਚਾ ਗਿਆਨ ਬ੍ਰਿਤੀ ਬਾਹਰ ਜਾਕੇ ਵੇਖਣ ਮਾਤ੍ਰ ਵਿਚ ਹੀ ਨਹੀਂ ਕਿੰਤੂ ਸਿਧੀ ਪਰਾਪਤੀ ਵਿਚ ਹੈ, ਇਸ ਲਈ ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਸਿੱਧੀ ਪਰਾਪਤ ਨਹੀਂ ਕੀਤੀ, ਅਜੇ ਸਾਧਨਾਂ ਕੋਟੀ ਵਿਚ ਜਗਿਆਸੂ ਹੈ, ਤਾਂ ਉਸਦੀ ਬ੍ਰਿਤੀ ਬਾਹਰ ਦੂਰ ਦੇਸ਼ਾਂ ਵਿਚ ਜਾ ਕੇ ਸਚੇ ਪਦਾਰਥ ਨਹੀਂ ਵੇਖ ਸਕਦੀ, ਪਰੰਤੂ ਉਹਨਾਂ ਦੇਸ਼ਾਂ ਦੇ ਸੁਣੇ ਹੋਇ ਪਦਾਰਥਾਂ ਨੂੰ ਚਿੰਤਨ ਕਰਕੇ ਉਹ ਨਕਸ਼ੇ ਸਾਰੇ ਮਨ ਵਿਚ ਹੀ ਕਲਪੇ ਜਾਂਦੇ ਹਨ, ਤਾਂਤੇ ਉਹ ਕਲਪਨਾ ਮਾਤ੍ਰ ਪਦਾਰਥਾਂ ਦਾ ਹੀ ਧਿਆਨ ਹੁੰਦਾ ਹੈ, ਜੋ ਕਲਪਨਾ ਮਾਤ੍ਰ ਵਸਤੂ ਹੋਵੇ ਉਹ ਮੂਰਤੀ ਵਤ ਹੀ ਹੈ ਘਟ ਵਧ ਨਹੀਂ।

ਜੇਕਰ ਹਠ ਹੀ ਕੀਤਾ ਜਾਵੇ ਕਿ ਰਾਧੇ ਸੁਆਮੀ ਮਤ ਵਿਚ ਸੁਰਤੀ ਸਤ ਲੋਕ ਅਤੇ ਅਗੰਮ, ਅਲਖ ਆਦਕ ਲੋਕਾਂ ਵਿਚ ਜਾਕੇ ਸਚੇ ਪਦਾਰਥ ਹੀ ਵੇਖਦੀ ਹੈ ਤਾਂ ਫਿਰ ਰਾਧੇ ਸੁਆਮੀ ਮਤ ਵਾਲੇ ਸਜਣਾਂ ਦੀ ਸੁਰਤੀ (ਬ੍ਰਿਤੀ) ਇਸ ਮਾਤਰ ਲੋਕ ਦੇ ਹਰ ਇਕ ਸ਼ੈਹਰਾਂ ਅਤੇ ਹਰ ਇਕ ਘਰਾਂ ਵਿਚ ਜਾ ਕੇ ਵੀ ਸਚੇ ਪਦਾਰਥ ਵੇਖ ਸਕਦੀ ਹੈ, ਪਰੰਤੂ ਵਡੇ ਤੋ ਵਡੇ ਰਾਧੇ ਸੁਆਮੀ ਮਤਵਾਲੇ ਭੀ ਲਲਕਾਰ ਕਰ ਨਹੀਂ ਕਹਿ ਸਕਦੇ ਕਿ ਅਸੀਂ ਹਰ ਇਕ ਘਰਾਂ ਵਿਚ ਪਏ ਹੋਇ ਪਦਾਰਥ ਜਾਂ ਹਰ ਇਕ ਸ਼ਹਿਰਾਂ ਵਿਚ ਹੋ ਰਹੇ ਕੰਮ ਸਾਰੇ ਹੀ ਦਸ ਸਕਦੇ ਹਾਂ, ਜੇਕਰ ਲਲਕਾਰ ਕੇ ਕਹਿਣ ਤਾਂ ਮੇਰਾ ਖਿਆਲ ਹੈ ਕਿ ਰੇਡੀਓ, ਤਾਰ, ਡਾਕਖਾਨੇ (ਚਿੱਠੀ ਪੱਤਰ) ਆਦਕ ਸਭ ਬੇਕਾਰ ਹੋ ਸਕਦੇ ਹਨ, ਬਲਕਿ ਫਿਰ ਇਸ ਦੇਸ਼ ਵਿਚ ਚੋਰੀ, ਬਲੈਕ, ਰਿਸ਼ਵਤ ਖੋਰੀ ਆਦਕ ਵੀ ਨਹੀਂ ਰਹਿ ਸਕਦੇ। ਕਿਉਂਕਿ ਸ੍ਰੀ ਰਾਧੇ ਸੁਆਮੀ ਸਜਣ ਫਿਰ ਦੇਸ਼ ਸੁਧਾਰ ਦੇ ਉਪਕਾਰ ਹਿਤ ਸੁਰਤੀ ਬਾਹਰ ਭੇਜ ਕੇ ਹਰ ਇਕ ਚੋਰੀ, ਰਿਸ਼ਵਤ ਖੋਰੀ, ਬਲੈਕ, ਆਦਕ ਸੁਕਾਰ ਜਾਂ ਪਬਲਕ ਨੂੰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸੀ ਜਾਣਗੇ, ਤਾਂਤੇ ਚੋਰੀ ਆਦਕ ਵੀ ਖਤਮ ਹੋ ਸਕਣ ਦੀ ਆਸ਼ਾ ਹੈ, ਜੇਕਰ ਉਹਨਾਂ ਦੀ ਬ੍ਰਿਤੀ ਇਸ ਮਾਤ੍ਰ ਲੋਕ ਵਿਚ ਕਿਸੇ ਦੇ ਘਰ ਜਾ ਕੇ ਸਚੇ ਪਦਾਰਥ ਨਹੀਂ ਵੇਖਦੀ ਤਾਂ ਕਰੋੜਾਂ ਮੀਲਾਂ ਦੀ ਦੂਰੀ ਪਰ ਸਤ ਲੋਕ, ਅਗੰਮ, ਅਲਖ ਲੋਕ ਆਦਕ ਲੋਕਾਂ ਵਿਚ ਵੀ ਜਾਕੇ ਸਚੇ ਪਦਾਰਥ ਨਹੀਂ ਵੇਖਦੀ, ਕਿੰਤੂ ਕੇਵਲ ਸਤ ਲੋਕ, ਅਗਮ, ਅਲਖ ਆਦਕ ਲੋਕਾਂ ਦੀ ਕਥਾ ਸੁਣਕੇ ਉਹਨਾਂ ਲੋਕਾਂ ਜਾਂ ਉਥੋਂ ਦੇ ਸੁਣੇ ਹੋਏ ਪਦਾਰਥਾਂ ਦਾ ਮਨ ਵਿਚ ਕਲਪਨਾ ਮਾਤ੍ਰ ਧਿਆਨ (ਨਕਸ਼ਾ) ਹੁੰਦਾ ਹੈ ਤਾਂਤੇ ਕਲਪਨਾਂ ਮਾਤ੍ਰ ਵਸਤੂ ਦਾ ਧਿਆਨ ਕਿਸੇ ਮੂਰਤੀ ਦੇ ਧਿਆਨ ਨਾਲੋਂ ਕੁਛ ਵਧ ਨਹੀਂ ਹੋ ਸਕਦਾ ਕਿਉਂਕਿ ਮੂਰਤੀ ਵਿਚ ਵੀ ਕਿਸੇ ਦੇਵੀ ਦੇਵਤੇ ਆਦਕ ਦੀ ਕਲਪਨਾ ਹੀ ਕੀਤੀ ਹੋਈ ਹੁੰਦੀ ਹੈ।

ਬਾਕੀ, ਆਰਯਾ ਸਮਾਜ ਵਲੋਂ ਲਿਖੇ ਹੋਇ, ਰਾਧਾ ਸੁਆਮੀ ਮਤਾ ਲੋਚਨ, ਨਾਮੀ ਪੁਸਤਕ ਦੇ ਸਫਾ ੧੦੫–੬ ਤੇ ਰਾਧਾ ਸੁਆਮੀ ਮਤ ਦੇ ਪੁਸਤਕ, ਰਾਧਾ ਸੁਆਮੀ ਮਤ ਸੰਦੇਸ਼ ਦਫਾ ੪੭ ਪੰਨਾਂ ੩੩ ਦਾ ਹਵਾਲਾ ਲਿਖਿਆ ਹੋਇਆ ਹੈ ਕਿ, ਕੁਲ ਜੀਵੋਂ ਕੋ ਜੋ ਰਾਧਾ ਸੁਆਮੀ ਮਤ ਮੇਂ ਦਾਖਿਲ ਹੈਂ ਮੁਨਾਸਿਬ ਔਰ ਲਾਜ਼ਿਮ ਹੈ ਕਿ ਜਹਾਂ ਤਕ ਬਨ ਸਕੇ ਏਕ ਦਫਾ ਆਗਰੇ ਮੇਂ ਆ ਕਰ ਰਾਧਾ ਸੁਆਮੀ ਬਾਗ ਮੇਂ ਰਾਧਾ ਸੁਆਮੀ ਦਯਾਲ ਕੀ ਸਮਾਧੀ ਔਰ ਉਨ ਕੇ ਨਿਸ਼ਾਨੋਂ ਕਾ ਜੈਸੇ ਪਲੰਘ ਔਰ ਕੁਰਸੀ ਤਥਾ ਭਜਨ ਕਰਨੇ ਕੀ ਚੌਕੀ ਕਾ ਭਾਵ ਸਹਿਤ ਦਰਸ਼ਨ ਕਰੇ ਔਰ ਵਹਾਂ ਮਥਾ ਟੇਕ ਕਰ ਅਪਨਾ ਭਾਵ ਬਢਾਵੇ ਔਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਧੀ ਪਰ ਹਾਰ ਫੂਲ ਚੜ੍ਹਾਵੇਂ ਕਿਉਂਕਿ ਇਨ ਸਭ ਚੀਜ਼ੋਂ ਮੇਂ ਜੋ ਕਿ ਉਨਕੀ ਸੇਵਾ ਮੇਂ ਰਹੀ ਹੈਂ, ਉਨਕੇ ਚਰਨੋਂ ਕੀ ਨਿਰਮਲ ਔਰ ਅੰਮ੍ਰਿਤ ਕੀ ਧਾਰਾ ਮੌਜੂਦ ਹੈ, ਰਾਧਾ ਸੁਆਮੀ ਬਾਗ ਕੇ ਕੂਏ ਕਾ ਜੋ ਜਲ ਹੈ ਵੋਹ ਰਾਧਾ ਸੁਆਮੀ ਦਿਆਲ ਕਾ ਮੁਖਾਮ੍ਰਿਤ ਔਰ ਚਰਨਾਮ੍ਰਿਤ ਹੈ, ਉਸ ਕੋ ਅਵਸ਼ਜ ਪਾਨ ਕਰੇਂ।

ਇਸ ਲੇਖ ਵਿਚ ਰਾਧਾ ਸੁਆਮੀ ਮਤ ਦੇ ਆਗੂਆਂ ਨੇ ਜਨਤਾ ਨੂੰ ਕੇਵਲ ਪਤਾ ਨਹੀਂ ਕੀ ਸਮਝਿਆ ਹੈ, ਕਿਉਂਕਿ ਰਾਧਾ ਸੁਆਮੀ ਦਿਆਲ ਕੀ ਸਮਾਧੀ ਪਰ ਫੁਲਾਂ ਦੇ ਹਾਰ ਚੜ੍ਹਾਉਂਣੇ, ਚੌਕੀ, ਪਲੰਘ ਨੂੰ ਮਥਾ ਟੇਕਣਾ ਇਸ ਲਈ ਕਿ ਭਾਵ ਵਧੇ, ਔਰ ਰਾਧਾ ਸੁਆਮੀ ਬਾਗ ਦੇ ਖ਼ੂਹ ਦਾ ਪਾਨੀ ਅਵਸ਼ਜ ਪੀਵੇਂ, ਕਿਆ ਕੋਈ ਸਮਝਦਾਰ ਇਹ ਕਹੈ ਸਕੇਗਾ ਕਿ ਮੂਰਤੀ ਪੂਜਾ ਨਹੀਂ, ਕਿਆਂ ਉਸ ਖੂਹ ਦਾ ਪਾਨੀ ਚੇਤਨ ਹੈ ਤੇ ਬਾਕੀ ਸਾਰੇ ਨਦੀਆਂ ਦੇ ਪਾਨੀ ਜੜ੍ਹ ਹਨ, ਤਥਾ ਸੁਆਮੀ ਜੀ ਦੀ ਸਮਾਧੀ ਚੂੰਨੇ ਇਟਾਂ ਦੀ ਬਣੀ ਹੋਈ ਔਰ ਕੁਰਸੀ, ਚੌਕੀ, ਪਲੰਘ ਲਕੜੀ ਦੇ ਬਣੇ ਹੋਇ ਇਹ ਸਾਰੇ ਚੇਤਨ ਹਨ ਤੇ ਬਾਕੀ ਸਾਰੇ ਸੰਸਾਰ ਦੀਆਂ ਲਕੜੀਆਂ ਤੇ ਚੂੰਨੇ ਤੇ ਇਟਾਂ ਦੇ ਬਣੇ ਹੋਇ ਨਿਸ਼ਾਨ ਜੜ੍ਹ ਹਨ, ਕਿਆ ਕੋਈ ਸਚਾ ਇਨਸਾਫ ਪਸੰਦ ਮਨੁਸ਼ ਇਹ ਫੈਸਲਾ ਦੇਵੇਗਾ ਕਿ ਰਾਧਾ ਸੁਆਮੀ ਮਤ ਦੇ ਆਗੂਆਂ ਨੇ ਆਪਣੇ ਸੇਵਕਾਂ ਕੋਲੋਂ ਇਹ ਸਪਸ਼ਟ ਮੂਰਤੀ ਪੂਜਾ ਨਹੀਂ ਕਰਵਾਈ, ਕਿੰਤੂ ਜਬਾਨੀ ਜਾਂ ਹੋਰ ਕਿਸੇ ਲਿਖਤਾਂ ਵਿਚ ਕਹੀ ਜਾਣਾ ਕਿ ਅਸੀਂ ਮੂਰਤੀ ਪੂਜਾ ਨਹੀਂ ਕਰਦੇ, ਤੇ ਓਹੋ ਮੂਰਤੀ ਪੂਜਾ ਕਰਵਾਈ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣੀ ਇਹ ਵੀ ਇਕ ਅਨੋਖਾ ਸਿਧਾਂਤ ਹੈ।

ਬਾਕੀ ਇਸ ਵਿਚ ਜੋ ਕਾਰਨ ਦਸਿਆ ਗਿਆ ਹੈ ਕਿ ਮਥਾ ਟੇਕ ਕੇ ਭਾਵ ਵਧਾਵੇ ਅਤੇ ਇਨਾਂ ਸਭ ਚੀਜਾਂ ਵਿਚ ਉਨਕੇ ਚਰਨਾਂ ਦੀ ਅੰਮ੍ਰਿਤ ਦੀ ਧਾਰਾ ਮੌਜੂਦ ਹੈ ਤਾਂ ਬਾਕੀ ਮੂਰਤੀ ਪੂਜਕ ਲੋਕ ਜੋ ਮੂਰਤੀ ਦੀ ਪੂਜਾ ਕਰਦੇ ਹਨ ਕੀ ਉਹ ਇਹ ਨਹੀਂ ਕਹਿ ਸਕਦੇ ਕਿ ਅਸੀਂ ਵੀ ਆਪਣੇ ਦੇਵੀ ਦੇਵਤੇ ਅਵਤਾਰਾਂ ਵਿਚ ਭਾਵ ਵਧਾਉਣ ਲਈ ਮੂਰਤੀ ਪੂਜਾ ਕਰਦੇ ਹਾਂ, ਤੇ ਸਾਡੇ ਦੇਵੀ, ਦੇਵਤੇ ਅਵਤਾਰਾਂ ਦੇ ਵੀ ਇਸ ਪ੍ਰਿਥਵੀ ਪਰ ਚਰਨ ਲਗੇ ਹੋਇ ਹਨ ਇਸ ਲਈ ਇਤਨੀ ਪ੍ਰਿਥਵੀ ਵਿਚ ਉਨ੍ਹਾਂ ਦੇ ਚਰਨਾਂ ਦੀ ਅੰਮ੍ਰਿਤ ਦੀ ਧਾਰਾ ਮੌਜੂਦ ਹੈ ਤਾਂਤੇ ਅਸੀਂ ਵੀ ਇਸ ਪ੍ਰਿਥਵੀ ਜਾਂ ਤੀਰਥ ਅਥਵਾ ਸਮਾਧੀ ਨੂੰ ਮੱਥਾ ਟੇਕਦੇ ਤੇ ਫੁਲਾਂ ਦੇ ਹਾਰ ਆਦਕ ਚੜ੍ਹਾਉਂਦੇ ਹਾਂ ਅਤੇ ਜੇਕਰ ਕੁਰਸੀ, ਪਲੰਘ, ਆਦਕ ਜੜ੍ਹ ਚੀਜਾਂ ਵਿਚ ਚਰਨਾਂ ਦੇ ਅੰਮ੍ਰਿਤ ਦੀ ਧਾਰਾ ਪ੍ਰਵੇਸ਼ ਕਰ ਸਕਦੀ ਹੈ ਤਾਂ ਕੋਈ ਕਾਰਨ ਨਹੀਂ ਕਿ ਕਿਸੇ ਜੜ੍ਹ ਮੂਰਤੀ ਵਿਚ ਕਿਸ਼ੇ ਦੇਵਤਾ ਅਵਤਾਰ ਦੀ ਕੋਈ ਸ਼ਕਤੀ ਨਾ ਪ੍ਰਵੇਸ਼ ਕਰ ਸਕਦੀ ਹੋਵੇ ਜਿਸ ਲਈ ਰਾਧਾ ਸੁਆਮੀ ਮਤ ਵਾਲੇ ਮੂਰਤੀ ਪੂਜਾ ਦਾ ਰਜ ਰਜ ਕੇ ਖੰਡਨ ਕਰਦੇ ਹਨ।

ਸਿਧੀ ਗਲ ਇਹ ਹੈ ਕਿ ਜੇਕਰ ਮੂਰਤੀ ਵਿਚ ਕੁਝ ਵੀ ਨਹੀਂ ਹੁੰਦਾ ਤਾਂ ਰਾਧਾ ਸੁਆਮੀ ਮਤ ਵਾਲੇ ਆਪਣੇ ਸਤਿਗੁਰ ਦੀ ਫੋਟੋ ਦੀ ਕਿਸੇ ਕਿਸਮ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੋਈ ਨਿਰਾਦਰੀ ਕਰਕੇ ਵੇਖਣ ਜੇਕਰ ਨਿਰਾਦਰੀ ਵਾਸਤੇ ਉਨ੍ਹਾਂ ਦਾ ਦਿਲ ਨਹੀਂ ਮੰਨਦਾ ਤਾਂ ਸਮਝੋ ਮੂਰਤੀ ਪੂਜਾ ਕਰਦੇ ਹਨ, ਮੁਨਕਰ ਨਹੀਂ। ਜੇਕਰ ਇੰਜ ਨਹੀਂ ਤਾਂ ਸ੍ਰੀ ਰਾਧਾ ਸੁਆਮੀ ਜੀ ਦਾ ਨਾਮ ਲਿਖ ਕੇ ਕਿਸੇ ਨਾਮੀ ਰਾਧਾ ਸੁਆਮੀ ਮਤ ਵਾਲੇ ਨੂੰ ਕਹਿ ਦਿਓ ਕਿ ਉਹ ਇਸ ਲਿਖੇ ਹੋਏ ਨਾਮ ਉਤੇ ਇਕ ਵਾਰ ਪੈਰ ਧਰੇ, ਜੇਕਰ ਨਹੀਂ ਧਰੇਗਾ ਤਾਂ ਕਿਉਂ ? ਕੀ ਸ੍ਰੀ ਰਾਧਾ ਸੁਆਮੀ ਜੀ ਉਸ ਲਿਖੇ ਹੋਏ ਅਖਰਾਂ ਵਿਚ ਮੌਜੂਦ ਸਨ ? ਜੇਕਰ ਨਹੀਂ ਤਾਂ ਸਿਆਹੀ ਦੇ ਲਿਖੇ ਹੋਏ ਅਖਰਾਂ ਉਤੇ ਪੈਰ ਧਰਨ ਨਾਲ ਕੀ ਹਰਜ ਹੋ ਜਾਂਦਾ ਹੈ, ਜੇਕਰ ਉਨ੍ਹਾਂ ਲਿਖੇ ਹੋਏ ਅਖਰਾਂ ਵਿਚ ਮੌਜੂਦ ਹੋ ਜਾਂਦੇ ਹਨ ਤਾਂ ਕਿਸੇ ਮੂਰਤੀ ਵਿਚ ਉਹ ਕਿਵੇਂ ਕਹਿ ਸਕਣਗੇ ਕਿ ਕੁਛ ਵੀ ਨਹੀਂ, ਬਲਕਿ ਆਗਰੇ ਵਾਲੇ ਰਾਧਾ ਸੁਆਮੀ, ਸ੍ਰੀ ਸ਼ਿਵ ਦਯਾਲ ਸਿੰਹ ਜੀ ਦੀ ਤਸਵੀਰ ਦਾ ਧਿਆਨ ਵੀ ਦਸ ਦਿੰਦੇ ਹਨ, ਫਿਰ ਵੀ ਕਹੀ ਜਾਣਾ ਕਿ ਮੂਰਤੀ ਪੂਜਾ ਨਹੀਂ ਕਰਦੇ, ਇਹ ਇਕ ਰਿਵਾਜਨ ਕਥਨ ਹੈ ਯਥਾਰਥ ਨਹੀਂ, ਜਿਵੇਂ ਆਮ ਰਿਵਾਜ ਹੈ ਕਿ ਕੋਈ ਸੱਜਣ ਮਿਲੇ ਤਾਂ ਉਸਨੂੰ ਪੁਛਿਆ ਜਾਂਦਾ ਹੈ ਕਿ ਕਿਆ ਹਾਲ ਹੈ, ਤਾਂ ਉਹ ਅਗੋਂ (ਚਾਹੇ ਕਿਸੇ ਤਕਲੀਫ ਵਿਚ ਵੀ ਹੋਵੇ ਤਾਂ ਵੀ) ਕਹਿੰਦਾ ਹੈ ਕਿ—ਚੰਗਾ ਹਾਲ ਹੈ, ਉਸਦਾ ਕਿਸੇ ਤਕਲੀਫ ਦੇ ਹੁੰਦਿਆਂ ਵੀ ਅਗੋ ਕਹਿ ਦੇਣਾ ਕਿ ਚੰਗਾ ਹਾਲ ਹੈ ਇਹ ਇਕ ਰਿਵਾਜਨ ਕਥਨ ਹੈ, ਔਰ ਸ੍ਰੀ ਰਾਧਾ ਸੁਆਮੀ ਮਤ ਵਿਚ ਵਿਸ਼ੇਸ਼ ਪੂਜਾ ਭਗਤੀ ਸਤਿਗੁਰੂ ਦੀ ਹੀ ਕੀਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂਦੀ ਹੈ, ਉਹ ਸਤਿਗੁਰੂ ਵੀ ਮੂਰਤੀ ਮਾਨ (ਸਾਕਾਰ) ਹਨ ਕੋਈ ਨਿਰਾਕਾਰ ਨਹੀਂ ਹਨ, ਅਤੇ ਉਨ੍ਹਾਂ ਸਤਿਗੁਰਾਂ ਦਾ ਸਰੀਰ ਵੀ ਅਨਾਮੀ, ਸਤਲੋਕ ਅਲਖ ਲੋਕ ਆਦਕਾਂ ਦਾ ਬਣਿਆ ਹੋਇਆ ਨਹੀਂ ਕਿੰਤੂ ਇਥੋਂ ਦੇ ਹੀ ਪੰਜਾਂ ਤਤਾਂ ਦਾ ਕਾਰਜ ਜੜ੍ਹ ਹੈ, ਫਿਰ ਵੀ ਮੂਰਤੀ ਪੂਜਾ ਤੋਂ ਇਨਕਾਰੀ ਹੋਣਾ ਇਕ ਹਾਸੋ ਹੀਣੀ ਗਲ ਹੈ।

ਪਾਰਸੀ ਮਤ ਵਿਚ ਸਾਕਾਰ ਅਗਨੀ ਦੀ ਹੀ ਪੂਜਾ ਪ੍ਰਸਿਧ ਹੈਂ ਉਹ ਹਰ ਵਕਤ ਅਗਨੀ ਨੂੰ ਹਵਨ ਕੁੰਡ ਵਿਚ ਰਖਦੇ ਹਨ, ਬੁਝਣ ਨਹੀਂ ਦਿੰਦੇ ਜੇਕਰ ਬੁਝ ਜਾਵੇ ਤਾਂ ਅਸ਼ੁਭ ਮੰਨਦੇ ਹਨ ਤਾਂਤੇ ਨੇਤ੍ਰਾਂ ਦੁਆਰਾ ਅਗਨੀ ਦੇਖੀ ਜਾਂਦੀ ਹੈ ਇਸ ਲਈ ਸਾਕਾਰ (ਮੂਰਤੀ) ਹੈ ਪੰਜਾਂ ਤਤਾਂ ਵਿਚ ਅਗਨੀ ਵੀ ਇਕ ਤਤਵ ਹੈਂ, ਪੰਜਾਂ ਤਤਾਂ ਨੂੰ ਵਿਦਵਾਨ ਲੋਗ ਜੜ੍ਹ ਮੰਨਦੇ ਹਨ ਇਸ ਲਈ ਅਗਨੀ ਵੀ ਜੜ੍ਹ ਹੋਵੇਗੀ, ਪਾਰਸੀ ਮਤ ਵਿਚ ਵੀ, ਜੜ੍ਹ, ਮੂਰਤੀ ਮਾਨ ਵਸਤੂ ਦੀ ਹੀ ਪੂਜਾ ਹੁੰਦੀ ਹੈ ਤਾਂਤੇ ਪਾਰਸੀਮਤ ਵੀ ਮੂਰਤੀ ਪੂਜਕ ਹੈ।

ਈਸਾਈ ਲੋਗ ਵੀ ਬਾਈਬਿਲ ਪੁਸਤਕ, ਦਾ ਅਤੀ ਸਤਿਕਾਰ ਹਿਰਦੇ ਵਿਚ ਰਖਦੇ ਹਨ, ਸੰਸਾਰ ਭਰ ਦੇ ਧਰਮ ਪੁਸਤਕਾਂ ਨਾਲੋਂ ਵਡੀ ਪਰਮ ਪਵਿਤ੍ਰ ਸਮਝਦੇ ਹਨ, ਪ੍ਰੰਤੂ ਉਸ ਦੀ ਬਨਾਵਟ ਵੀ ਸਿਆਹੀ ਦੇ ਅਖਰਾਂ ਤੇ ਕਾਗਜ਼ਾਂ ਤੋਂ ਬਿਨਾਂ ਨਹੀਂ ਹੋ ਸਕਦੀ, ਸਿਆਹੀ ਤੇ ਕਾਗਜ਼ ਚਾਹੇ ਕਿਡੇ ਚੰਗੇ ਤੇ ਮੋਮੀ ਹੋਣ ਫਿਰ ਵੀ ਜੜ੍ਹ ਹੀ ਹਨ ਚੇਤਨ ਨਹੀਂ ਹੋ ਸਕਦੇ ਤਾਂਤੇ ਈਸਾਈ ਲੋਗ ਵੀ ਜੜ੍ਹ ਮੂਰਤੀ ਦੀ ਪਵਿਤ੍ਰਤਾ (ਪੂਜਾ) ਤੋਂ ਨਹੀਂ ਬਚ ਸਕਦੇ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਈਸਾਈ ਲੋਕਾਂ ਦੇ ਗਿਰਜੇ ਘਰ ਜੋ ਥਾਂ ਥਾਂ ਤੇ ਬਣੇ ਹੋਇ ਹਨ, ਉਹ ਗਿਰਜੇ ਘਰ ਇਟਾਂ, ਚੂੰਨੇ ਦੇ ਹੀ ਬਣੇ ਹੋਇ ਹੁੰਦੇ ਹਨ, ਚੇਤਨ, ਨਹੀਂ ਹੁੰਦੇ, ਕਿੰਤੂ ਈਸਾਈ ਲੋਗ ਉਹਨਾਂ ਗਿਰਜੇ ਘਰਾਂ ਵਿਚ ਜਾਣਾ ਆਪਣੀ ਕਲਿਆਨ ਦਾ ਸਾਧਨ ਸਮਝਦੇ ਹਨ, ਤਾਂਤੇ ਗਿਰਜੇ ਘਰ ਕਲਿਆਨ ਕਾਰੀ ਹੋਣੇ ਸੇ ਮੂਰਤੀ ਪੂਜਾ ਦੇ ਸਿਧਾਂਤ ਨੂੰ ਅਪਨਾਇਆ ਜਾ ਰਿਹਾ ਹੈ। ਬਾਕੀ, ਈਸਾਈ ਮਤ ਵਿਚ ਅੰਗਰੇਜ਼ ਲੋਗ, ਸਾਲ ਪਿਛੋਂ ਆਪਣੇ ਬਜ਼ੁਰਗਾਂ ਦੀਆਂ ਕਬਰਾਂ ਉਤੇ ਦੁਧ ਦੀਆਂ ਬੋਤਲਾਂ ਭਰ ਕੇ ਰਖਦੇ ਹਨ, ਕਿੰਤੂ ਉਹ ਕਬਰਾਂ ਜੜ੍ਹ ਹਨ, ਦੁਧ ਪੀ ਨਹੀਂ ਸਕਦੀਆਂ ਜਦ ਪੀ (ਭੋਗ) ਨਹੀਂ ਲਾ ਸਕਦੀਆਂ ਤਾਂ ਉਥੇ ਉਹ ਦੁਧ ਦੀਆਂ ਬੋਤਲਾਂ ਧਰਨੇ ਦਾ ਫੈਦਾ ਕੀ ਸਿਧ ਹੋ ਸਕਦਾ ਹੈ ਤਾਂਤੇ ਸਾਫ ਜੜ੍ਹ (ਮੂਰਤੀ) ਪੂਜਾ ਸਿਧ ਹੈ।

ਤਥਾ: ਸਿਖ ਧਰਮ ਵਿਚ ਵੀ ਮੂਰਤੀ ਪੂਜਾ ਹੋ ਰਹੀ ਪ੍ਰਸਿਧ 'ਹੈ, ਕਿਉਂਕਿ ਹਰ ਰੋਜ਼ ਗੁਰਦੁਆਰੇ ਜਾਣਾ, ਆਪਣੀ ਕਲਿਆਨ ਵਾਸਤੇ, ਸਿਖ ਦਾ ਧਰਮ ਹੈ ਅਤੇ ਗੁਰਦੁਆਰੇ ਦੀ ਆਨ, ਸ਼ਾਨ ਕਾਇਮ ਰਖਣ ਲਈ ਸਿਖ ਦਾ ਸ਼ਹੀਦ ਹੋ ਜਾਣਾ ਵੀ ਧਰਮ ਮੰਨਿਆਂ ਜਾਂਦਾ ਹੈ, ਪ੍ਰੰਤੂ ਗੁਰਦੁਆਰਾ ਇਕ ਸੁੰਦਰ ਮਕਾਨ ਹੁੰਦਾ ਹੈ, ਚੇਤਨ ਨਹੀਂ। ਇਟਾਂ, ਚੂੰਨਾਂ ਆਦਕ ਜੋ ਆਮ ਮਕਾਨਾਂ ਤੇ ਲਗਾ ਹੋਇਆ ਹੁੰਦਾ ਹੈ, ਓਹੋ ਹੀ ਗੁਰਦੁਆਰੇ ਵਾਲੇ ਮਕਾਨ ਤੇ ਲਗਾ ਹੋਇਆ ਹੁੰਦਾ ਹੈ। ਬਾਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਭਗਤੀ ਕੀਤੀ ਜਾਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਪਰਮ ਪਵਿਤਰ ਧਰਮ ਗ੍ਰੰਥ ਦੇ ਰੂਪ ਵਿਚ ਹਨ। ਪਿਛੇ ਦਸਿਆ ਗਿਆ ਹੈ ਕਿ ਮੁਸਲਮਾਨ ਕੁਰਾਨ ਸ਼ਰੀਫ, ਗ੍ਰੰਥ ਦਾ ਅਤੀ ਸਤਿਕਾਰ ਕਰਦੇ ਹਨ ਪ੍ਰੰਤੂ ਕੁਰਾਨ ਸ਼ਰੀਫ ਦੇ ਕਾਗਜ਼ ਤੇ ਸਿਆਹੀ ਚੇਤਨ ਨਹੀਂ ਹਨ, ਅਤੇ ਖ਼ੁਦਾ ਦੀ ਕਲਾਮ ਵਿਚ ਪਕੜੀ ਹੋਈ ਰਹਿ ਨਹੀਂ ਸਕਦੀ ਔਰ ਕਲਾਮ-ਸ਼ਬਦ ਹੈ ਉਸ ਦਾ ਵੀ ਚੇਤਨ ਸਿਧ ਹੋਣਾ ਮੁਸ਼ਕਲ ਹੈ, ਇਸ ਲਈ ਇਹ ਵੀ ਅਚੇਤਨ ਮੂਰਤੀ ਵਤ ਹੀ ਪੂਜਾ ਹੈ ਤਾਂ ਤੇ ਧਰਮ ਗ੍ਰੰਥ ਚਾਹੇ ਕੋਈ ਹੋਵੇ ਉਸ ਦੀ ਪੂਜਾ ਮੂਰਤੀ ਪੂਜਾ ਹੀ ਹੈ, ਘਟ ਨਹੀਂ।

ਬਾਕੀ ਧਾਰਮਿਕ ਸੰਸਥਾਵਾਂ ਤੋਂ ਅਲਗ ਜੋ ਸਿਆਸੀ-ਰਾਜ ਨੈਤਕ ਪਾਰਟੀਆਂ ਹਨ, ਉਨ੍ਹਾਂ ਵਿਚ ਵੀ ਮੂਰਤੀ ਪੂਜਾ ਦੇ ਅਸੂਲ ਨੂੰ ਅਪਨਾਯਾ ਜਾ ਰਿਹਾ ਹੈ, ਜਿਵੇਂ ਕਾਂਗ੍ਰਸ ਪਾਰਟੀ ਦੇ ਸਜਣ ਆਪਣੇ ਤਿਰੰਗੇ ਝੰਡੇ ਦਾ ਸਤਿਕਾਰ ਕਰਨਾ ਸਾਰੀ ਕਾਂਗਰਸ ਪਾਰਟੀ ਦਾ ਹੀ ਸਤਿਕਾਰ ਸਮਝਦੇ ਹਨ, ਤੇ ਉਸੇ ਤਿਰੰਗੇ ਝੰਡੇ ਦਾ ਨਿਰਾਦਰ ਕਰਨ ਵਾਲੇ ਨੂੰ ਸਾਰੀ ਕਾਂਗ੍ਰਸ ਪਾਰਟੀ ਦਾ ਹੀ ਦੁਸ਼ਮਨ ਸਮਝਦੇ ਹਨ, ਬਲਕਿ ਇਕ ਵੇਰ ਅਬੋਹਰ ਮੰਡੀ ਵਿਚ ਸ੍ਰੀ ਮਾਨ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਸਹਿਬ ਜੀ ਦੇ ਮਨਾਏ ਗਏ ਪਵਿਤ੍ਰ ਦਿਵਸ, ਦੇ ਮੈਂ ਦਰਸ਼ਨ ਕੀਤੇ, ਤਾਂ ਕਾਂਗ੍ਰਸ ਦੇ ਤਿਰੰਗੇ ਝੰਡੇ (ਧੁਜਾ) ਦੇ ਥਲੇ ਸ੍ਰੀ ਮਾਨ ਲਾਲਾ ਲਾਜਪਤ ਰਾਏ ਸਹਿਬ ਜੀ ਦਾ ਫੋਟੋ (ਮੂਰਤੀ) ਸ਼ੀਸ਼ੇ ਵਿਚ ਬ੍ਰਾਜ ਮਾਨ ਸੀ, ਅਤੇ ਉਸ ਸੁੰਦਰ ਮੂਰਤੀ ਦੇ ਉਤੇ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫੁਲਾਂ ਦੇ ਹਾਰ ਬਹੁਤ ਚੜ੍ਹਾਏ ਹੋਇ ਸਨ, ਪ੍ਰਤੱਖ ਮੂਰਤੀ ਪੂਜਾ ਦਾ ਦ੍ਰਿਸ਼ਯ ਸਾਹਮਣੇ ਆ ਰਿਹਾ ਸੀ, ਜੇਕਰ ਮੂਰਤੀ ਵਿਚ ਕੁਝ ਵੀ ਨਹੀਂ ਹੁੰਦਾ ਮੰਨਿਆ ਜਾਂਦਾ ਤਾਂ ਫੁਲਾਂ ਦੇ ਹਾਰ ਕਿਸ ਲਈ ਚੜ੍ਹਾਏ ਮੰਨਣੇ ਪੈਣਗੇ, ਇਹੋ ਹੀ ਕਹਿਣਾ ਉਚਿਤ ਹੋਵੇਗਾ ਕਿ, ਮੂਰਤੀ ਦੇ ਸਤਿਕਾਰ ਹਿਤ ਹੀ ਫੁਲਾਂ ਦੇ ਹਾਰ ਚੜ੍ਹਾਏ ਹੋਇ ਸਨ, ਆਖਰੀ ਫਿਰ ਇਹੀ ਕਹਿਣਾ ਪਵੇਗਾ ਕਿ ਉਸ ਮੂਰਤੀ ਦਾ ਸਤਿਕਾਰ ਵੀ ਅਸਲ ਸ੍ਰੀ ਮਾਨ ਲਾਲਾ ਲਾਜਪਤ ਰਾਏ ਸਹਿਬ ਜੀ ਦਾ ਹੀ ਸਤਿਕਾਰ ਨਿਸਚੇ ਹੋ ਰਿਹਾ ਸੀ, ਇਹੋ ਭਾਵ ਹੀ ਮੂਰਤੀ ਪੂਜਕ ਲੋਕਾਂ ਦਾ ਹੈ, ਹੋਰ ਨਹੀਂ।

ਤਿਵੇਂ ਹੀ ਕਮਯੂਨਿਸ਼ਟ ਪਾਰਟੀ ਵਾਲੇ ਭੀ ਆਪਣੇ ਝੰਡੇ ਅਗੇ ਸਿਰ ਝੁਕਾ ਦੇਣੇ ਵਾਲੇ ਸੱਜਣ ਨੂੰ, ਕਮਯੂਨਿਸ਼ਟ ਪਾਰਟੀ ਦਾ ਪ੍ਰੇਮੀ ਤੇ ਉਸ ਝੰਡੇ ਦੀ ਬੇਇਜ਼ਤੀ ਕਰਨ ਵਾਲੇ ਨੂੰ ਕਮਯੂਨਿਸ਼ਟ ਪਾਰਟੀ ਦਾ ਵਿਰੋਧੀ ਸਮਝਨ ਲਗ ਜਾਂਦੇ ਹਨ, ਔਰ ਉਨਾਂ ਦੇ ਲੀਡਰਾਂ ਦੇ ਫੋਟੂਆਂ (ਮੂਰਤੀਆਂ) ਤੇ ਫੁਲਾਂ ਦੇ ਹਾਰ ਵੀ ਚੜ੍ਹਾਏ ਹੋਏ ਵੇਖੇ ਗਏ ਹਨ, ਜੇਕਰ ਵਿਚਾਰ ਕਰੀਏ ਤਾਂ, ਕਿਆ ਉਪ੍ਰੋਕਤ ਪਾਰਟੀਆਂ ਦੇ ਮਨੁਸ਼ ਆਪਣੇ ਆਪਣੇ ਝੰਡਿਆਂ (ਧੁਜਾਂ) ਵਿਚ ਵੜ ਕੇ ਬੈਠੇ ਹੋਇ ਹਨ, ਕਿੰਤੂ ਜੇਕਰ ਉਨ੍ਹਾਂ ਝੰਡਿਆਂ ਵਿਚ ਸਿਵਾਏ ਲਕੜੀ ਤੇ ਇਕ ਗਜ਼ ਕਪੜੇ ਦੇ ਹੋਰ ਕੁਝ ਵੀ ਨਹੀਂ ਹੁੰਦਾ, ਤਾਂ ਉਨ੍ਹਾਂ ਝੰਡਿਆਂ ਦੇ ਨਿਰਾਦਰ ਕਰਨੇ ਸੇ ਉਨ੍ਹਾਂ ਉਪ੍ਰੋਕਤ ਪਾਰਟੀਆਂ ਦਾ ਨਿਰਾਦਰ ਕਿਵੇਂ ਹੋ ਜਾਂਦਾ ਹੈ ਤੇ ਉਹਨਾਂ ਝੰਡਿਆਂ ਦੇ ਸਤਿਕਾਰ ਕਰਨੇ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੇ ਉਹਨਾਂ ਪਾਰਟੀ ਦੇ ਪੁਰਸ਼ਾਂ ਦਾ ਸਤਿਕਾਰ ਕਿਵੇਂ ਹੋ ਜਾਂਦਾ ਹੈ, ਕਿੰਤੂ ਇੰਜ ਹੋਣਾ ਸਾਰੀਆਂ ਪਾਰਟੀਆਂ ਮੰਨਦੀਆਂ ਹਨ ਬਲਕਿ ਜਿਸ ਪਾਰਟੀ ਦੇ ਝੰਡੇ ਨੂੰ ਲਲਕਾਰ ਕੇ ਕੋਈ ਕੱਟ ਦੇਵੇ ਤਾਂ ਉਹ ਪਾਰਟੀ ਆਪਣੀ ਆਨ ਸ਼ਾਨ ਹੀ ਮਾਰੀ ਗਈ ਮੰਨ ਕੇ ਉਸ ਝੰਡੇ ਨੂੰ ਜਿੰਦਾ (ਕਾਇਮ) ਰਖਣ ਲਈ ਮਰ ਮਿਟਦੀ ਹੈ, ਇਸੇ ਤਰ੍ਹਾਂ ਹਕੂਮਤਾਂ ਆਪਣੇ ਝੰਡਿਆਂ ਨੂੰ ਕਾਇਮ ਰਖਦੀਆਂ ਹਨ, ਤਾਂ ਤੇ ਮੂਰਤੀ ਪੂਜਾ ਕਰਨ ਵਾਲੇ ਸੱਜਣ ਵੀ ਮੂਰਤੀ ਦੀ ਬੇ-ਇਜ਼ਤੀ ਕਰਨੇ ਸੇ ਉਸ ਮੂਰਤੀ ਵਾਲੇ ਦੇਵਤਾ, ਗੁਰੂ, ਅਵਤਾਰ ਦੀ ਹਤਕ ਸਮਝਦੇ ਹਨ ਤੇ ਮੂਰਤੀ ਦੀ ਪੂਜਾ-ਸਤਿਕਾਰ ਕਰਨੇ ਸੇ ਉਸ ਮੂਰਤੀ ਵਾਲੇ ਦੇਵਤਾ, ਗੁਰੂ, ਅਵਤਾਰ ਦੀ ਹੀ ਪੂਜਾ ਸਤਿਕਾਰ ਸਮਝਦੇ ਹਨ, ਇਸ ਲਈ ਮੂਰਤੀ ਪੂਜਾ ਦਾ ਹੀ ਸਿਧਾਂਤ ਉਪ੍ਰੋਕਤ ਸਿਆਸੀ ਪਾਰਟੀਆਂ ਨੇ ਵੀ ਸਪਸ਼ਟ ਅਪਨਾਇਆ ਹੋਇਆ ਹੈ, ਤਾਂਤੇ ਸਾਰੇ ਸੰਸਾਰ ਦੇ ਮਨੁਸ਼ ਕਿਸੇ ਨਾ ਕਿਸੇ ਰੂਪ ਵਿਚ ਮੂਰਤੀ ਪੂਜਾ ਕਰਦੇ ਹੀ ਹਨ, ਮੂਰਤੀ ਪੂਜਾ ਦੇ ਸਿਧਾਂਤ ਨੂੰ ਧਾਰਨ ਕੀਤੇ ਬਿਨਾ ਕਿਸੇ ਦਾ ਵੀ ਗੁਜ਼ਾਰਾ ਨਹੀਂ ਹੋ ਸਕਦਾ।

੧੬. ਪ੍ਰਸ਼ਨ:—ਕਿਸੇ ਨਾ ਕਿਸੇ ਰੂਪ ਵਿਚ ਮੂਰਤੀ ਪੂਜਾ ਕਰਨ ਦਾ ਰਿਵਾਜ ਕੇਵਲ ਹਿੰਦੁਸਤਾਨ ਵਿਚ ਹੀ ਹੈ ਕਿ ਬਾਹਰ ਵੀ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਰ:—ਜੇਕਰ ਖੋਜ ਕੀਤੀ ਜਾਵੇ ਤਾਂ ਬਾਹਰ ਦੇ ਦੇਸ਼ਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਮੂਰਤੀ ਪੂਜਾ ਕੀਤੀ ਜਾਂਦੀ ਹੈ।

ਜਿਵੇਂ ਐਫਰੀਕਾ, ਦੇ ਪ੍ਰਾਚੀਨ ਇਜਿਪਟ (ਮਿਸ਼ਰ) ਦੇਸ਼ ਮੇਂ ਅਸਿਰਿਸ ਔਰ ਆਇਸਿਸ, ਨਾਮ ਦੇ ਲਿੰਗ ਅਜ ਤਕ ਪੂਜੇ ਜਾਂਦੇ ਹਨ, ਸ਼ਿਵਜੀ ਦੇ ਤੁਲ ਹੀ ਅਸਿਰਿਸ, ਦੇ ਮਥੇ ਤੇ ਸਰਪ ਹਥ ਵਿਚ ਤ੍ਰਿਸੂਲ ਅੰਗ ਵਿਚ ਵਿਆਘਰ ਚਰਮ ਦਾ ਬਸਤ੍ਰ ਹੈ, ਏਪਿਸ, ਨਾਮ ਦੇ ਬੈਲ ਦੇ ਉਪਰ ਬੈਠੇ ਹਨ ਉਪ੍ਰੋਕਤ ਦੇਸ਼ ਵਿਚ ਇਕ ਬਿਲ ਦੇ ਸਮਾਨ ਦਰਖਤ ਹੁੰਦਾ ਹੈ, ਉਸ ਦਰਖਤ ਦੇ ਪੱਤੇ ਉਸ ਲਿੰਗ (ਮੂਰਤੀ) ਪਰ ਹਰ ਰੋਜ਼ ਚੜ੍ਹਾਏ ਜਾਂਦੇ ਹਨ, ਦੂਧ ਸੇ ਇਸ਼ਨਾਨ ਕਰਵਾਯਾ ਜਾਂਦਾ ਹੈ, (ਉਤਰ ਐਫਰੀਕਾ) ਦੀਆਂ ਜਿੰਨੀਆਂ ਅਰਬ ਜਾਤੀਆਂ ਹਨ ਸਬਲਿੰਗ—ਸ਼ਕਤੀ ਦੀ ਹੀ ਪੂਜਾ ਕਰਦੀਆਂ ਹਨ, (ਏਸਿਕਸ ਤਥਾ ਕੇਰੇਂਬ) ਵਿਚ ਬਿਨਸਨ ਦੇਵੀ ਅਥਵਾ ਗੌਰੀ ਦੀ ਪੂਜਾ ਹੁੰਦੀ ਹੈ, (ਇਫਿਸਿਸ) ਦੇਸ਼ ਵਿਚ ਡਾਯਨਾ ਦੇਵੀ ਦੀ ਪੂਜਾ ਹੈ, ਔਰ (ਇਟਲੀ) ਦੇ ਰੋਮ ਨਗਰ ਵਿਚ ਅਦਯਪਿ ਲਿੰਗ ਦੀ ਪੂਜਾ ਪ੍ਰਚਲਿਤ ਹੈ ਅਰਥਾਤ ਰੋਮਨ ਕੈਥਲਿਕ ਸੰਪ੍ਰਦਾਯ ਦੇ ਕ੍ਰਿਸ਼ਚਿਯਨ ਇਟਲੀ ਵਿਚ ਅਜ ਤਕ ਮੂਰਤੀ ਪੂਜਦੇ ਹਨ, ਅੰਗਰੇਜ਼ਾਂ ਦੇ (ਇੰਗਲੈਂਡ) ਦੇ ਅੰਦਰ ਪੋਰਕ ਵਿਚ ਸਟੋਨ ਹੈਜ, ਨਾਮ ਦਾ ਮੰਦਰ ਹੈ, (ਕ੍ਰਮੇਨਕ) ਵਿਚ ਜੋ ਪ੍ਰਾਚੀਨ ਮੰਦਿਰ ਔਰ ਪਥਰ ਦੇ ਖੰਭੇ ਦਿਸਦੇ ਹਨ, ਉਸ ਸੇ ਮਲੂਮ ਹੁੰਦਾ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਪੂਰਬ ਕਿਸੇ ਕਾਲ ਵਿਚ ਸ਼ਿਵ ਮੰਦਰ ਸੀ। (ਆਯਰ ਲੈਂਡ) ਕ੍ਰਿਸਤਾਨ ਹੈ ਪਰ ਫਿਰ ਵੀ ਗਿਰਜੇ ਦੇ ਦਰਵਾਜ਼ੇ ਪਰ ਇਸਤ੍ਰੀ ਮੂਰਤੀ ਹੁਣ ਵੀ ਪੂਜੀ ਜਾਂਦੀ ਹੈ। (ਸਕਾਟ ਲੈਂਡ) ਦੇ ਗਲਾਸਗੋ ਨਗਰ ਵਿਚ ਸੂਰਜ ਮੰਦਿਰ ਦੇ ਅੰਦਰ ਲਿੰਗ (ਮੂਰਤੀ) ਹੈ, ਜਿਸ ਪਰ ਸੋਨੇ ਦਾ ਪੱਤਰ ਭੀ ਜੜਿਆ ਹੋਇਆ ਹੈ, (ਫਰਾਂਸ) ਵਾ ਫਿਰੰਗ ਦੇਸ਼ ਵਿਚ ਸੌਭਾਗਯ, ਉਮਰ ਦੇ ਵਾਧੇ ਦੀ ਅਤੇ ਅਰੋਗਤਾ ਪ੍ਰਾਪਤੀ ਲਈ ਇਸਤ੍ਰੀਆਂ ਹੁਣ ਤਕ ਸ਼ਕਤੀ ਦੇ ਦਰਸ਼ਨ ਕਰਦੀਆਂ ਹਨ, (ਨਾਰਵੇ) ਸਵੀਡੈਨ ਵਿਚ ਵੀ ਲਿੰਗ ਪੂਜਾ ਹੁੰਦੀ ਹੈ, (ਅਸ਼ਟਰੋਹੁਣ ਗਿਰਿ) ਦੇਸ਼ ਵਿਚ, ਤਾਮਰਸ਼ਵੇਕ ਨਾਮਕ ਲਿੰਗ ਪੂਜਿਆ ਜਾਂਦਾ ਹੈ, (ਸ਼ਾਮ ਦੇਸ਼) ਵਿਚ ਏਕੋਨਿਸ ਔਰ ਏਸ਼ਟਰ ਗੇਟਿਸ ਨਾਮ ਦੇ ਲਿੰਗ ਪੂਜੇ ਜਾਂਦੇ ਹਨ, (ਅਰਬ) ਵਿਚ ਸ੍ਰੀ ਮਹੰਮਦ ਜੀ ਦੇ ਜਨਮ ਤੋਂ ਪਹਿਲੇ ਸੇ ਹੀ ਲਾਤ, ਮਨਾਤ, ਅਲਲਾਤ, ਅਲ੍ਹੂਜਾ, ਇਨ੍ਹਾਂ ਮਹਾਂ ਦੇਵ ਦੇਵੀਆਂ ਦੀ ਪੂਜਾ ਹੁੰਦੀ ਰਹੀ ਹੈ, ਖਾਸ ਮੱਕੇ ਵਿਚ ਵੀ ਅਸਵਦ, ਵਾ ਮਕੇਸ਼ਵਰ ਦੇ ਲਿੰਗ ਦਾ ਹੀ ਬੋਸਾ ਲਿਆ ਜਾਂਦਾ ਹੈ, ਮੱਕੇ ਦੇ ਜ਼ਮ ਜ਼ਮ, ਖੂਹ ਵਿਚ ਮੂਰਤੀ ਤਥਾ: ਨਜਰਾ, ਵਿਚ ਖਜੂਰ ਦੀ ਪੱਤੀ ਪੂਜੀ ਜਾਂਦੀ ਹੈ, (ਸੁਮਾਤ੍ਰਾ) ਵਿਚ ਲਿੰਗ ਪੂਜਾ, ਔਰ ਮਹਾਂ ਭਾਰਤ ਆਦਿ ਦੀਆਂ ਜਿਉਂ ਦੀਆਂ ਤਿਉਂ ਲਿੰਗ ਕਥਾ ਆਦਕ ਵਰਤਮਾਨ ਹਨ, (ਫਿਨਸਿਯਾ) ਦੇਸ਼ ਵਿਚ ਬਾਲ ਨਾਮ ਦੇ ਸੂਰਜ ਔਰ ਦੇਵੀ ਦੀ ਪੂਜਾ ਹੁੰਦੀ ਹੈ, (ਫਰੀਜੀਯਨ) ਦੇਸ਼ ਵਿਚ ਐਟਿਸ ਨਾਮ ਦਾ ਲਿੰਗ ਪੂਜਾ ਜਾਂਦਾ ਹੈ, ਨਿਨਿੰਵਾ ਨਗਰ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਏਸ਼ੀਰਾ ਨਾਮ ਦਾ ਵਿਸ਼ਾਲ ਲਿਗ (ਮੂਰਤੀ ਮੌਜੂਦ ਹੈ, (ਯਹੂਦੀਆ) ਦੇਸ਼ ਵਿਚ ਇਸਰਾਯਲੀ ਵਾ ਯਹੂਦੀ ਲੋਗੋਂ ਦੀ ਪ੍ਰਤਿਸ਼ਠਤ ਲਿੰਗ ਮੂਰਤੀ ਹੁਨ ਤਕ ਵਰਤ ਮਾਨ ਹੈ, ਉਨ੍ਹਾਂ ਲੋਕਾਂ ਵਿਚ ਮੂਰਤੀ ਸਪ੍ਰਸ਼ ਕਰਕੇ ਕਸਮ ਖਾਣ ਦੀ ਮ੍ਰਿਯਾਦਾ ਪ੍ਰਚਲਿਤ ਹੈ, (ਜਾਪਾਨ) ਵਿਚ ਬੌਧ ਧਰਮ ਪ੍ਰਚਲਿਤ ਹੋਣੇ ਪਰ ਵੀ ਲਿੰਗ ਪੂਜਿਆ ਜਾਂਦਾ ਹੈ ਜਾਪਾਨ ਦੇ ਆਇਸ ਨਗਰ ਵਿਚ ਸੂਰਜ ਤਥਾ ਲਖਸ਼ਮੀ ਦੇ ਲਿੰਗ (ਮੂਰਤੀਆਂ) ਦੀ ਪੂਜਾ ਹੁੰਦੀ ਹੈ, (ਲੰਕਾ ਸੀਲੋਨ ਵਾ ਸਿੰਹਲ ਦੀਪ ਵਿਚ ਲਿੰਗ ਪੂਜਿਆ ਜਾਂਦਾ ਹੈ, (ਆਫਰੀਦਿਸਤਾਨ) ਸਵਾਦ, ਚਿਤ੍ਰਾਲ, ਕਾਬੁਲ ਬਲਖ, ਬੁਖਾਰਾ, ਕਾਫ ਪਹਾੜ, ਆਦਿ ਵਿਚ ਪੰਚ ਸ਼ੇਰ, ਪੰਚ ਵੀਰ ਆਦੀ ਨਾਮਾਂ ਸੇ ਮੂਰਤੀ ਪੂਜੀ ਜਾਂਦੀ ਹੈ (ਈਰਾਨ) ਵਿਚ ਜਵਾਲਾ ਮਯ ਲਿੰਗ ਦੀ ਪੂਜਾ ਹੁੰਦੀ ਹੈ, (ਸਾਇਬੇਰਿਯਾ) ਤਾਸ਼ ਕੰਦ ਵਿਚ, ਸ਼ੇਵਲੀਨਿਯਨ ਜਾਤੀ ਦੇ ਮਨੁਸ਼ ਲਿੰਗ ਪੂਜਾ ਕਰਦੇ ਹਨ (ਓਸ਼ਿਨੀਯਾਂ) ਮੰਡ ਵਿਚ ਯਾ ਹਵਾਈ ਟਾਪੂ ਵਿਚ ਕਿਸੇ ਪ੍ਰਕਾਰ ਦਾ ਉਪਦ੍ਰਵ ਹੋਣੇ ਪਰ ਜਿਵੇਂ ਮਹਾਂ ਮਾਰੀ, ਹੈਜਾ, ਭੂਕੰਪ, ਦੁਰ ਭਿਖ, ਅਗਨੀ ਫੁਟਣ ਕਰਕੇ, ਲਿੰਗ ਪੂਜਿਆ ਕਰਦੇ ਹਨ (ਅਮੇਰਿਕਾ) ਵਿਚ ਸੁਆਮੀ ਵਿਵੇਕਾ ਨੰਦ ਜੀ ਦੇ ਪ੍ਰਚਾਰ ਕਰਨ ਤੋਂ ਪਹਿਲੇ ਵੀ ਲਿੰਗ-ਮੂਰਤੀ ਪੂਜਾ ਹੁੰਦੀ ਸੀ, (ਦਖ਼ਿਸ਼ਣ ਅਮੇਰਿਕਾ) ਵਿਚ ਬ੍ਰਜਿਲ ਦੇਸ਼ ਵਿਚ ਬਹੁਤ ਪੁਰਾਣੀਆਂ ਸ਼ਿਵ ਗਣੇਸ਼ ਦੀਆਂ ਮੂਰਤੀਆਂ ਮਿਲਦੀਆਂ ਹਨ, (ਪੇਰੂ) ਪ੍ਰਦੇਸ ਵਿਚ ਮਿੱਟੀ ਦੀਆਂ ਮੂਰਤੀਆਂ ਪੂਜੀਆਂ ਜਾਂਦੀਆਂ ਹਨ, (ਯੂਨਾਇਟੇਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਟੇਟ) ਦੇ ਏਨਸੀ ਨਗਰ ਵਿਚ ਇਕ ਵਡਾ ਲਿੰਗ (ਮੂਰਤੀ) ਇਸਥਿਤ ਹੈ, (ਭਗਵਦ ਭਗਤੀ ਸਫਾ ੨੧੨–੨੧੬ ਲੇਖਕ ਕਾਲੂ ਰਾਮ ਸ਼ਾਸ਼ਤ੍ਰੀ) ਤਾਂਤੇ ਹਿੰਦੁਸਤਾਨ ਤੋਂ ਬਾਹਰ ਦੇ ਦੇਸ਼ਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਮੂਰਤੀ ਪੂਜਾ ਕੀਤੀ ਹੀ ਜਾ ਰਹੀ ਹੈ, ਇਸ ਲਈ ਇਹ ਸਿਧਾਂਤ ਮਨੁਸ਼ ਜਾਤੀ ਵਿਚ ਸ੍ਰਵ ਵਿਆਪੀ ਕਿਹਾ ਜਾ ਸਕਦਾ ਹੈ ।

੧੭. ਪ੍ਰਸ਼ਨ—ਮੂਰਤੀ ਪੂਜਨ ਸੇ ਜੇਕਰ ਦੇਵਤਾ : ਅਵਤਾਰ ਗੁਰੂ, ਦੀ ਪ੍ਰਸੰਨਤਾ ਮੰਨ ਲਈ ਜਾਵੇ ਤਾਂ ਦੂਸਰੇ ਦੇ ਪੂਜਨ ਸੇ ਦੂਸਰੇ ਦਾ ਸੰਤੋਸ਼ ਵੀ ਮੰਨਣਾ ਪਵੇਗਾ ਜੋ ਪ੍ਰਤੱਖ ਦੇਖਣ ਵਿਚ ਉਲਟ ਹੈ । ਕਿਉਂਕਿ ਤਾਂ ਫਿਰ ਦੋਹਤੇ ਦੀ ਅੱਖ ਵਿਚ ਦਵਾਈ ਲਾਈ ਜਾਵੇ ਤਾਂ ਨਾਨੀ ਦੀ ਅੱਖ ਰਾਜ਼ੀ ਹੋਣੀ ਚਾਹੀਦੀ ਹੈ, ਤੇ ਪੁਤਰ ਦੇ ਭੋਜਨ ਖਾਣ ਕਰਕੇ ਪਿਤਾ ਦੀ ਭੁਖ ਵੀ ਉਤਰਨੀ ਚਾਹੀਦੀ ਹੈ ।

ਉਤਰ:—ਹਿੰਦੁਸਤਾਨ ਵਿਚ ਹੀ ਜਦ ਪ੍ਰਧਾਨ ਮੰਤ੍ਰੀ ਸ੍ਰੀ ਜਵਾਹਰ ਲਾਲ ਜੀ ਦੀ ਜਯੰਤੀ ਮਨਾਈ ਜਾਂਦੀ ਹੈ ਤਾਂ ਹਰ ਇਕ ਸ਼ਹਿਰ ਵਿਚ ਛੁਟੀ ਮਨਾਈ ਜਾਂਦੀ ਹੈ, ਔਰ ਸ੍ਰੀ ਜਵਾਹਰ ਲਾਲ ਜੀ ਦੇ ਅਨੁਸਾਰੀ ਲੋਗ ਉਸਦੀਆਂ ਫੋਟੋ (ਮੂਰਤੀਆਂ) ਰਖਕੇ ਫੁਲਾਂ ਦੇ ਹਾਰਾਂ ਨਾਲ ਸਜਾ ਕੇ ਸਭਾ ਸਟੇਜ ਲਗਾਉਂਦੇ ਹਨ ਤਾਂ ਸ੍ਰੀ ਜਵਾਹਰ ਲਾਲ ਜੀ ਦੀ ਉਨ੍ਹਾਂ ਨੂੰ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ ਕਿ ਨਹੀਂ, ਜੇਕਰ ਹੁੰਦੀ ਹੈ ਤਾਂ ਦਿੱਲੀ ਤੋਂ ਬਿਨਾਂ ਜਿਥੇ ਜਿਥੇ ਸ਼ਹਿਰਾਂ ਵਿਚ ਸ੍ਰੀ ਜਵਾਹਰ ਲਾਲ ਜੀ ਖੁਦ ਮੌਜੂਦ ਨਹੀਂ ਹਨ, ਉਨ੍ਹਾਂ ਸ਼ੈਹਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਉਨ੍ਹਾਂ ਲੋਕਾਂ ਦੇ ਕੇਵਲ ਫੋਟੋ ਆਦਕਾਂ ਦੇ ਸੁਆਗਤ, ਸਤਿਕਾਰ ਕਰਨੇ ਮਾਤ੍ਰ ਸੇ ਹੀ ਸ੍ਰੀ ਜਵਾਹਰ ਲਾਲ ਜੀ ਕਿਵੇਂ ਪ੍ਰਸੰਨ ਹੋ ਜਾਂਦੇ ਹਨ, ਜੇਕਰ ਉਨ੍ਹਾਂ ਨੂੰ ਉਨ੍ਹਾਂ ਦੀ ਪ੍ਰਸੰਨਤਾ ਨਹੀਂ ਪ੍ਰਾਪਤ ਹੁੰਦੀ ਤਾਂ ਨਰਾਜ਼ਗੀ ਵੀ ਨਹੀਂ ਹੋਣੀ ਚਾਹੀਦੀ, ਪਿਛੇ ਜਿਹੇ ਜਦ ਜਰਮਨ ਦੀ ਲੜਾਈ ਲਗੀ ਸੀ ਤਦ ਕਿਸੇ ਨੇ ਹਿੰਦੁਸਤਾਨ ਵਿਚ ਹਿਟਲਰ ਦਾ ਬੁਤ ਬਣਾ ਕੇ ਉਸ ਬੁਤ ਦੀ ਬੇ-ਇਜ਼ਤੀ ਕੀਤੀ, ਪ੍ਰੰਤੂ ਕਿਸੇ ਜਰਮਨੀ ਜਸੂਸ ਨੇ ਵਾਇਰਲੈੱਸ ਦੁਆਰਾ ਖਬਰ ਦਿਤੀ ਤਾਂ ਹਿਟਲਰ ਨੇ ਰੇਡੀਯੋ ਵਿਚ ਰੋਸ ਪ੍ਰਗਟ ਕੀਤਾ ਸੀ ਕਿ 'ਮੈਂ ਜ਼ਿੰਦਾ ਰਿਹਾ ਤਾਂ ਇਸ ਬੇ-ਇਜ਼ਤੀ ਕਰਨ ਵਾਲੇ ਨੂੰ ਮਜ਼ਾ ਚਖਾ ਕੇ ਛਡਾਂਗਾ' ਤਾਂ ਤੇ ਓਥੇ ਹਿਟਲਰ ਨੂੰ ਰੋਸ ਨਹੀਂ ਹੋਣਾ ਚਾਹੀਦਾ ਸੀ, ਜੇਕਰ ਹਿੰਦੁਸਤਾਨ ਵਿਚ ਕੀਤੀ ਗਈ ਬੇ-ਇਜ਼ਤੀ ਸੇ ਜਰਮਨ ਵਿਚ ਅਸਲ ਹਿਟਲਰ ਦੀ ਬੇ-ਇਜ਼ਤੀ ਹੋ ਜਾਂਦੀ ਹੈ। ਤਾਂ ਕਿਸੇ ਦੇਵੀ ਦੇਵਤਾ ਦੇ ਫੋਟੋ, ਦਾ ਸਨਮਾਨ ਕਰਨੇ ਸੇ ਉਸ ਅਸਲ ਦੇਵੀ ਦੇਵਤਾ ਨੂੰ ਸ਼ਨਮਾਨ ਵੀ ਪ੍ਰਾਪਤ ਹੋ ਸਕਦਾ ਹੈ।

ਬਾਕੀ ਹਰ ਇਕ ਮਜ਼ਹਬ ਵਾਲੇ ਆਪਣੇ ਆਪਣੇ ਗੁਰੂ, ਪੀਰਾਂ ਲੀਡਰਾਂ ਦੇ ਦਿਨ ਮਨਾਉਂਦੇ ਹਨ ਕਿੰਤੂ ਉਨ੍ਹਾਂ ਦੇ ਕੀਤੇ ਹੋਇ ਇਥੇ ਉਤਸਵ ਉਨ੍ਹਾਂ ਗੁਰੂ, ਪੀਰਾਂ, ਲੀਡਰਾਂ ਨੂੰ ਕਿਵੇਂ ਪਹੁੰਚ ਸਕਦੇ ਹਨ ਜੇਕਰ ਪਹੁੰਚਦੇ ਨਹੀਂ ਤਾਂ ਉਨ੍ਹਾਂ ਦੀ ਪ੍ਰਸੰਨਤਾ ਹੋਣੀ ਨਹੀਂ ਮੰਨੀ ਜਾਵੇਗੀ, ਤਾਂ ਫਿਰ ਵਾਰਸ਼ਕ ਉਤਸਵ ਸਾਰੇ ਮਨਾਏ ਜਾਣੇ ਬਿਅਰਥ ਸਿਧ ਹੋ ਜਾਣਗੇ, ਅਤੇ ਜੀਵਾਤਮਾਂ ਜਿਸ ਸਰੀਰ ਦੁਆਰਾ ਇਥੇ ਕਰਮ ਕਰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਉਹ ਸਰੀਰ ਮ੍ਰਿਤੂ ਹੋਣ ਤੋ ਬਾਦ ਇਥੇ ਹੀ ਫੂਕ ਦਿਤਾ ਜਾਂਦਾ ਹੈ, ਤਾਂ ਜੀਵਾਤਮਾਂ ਇਸ ਸਰੀਰ ਦੁਆਰਾ ਕੀਤੇ ਗਏ ਕਰਮਾਂ ਦਾ ਫਲ ਜਦ ਦੂਜੇ ਸਰੀਰ ਵਿਚ ਭੋਗੇਗਾ ਜਿਸ ਸਰੀਰ ਨੇ ਇਹ ਕਰਮ ਨਹੀਂ ਕੀਤੇ ਤਾਂ ਇਥੇ ਵੀ ਇਕ ਸਰੀਰ ਦੇ ਕਰਮ ਕੀਤੇ ਹੋਇ ਦੂਸਰੇ ਸਰੀਰ ਨੂੰ ਫਲ ਭੋਗਣੇ ਰੂਪੀ ਦੂਸਰੇ ਨੂੰ ਦੂਸਰੇ ਦੇ ਕਰਮ ਦਾ ਫਲ ਨਹੀਂ ਮੰਨਿਆ ਜਾਣਾ ਚਾਹੀਦਾ, ਕਿੰਤੂ ਆਸਤਕ ਸਮਾਜ ਸਾਰਾ ਇੰਜੇ ਹੀ ਕਰਮਾਂ ਦਾ ਫਲ ਮੰਨਦਾ ਹੈ, ਤਾਂ ਮੂਰਤੀ ਦੇ ਪੂਜਨ ਕਰਮ ਸੇ ਦੂਸਰੇ ਦੇ ਪੂਜਨ ਸੇ ਦੂਸਰੇ ਦੇ ਸੰਤੋਸ਼ ਦਾ ਅੜੰਗਾ ਕਿਉਂ, ਤਥਾ: ਮਾਤਰਿ ਦੇਵੋ ਭਵ ਪਿਤਰਿ ਦੇਵੋ ਭਵ ਆਦਕ ਪ੍ਰਮਾਣਾਂ ਦੁਆਰਾ ਮਾਤਾ ਪਿਤਾ ਦੀ ਦੇਵ ਭਾਵਨਾ ਸੇ ਪੂਜਾ ਕਹੀ ਹੈ, ਪ੍ਰੰਤੂ ਮਾਤਾ ਪਿਤਾ ਦੇਵਤਾ ਨਹੀਂ ਸਾਖਿਆਤ ਮਨੁਸ਼ ਹਨ, ਤਾਂਤੇ ਇਥੇ ਵੀ ਦੂਸਰੇ ਦੀ ਪੂਜਾ ਦੂਸਰੇ ਰੂਪ ਸੇ ਪ੍ਰਸਿਧ ਹੈ, ਭਾਵ ਮਨੁਸ਼ ਦਾ ਸਤਿਕਾਰ ਦੇਵਤਾ ਰੂਪ ਵਿਚ ਹੈ, ਤਿਵੇਂ ਹੀ ਮੂਰਤੀ ਦਾ ਸਤਿਕਾਰ (ਪੂਜਾ) ਦੇਵਤਾ ਸਰੂਪ ਵਿਚ ਹੋ ਰਿਹਾ ਹੈ, ਬਾਕੀ ਦੋਹਤੇਂ ਨੂੰ ਕੋਈ ਦਸ ਰੁਪੈ ਦੇ ਦੇਵੇ ਤਾਂ ਨਾਨੀਂ ਨੂੰ ਵੀ ਖੁਸ਼ੀ ਪ੍ਰਾਪਤ ਹੁੰਦੀ ਹੈ ਕਿੰਤੂ ਦੋਹਤੇ ਨੂੰ ਜੇਕਰ ਚਾਰ ਜੁਤੀਆਂ ਕੋਈ ਮਾਰ ਦੇਵੇ ਤਾਂ ਨਾਨੀ ਵੀ ਦੁਖੀ ਹੋਕੇ ਰੋਣ ਲਗ ਪੈਂਦੀ ਹੈ ਤਿਵੇਂ ਕੋਈ ਕਿਸੇ ਦੇ ਪੁਤ੍ਰ ਦੀ ਕੋਈ ਸੇਵਾ ਕਰੇ ਤਾਂ ਪਿਤਾ ਨੂੰ ਵੀ ਪ੍ਰਸੰਨਤਾ ਪਹੁੰਚ ਜਾਂਦੀ ਹੈ।

ਅਤੇ ਪ੍ਰਮਾਤਮਾਂ ਨੂੰ ਜੇਕਰ ਵਿਆਪਕ ਮੰਨੀਏ ਤਾਂ ਹਰ ਇਕ ਵਸਤੂ ਦੀ ਪੂਜਾ ਕੀਤੀ, ਉਸੇ ਪ੍ਰਮਾਤਮਾਂ ਦੀ ਹੀ ਪੂਜਾ ਹੁੰਦੀ ਹੈ ਫਿਰ ਇਹ ਸੁਆਲ ਹੀ ਨਹੀਂ ਪੈਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਕਿ ਮੂਰਤੀ ਦੀ ਪੂਜਾ ਕਰਨੇ ਸੇ ਉਹ ਪ੍ਰਮਾਤਮਾਂ ਪ੍ਰਸੰਨ ਨਹੀਂ ਹੁੰਦਾ, ਕਿਉਂਕਿ ਜਦ ਹਰ ਇਕ ਚੀਜ਼ ਵਿਚ ਵਿਆਪਕ ਹੈ, ਤਾਂ ਉਹ ਫਿਰ ਮੂਰਤੀ ਵਿਚ ਵੀ ਵਿਆਪਕ ਹੈ, ਜਿਵੇਂ ਜੀਵਾਤਮਾਂ ਸਰੀਰ ਵਿਚ ਵਿਆਪਕ ਹੈ ਤਾਂ ਸਰੀਰ ਦੇ ਕਿਸੇ ਅੰਗ ਦੀ ਜੇਕਰ ਪੂਜਾ ਕੀਤੀ ਜਾਵੇ ਤਾਂ ਵਿਚੋਂ ਜੀਵਾਤਮਾਂ ਹੀ ਪ੍ਰਸੰਨ ਹੁੰਦਾ ਹੈ, ਤਿਵੇਂ ਜਦ ਸਾਰੇ ਜਗਤ ਵਿਚ ਹੀ ਪ੍ਰਮਾਤਮਾਂ ਵਿਆਪਕ ਹੈ ਤਾਂ ਇਸ ਜਗਤ ਵਿਚੋਂ ਕਿਸੇ ਮੂਰਤੀ ਮਾਨ ਪਦਾਰਥ ਦੀ ਪ੍ਰਮਾਤਮਾਂ ਭਾਵਨਾਂ ਕਰ ਕੇ ਪੂਜਾ ਭਗਤੀ ਕੀਤੀ ਜਾਵੇ ਤਾਂ ਵਿਚੋਂ ਪ੍ਰਮਾਤਮਾਂ ਹੀ ਪ੍ਰਸੰਨ ਹੋ ਸਕਦਾ ਹੈ, ਔਰ ਜੇਕਰ ਪ੍ਰਮਾਤਮਾਂ ਨੂੰ ਵਿਆਪਕ ਨਾਂ ਮੰਨੀਏ ਕਿੰਤੂ ਇਕ ਦੇਸ਼ੀ ਸਾਕਾਰ ਮੰਨੀਏ ਤਾਂ ਵੀ ਪਿਛੇ ਦਸੇ ਅਨੁਸਾਰ ਸ਼੍ਰੀ ਜਵਾਹਰ ਲਾਲ ਆਦਕ ਮਹਾਨ ਇਕ ਇਕ ਵਿਅਕਤੀਆਂ ਦੀ ਗੈਰ ਹਾਜ਼ਰੀ ਵਿਚ ਉਨ੍ਹਾਂ ਦੇ ਫੋਟੋ ਆਦਕ ਸਜਾ ਕੇ ਜਲੂਸ ਵਗੈਰਾ ਕੱਢੇ ਜਾਣ ਤਾਂ ਉਹ ਪ੍ਰਸੰਨਤਾ ਜਾਂ ਉਹਨਾਂ ਦੇ ਫੋਟੂਆਂ ਦਾ ਨਿਰਾਦਰ ਕੀਤਾ ਜਾਵੇ ਤਾਂ ਉਹ ਨਿਰਾਜਗੀ ਪ੍ਰਗਟ ਕਰਦੇ ਹਨ, ਤਾਂਤੇ ਜੋ ਦੇਵਤੇ, ਗੁਰੂ, ਅਵਤਾਰ ਹਨ, ਉਹ ਕਿਵੇਂ ਨਹੀਂ ਆਪਣੇ ਸੇਵਕਾਂ ਵਲੋਂ ਕੀਤੀ ਗਈ ਪੂਜਾ ਭਗਤੀ ਵੇਖਕੇ ਪ੍ਰਸੰਨਤਾ ਪ੍ਰਾਪਤ ਕਰਦੇ, ਉਹਨਾਂ ਦੀ ਪ੍ਰਸੰਨਤਾ ਹੀ ਮੂਰਤੀ ਪੂਜਾ ਦਾ ਫਲ ਹੈ।

੧੯. ਪ੍ਰਸ਼ਨ—ਲਿਖੇ ਪੜ੍ਹੇ ਹੋਏ ਲੋਕਾਂ ਵਲੋਂ ਇਹ ਆਮ ਸ਼ਿਕਾਇਤ ਹੁੰਦੀ ਹੈ ਕਿ, ਹਿੰਦੂਆਂ ਵਿਚ ਬਹੁਤ ਲੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਥਰ ਦੇ ਹੀ ਪੁਜਾਰੀ ਹਨ।

ਉਤਰ—ਜਿਸ ਵਕਤ ਪਥਰ (ਮੂਰਤੀ) ਦੀ ਪੂਜਾ ਕੀਤੀ ਜਾਂਦੀ ਹੈ, ਉਸ ਵਕਤ ਇਹ ਸ਼ਬਦ ਕਦੀਂ ਨਹੀਂ ਸੁਣੇ ਗਏ ਕਿ, ਹੇ ਮੂਰਤੀ ਤੈਨੂੰ ਕਿਸੇ ਚੰਗੇ ਕਾਰੀਗਰਾਂ ਘੜਿਆ ਹੈ ਜਾਂ ਤੂੰ ਸੋਹਣੇ ਸੰਗਮਰ ਦੀ ਬਣੀ ਹੋਈ ਹੈਂ, ਜਾ ਕਾਲੇ ਪਥਰ ਦੀ ਹੈਂ ਅਥਵਾ ਤੇਰੀ ਕੀਮਤ ਪੰਜ ਸੌ, ਰੁਪਈਆ ਪਈ ਹੈ ਜਾਂ ਤੂੰ ਬਹੁਤ ਹੌਲੀ ਹੈਂ, ਜਾਂ ਤੂੰ ਬਹੁਤ ਭਾਰੀ ਹੈਂ ਇਤਿਆਦਕ ਪਥਰ ਦੇ ਕੋਈ ਵੀ ਗੁਣ ਨਹੀਂ ਕਿਸੇ ਨੇ ਵੀ ਕਦੀਂ ਗਾਏ ਤਾਂ ਫਿਰ ਉਨ੍ਹਾਂ ਪੜ੍ਹੇ ਲਿਖੇ ਹੋਇ ਲੋਕਾਂ ਨੇ ਇਹ ਕਿਵੇਂ ਨਿਸਚੇ ਕਰ ਲਿਆ ਕਿ ਹਿੰਦੂ ਲੋਗ ਬਹੁਤੇ ਪਥਰ ਦੇ ਹੀ ਪੁਜਾਰੀ ਹਨ, ਬਲਕਿ ਪੂਜਾ ਸਮੈਂ ਇਹੋ ਸ਼ਬਦ ਕਹੇ ਜਾਂਦੇ ਹਨ ਕਿ, ਹੇ ਭਗਵਾਨ ਆਪ ਕੋ ਭੋਗ ਲਗੇ ਜਾਂ ਹੇ ਭਗਵਾਨ ਪਾਰ ਬ੍ਰਹਮ ਪ੍ਰਮੇਸ਼ਰ ਅੰਤਰਯਾਮੀ ਜੀ ਆਪ ਕੇ ਅਗੇ ਪ੍ਰਾਰਥਨਾ ਹੈ ਅਥਵਾ ਧੂਪੰ ਦੀਪੰ ਸਮਰਪਯਾਮੀ ਸ੍ਰੀ ਵਿਸ਼ਣਵੇ ਨਮ: ਤਥਾ ਆਰਤੀ ਵਿਚ ਵੀ ਕੋਈ ਅਜਿਹਾ ਸ਼ਬਦ ਨਹੀਂ ਕਿਹਾ ਜਾਂਦਾ ਜੋ ਪਥਰ ਦੀ ਸਿਫਤ ਕਰਦਾ ਹੋਵੇ ਕਿੰਤੂ ਆਰਤੀ ਵਿਚ ਹਰ ਰੋਜ ਇਹ ਕਿਹਾ ਜਾਂਦਾ ਹੈ ਕਿ ਕਿਸ ਬਿਧ ਮਿਲੋਂ ਗੋਸਾਈ ਤੁਮਕੋ ਮੈ ਕੁਮਤੀ, ਔਰ ਮੂਰਤੀ ਪਥਰ ਦੀ ਸਾਹਮਨੇ ਹੀ ਖੜੀ ਹੈ ਉਸਨੂੰ ਮਿਲਨਾ ਕੋਈ ਕਠਨ ਨਹੀਂ ਤਾਂਤੇ ਹਿੰਦੂ ਸਾਹਮਣੇ ਖੜੀ ਪਥਰ ਦੀ ਮੂਰਤੀ ਦੇ ਹੀ ਪੁਜਾਰੀ ਨਹੀਂ ਸਿਧ ਹੁੰਦੇ ਪ੍ਰੰਤੂ ਉਸ ਤੋਂ ਅਲਗ ਕਿਸੇ ਹੋਰ ਚੇਤਨ, ਗੁਰੂ, ਦੇਵਤਾ, ਅਵਤਾਰ, ਪ੍ਰਮਾਤਮਾਂ ਦੇ ਹੀ

CC-0. In Public Domain. Gurukul Kangri Collection Haridwar

Digitized by Arya Samaj Foundation Chennai and eGangotri

ਪੁਜਾਰੀ ਹਨ, ਤਾਂਤੇ ਸਾਰੀ ਪੂਜਾ ਵਿਚ ਉਸੇ ਗੁਰੂ, ਅਵਤਾਰ, ਪ੍ਰਮਾਤਮਾਂ ਦੀ ਹੀ ਉਪਮਾਂ ਕਰਦੇ ਹਨ ਜਿਸ ਗੁਰੂ, ਅਵਤਾਰ, ਪ੍ਰਮਾਤਮਾਂ ਦੇ ਸਰੂਪ ਦੀ ਉਹ ਮੂਰਤੀ ਨਿਸਚੇ ਕੀਤੀ ਹੋਈ ਹੋਵੇ, ਤਾਂ ਫਿਰ ਪਤਾ ਨਹੀਂ ਉਹ ਕੀ, ਵੇਖਕੇ ਲਿਖੇ ਪੜ੍ਹੇ ਹੋਇ ਲੋਕ ਇਹ ਅਰਥ ਸਮਝ ਰਹੇ ਹਨ ਕਿ, ਹਿੰਦੂਆਂ ਵਿਚ ਪਥਰ ਦੇ ਪੁਜਾਰੀ ਬਹੁਤ ਹਨ।

ਜੇਕਰ ਇਹ ਕੇਵਲ ਪਥਰ ਦੇ ਹੀ ਪੁਜਾਰੀ ਹੁੰਦੇ ਤਾਂ ਫਿਰ ਜੇਹੜੇ ਸ਼ਰਧਾਲੂ ਗੰਗੋਤ੍ਰੀ ਵਿਚੋਂ ਗੰਗਾ ਜਲ ਲੈ ਕੇ ਸੈਂਕੜੇ ਮੀਲਾਂ ਦੇ ਪੈਦਲ ਸਫਰ ਕਰਕੇ ਫਿਰ ਰਾਮੇਸ਼ਵਰ ਜਾਕੇ ਉਹ ਗੰਗਾ ਜਲ ਚੜ੍ਹਾਉਂਦੇ ਹਨ ਕਿਆ ਉਹਨਾਂ ਨੂੰ ਗੰਗੋਤ੍ਰੀ ਵਿਚੋਂ ਆਉਂਦਿਆਂ ਹੋਇਆਂ ਰਸਤੇ ਵਿਚ ਕੋਈ ਪਥਰ ਨਹੀਂ ਸੀ ਮਿਲਿਆ ਜਿਸ ਉਤੇ ਉਹ ਗੰਗਾ ਜਲ ਚੜ੍ਹਾ ਦਿੰਦੇ, ਤਾਂ ਇਤਨੇ ਮੀਲਾਂ ਦੀ ਪੈਦਲ ਯਾਤਰਾ ਤੋਂ ਬਚ ਜਾਂਦੇ, ਜਦ ਉਹ ਗੰਗੋਤ੍ਰੀ ਵਿਚੋਂ ਚਲਕੇ ਹਰਦੁਆਰ ਤਕ ਪਥਰ (ਪਹਾੜਾਂ) ਵਿਚ ਹੀ ਸਫਰ ਕਰਦੇ ਆ ਰਹੇ ਹਨ ਤਾਂ ਸਾਫ ਸਿਧ ਹੁੰਦਾ ਹੈ ਕਿ, ਉਹ ਪਥਰ ਦੇ ਪੁਜਾਰੀ ਨਹੀਂ, ਕਿੰਤੂ ਸਾਖਿਆਤ ਰਾਮੇਸ਼ਵਰ ਦੇ ਹੀ ਪੁਜਾਰੀ ਹਨ, ਜੋ ਰਾਮੇਸ਼੍ਵਰ ਦਰਸ਼ਨ ਕਰਿਹੈ, ਸੋ ਤਨੁ ਤਜਿ ਮਮ ਧਾਮ ਸਿਧਰਿਹੈ ॥ ਜੋ ਗੰਗਾ ਜਲ ਆਨ ਚਢਾਇਹਿ, ਸੋ ਸਾਯੁਜਯ ਮੁਕਤਿ ਨਰ ਪਾਇਹਿ, ਇਸ ਭਾਵਨਾਂ ਦੇ ਆਧਾਰ ਪਰ ਹੀ ਉਹ ਲੋਕ ਰਾਮੇਸ਼ਵਰ ਪਹੁੰਚਦੇ ਹਨ, ਜਦ ਉਹਨਾਂ ਦੀ ਭਾਵਨਾਂ ਵਿਚ ਪਥਰ ਨਹੀਂ ਕੇਵਲ ਅਵਤਾਰ, ਗੁਰੂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਵਤਾ, ਹੀ ਹੈ, ਤਾਂ ਉਹਨਾਂ ਨੂੰ ਪੱਥਰ ਦੇ ਪੁਜਾਰੀ ਕਹਿਣਾ ਹੀ ਅਨੁਚਿਤ ਹੈ।

੧੯. ਪ੍ਰਸ਼ਨ—ਜੇਕਰ ਮੂਰਤੀ ਦੀ ਪੂਜਾ ਸੇ ਪ੍ਰਮਾਤਮਾਂ ਜਾਂ ਅਵਤਾਰ, ਦੇਵਤਾ, ਦੀ ਹੀ ਪੂਜਾ ਹੋ ਜਾਂਦੀ ਹੈ ਤਾਂ ਮੂਰਤੀ ਨੂੰ ਤੋੜ ਦੇਨੇ ਸੇ, ਉਹ ਪ੍ਰਮਾਤਮਾਂ, ਅਵਤਾਰ, ਦੇਵਤਾ ਵੀ ਟੁਟ ਭਜ ਜਾਂਦੇ ਮੰਨਣੇ ਪੈਣਗੇ।

ਉਤਰ—ਸਿਆਹੀ ਦੇ ਲਿਖੇ ਹੋਇ ਅਖਰਾਂ ਦੁਆਰਾ ਕੇਵਲ ਸ਼ਬਦ ਸਰੂਪ ਅਖਰਾਂ ਦਾ ਗਿਆਨ ਹੋ ਜਾਂਦਾ ਹੈ, ਪ੍ਰੰਤੂ ਸਿਆਹੀ ਦੇ ਅਖਰ ਨਾਸ਼ ਹੋ ਜਾਨ ਕਰਕੇ ਸ਼ਬਦ ਮਾਤ੍ਰ ਅਸਲ ਅਖਰਾਂ ਦਾ ਨਾਸ਼ ਨਹੀਂ ਹੋ ਜਾਂਦਾ, ਤਥਾ ਜੋ ਜੀਵਾਤਮਾਂ ਸਰੀਰ ਦੇ ਵਿਚ ਹੈ ਸਰੀਰ ਦੀ ਲਤ, ਬਾਂਹ ਟੁਟ ਜਾਨ ਕਰਕੇ ਵਿਚੋਂ ਜੀਵ ਦੀ ਕੋਈ ਲਤ ਬਾਂਹ ਨਹੀਂ ਟੁਟ ਸਕਦੀ, ਤਾਂ ਜੋ ਮੂਰਤੀ ਦੇ ਵਿਚ ਹੈ ਹੀ ਨਹੀਂ, ਕੇਵਲ ਮੂਰਤੀ ਦੁਆਰਾ ਜਿਸ ਦਾ ਧਿਆਨ, ਪੂਜਨ ਹੀ ਕਰਨਾ ਹੈ ਉਹ ਮੂਰਤੀ ਦੇ ਟੁਟ ਜਾਨ ਕਰ ਕੇ ਕਿਵੇਂ ਟੁਟ ਭੱਜ ਸਕਦਾ ਹੈ, ਤਥਾ: ਇੰਜ, ਕੁਰਾਂਨ, ਅੰਜੀਲ, ਵੇਦ ਸ਼ਾਸਤ੍ਰ ਆਦਕਾਂ ਦੇ ਪਾਨੀ ਵਿਚ ਗਲ ਜਾਨ ਕਰਕੇ, ਕਿਆ ਇਹ ਮੰਨਿਆ ਜਾਵੇਗਾ ਕਿ ਵਿਚ ਲਿਖੀ ਹੋਈ ਬਾਣੀ ਅਸਲ ਵੀ ਗਲ ਗਈ ਹੈ, ਜਦ ਕੁਰਾਂਨ, ਅੰਜੀਲ, ਵੇਦ, ਸ਼ਾਸ਼ਤ੍ਰ, ਆਦਕ ਹੋਰ ਨਵੇਂ ਖ੍ਰੀਦੇ ਜਾ ਸਕਦੇ ਹਨ, ਅਸਲ ਬਾਣੀ (ਸ਼ਬਦ) ਨਾਸ਼ ਨਹੀਂ ਹੁੰਦੀ ਤਾਂ ਮੂਰਤੀ ਦੇ ਟੁਟ ਜਾਨ ਕਰਕੇ ਉਹ ਮੂਰਤੀ ਵਾਲੇ ਅਵਤਾਰ, ਦੇਵਤਾ ਵੀ ਨਹੀਂ ਟੁਟ ਸਕਦੇ, ਕਿੰਤੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਰਤੀ ਹੋਰ ਨਵੀਂ ਬ੍ਰਾਜ ਮਾਨ ਕੀਤੀ ਜਾ ਸਕਦੀ ਹੈ, ਤਥਾ ਸੁਤਹ ਸਿਧ ਕਿਸੇ ਹਕੂਮਤ ਜਾਂ ਸਮਾਜ ਦੇ ਝੰਡੇ ਟੁਟ ਭਜ ਜਾਨ ਕਰਕੇ ਉਹ ਹਕੂਮਤ ਜਾਂ ਸਮਾਜ ਦਾ ਟੁਟਣਾ ਜਾਂ ਭਜ ਜਾਣਾ ਨਹੀਂ ਮੰਨਿਆ ਜਾ ਸਕਦਾ, ਪ੍ਰੰਤੂ ਜਾਣ ਬੁਝ ਕੇ ਕੋਈ ਉਨ੍ਹਾਂ ਹਕੂਮਤ ਜਾਂ ਸਮਾਜ਼ਾਂ ਦੇ ਝੰਡਿਆਂ ਨੂੰ ਕਟ ਦੇਵੇ ਤਾਂ ਉਹ ਸਮਾਜ ਔਰ ਹਕੂਮਤਾਂ ਆਪਣੀ ਹਤਕ ਸਮਝਦੀਆਂ ਹਨ, ਤਿਵੇਂ ਹੀ ਸੁਤਹ ਸਿਧ ਮੂਰਤੀਆਂ ਦੇ ਟੁਟ ਭਜ ਜਾਨ ਕਰਕੇ ਮੂਰਤੀ ਵਾਲੇ ਦੇਵਤਾ, ਅਵਤਾਰਾਂ ਦੀ ਹਤਕ ਨਹੀਂ ਸਮਝੀ ਜਾਂਦੀ, ਕਿੰਤੂ ਜਾਣ ਬੁਝ ਕੇ ਜੇਕਰ ਮੂਰਤੀਆਂ ਦੀ ਕੋਈ ਹਤਕ ਕਰੇ ਤਾਂ ਵੀ ਉਹ ਮੂਰਤੀਆਂ ਦੇ ਮਾਲਕ ਗੁਰੂ, ਅਵਤਾਰ ਦੇਵਤਾ, ਮਨੁਸ਼ ਸਮਾਜਾਂ ਵਤ ਨਹੀਂ, ਗੰਭੀਰ ਹਨ, ਉਹਨਾਂ ਵਿਚ ਸਹਿਨ ਸ਼ਕਤੀ ਹੈ, ਜਿਵੇਂ ਪ੍ਰਮਾਤਮਾਂ ਸ੍ਰਵ ਸ਼ਕਤੀ ਮਾਨ ਨੂੰ ਨਾਸਤਕ ਲੋਕ ਗਾਲ੍ਹਾਂ ਤਕ ਵੀ ਦਿੰਦੇ ਸੁਣੇ ਜਾਂਦੇ ਹਨ, ਪਰ ਫਿਰ ਵੀ ਪ੍ਰਮਾਤਮਾਂ ਉਹਨਾਂ ਦਾ ਕੁਛ ਨੁਕਸਾਨ ਨਹੀਂ ਕਰਦਾ, ਤਿਵੇਂ ਦੇਵੀ, ਦੇਵਤਾ, ਅਵਤਾਰ ਵੀ ਉਹਨਾਂ ਹਤਕ ਕਰਨ ਵਾਲਿਆਂ ਦਾ ਨੁਕਸਾਨ ਨਹੀਂ ਕਰਦੇ ਕਿਉਂਕਿ ਉਹਨਾਂ ਦਾ ਸੁਭਾਵ ਮਨੁਖਾਂ ਤੋਂ ਉਚਾ ਹੈ ਪ੍ਰੰਤੂ ਸੇਵਾ ਤੇ ਪ੍ਰਸੰਨ ਹੋ ਜਾਂਦੇ ਹਨ।

ਬਾਕੀ ਇਸ ਹੁਜਤ ਨਾਲ ਤਾਂ ਪਰਮਾਤਮਾਂ ਸ੍ਰਵ ਵਿਆਪਕ ਹੈ, ਮੂਲੀ ਖਾਈ ਜਾਨ ਕਰਕੇ ਪ੍ਰਮਾਤਮਾਂ ਵੀ ਵਿਚੇ ਖਾਇਆ ਜਾਵੇਗਾ ਕਿਉਂਕਿ ਪ੍ਰਮਾਤਮਾਂ ਮੂਲੀ ਵਿਚ ਵੀ ਹੈ, ਕਿਸੇ ਲਕੜੀ ਦੇ ਸੜ ਜਾਣ ਕਰ ਕੇ ਪ੍ਰਮਾਤਮਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚੋ ਸੜੇਗਾ ਵੀ ਕਿਉਂਕਿ ਪ੍ਰਮਾਤਮਾਂ ਲਕੜੀ ਵਿਚ ਵੀ ਵਿਆਪਕ ਹੈ ਫਿਰ ਚਨੇ ਚਬਾਏ ਜਾਣ ਕਰਕੇ ਪ੍ਰਮਾਤਮਾਂ ਚਬਾਇਆ ਵੀ ਜਾ ਸਕੇਗਾ ਅਤੇ ਕਪੜੇ ਫਟ ਜਾਣ ਕਰ ਕੇ ਪ੍ਰਮਾਤਮਾਂ ਵੀ ਫਟ ਗਿਆ ਮੰਨਣਾ ਪਵੇਗਾ, ਕਿਉਂਕਿ ਪ੍ਰਮਾਤਮਾਂ ਕਪੜੇ ਵਿੱਚ ਵੀ ਹੈ ਕਿਆ ਇਹਨਾਂ ਪ੍ਰਸ਼ਨਾਂ ਤੋਂ ਡਰ ਕੇ ਇੰਜ ਮੰਨ ਲਿਆ ਜਾਵੇ ਕਿ ਪ੍ਰਮਾਤਮਾਂ ਸ੍ਰਵ ਵਿਆਪਕ ਨਹੀਂ, ਜੇਕਰ ਸਭ ਕੁਝ ਟੁਟਣ ਭਜਣ ਕਰ ਕੇ ਵੀ ਪਰਮਾਤਮਾਂ ਨਹੀਂ ਟੁਟਦਾ ਭਜਦਾ ਅਤੇ ਸ੍ਰਵ ਵਿਆਪਕ ਮੰਨਦੇ ਹਾਂ ਤਾਂ ਮੂਰਤੀ ਦੇ ਟੁਟ ਭਜ ਜਾਨ ਕਰ ਕੇ ਮੂਰਤੀ ਵਾਲੇ ਦੇਵਤਾ ਜਾਂ ਪਰਮਾਤਮਾਂ ਵੀ ਟੁਟ ਭਜ ਜਾਂਦੇ ਹੋਣਗੇ ਇਨ੍ਹਾਂ ਪ੍ਰਸ਼ਨਾਂ ਤੋਂ ਡਰਕੇ ਮੂਰਤੀ ਪੂਜਾ ਕਿਵੇਂ ਛਡੀ ਜਾ ਸਕੇਗੀ ਇੰਜ ਸਰੀਰ ਦੇ ਮਰ ਜਾਣ ਕਰਕੇ ਵਿਚੋਂ ਜੀਵ ਭੀ ਮਰ ਗਿਆ ਮੰਨਿਆਂ ਜਾ ਸਕਦਾ ਹੈ, ਤਾਂ ਫਿਰ ਸਰੀਰ ਦੁਆਰਾ ਜੀਵਾਤਮਾਂ ਦੀ ਸੇਵਾ ਭਗਤੀ ਨਹੀਂ ਹੋਣੀ ਚਾਹੀਦੀ ਕੇਵਲ ਜ਼ਬਾਨੀ ਜ਼ਬਾਨੀ ਹੀ ਹਰ ਇਕ ਜੀਵ ਦਾ ਆਦਰ ਸਤਿਕਾਰ ਹੋਣਾ ਚਾਹੀਦਾ ਹੈ। ਜੇਕਰ ਸਰੀਰ ਦੇ ਮਰ ਜਾਣ ਕਰਕੇ ਜੀਵਾਤਮਾਂ ਨਹੀਂ ਮਰਦਾ ਜਾਂ ਲਕੜੀ ਦੇ ਸੜ ਜਾਣ ਕਰਕੇ ਪ੍ਰਮਾਤਮਾਂ ਨੂੰ ਸੇਕ ਨਹੀਂ ਲਗਦਾ, ਤਾਂ ਮੂਰਤੀ ਦੇ ਟੁਟ ਜਾਣ ਕਰਕੇ ਮੂਰਤੀ ਵਾਲੇ ਪ੍ਰਮਾਤਮਾਂ ਜਾਂ ਦੇਵਤਾ ਅਵਤਾਰ ਆਦਕ ਵੀ ਨਹੀਂ ਟੁਟ ਭਜ ਜਾਂਦੇ, ਬਾਕੀ ਕਿਸੇ ਕਾਗਜ਼ ਪੁਰ ਕਸ਼ਮੀਰ ਦੇਸ਼ ਦਾ ਨਕਸ਼ਾ ਛਪਿਆ ਹੋਵੇ ਤਾਂ ਉਸ ਨਕਸ਼ੇ ਦੇ ਸੜ ਜਾਣ ਕਰਕੇ ਕਸ਼ਮੀਰ ਦੇਸ਼ ਦੀ ਕੁਝ ਵੀ ਹਾਨੀ ਨਹੀਂ ਹੋ ਸਕਦੀ ਪ੍ਰੰਤੂ ਕਾਗਜ਼ ਪਰ ਛਪੇ ਹੋਏ ਨਕਸ਼ੇ ਦੁਆਰਾ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਸ਼ਮੀਰ ਦੇਸ਼ ਦਾ ਹੀ ਗਿਆਨ ਹੋ ਰਿਹਾ ਹੈ, ਕਿ ਇਹ ਸ੍ਰੀ ਨਗਰ ਹੈ, ਔਰ ਸ੍ਰੀ ਨਗਰ ਸੇ ਇਸ ਤਰਫ ਅਨੰਤ ਨਾਗ ਜਾਂ ਮਟਨ ਆਦਕ ਹੈ। ਤਿਵੇਂ ਮੂਰਤੀ ਪੂਜਾ ਸੇ ਮੂਰਤੀ ਵਾਲੇ ਦੇਵਤਾ, ਅਵਤਾਰ ਆਦਕਾਂ ਦੀ ਹੀ ਪੂਜਾ ਹੁੰਦੀ ਹੈ ਹੋਰ ਕਿਸੇ ਦੀ ਨਹੀਂ ਹੁੰਦੀ ਅਤੇ ਮੂਰਤੀ ਦੇ ਟੁਟ ਜਾਣ ਕਰਕੇ ਉਨ੍ਹਾਂ ਦੇਵਤਾ ਅਵਤਾਰਾਂ ਦੀ ਕੋਈ ਹਾਨੀ ਨਹੀਂ ਹੋ ਸਕਦੀ, ਮੂਰਤੀ ਹੋਰ ਨਵੀਂ ਬਣ ਸਕਦੀ ਹੈ।

੨੦ **ਪ੍ਰਸ਼ਨ:**—ਮੂਰਤੀ ਕਾਰੀਗਰਾਂ ਦੀ ਬਣਾਈ ਹੋਈ ਹੁੰਦੀ ਹੈ, ਇਸ ਲਈ ਉਸ ਦੀ ਪੂਜਾ ਦੇਵਤਾ, ਅਵਤਾਰ, ਪ੍ਰਮਾਤਮਾਂ ਦੀ ਪੂਜਾ ਨਹੀਂ ਹੋ ਸਕਦੀ।

ਉਤਰ:— ਤਾਂ ਜਿਹੜੀਆਂ ਮੂਰਤੀਆਂ ਕਾਰੀਗਰਾਂ ਨੇ ਨਹੀਂ ਬਣਾਈਆਂ, ਕੁਦਰਤ ਨੇ ਹੀ ਬਣਾਈਆਂ ਹਨ ਜਿਵੇਂ ਨਰਮਦੇਸ਼ਵਰ ਆਦਿ ਉਨ੍ਹਾਂ ਦੀ ਪੂਜਾ ਭਗਤੀ ਕੀਤੀ ਜਾਵੇ ਤਾਂ ਉਹ ਪੂਜਾ ਪ੍ਰਮਾਤਮਾਂ ਜਾਂ ਦੇਵਤਾ ਦੀ ਮੰਨੀ ਜਾਵੇਗੀ ਕਿ ਨਹੀਂ, ਬਾਕੀ ਗਿਰਜੇ, ਮੰਦਰ, ਮਸਜਦ, ਗੁਰਦੁਆਰੇ ਕੁਰਾਂਨ, ਬਾਈਬਿਲ, ਵੇਦ, ਆਦਕ ਸਾਰੇ ਕਾਰੀਗਰਾਂ ਦੇ ਹੀ ਬਨਾਏ ਹੋਇ ਹਨ ਕਿਉਂਕਿ ਪੁਸਤਕ ਵੀ ਕਾਰੀਗਰ ਹੀ ਛਾਪਦੇ ਹਨ ਜਿਲਦਾਂ ਬੰਨਦੇ ਹਨ ਤਾਂ ਇਹਨਾਂ ਸਭ ਦੀ ਸਤਿਕਾਰ ਯੋਗ (ਪੂਜਾ ਭਗਤੀ) ਕਿਵੇਂ ਕੀਤੀ ਜਾ ਸਕੇਗੀ ਜੇਕਰ ਹਠ ਹੋਵੇ ਤਾਂ ਬ੍ਰਿਛ, ਨਦੀਆਂ, ਪਹਾੜ, ਚੰਦ, ਸੂਰਜ, ਆਦਕ ਇਥੋਂ ਦੇ ਕਾਰੀਗਰਾਂ ਦੇ ਨਹੀਂ ਬਨਾਏ ਹੋਇ, ਇਹਨਾਂ ਦੀ ਪੂਜਾ ਭਗਤੀ ਕਰ ਲੈਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਹੀਦੀ ਹੈ, ਕਿਉਂਕਿ ਇਹ ਪ੍ਰਮਾਤਮਾਂ ਦੇ ਬਨਾਏ ਹੋਇ ਹੋਣ ਕਰਕੇ ਇਹਨਾਂ ਦੀ ਪੂਜਾ ਭਗਤੀ ਪ੍ਰਮਾਤਮਾਂ ਦੀ ਹੀ ਪੂਜਾ ਭਗਤੀ ਹੁੰਦੀ ਸੌਖੀ ਮੰਨੀ ਜਾ ਸਕੇਗੀ।

੨੧. ਪ੍ਰਸ਼ਨ:—ਮੂਰਤੀਆਂ ਦੀ ਜਦ ਕੁਤੇ ਕਾਂ ਆਦਕ ਬਿਅਦਬੀ ਕਰ ਜਾਂਦੇ ਹਨ ਤਾਂ ਉਹ ਮੂਰਤੀਆਂ ਸਾਡੀ ਰਖਿਆ ਕੀ ਕਰਨਗੀਆਂ, ਇਸ ਲਈ ਉਹਨਾਂ ਦੀ ਪੂਜਾ ਭਗਤੀ ਕਰਨੀ ਬਿਅਰਥ ਹੈ।

ਉਤਰ—ਮੂਰਤੀਆਂ ਨੇ ਸਾਡੀ ਰਖਿਆ ਨਹੀਂ ਕਰਨੀ ਕਿੰਤੂ ਮੂਰਤੀਆਂ ਦੀ ਰਖਿਆ ਕਰਨ ਦੀ ਲੋੜ ਸਾਨੂੰ ਹੈ, ਕਿਉਂਕਿ ਮੂਰਤੀਆਂ ਦੇ ਜ਼ਰੀਏ ਪੂਜਾ ਅਸਾਂ ਆਪਣੇ ਈਸ਼ਵਰ, ਅਵਤਾਰਾਂ ਦੀ ਕਰਨੀ ਹੈ, ਜੇਕਰ ਇੰਜ ਹਠ ਕਰੀਏ ਤਾਂ, ਵੇਦ, ਸ਼ਾਸ਼ਤ੍ਰ, ਕੁਰਾਂਨ, ਬਾਈਬਿਲ ਆਦਕ ਧਰਮ ਪੁਸਤਕਾਂ ਨੂੰ ਵੀ ਕਈ ਵੇਰ ਚੂਹੇ ਕੁਤਰ ਜਾਂਦੇ ਹਨ ਤਾਂ ਉਹਨਾਂ ਦੀ ਸਤਿਕਾਰ ਪੂਜਾ ਨਹੀਂ ਹੋਣੀ ਚਾਹੀਦੀ ਕਿਉਂਕਿ ਇਥੇ ਵੀ ਇਹ ਸੁਆਲ ਪੈਦਾ ਹੋ ਜਾਵੇਗਾ ਕਿ ਜਦ ਉਹ ਚੂਹਿਆਂ ਕੋਲੋਂ ਆਪਣੀ ਰਖਿਆ ਨਹੀਂ ਕਰ ਸਕਦੇ ਤਾਂ ਉਹਨਾਂ ਵਿਚੋਂ ਨਰਕਾਂ ਤੋਂ ਬਚਣੇ ਦਾ ਗਿਆਨ ਕਿਵੇਂ ਲਭ ਸਕੇਗਾ, ਬਲਕਿ ਇਹ ਧਰਮ ਪੁਸਤਕ ਆਪਣੇ ਉਤੋਂ ਮਖੀ ਵੀ ਨਹੀਂ ਉਡਾ ਸਕਦੇ ਤਾਂ ਸਾਡੇ ਭੁਲੇਖੇ ਭਰਮ ਕਿਵੇਂ ਉਡਾ ਸਕਣਗੇ। ਤਥਾ: ਜੇਹੜੀਆਂ ਸਿਆਸੀ ਪਾਰਟੀਆਂ ਵੀ ਆਪਣੇ ਝੰਡਿਆਂ ਦੀ ਆਨ ਸ਼ਾਨ ਕਾਇਮ ਰਖਣ ਲਈ ਮਰ ਮਿਟਦੀਆਂ ਹਨ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਆਪਣੇ ਆਪਣੇ ਝੰਡੇ ਦੀ ਤਾਬਿਆ ਵਿਚ ਇਕੱਠੇ ਹੁੰਦੇ ਹਨ ਉਹ ਝੰਡੇ ਵੀ ਖੁਦ ਆਪਣੀ ਰਖਿਆ ਕੁਝ ਵੀ ਨਹੀਂ ਕਰ ਸਕਦੇ : ਬਲਕਿ ਉਨ੍ਹਾਂ ਉਤੇ ਕਾਂ ਜੇਕਰ ਬੈਠ ਜਾਵੇ ਤਾਂ ਉਹ ਖੁਦ ਕਾਂ ਨੂੰ ਵੀ ਕੁਝ ਨਹੀਂ ਆਖ ਸਕਦੇ, ਪਰ ਫਿਰ ਵੀ ਉਨ੍ਹਾਂ ਪਾਰਟੀਆਂ ਨੂੰ ਆਪਣੇ ਝੰਡੇ ਲਹਿਰਾਉਣ ਅਤੇ ਉਨ੍ਹਾਂ ਝੰਡਿਆਂ ਦੀ ਤਾਬਿਆ ਵਿਚ ਖੜੇ ਹੋਣ ਤੋਂ ਘ੍ਰਿਣਾ ਨਹੀਂ ਹੁੰਦੀ ਤਾਂ ਮੂਰਤੀ ਪੂਜਕਾਂ ਨੂੰ ਮੂਰਤੀ ਪੂਜਾ ਤੋਂ ਕਿਉਂ ਘ੍ਰਿਣਾ ਹੋਣੀ ਚਾਹੀਦੀ ਹੈ।

ਬਾਕੀ ਇੰਜ ਤਾਂ ਜਿਸ ਪ੍ਰਮਾਤਮਾਂ ਨੂੰ ਸ੍ਰਵਸ਼ਕਤੀਮਾਨ, ਸ੍ਰਵਗਜ, ਸ੍ਰਵ ਵਿਆਪਕ ਮੰਨਿਆਂ ਜਾਂਦਾ ਹੈ ਉਹ ਪ੍ਰਮਾਤਮਾਂ ਜਦ ਹਰ ਇਕ ਜਗਾਹ ਮੌਜੂਦ ਹੈ ਤਾਂ ਉਹ ਜ਼ਮੀਨ ਵਿਚ ਵੀ ਮੌਜੂਦ ਹੈ ਪ੍ਰੰਤੂ ਉਸੇ ਜ਼ਮੀਨ ਉਤੇ ਸਾਰੇ ਕੁਤੇ ਬਿਲੇ, ਹਰ ਰੋਜ਼ ਬੇ-ਅਦਬੀ ਕਰਦੇ ਹਨ, ਕਿੰਤੂ ਉਹ ਪਰਮਾਤਮਾਂ ਸ੍ਰਵ-ਸ਼ਕਤੀਮਾਨ ਸ੍ਰਵਗਜ ਹੁੰਦਾ ਹੋਇਆਂ ਵੀ ਉਨ੍ਹਾਂ ਕੁਤਿਆਂ ਬਿਲਿਆਂ ਨੂੰ ਕੁਝ ਨਹੀਂ ਕਹਿੰਦਾ, ਤਾਂ ਫਿਰ ਉਹ ਸਾਡੀ ਕੀ ਸਹਾਇਤਾ ਕਰੇਗਾ, ਜਿਸ ਲਈ ਅਸੀਂ ਲੋਗ ਉਸ ਕੋਲੋਂ ਹਰ ਵਕਤ ਸਹਾਇਤਾ ਚਾਹੁੰਦੇ ਹਾਂ, ਇਸ ਤੋਂ ਸਿਧ ਹੋਇਆ ਕਿ ਸ੍ਰਵ ਵਿਆਪਕ ਪਰਮਾਤਮਾਂ ਦੀ ਵੀ ਪੂਜਾ ਭਗਤੀ ਨਹੀਂ ਕਰਨੀ ਚਾਹੀਦੀ ਤਾਂ ਤੇ ਇਹੋ ਜਿਹੇ ਪ੍ਰਸ਼ਨਾਂ ਦੀ ਅਸਲੀਅਤ ਨੂੰ ਸਮਝਣਾ ਚਾਹੀਦਾ ਹੈ। ਅਸਲੀਅਤ ਇੰਜ ਹੈ ਕਿ ਇਕ ਸੌ ਰੁਪੈ ਦੇ ਨੋਟ ਉਤੇ ਗੌਰਮਿੰਟ ਦੀ ਛਾਪ ਹੈ, ਪ੍ਰੰਤੂ ਉਸ ਨੋਟ ਦੀ ਅਗਰ ਬਿਲੀ ਕੁਝ ਬੇ-ਅਦਬੀ ਕਰ ਜਾਵੇ ਜਾਂ ਚੂਹਾ ਕੁਤਰ ਜਾਵੇ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੌਰਮਿੰਟ ਕਮਜ਼ੋਰ ਹੈ ਜਿਸ ਨੇ ਬਿਲੀ ਨੂੰ ਕੁਝ ਕਰਨ ਤੋਂ, ਚੂਹੇ ਨੂੰ ਟੁਕਣ ਤੋਂ ਨਹੀਂ ਰੋਕਿਆ ਜਾਂ ਉਸ ਨੋਟ ਦੀ ੧੦੦) ਰੁਪਯਾ ਕੀਮਤ ਹੀ ਗਲਤ ਹੈ ਸੀ, ਇਥੇ ਸੱਚ ਇਹ ਹੋਵੇਗਾ ਕਿ ਜਿਸ ਦੇ ਪਾਸ ਉਹ ਨੋਟ ਸੀ ਉਸ ਦੀ ਬੇ-ਪ੍ਰਵਾਹੀ ਸੀ ਜਿਸ ਨੇ ਉਸ ਨੋਟ ਨੂੰ ਸੁਰਖਸ਼ਤ ਨਹੀਂ ਰਖਿਆ, ਜਿਸ ਕਰਕੇ ਬਿਲੀ ਵੀ ਕੁਝ ਬੇ-ਅਦਬੀ ਕਰ ਗਈ ਤੇ ਚੂਹਾ ਵੀ ਕੁਤਰ ਗਿਆ, ਕਿੰਤੂ ਉਸ ਗੌਰਮਿੰਟ ਨੂੰ ਇਤਲਾਹ ਦੇਨੇ ਸੇ ਭੀ ਉਸ ਨੋਟ ਵਾਲੇ ਨੂੰ ਹੀ ਉਹ ਹਕੂਮਤ ਦੋਸ਼ੀ ਠਹਿਰਾਏਗੀ ਕਿ ਇਸ ਨੇ ਰਾਖੀ ਨਹੀਂ ਕੀਤੀ, ਤਿਵੇਂ ਮੂਰਤੀ ਪਰ ਜਿਸ ਅਵਤਾਰ, ਦੇਵਤਾ ਦੀ ਛਾਪ ਹੈ ਉਸ ਦੀ ਕੋਈ ਕਮਜ਼ੋਰੀ ਨਹੀਂ ਔਰ ਮੂਰਤੀ ਪੂਜਾ ਸਤਿਕਾਰ ਰੂਪ ਕੀਮਤ ਵੀ ਘਟ ਨਹੀਂ ਹੋ ਸਕਦੀ, ਸਿਰਫ ਮੂਰਤੀ ਪੂਜਕਾਂ ਦੀ ਹੀ ਬੇ-ਪ੍ਰਵਾਹੀ ਹੈ ਜੋ ਆਪਣੀ ਪੂਜਜ ਮੂਰਤੀਆਂ ਦੀ ਰਖਿਆ ਵੀ ਨਹੀਂ ਕਰ ਸਕਦੇ।

ਕਈ ਸੱਜਣ ਇਹ ਵੀ ਸ਼ੰਕਾ ਕਰਿਆ ਕਰਦੇ ਹਨ ਕਿ ਪਾਕਿਸਤਾਨ ਵਿਚ ਮੂਰਤੀਆਂ ਦੀ ਬੜੀ ਪੂਜਾ ਕੀਤੀ ਪਰ ਪਾਕਸਤਾਨ ਵਿਚੋਂ ਰਖਿਆ ਕਿਸੇ ਨੇ ਵੀ ਨਾ ਕੀਤੀ। ਉਨ੍ਹਾਂ ਸਜਣਾ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਿਹੜੇ ਮਜ਼ਬ ਪਾਕਸਤਾਨ ਵਿਚ ਮੂਰਤੀ ਪੂਜਕ ਨਹੀਂ ਸਨ, ਉਲਟਾ ਮੂਰਤੀ ਪੂਜਾ ਦੇ ਵਿਰੁਧ ਪਰਚਾਰ ਕਰਦੇ ਸਨ, ਉਨ੍ਹਾਂ ਦੇ ਅਸਲ ਪਰਮਾਤਮਾਂ ਜਾਂ ਕਿਸੇ ਗੁਰੂ ਪੀਰ ਨੇ ਕੀ ਰਖਿਆ ਉਨ੍ਹਾਂ ਦੀ ਕੀਤੀ ਹੈ ? ਜੇਕਰ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਵੀ ਵਿਚੋ ਪਾਕਸਤਾਨ ਦੇ ਕਈ ਮਨੁਸ਼ ਮਾਰੇ ਤੇ ਲੁਟੇ ਗਏ ਸਨ ਤਾਂ ਇਹ ਨਾ ਰਖਿਆ ਕਰਨ ਵਾਲਾ ਕਲੰਕ ਕੇਵਲ ਮੂਰਤੀ ਪੂਜਕਾਂ ਉਤੇ ਹੀ ਕਿਵੇਂ ਲਗ ਸਕਦਾ ਹੈ ? ਇੰਜ ਜਿਹੜੇ ਨਾਸਤਕ ਈਸ਼ਵਰ ਦੀ ਹਸਤੀ ਮੰਨਣ ਤੋਂ ਵੀ ਮੁਨਕਰ ਸਨ, ਉਨ੍ਹਾਂ ਦੇ ਵੀ ਕਈ ਮਾਰੇ ਤੇ ਲੁਟੇ ਗਏ ਹਨ ਤਾਂ ਫਿਰ ਨਾਸਤਕ ਬਣਨਾ ਵੀ ਕੋਈ ਵਡਿਆਈ ਸਿਧ ਨਹੀਂ ਹੁੰਦੀ।

੨੨. **ਪ੍ਰਸ਼ਨ**—ਨਕਲੀ ਮੂਰਤੀਆਂ ਦੀ ਸੇਵਾ ਪੂਜਾ ਸੇ, ਅਸਲੀ ਦੇਵੀ ਦੇਵਤਿਆਂ ਦੀ ਸੇਵਾ ਪੂਜਾ ਕਿਵੇਂ ਸਿਧ ਹੋ ਸਕੇਗੀ।

ਉੱਤਰ—ਜਿਵੇਂ ਨਕਲ ਤੋਂ ਹੀ ਅਸਲ ਗਿਆਨ ਹੋ ਜਾਂਦਾ ਹੈ, ਤਿਵੇਂ ਨਕਲੀ ਦੀ ਪੂਜਾ ਸੇ ਹੀ ਅਸਲੀ ਦੀ ਪੂਜਾ ਹੋ ਜਾਂਦੀ ਹੈ। ਨੋਟ ਵਿਚ ਅਸਲੀ ਚਾਂਦੀ ਦਾ ਰੁਪਿਆ ਕੋਈ ਨਹੀਂ ਹੁੰਦਾ ਜੇ ਵਿਚ ਹੋਵੇ ਤਾਂ ੧੦੦) ਦਾ ਨੋਟ ਸਵਾ ਸੇਰ ਭਾਰਾ ਹੋਣਾ ਚਾਹੀਦਾ ਸੀ, ਔਰ ਚਾਂਦੀ ਦੇ ਰੁਪੈ ਪਾਨੀ ਵਿਚ ਪਾਇਆਂ ਨਹੀਂ ਗਲਦੇ ਅਤੇ ਨੋਟ ਗਲ ਵੀ ਜਾਂਦਾ ਹੈ, ਇਸ ਲਈ ਨੋਟ ਅਸਲੀ ਰੁਪੈ ਨਹੀਂ ਨਕਲੀ ਹੈ, ਕਿੰਤੂ ਉਸ ੧੦੦) ਦੇ ਨੋਟ ਨੂੰ ਦੇਖਕੇ ਪਹਿਲੇ ਸੌ ਰੁਪੈ ਦਾ ਗਿਆਨ ਹੁੰਦਾ ਹੈ, ਫਿਰ ਅਗਰ ਚਾਹੇ ਤੋ ਅਸਲੀ ੧੦੦) ਰੁਪਿਆ ਜਾਂ ੧੦੦) ਰੁਪੈ ਦੀ ਜੇਹੜੀ ਚੀਜ਼ ਉਹ ਚਾਹੈ ਮਿਲ ਸਕਦੀ ਹੈ, ਤਾਂਤੇ ਨਕਲ ਵੀ ਕਿਤੇ ਕਿਤੇ ਅਸਲੀ ਦਾ ਕੰਮ ਦੇ ਜਾਂਦੀ ਹੈ, ਜਿਵੇਂ ਕਿਸੇ ਕਰਜ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆ ਹੋਵੇ ਤੇ ਆਪਣੀ ਜ਼ਬਾਨੀ ਵਾਇਦਾ ਕੀਤਾ ਹੋਵੇ ਕਿ ਮੈਂ ਪੰਜ ਮਹੀਨੇ ਦੇ ਅੰਦਰ ਹੀ ਇਹ ਕਰਜ਼ਾ ਮੁਕਾ ਦੇਵਾਂਗਾ ਪ੍ਰੰਤੂ ਇਹੀ ਵਾਇਦਾ ਲਿਖ ਕੇ ਵੀ ਦੇ ਦਿਤਾ ਹੋਵੇ ਕਿ ਮੈਂ ਇਹ ਕਰਜ਼ਾ ਪੰਜ ਮਹੀਨੇ ਦੇ ਅੰਦਰ ਹੀ ਮੁਕਾ ਦੇਵਾਂਗਾ ਪਰ ਪੰਜ ਮਹੀਨੇ ਗੁਜ਼ਰਨ ਤੋਂ ਬਾਦ ਉਹ ਅਸਲ ਜ਼ਬਾਨੀ ਵਾਇਦੇ ਕੀਤੇ ਤੋਂ ਮੁਨਕਰ ਹੋ ਜਾਵੇ ਕਿ ਮੈਂ ਕਰਜ਼ਾ ਤੇਰੇ ਕੋਲੋਂ ਕੋਈ ਨਹੀਂ ਲਿਆ, ਤੇ ਨਾਂ ਹੀ ਮੈਂ ਕੋਈ ਪੰਜ ਮਹੀਨੇ ਦਾ ਵਾਇਦਾ ਹੀ ਕੀਤਾ ਹੈ ਤਾਂ, ਉਸ ਵਕਤ ਉਸਦੇ ਲਿਖ ਕੇ ਦਿਤੇ ਹੋਇ ਦਸਤਖਤ ਜੋ, ਨਕਲ, ਸਨ, ਉਸ ਅਸਲੀ ਜ਼ਬਾਨੀ ਵਾਇਦੇ ਕੀਤੇ ਹੋਇ ਨੂੰ ਮੁਨਕਰ ਨਹੀਂ ਹੋਣ ਦਿੰਦੇ, ਤਾਂਤੇ ਕਿਤੇ ਕਿਤੇ ਅਸਲ ਨਾਲੋਂ, ਨਕਲ ਹੀ ਜਬਰਦਸਤ ਹੋ ਜਾਂਦੀ ਹੈ, ਤਿਵੇਂ ਹੀ ਦੇਵੀ, ਦੇਵਤੇ ਅਵਤਾਰ ਆਦਕਾਂ ਦੀਆਂ ਮੂਰਤੀਆਂ, ਪੂਜਾ ਸਮੇਂ ਉਹਨਾਂ ਖ਼ੁਦ ਅਸਲਾਂ ਜਿਹੀ ਪੂਜਾ ਦਾ ਕੰਮ ਦੇ ਜਾਂਦੀਆਂ ਹਨ, ਘਟ ਨਹੀਂ, ਜਿਵੇਂ ਸ੍ਰੀ, ਨਾਮੇਂ ਭਗਤ ਨੇ ਮੂਰਤੀ ਨੂੰ ਅਜਿਹਾ ਪਕੜਿਆ ਕਿ, ਉਸ ਮੂਰਤੀ ਨੂੰ ਛਡਿਆ ਤਾਂ, ਜਦ ਉਸ ਮੂਰਤੀ ਵਾਲੇ ਅਸਲ, ਨੇ ਆਪ ਆਕੇ ਦੁਧ ਪੀਤਾ : ਪ੍ਰਮਾਣ, ਨਾਮੇਂ ਦੇਖਿ ਨਰਾਇਨੁ ਹਸੈ, ਦੂਧ ਪੀਆਇ ਭਗਤੁ ਘਰਿ ਗਾਇਆ, ਨਾਮੇ ਹਰਿ ਕਾ ਦਰਸ਼ਨੁ ਭਇਆ, ਭੈਰੋ ਨਾਮ ਦੇਵ ਜੀ, ਤਥਾ : ਠਾਕੁਰ ਨੋ ਨ੍ਹਾਵਾਲ ਕੈ ਚਰਣੋਦਕ ਲੈ ਤਿਲਕ ਚੜ੍ਹਾਇਆ, ਹਥ ਜੋੜ ਬਿਨਤੀ ਕਰੇ ਦੁਧ ਪੀਅਹੁ ਜੀ ਗੋਬਿੰਦ ਰਾਯਾ, ਨਿਹਚਉ ਕਰ ਅਰਾਧਿਆ ਹੋਇ ਦਯਾਲ ਦਰਸ ਦਿਖਲਾਯਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰੀ ਕਟੋਰੀ ਨਾਮ ਦੇਵ ਲੈ ਠਾਕੁਰ ਨੋ ਦੁਧ ਪੀਆਯਾ, ਭਾਈ ਗੁਰਦਾਸ ਜੀ ਦੀ ਵਾਰ ੧੦ ਪੌੜੀ ੧੧।

੨੩. ਪ੍ਰਸ਼ਨ--ਜੇਕਰ ਭਗਤ ਨਾਮ ਦੇਵ ਜੀ ਨੇ ਮੂਰਤੀ ਪੂਜਾ ਦੁਆਰਾ ਹੀ ਭਗਵਾਨ ਨੂੰ ਦੁਧ ਪਿਲਾਯਾ ਸੀ ਤਾਂ ਸ੍ਰੀ ਨਾਮ ਦੇਵ ਜੀ ਕਿਉਂ ਲਿਖ ਰਹੇ ਹਨ ਕਿ, ਏਕੈ ਪਾਥਰ ਕੀਜੈ ਭਾਉ, ਦੂਜੈ ਪਾਥਰ ਧਰੀਐ ਪਾਉ, ਜੇ ਉਹ ਦੇਉ ਤਾਂ ਉਹ ਭੀ ਦੇਵਾ, ਕਹਿ ਨਾਮ ਦੇਉ ਹਮ ਹਰਿ ਕੀ ਸੇਵਾ, (ਗੂਜਰੀ ਨਾਮਦੇਵ।)

ਉਤਰ--ਇਥੇ ਨਾਮਦੇਵ ਜੀ ਭੀ ਇਸ ਪ੍ਰਸ਼ਨ ਦਾ ਜੁਵਾਬ ਦੇ ਰਹੇ ਹਨ ਕਿ ਲੋਕ ਕਹਿੰਦੇ ਹਨ ਕਿ, ਹਿੰਦੂ ਪਥਰ ਪੂਜਕ ਹਨ, ਕਿੰਤੂ, ਸ੍ਰੀ ਨਾਮ ਦੇਵ ਜੀ ਕਹਿੰਦੇ ਹਨ ਕਿ ਜੇਕਰ ਪਥਰ ਪੂਜਕ ਹੁੰਦੇ ਤਾਂ ਇਕ ਪਥਰ ਨੂੰ ਭਾਉ ਕਰ ਕੇ ਪੂਜਦੇ ਹਨ ਤਾਂ ਦੂਜੇ ਪਥਰ ਉਤੇ ਪੈਰ ਧਰਕੇ ਲੰਘ ਜਾਂਦੇ ਹਨ, ਜੇਕਰ ਪਹਿਲੇ ਪੱਥਰ ਨੂੰ ਦੇਵਤਾ ਮੰਨਦੇ ਸਨ ਤਾਂ ਦੂਜੇ ਓਹੋ ਜਿਹੇ ਪਥਰ ਉਤੇ ਪੈਰ ਧਰ ਕੇ ਕਿਉਂ ਲੰਘ ਜਾਂਦੇ ਹਨ, ਫਿਰ ਓਹ ਵੀ ਦੇਵਤਾ ਹੀ ਹੋਣਾ ਚਾਹੀਦਾ ਸੀ, ਤਾਂ ਤੇ ਹਿੰਦੂ ਪੱਤਰ ਪੂਜਕ ਨਹੀਂ। ਸ੍ਰੀ ਨਾਮ ਦੇਵ ਜੀ ਕਹਿੰਦੇ ਹਨ ਕਿ ਹਮ—ਅਸੀਂ ਮੂਰਤੀ ਦੁਆਰਾ ਹਰਿ—ਪਰਮਾਤਮਾਂ ਦੀ ਹੀ ਸੇਵਾ—ਪੂਜਾ ਕਰਦੇ ਹਾਂ, ਪੱਥਰ ਦੀ ਨਹੀਂ। ਇਸ ਵਿਚ ਨਾਮ ਦੇਵ ਜੀ ਨੇ ਮੂਰਤੀ ਦੁਆਰਾ ਪਰਮਾਤਮਾਂ ਦੀ ਪੂਜਾ ਦਾ ਨਿਸ਼ੇਧ ਨਹੀਂ ਕੀਤਾ ਕਿੰਤੂ ਪਥਰ ਪੂਜਾ ਦਾ ਨਿਸ਼ੇਧ ਕੀਤਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਪਰਮਾਤਮਾਂ ਦੀ ਪੂਜਾ ਭਗਤੀ ਕਿਸੇ ਨਾ ਕਿਸੇ ਮੂਰਤੀ ਦੁਆਰਾ ਹੀ ਹੋ ਸਕਦੀ ਹੈ, ਚਾਹੇ ਪਥਰ ਮੂਰਤੀ ਦੁਆਰਾ ਨਾ ਕੀਤੀ ਜਾਵੇ ਤੇ ਉਪਮਾਂ ਰੂਪ ਸ਼ਬਦਾਂ (ਮੂਰਤੀਆਂ) ਦੁਆਰਾ ਜਾਂ ਨਾਮ ਸਿਮਰਨ ਰੂਪ, ਮੂਰਤੀ ਦੁਆਰਾ ਕੀਤੀ ਜਾ ਸਕੇਗੀ ਇਹ ਚੰਗੀ ਤਰਾਂ ਪਿਛੇ ਖੋਹਲ ਕੇ ਦਸ ਆਏ ਹਾਂ ਕਿ ਸ਼ਬਦ, ਨਾਮ, ਆਦਕ ਸਭ ਮੂਰਤੀ ਵਤ ਹੀ ਉਸ ਪਰਮਾਤਮਾਂ ਲਈ ਕਲਪੇ ਹੋਏ ਹਨ, ਇਨ੍ਹਾਂ ਵਿਚ ਹੀ ਪਰਮਾਤਮਾਂ ਨਹੀਂ ਪਕੜਿਆ ਹੋਇਆ, ਜੇਕਰ ਵਿਆਪਕ ਹੋਣੇ ਸੇ ਇਨ੍ਹਾਂ ਵਿਚ ਵੀ ਪਕੜਿਆ ਹੋਇਆ ਮੰਨੀਏਂ ਤਾਂ ਮੂਰਤੀ ਵਿਚ ਵੀ ਤਿਵੇਂ ਹੀ ਵਿਆਪਕ ਹੈ, ਫਿਰ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ ਹੋ ਸਕੇਗਾ। ਤਾਂ ਤੇ ਇਥੇ ਜਿਵੇਂ ਨੋਟ ਵਿਚ ਕੋਈ ਰੁਪਈਐ ਫਸੇ ਹੋਏ ਨਹੀਂ ਹੁੰਦੇ, ਪ੍ਰੰਤੂ ਗੌਰਮਿੰਟ ਦੀ ਉਤੇ ਛਾਪ ਹੋਣੇ ਸੇ ਉਹ ਕੀਮਤੀ ਹੁੰਦਾ ਹੈ। ਉਸੇ ਨੋਟ ਜਿਹਾ ਕੋਈ ਹੋਰ ਕਾਗਜ਼ ਲਿਖਿਆ ਹੋਇਆ ਨੋਟ ਜਿਹੀ ਕੀਮਤ ਨਹੀਂ ਰਖਦਾ, ਪ੍ਰੰਤੂ ਵਿਚਾਰ ਕੀਤੀ ਜਾਵੇ ਤਾਂ ਦੋਵੇਂ ਹੀ ਕਾਗਜ਼ ਇਕੋ ਜਿਹੇ ਗਲ ਵੀ ਸਕਦੇ ਤੇ ਸੜ ਵੀ ਸਕਦੇ ਹਨ। ਇਹ ਨਹੀਂ ਕਿ ਨੋਟ ਕਾਗਜ਼ ਉਤੇ ਗੌਰਮਿੰਟ ਦੀ ਛਾਪ ਹੈ, ਇਸ ਨੂੰ ਸੜਨ ਤੇ ਪਾਟਨ ਤੋਂ ਗੌਰਮਿੰਟ ਬਚਾ ਸਕਦੀ ਹੈ। ਜਾਂ ਸੜਨ ਪਾਟਨ ਹੀ ਨਹੀਂ ਦਿੰਦੀ ਤਿਵੇਂ ਹੀ ਮੂਰਤੀ ਵਾਲਾ ਪਥਰ ਜਿਸ ਵਿਚ ਪੂਜਾ ਦਾ ਭਾਉ ਕੀਤਾ ਜਾਂਦਾ ਹੈ ਤੇ ਦੂਜਾ ਪੱਥਰ ਜੋ ਸੜਕਾਂ ਵਿਚ ਪਿਆ ਹੈ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਤੇ ਪੈਰ ਧਰਕੇ ਸਭ ਲੰਘ ਜਾਂਦੇ ਹਨ ਉਹ ਦੋਵੇਂ ਹੀ ਇਕੋ ਪੱਥਰ ਹਨ, ਪ੍ਰੰਤੂ ਜੋ ਜਿਸ ਦੇਵਤਾ ਦੀ ਮੂਰਤੀ ਵਾਲਾ ਪਥਰ ਹੈ ਉਸ ਉਤੇ ਉਸ ਦੇਵਤਾ ਦੀ ਮੂਰਤੀ ਰੂਪੀ ਛਾਪ ਸਮਝੋ, ਇਸ ਲਈ ਉਹ ਪੂਜਜ ਹੈ ਵਰਨਾ ਨਹੀਂ, ਤੇ ਉਹ ਵੀ ਪੱਥਰ ਹੀ ਹੈ, ਤਾਂ ਤੇ ਇਥੇ ਵਿਖਾਇਆ ਗਿਆ ਹੈ ਕਿ, ਪੂਜਾ ਪਥਰ ਦੀ ਨਹੀਂ ਕਿੰਤੂ ਪਥਰ ਉਤੇ ਜਿਸ ਦੀ ਛਾਪ ਹੈ, ਉਸ ਦੀ ਹੈ। ਇਸ ਲਈ ਇਸ ਸ਼ਬਦ ਵਿਚ ਨਾਮਦੇਵ ਜੀ ਨੇ ਮੂਰਤੀ ਦੁਆਰਾ ਪੂਜਾ ਦਾ ਖੰਡਨ ਨਹੀਂ ਕੀਤਾ ਉਲਟਾ ਮੂਰਤੀ ਪੂਜਾ ਦਾ ਮਤਲਬ ਦਸਿਆ ਹੈ।

ਬਾਕੀ ਆਪਣੇ ਆਪਣੇ ਮਤ ਦੀਆਂ ਧਰਮ ਪੁਸਤਕਾਂ ਉਤੇ ਕੋਈ ਵੀ ਪੈਰ ਧਰਨ ਨੂੰ ਤਿਆਰ ਨਹੀ ਹੋ ਸਕਦਾ, ਉਲਟਾ ਸਤਿਕਾਰ ਦੀ ਨਜ਼ਰ ਨਾਲ ਦੇਖਦੇ ਹਨ, ਪ੍ਰੰਤੂ ਧਰਮ ਗ੍ਰੰਥਾਂ—ਪੁਸਤਕਾਂ ਵਿਚ ਵੀ ਕਾਗਜ਼ ਤੇ ਸਿਆਹੀ ਦੇ ਲਿਖੇ ਹੋਏ ਅਖਰ ਹੁੰਦੇ ਹਨ ਤੇ ਅਖਬਾਰਾਂ ਆਦਕਾਂ ਵਿਚ ਵੀ ਕਾਗਜ਼ ਤੇ ਸਿਆਹੀ ਦੇ ਲਿਖੇ ਹੋਏ ਅਖਰ ਹੀ ਹੁੰਦੇ ਹਨ, ਪਰ ਉਨ੍ਹਾਂ ਅਖਬਾਰਾਂ ਦੇ ਕਾਗਜ਼ ਲਿਖੇ ਹੋਏ ਪੈਰਾਂ ਹੇਠ ਰੁਲਦੇ ਫਿਰਦੇ ਹਨ ਕੋਈ ਪਰਵਾਹ ਨਹੀਂ ਕੀਤੀ ਜਾਂਦੀ, ਅਤੇ ਧਰਮ ਪੁਸਤਕਾਂ ਦੇ ਕਾਗਜ਼ ਵੀ ਪਾਣੀ ਵਿਚ ਪਾਇਆ ਗਲ ਜਾਂਦੇ ਹਨ ਤੇ ਅਖਬਾਰਾਂ ਦੇ ਕਾਗਜ਼ ਵੀ ਪਾਣੀ ਵਿਚ ਗਲ ਜਾਂਦੇ ਹਨ, ਤਾਂ ਤੇ ਦੋਹਾਂ ਦੇ ਕਾਗਜ਼, ਸਿਆਹੀ ਵਿਚ ਕੁਝ ਫਰਕ ਨਹੀਂ ਸਿਧ ਹੁੰਦਾ, ਤਾਂ ਫਿਰ ਕੇਵਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਧਰਮ ਪੁਸਤਕਾਂ ਦਾ ਹੀ ਸਤਿਕਾਰ ਕਿਉਂ ਕੀਤਾ ਜਾਂਦਾ ਹੈ, ਇਹੋ ਕਹਿਣਾ ਪਵੇਗਾ ਕਿ ਕਾਗਜ਼ ਤੇ ਸਿਆਹੀ ਵਿਚ ਕੁਝ ਫਰਕ ਨਹੀਂ, ਕਿੰਤੂ ਧਰਮ ਪੁਸਤਕਾਂ ਵਿਚ ਪੂਜਜ ਰਿਸ਼ੀਆਂ, ਸੰਤਾਂ, ਅਵਤਾਰਾਂ ਆਦਕਾਂ ਦੇ ਬਚਨ ਲਿਖੇ ਹੋਏ ਹੁੰਦੇ ਹਨ ਇਸ ਲਈ ਉਹ ਸਤਿਕਾਰ ਯੋਗ ਹਨ, ਤਾਂ ਫਿਰ ਇਥੇ ਇਹ ਸੁਆਲ ਪੈਦਾ ਹੋ ਸਕੇਗਾ ਕਿ ਧਰਮ ਪੁਸਤਕਾਂ ਵਿਚ ਸੰਤਾਂ ਜਾਂ ਅਵਤਾਰਾਂ ਆਦਕਾਂ ਦੇ ਬਚਨ ਲਿਖੇ ਹੋਇ, ਉਹਨਾਂ ਧਰਮ ਪੁਸਤਕਾਂ ਨੂੰ ਕੁਛ ਗਿਆਨ ਵੀ ਸਿਖਾਉਂਦੇ ਹਨ ਕਿ ਨਹੀਂ, ਜਾਂ ਉਹਨਾਂ ਦੀ ਕੁਛ ਰਾਖੀ ਵੀ ਕਰ ਸਕਦੇ ਹਨ ਕਿ ਨਹੀਂ ਜੇਕਰ ਮੱਖੀ ਵੀ ਨਹੀਂ ਉਡਾ ਸਕਦੇ ਜਾਂ ਕੁਛ ਵੀ ਗਿਆਨ ਨਹੀਂ ਸਿਖਾ ਸਕਦੇ ਤਾਂ ਜਿਸ ਪਥਰ ਤੇ ਕਿਸੇ ਦੇਵਤਾ, ਅਵਤਾਰ ਦੀ ਮੂਰਤੀ ਰੂਪੀ ਛਾਪ ਹੈ, ਉਸ ਪਥਰ ਮੂਰਤੀ ਉਤੇ ਇਹ ਸੁਆਲ ਕਿਉਂ ਕੀਤੇ ਜਾਂਦੇ ਹਨ ਕਿ ਉਹ ਮੂਰਤੀਆਂ ਜਦ ਆਪਣੀ ਰਖਿਆ ਨਹੀਂ ਕਰ ਸਕਦੀਆਂ ਤਾਂ ਉਹ ਸਾਡੀ ਰਖਿਆ ਕੀ, ਕਰਨਗੀਆਂ, ਅਤੇ ਜੇਕਰ ਮੂਰਤੀਆਂ ਨੂੰ ਆਪ ਨੂੰ ਕੋਈ ਗਿਆਨ ਨਹੀ ਜੜ੍ਹ ਹਨ ਤਾਂ ਸਾਨੂੰ ਉਹਨਾਂ ਵਿਚੋਂ ਕੀ ਲਾਭ ਹੋਵੇਗਾ, ਤਾਂਤੇ ਮੂਰਤੀ ਪੂਜਾ ਨਹੀਂ ਹੋਣੀ ਚਾਹੀਦੀ ਆਦਕ, ਪ੍ਰੰਤੂ ਧਰਮ ਪੁਸਤਕਾਂ ਉਤੇ ਵੀ ਇਹੋ ਸੁਆਲ ਕੀਤੇ ਜਾ ਸਕਦੇ ਹਨ, ਤਾਂ ਫਿਰ ਉਹਨਾਂ ਦੀ ਸਤਿਕਾਰ ਰੂਪ ਪੂਜਾ ਕਿਉਂ ਹੋਣੀ ਚਾਹੀਦੀ ਹੈ, ਜੇਕਰ ਇਹ ਕਹੀਏ ਕਿ, ਪੁਸਤਕਾਂ ਵਿਚੋਂ ਗਿਆਨ, ਪ੍ਰਾਪਤ ਹੁੰਦਾ ਹੈ, ਮੂਰਤੀ ਵਿਚੋਂ ਕੁਛ ਵੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਪਤ ਨਹੀਂ ਹੁੰਦਾ, ਤਾਂ ਪੁਸਤਕਾਂ ਵਿਚੋਂ ਵੀ ਅਨਪੜ੍ਹੇ ਮਨੁਖ ਨੂੰ ਕੁਛ ਪ੍ਰਾਪਤ ਨਹੀਂ ਹੁੰਦਾ, ਪੜ੍ਹੇ ਹੋਇ ਨੂੰ ਹੀ ਹੁੰਦਾ ਹੈ, ਤਿਵੇਂ ਮੂਰਤੀ ਵਿਚੋਂ ਵੀ ਪੜ੍ਹੇ ਹੋਇ ਮਨੁਖ ਦੇ ਤੁਲ, ਮੂਰਤੀ ਵਾਲੇ, ਗੁਰੂ, ਅਵਤਾਰ ਆਦਕਾਂ ਦੇ ਸ਼ੁਭ ਗੁਣਾਂ ਦੇ ਜਾਣੂ ਸ਼ਰਧਾਲੂ ਮਨੁਖ ਨੂੰ ਹੀ ਉਸ ਮੂਰਤੀ ਦੇ ਦਰਸ਼ਨ ਸੇ ਉਸ ਮੂਰਤੀ ਵਾਲੇ ਦੇਵਤਾ : ਅਵਤਾਰ ਆਦਕਾਂ ਦੇ ਸਾਰੇ ਸ਼ੁਭ ਗੁਣ ਚਿੰਤਨ ਹੋ ਜਾਂਦੇ ਹਨ ਜਿਸ ਕਰਕੇ ਅੰਤਾ : ਕਰਨ ਉਤੇ ਉਹਨਾਂ ਸ਼ੁਭ ਗੁਣਾਂ ਦਾ ਪ੍ਰਭਾਵ ਪੈ ਕੇ ਉਹ ਮਨੁਸ਼ ਸਦਾ ਚਾਰੀ ਹੋ ਜਾਂਦਾ ਹੈ ਇਸ ਤੋਂ ਵਧ ਹੋਰ ਲਾਭ ਕੀ ਹੋਣਾ ਚਾਹੀਦਾ ਹੈ, ਤਾਂਤੇ ਮੂਰਤੀ ਪੂਜਾ ਬਿਅਰਥ ਨਹੀਂ ।

੨੪. ਪ੍ਰਸ਼ਨ--ਸ੍ਰੀ ਭਾਗ ਮਲ ਦੇ ਬਣੇ ਹੋਇ, ਗੁਰਮਤ ਦਰਸ਼ਨ, ਦੇ ਸਫਾ ੨੨੪ ਤੇ ਲਿਖਿਆ ਹੈ ਕਿ, ਸਰਗੁਣ ਬ੍ਰਹਮ ਕੇਵਲ ਮਿੱਟੀ ਪਥਰਾਂ ਦੇ ਘੜੇ ਠਾਕਰਾਂ ਵਿਚ ਹੀ ਵਿਆਪਕ ਨਹੀਂ ਭਾਵ ਸਾਰਾ ਸੰਸਾਰ ਹੀ ਨਿਰਗੁਣ ਬ੍ਰਹਮ ਦਾ ਸਰਗੁਣ ਸਰੂਪ ਹੈ, ਅਤੇ ਇਸੇ ਭਰਮ ਨਿਵਰਤੀ ਹਿਤ ਜਗਨ ਨਾਥ ਦੇ ਪੰਡਿਆਂ ਨੂੰ ਮਿੱਟੀ ਪਥਰ ਦੇ ਠਾਕੁਰਾਂ ਦੀ ਆਰਤੀ ਉਪਾਰਨ ਅਤੇ ਪੂਜਾ ਕਰਨ ਤੋਂ ਸ੍ਰੀ ਗੁਰੂ ਜੀ ਨੇ, ਧਨਾਸਰੀ ਰਾਗ ਵਿਚ, ਗਗਨ ਮੈਂ ਥਾਲ, ਵਾਲੇ ਸ਼ਬਦ ਦੁਆਰਾ ਤਾੜਨਾ ਕੀਤੀ ਸੀ, ਅਤੇ ਤੁਸੀਂ ਪਿਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਮਾਣ, ਨਾਮੇ ਦੇਖਿ ਨਰਾਇਨੁ ਹੱਸੈ, ਲਿਖਕੇ ਕਹਿ ਆਏ ਹੋ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਮ ਦੇਵ ਜੀ ਨੇ ਮੂਰਤੀ ਨੂੰ ਅਜਿਹਾ ਪਕੜਿਆ ਜੋ ਉਸ ਮੂਰਤੀ ਵਾਲੇ ਨੇ ਆਪ ਆ ਕੇ ਦੁਧ ਪੀਤਾ, ਇਧਰ ਸ੍ਰੀ ਭਾਗ ਮਲ ਜੀ, ਸਾਰਾ ਸੰਸਾਰ ਹੀ ਨਿਰਗੁਣ ਬ੍ਰਹਮ ਦਾ ਸਰਗੁਣ ਸਰੂਪ ਹੈ, ਕਹੈ ਰਹੈ ਹਨ, ਤੇ ਗੁਰੂ ਜੀ ਨੇ ਜਗਨ ਨਾਥ ਦੇ ਪੰਡਿਆਂ ਨੂੰ ਆਰਤੀ ਕਰਨ ਤੋਂ ਰੋਕ ਕੇ ਮੂਰਤੀ ਪੂਜਾ ਦਾ ਖੰਡਨ ਕੀਤਾ ਲਿਖ ਰਹੈ ਹਨ ਕੀ–ਸਚ ਹੈ।

ਉਤਰ--ਇਸ ਪ੍ਰਸ਼ਨ ਦਾ ਉਤਰ ਸ੍ਰੀ ਭਾਗ ਮਲ ਜੀ ਹੀ ਦੇ ਸਕਦੇ ਹਨ ਕਿ, ਜੇਕਰ ਨਿਰਗੁਣ ਬ੍ਰਹਮ ਦਾ ਸਰਗੁਨ ਸਰੂਪ ਸਾਰਾ ਸੰਸਾਰ ਹੀ ਹੈ, ਹੋਰ ਕੋਈ ਵਿਅਕਤੀ ਮਾਤ੍ਰ ਨਹੀਂ ਤਾਂ ਕ੍ਰਿਪਾ ਕਰਕੇ ਦੱਸਣ ਦੀ ਖੇਚਲ ਕਰਨ ਕਿ, ਜਦੋਂ ਨਾਮ ਦੇਵ ਜੀ ਨੇ, ਸੁਇਨ ਕਟੋਰੀ ਅੰਮ੍ਰਿਤ ਭਰੀ, ਲੈ ਨਾਮੇ ਹਰਿ ਆਗੇ ਧਰੀ, ਵਾਕ ਅਨੁਸਾਰ ਸੋਨੇ ਦੀ ਕਟੋਰੀ ਦੁਧ ਦੀ ਭਰਕੇ ਹਰੀ–ਪ੍ਰਮਾਤਮਾਂ ਅਗੇ ਧਰੀ ਸੀ ਉਸ ਵਕਤ ਸਾਰੇ ਸੰਸਾਰ ਰੂਪੀ ਪਰਮਾਤਮਾਂ ਅਗੇ ਧਰੀ ਸੀ ਜਾਂ ਨਿਰਗੁਣ ਬ੍ਰਹਮ ਅਗੇ ਧਰੀ ਸੀ ਅਥਵਾ ਕਿਸੇ ਮੂਰਤੀ ਅਗੇ ਧਰੀ ਸੀ। ਜੇਕਰ ਸਾਰੇ ਸੰਸਾਰ ਰੂਪ ਸਰਗੁਣ ਬ੍ਰਹਮ ਅਗੇ ਧਰੀ ਸੀ ਤਾਂ ਸਾਰੇ ਸੰਸਾਰ ਰੂਪ ਪਰਮਾਤਮਾਂ ਨੇ ਉਹ ਦੁਧ ਪੀਤਾ ਕਿਵੇਂ ਸੀ, ਕੀ ਸਾਰਾ ਸੰਸਾਰ ਜਿਸ ਵਿਚ ਕਰੋੜਾਂ ਬ੍ਰਹਮੰਡ ਹਨ ਉਹ ਸਾਰੇ ਨਾਮ ਦੇਵ ਜੀ ਦੇ ਅਗੇ ਚਰ ਅਚਰ ਹਾਜ਼ਰ ਹੋਇ ਹੋਇ ਸਨ, ਅਥਵਾ ਸਾਰੇ ਸੰਸਾਰ ਨੇ ਦੁਧ ਪੀਤਾ ਤਾਂ ਕਿਸ ਮੂੰਹ ਨਾਲ ਅਤੇ ਨਾਮ ਦੇਵ ਨੂੰ ਵੇਖ ਕੇ ਨਾਰਾਇਣ ਹੱਸੈ ਤਾਂ ਕਿਸ ਮੂੰਹ ਨਾਲ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਉਂਕਿ ਸਾਰੇ ਸੰਸਾਰ ਰੂਪ ਬ੍ਰਹਮ ਦੇ ਕਰੋੜਾਂ ਤੋਂ ਵੀ ਵਧ ਮੂੰਹ ਹਨ, ਬਾਕੀ ਸਾਰੇ ਸੰਸਾਰ ਵਿਚ ਪਹਾੜ ਪ੍ਰਿਥਵੀ, ਨਦੀਆਂ, ਨਾਲੇ ਆਦਕ ਜੜ੍ਹ ਪਦਾਰਥ ਵੀ ਬਿਅੰਤ ਸ਼ਾਮਲ ਹਨ ਤਾਂ ਉਹਨਾਂ ਜੜ੍ਹ ਪਦਾਰਥਾਂ ਨੇ ਉਹ ਦੁਧ ਕਿਵੇਂ ਪੀ ਲਿਆ, ਜੇਕਰ ਨਹੀਂ ਪੀਤਾ ਤਾਂ ਸਾਰੇ ਸੰਸਾਰ ਰੂਪ ਸਰਗੁਣ ਬ੍ਰਹਮ ਨੇ ਫਿਰ ਦੁਧ ਪੀਤਾ ਸਾਬਤ ਨਹੀਂ ਹੋ ਸ਼ਕਦਾ ਕਿੰਤੂ ਵਿਚੋਂ ਕਿਸੇ ਚੇਤਨ ਵਿਅਕਤੀ ਨੇ ਪੀਤਾ ਮੰਨਿਆ ਜਾ ਸਕੇਗਾ ਅਤੇ ਉਹ ਵਿਅਕਤੀ ਸਰੀਰ ਧਾਰੀ ਹੋਵੇਗੀ, ਜੇ ਸਰੀਰ ਧਾਰੀ ਨਹੀਂ ਤਾਂ ਉਸਨੇ ਦੁਧ ਪੀਤਾ ਕਿਵੇਂ ਤੇ ਉਹ ਹੱਸੈ ਕਿਵੇਂ ਕਿਉਂਕਿ ਨਿਰਾਕਾਰ ਸਰੂਪ ਵਿਚ ਹੱਸਣਾ ਤੇ ਦੁਧ ਪੀਣਾ ਆਦਕ ਕ੍ਰਿਯਾ ਨਹੀਂ ਬਣ ਸ਼ਕਦੀ ਉਸ ਨਿਰਾਕਾਰ ਬ੍ਰਹਮ ਨੂੰ ਅਕ੍ਰਿਯ, ਅਲਖ ਅਗੰਮ ਆਦਕ ਲਿਖਿਆ ਹੈ ਤਾਂ ਸੋਚਣਾ ਇਹ ਸੀ ਕਿ, ਉਹ ਦੁਧ ਪੀਤਾ ਕਿਸਨੇ, ਬਲਕਿ ਉਹ ਦੁਧ ਤੇ ਨਾਮ ਦੇਵ ਜੀ ਆਪ ਭੀ ਸਾਰੇ ਸੰਸਾਰ ਰੂਪ ਸਰਗੁਣ ਸਰੂਪ ਵਿਚ ਸ਼ਾਮਲ ਸਨ ਫਿਰ ਦੁਧ ਪੀਤਾ ਕਿਸਨੇ ਤੇ ਪਿਲਾਯਾ ਕਿਸਨੇ।

ਬਾਕੀ ਜੇਕਰ ਕਿਸੇ ਮੂਰਤੀ ਅਗੇ ਉਹ ਦੁਧ ਦੀ ਕਟੋਰੀ ਧਰੀ ਸੀ ਤਾਂ ਫਿਰ ਉਹ ਮੂਰਤੀ ਜੜ੍ਹ ਸੀ ਉਹ ਵੀ, ਪੀ ਨਹੀਂ ਸਕਦੀ ਤੇ ਹੱਸਣਾ ਵੀ ਉਸ ਵਿਚ ਨਹੀਂ ਬਣਦਾ ਸੀ, ਤਾਂ ਫਿਰ ਇਸ ਵਿਚ, ਕੀ ਅਨੁਚਿਤਾ ਹੈ ਕਿ, ਉਸ ਮੂਰਤੀ ਵਾਲੇ ਸਾਕਾਰ ਪ੍ਰਮਾਤਮਾਂ ਨੇ ਆਪ ਆ ਕੇ ਦੁਧ ਪੀਤਾ: ਤੇ ਹੱਸੇ, ਜੇਕਰ ਇੰਜ ਹੀ ਹੈ ਤਾਂ ਜਗਨ ਨਾਥ ਦੇ ਪੰਡਤਾਂ ਨੂੰ ਗੁਰੂ ਜੀ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਰਤੀ ਪੂਜਾ ਕਰਨ ਤੋਂ ਤਾੜਨਾਂ ਕਿਉਂ ਕੀਤੀ ? ਜੇਕਰ ਕਿਹਾ ਜਾਵੇ ਕਿ ਮੂਰਤੀ ਅਗੇ ਨਾਮਦੇਵ ਜੀ ਨੇ ਦੁਧ ਦੀ ਕਟੋਰੀ ਨਹੀਂ ਸੀ ਧਰੀ ਕਿੰਤੂ ਸਾਰੇ ਸੰਸਾਰ ਰੂਪ ਸਰਗੁਣ ਬ੍ਰਹਮ ਅਗੇ ਧਰੀ ਸੀ ਕਿ ਇਹ ਦੁਧ ਪੀ ਲੈ ਜਾਂ ਕਹੈ ਕਿ ਨਿਰਗੁਨ ਬ੍ਰਹਮ ਅਗੇ ਹੀ ਧਰੀ ਸੀ ਤਾਂ ਇਹ ਇਤਿਹਾਸ ਦੇ ਉਲਟ ਹੈ, ਕਿਉਂਕਿ ਭਾਈ ਗੁਰਦਾਸ ਜੀ ਲਿਖ ਰਹੇ ਹਨ ਕਿ:—

ਠਾਕੁਰ ਨੋ ਨ੍ਹਾਵਾਲ ਕੈ,
ਚਰਣੋਦਕ ਲੈ ਤਿਲਕ ਚੜ੍ਹਾਯਾ :......
ਭਰੀ ਕਟੋਰੀ ਨਾਮਦੇਵ,
ਲੈ ਠਾਕੁਰ ਨੋ ਦੁਧ ਪੀਆਯਾ ॥

ਇਸ ਲਈ ਸਾਰੇ ਸੰਸਾਰ ਰੂਪੀ ਠਾਕੁਰ ਨੂੰ ਨਾਮਦੇਵ ਜੀ ਇਸ਼ਨਾਨ ਕਰਵਾ ਹੀ ਨਹੀਂ ਸਕਦੇ ਕਿਉਂਕਿ ਸਾਰਾ ਜੜ੍ਹ ਚੇਤਨ ਸੰਸਾਰ ਅਤੇ ਵਿਚੇ ਕਰੋੜਾਂ ਮੱਛਰ ਆਦਕ ਜੂਨੀਆਂ ਬੇ-ਅੰਤ ਲੰਬਾ ਚੌੜਾ ਹੈ ਔਰ ਨਿਰਾਕਾਰ ਦਾ ਆਕਾਰ ਕੋਈ ਨਹੀਂ, ਉਹ ਪਾਣੀ ਵਿਚ ਅੱਗੇ ਹੀ ਵਿਆਪਕ ਹੈ, ਉਸ ਨੂੰ ਵੀ ਨਾਮਦੇਵ ਜੀ ਇਸ਼ਨਾਨ ਨਹੀਂ ਕਰਵਾ ਸਕਦੇ ਸੀ, ਬਾਕੀ ਇਕ ਵਿਅਕਤੀ ਮਾਤ੍ਰ ਪ੍ਰਮਾਤਮਾਂ ਨੂੰ ਸ੍ਰੀ ਭਾਗ ਮਲ ਜੀ ਮੰਨਦੇ ਹੀ ਨਹੀਂ, ਕਿਉਂਕਿ ਉਹ ਪਰਮਾਤਮਾਂ ਦਾ ਕੋਈ ਵਿਅਕਤੀ ਮਾਤ੍ਰ ਸਰੀਰ, ਵਿਸ਼ਨੂੰ, ਸ਼ਿਵਜੀ ਜਾਂ ਕੋਈ ਅਵਤਾਰ ਹੋਣਾ ਖੰਡਨ ਕਰਦੇ ਹਨ, ਤਾਂਤੇ ਫਿਰ ਕਿਹੜੇ ਠਾਕੁਰ ਨੂੰ ਇਸ਼ਨਾਨ ਕਰਵਾ ਕੇ ਨਾਮ ਦੇਵ ਜੀ ਨੇ ਦੁਧ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਟੋਰੀ ਅੱਗੇ ਧਰੀ ਸੀ ? ਇਹੋ ਮੰਨਣਾ ਪਵੇਗਾ ਕਿ ਠਾਕੁਰ ਦੀ ਮੂਰਤੀ ਅੱਗੇ ਹੀ ਧਰੀ ਸੀ, ਤੇ ਉਸ ਮੂਰਤੀ ਵਾਲੇ ਅਸਲ ਨੇ ਆਪ ਆ ਕੇ ਦੁਧ ਪੀਤਾ ਸੀ।

ਬਾਕੀ ਜਗਨ ਨਾਥ ਦੇ ਪੰਡਤਾਂ ਨੂੰ ਜਿਸ ਸ਼ਬਦ ਦੁਆਰਾ ਤਾੜਨਾਂ ਕੀਤੀ ਕਹਿ ਰਹੇ ਹਨ ਕਿ ਮੂਰਤੀ ਪੂਜਾ ਨਹੀਂ ਕਰਨੀ ਚਾਹੀਦੀ, ਉਸ ਸ਼ਬਦ ਵਿਚ ਉਹ ਕਿਹੜਾ ਪਦ ਹੈ, ਜਿਸ ਦੁਆਰਾ ਮੂਰਤੀ ਪੂਜਾ ਦਾ ਖੰਡਨ ਹੋ ਜਾਂਦਾ ਹੈ, ਕਿਉਂਕਿ ਮੂਰਤੀ ਦਾ ਖੰਡਨ ਇਸੇ ਲਈ ਕਰਨਾ ਹੈ ਕਿ ਉਹ ਜੜ੍ਹ ਹੈ, ਚੇਤਨ ਬ੍ਰਹਮ ਨਹੀਂ, ਉਸ ਦੁਆਰਾ ਪਰਮਾਤਮਾਂ ਦੀ ਪੂਜਾ ਕੀਤੀ ਹੋਈ ਨਿਸਫਲ ਹੈ, ਤਾਂ ਜਿਹੜੀ ਆਰਤੀ ਗੁਰੂ ਜੀ ਨੇ ਕੀਤੀ ਹੈ, 'ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ' ਆਦਕ ਇਸ ਵਿਚ ਵੀ ਕਿਹੜਾ ਪਦਾਰਥ ਚੇਤਨ ਹੈ, ਕੀ ਗਗਨ–ਅਕਾਸ਼, ਚੇਤਨ ਹੈ ਜਾਂ ਸੂਰਜ, ਚੰਦਰਮਾਂ ਚੇਤਨ ਹਨ ਜਾਂ ਤਾਰੇ। ਧੂਪ, ਅਗਨੀ, ਵਾਯੂ ਆਦਕ ਚੇਤਨ ਹਨ, ਜੇਕਰ ਇਹ ਸਾਰੇ ਚੇਤਨ ਨਹੀਂ ਹਨ ਤਾਂ ਜਦ ਗੁਰੂ ਜੀ ਆਰਤੀ ਹੀ ਜੜ੍ਹ ਪਦਾਰਥਾਂ ਨੂੰ ਮੁਖ ਰਖ ਕੇ ਕਰ ਰਹੇ ਹਨ ਤਾਂ ਉਨ੍ਹਾਂ ਪੰਡਿਤਾਂ ਨੂੰ ਜੜ੍ਹ ਮੂਰਤੀ ਦੁਆਰਾ ਪ੍ਰਮੇਸ਼ਰ ਦੀ ਪੂਜਾ ਕਰਨ ਤੋਂ ਕਿਵੇਂ ਰੋਕ ਸਕਦੇ ਸਨ ਅਤੇ ਜਿਹੜੇ ਸ਼ਬਦ ਵਿਚ ਆਰਤੀ ਕੀਤੀ ਸੀ ਉਸ ਸ਼ਬਦ ਦੁਆਰਾ ਆਰਤੀ ਅਜ ਕਲ ਕੀਤੀ ਜਾਂਦੀ ਹੈ। ਕੀ ਉਹ ਸ਼ਬਦ ਚੇਤਨ ਬ੍ਰਹਮ ਸਿਧ ਹੋ ਸਕੇਗਾ ? ਇਹ ਵੀ ਪਿਛੇ ਦਸਿਆ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਸ਼ਬਦ ਕੋਈ ਵੀ ਚੇਤਨ ਨਹੀਂ ਹੋ ਸਕਦੇ, ਜਦ ਨਹੀਂ ਤਾਂ ਸ਼ਬਦ ਵੀ ਇਕ ਮੂਰਤੀ ਸਰੂਪ ਹੀ ਮੰਨਣਾ ਪਵੇਗਾ ਤਾਂ ਤੇ ਉਸ ਸ਼ਬਦ ਦੁਆਰਾ ਆਰਤੀ ਕੀਤੀ ਗਈ ਵੀ ਸ਼ਬਦ ਮੂਰਤੀ ਦੁਆਰਾ ਆਰਤੀ ਰੂਪ ਪੂਜਾ ਭਗਤੀ ਕਰਨੀ ਸਾਬਤ ਹੁੰਦੀ ਹੈ, ਤਾਂ ਫਿਰ ਜਗਨ ਨਾਥ ਦੇ ਪੰਡਤਾਂ ਨੂੰ ਮੂਰਤੀ ਦੁਆਰਾ ਪੂਜਾ ਭਗਤੀ ਕਰਨ ਤੋਂ ਤਾੜਨਾ ਕੀਤੀ ਗਈ ਕਿਵੇਂ ਮੰਨੀ ਜਾ ਸਕੇਗੀ ?

ਜੇਕਰ ਇਹ ਕਿਹਾ ਜਾਵੇ ਕਿ ਸ਼ਬਦ ਦੁਆਰਾ ਪ੍ਰਮਾਤਮਾਂ ਦੀ ਸਿਫਤ ਦਾ ਵਰਨਨ ਕੀਤਾ ਹੈ, ਇਸ ਲਈ ਸ਼ਬਦ, ਮੂਰਤੀ ਵਤ ਨਹੀਂ, ਤਾਂ ਜਿਸ ਸ਼ਬਦ ਵਿਚ ਪਰਮਾਤਮਾਂ ਜਾਂ ਪਰਮਾਤਮਾਂ ਦੀ ਸਿਫਤ ਦਾ ਵਰਣਨ ਹੁੰਦਾ ਹੈ, ਕੀ ਉਸ ਸ਼ਬਦ ਵਿਚ ਉਹ ਸਿਫਤ ਜਾਂ ਪਰਮਾਤਮਾਂ ਬ੍ਰਾਜਮਾਨ ਹੁੰਦਾ ਹੈ ਜੇਕਰ ਹੁੰਦਾ ਹੈ ਤਾਂ ਜਿਸ ਸ਼ਬਦ ਵਿਚ ਮਿਸ਼ਰੀ ਜਾਂ ਮਿਸ਼ਰੀ ਦੀ ਸਿਫਤ ਜਾਂ ਅਗਨੀ ਜਾਂ ਅਗਨੀ ਦੀ ਸਿਫਤ ਹੋਵੇ, ਕੀ ਉਸ ਸ਼ਬਦ ਵਿਚ ਮਿਸ਼ਰੀ ਜਾਂ ਅਗਨੀ ਬਿਰਾਜਮਾਨ ਹੁੰਦੀ ਹੈ ? ਜੇਕਰ ਹੁੰਦੀ ਹੈ ਤਾਂ ਮਿਸ਼ਰੀ ਜਾਂ ਅਗਨੀ ਸ਼ਬਦ ਉਚਾਰਨ ਸਮੇਂ ਮੂੰਹ ਮਿਠਾ ਅਤੇ ਗਰਮ ਹੋਣਾ ਚਾਹੀਦਾ ਹੈ, ਪਰ ਨਾਂ ਹੀ ਮਿਠਾ ਹੁੰਦਾ ਹੈ ਅਤੇ ਨਾਂ ਹੀ ਕਿਸੇ ਦਾ ਮੂੰਹ ਗਰਮ ਹੀ ਹੁੰਦਾ ਹੈ। ਤਾਂਤੇ ਮਿਸ਼ਰੀ, ਅਗਨੀ ਸ਼ਬਦ ਵਿਚ ਅਸਲ ਮਿਸ਼ਰੀ ਅਗਨੀ ਬਿਰਾਜਮਾਨ ਨਹੀਂ, ਤਿਵੇਂ ਜਿਸ ਸ਼ਬਦ ਵਿਚ ਪ੍ਰਮਾਤਮਾਂ ਅਤੇ ਪਰਮਾਤਮਾਂ ਦੀ ਸਿਫਤ ਦਾ ਵਰਣਨ ਹੋਵੇ, ਉਸ ਸ਼ਬਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਪਰਮਾਤਮਾਂ ਅਤੇ ਸਿਫਤ ਬਾਹਰ ਹੈ, ਜਦ ਬਾਹਰ ਹੈ ਤਾਂ ਪੱਥਰ ਆਦਿ ਦੀ ਮੂਰਤੀ ਤੋਂ ਭੀ ਪਰਮਾਤਮਾਂ ਜਾਂ ਦੇਵਤਾ, ਅਵਤਾਰ ਆਦਕ ਬਾਹਰ ਹਨ, ਫਿਰ ਪਥਰ ਆਦਿ ਦੀ ਮੂਰਤੀ ਦੁਆਰਾ ਪੂਜਾ ਕਰਨੀ ਨਿਸ਼ੇਧ ਕਿਉਂ ਤੇ ਸ਼ਬਦ ਦੁਆਰਾ ਆਰਤੀ (ਪੂਜਾ) ਭਗਤੀ ਕਰਨੀ ਨਿਸ਼ੇਧ ਕਿਉਂ ਨਹੀਂ, ਤਾਂਤੇ ਇਸ 'ਗਗਨ ਮੈ ਥਾਲ' ਵਾਲੇ ਸ਼ਬਦ ਦੁਆਰਾ ਮੂਰਤੀ ਪੂਜਾ ਕਰਨ ਤੋਂ ਤਾੜਨਾਂ ਕੀਤੀ ਗਈ ਖਿਆਲ ਕਰਨਾ ਅਨਰਥ ਹੈ, ਬਲਕਿ ਗੁਰੂ ਜੀ ਨੇ ਉਨ੍ਹਾਂ ਪੰਡਤਾਂ ਨਾਲੋਂ ਵਡੀ ਆਰਤੀ ਕੀਤੀ ਹੈ ਕਿਉਂਕਿ ਪੰਡਤ ਲੋਗ ਛੋਟੇ ਜਿਹੇ ਥਾਲ ਵਿਚ ਧੂਪ ਆਦੀ ਰਖ ਕੇ ਜੋਤਾਂ ਜਗਾ ਕੇ ਆਰਤੀ ਕਰਦੇ ਸਨ ਤਾਂ ਗੁਰੂ ਜੀ ਨੇ ਵਡੇ ਅਕਾਸ਼ ਦੇ ਥਾਲ ਵਿਚ, ਚੰਦ੍ਰਮਾਂ, ਸੂਰਜ ਆਦਕ ਜੋਤਾਂ ਤੇ ਪਵਨ ਦੇ ਚਵਰ, ਆਦਕਾਂ ਨਾਲ ਆਰਤੀ ਕੀਤੀ ਹੈ, ਤਾਂ ਇਸ ਵਿਚ ਮੂਰਤੀ ਪੂਜਾ ਦਾ ਖੰਡਨ ਕਿਵੇਂ ਹੋ ਗਿਆ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਇਸ ਸ਼ਬਦ ਵਿਚ, ਸਹਸਤਵ ਨੈਨ ਆਦਕ ਬਚਨ ਦੁਆਰਾ ਹਜ਼ਾਰਾਂ ਨੇਤ੍ਰ ਤੇ ਪੈਰ ਆਦਕ ਪਰਮਾਤਮਾਂ ਦੇ ਕਹੇ ਹੋਇ ਹਨ, ਪ੍ਰੰਤੂ ਮੂਰਤੀ ਦੇ ਹਜ਼ਾਰਾਂ ਨੇਤ੍ਰ ਤੇ ਪੈਰ ਆਦਕ ਨਹੀਂ ਹੁੰਦੇ ਇਸ ਲਈ ਇਸ ਸ਼ਬਦ ਵਿਚ ਮੂਰਤੀ ਅਗੇ ਆਰਤੀ ਕਰਨੀ ਖੰਡਨ ਹੈ, ਤਾਂ ਇੰਜ ਜੇੜ੍ਹੇ ਮੂਰਤੀ ਪੂਜਕ ਆਰਤੀ ਕਰਦੇ ਹਨ ਉਹ ਵੀ ਮੂਰਤੀ ਦੇ ਗੁਣਾਂ ਦਾ ਵਰਨਨ, ਨਹੀਂ ਕਰਦੇ ਕਿੰਤੂ ਮੂਰਤੀ ਦੇ ਵਿਰੁਧ, ਤੁਮ ਹੋ ਏਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗੋਚਰ ਸਭ ਕੇ ਪ੍ਰਾਨ ਪਤੀ, ਅਥਵਾ ਤੁਮ ਪੂਰਨ ਪ੍ਰਮਾਤਮ ਤੁਮ ਅੰਤਰਯਾਮੀ, ਪਾਰ ਬ੍ਰਹਮ ਪ੍ਰਮੇਸ਼ਵਰ ਤੁਮ ਸਭ ਕੇ ਸੁਆਮੀ, ਆਦਕ ਪ੍ਰਮੇਸ਼ਰ ਦੇ ਗੁਣ ਵਰਨਨ ਕਰਦੇ ਹਨ ਕਿੰਤੂ ਕਿਸ ਬਿਧ ਮਿਲੋਂ ਗੋਸਾਂਈ ਤੁਮ ਕੋ ਮੈ ਕੁਮਤੀ, ਆਦਕ ਜਦ ਕਹਿੰਦੇ ਹਨ ਤਾਂ ਉਸ ਸਾਹਮਣੇ ਖੜੀ ਮੂਰਤੀ ਨੂੰ ਮਿਲਨਾ ਕੋਈ ਮੁਸ਼ਕਲ ਨਹੀਂ ਹੁੰਦਾ, ਤਾਂ ਇੰਜ ਕਿਉਂ ਕਹਿੰਦੇ ਹਨ ਕਿ, ਕਿਸ ਬਿਧ ਮਿਲੂੰ ਗੋਸਾਈਂ, ਔਰ ਮੂਰਤੀ ਅਗੋਚਰ ਵੀ ਨਹੀਂ ਹੁੰਦੀ, ਸਾਹਮਣੇ ਅਖਾਂ ਨਾਲ ਦਿਸਦੀ ਹੈ, ਪ੍ਰੰਤੂ ਮੂਰਤੀ ਅਗੇ ਹੀ ਆਰਤੀ ਕਰਦੇ ਹੋਇ, ਤੁਮ ਹੋ ਏਕ ਅਗੋਚਰ, ਆਦਕ ਕਹਿੰਦੇ ਹਨ, ਤਥਾ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਪ੍ਰਗਟ ਗੁਰਾਂ ਕੀ ਦੇਹ, ਕਿਹਾ ਜਾਂਦਾ ਹੈ, ਪ੍ਰੰਤੂ ਦਸਾਂ ਗੁਰੂ ਸਾਹਿਬਾਂ ਦੀ ਦੇਹ, ਹਥ ਪੈਰ, ਨੇਤ੍ਰ ਆਦਕ ਅੰਗਾਂ ਸਹਿਤ ਸੀ ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਦੇ ਹਥ ਪੈਰ, ਨੇਤ੍ਰ, ਆਦਕ ਅੰਗਾਂ ਸਹਿਤ ਦਰਸ਼ਨ ਨਹੀਂ ਹੁੰਦੇ, ਤਾਂਤੇ ਗੁਰੂ ਜੀ, ਵੀ ਤਿਵੇਂ ਮੂਰਤੀ ਅਗੇ ਹੀ ਮੂਰਤੀ ਦੇ ਸਰੂਪ ਦੇ ਵਿਰੁਧ, ਪ੍ਰਮਾਤਮਾਂ ਦੇ ਨਿਰਾਕਾਰ ਜਾਂ ਹਜ਼ਾਰਾਂ ਨੇਤ੍ਰਾਂ ਆਦਕ ਅੰਗਾਂ ਵਾਲ਼ੇ ਵੈਰਾਠ ਤਥਾ ਇਕ ਵਿਅਕਤੀ ਮਾਤ੍ਰ ਵਾਲੇ ਸਰੂਪ ਦੇ ਗੁਣਾਂ ਦਾ ਵਰਨਨ ਕਰ ਸਕਦੇ ਸੀ, ਇੰਜ ਕਰਨ ਨਾਲ ਮੂਰਤੀ ਪੂਜਾ ਖੰਡਨ ਨਹੀਂ ਹੋ ਜਾਂਦੀ, ਕਿਉਂਕਿ ਮੂਰਤੀ ਪੂਜਾ ਦੁਆਰਾ ਪੂਜਾ ਪ੍ਰਮਾਤਮਾਂ ਦੀ ਹੀ ਕੀਤੀ ਜਾਂਦੀ ਹੈ, ਕਿਸੇ ਪੱਥਰ ਆਦੀ ਵਸਤੂ ਦੀ ਨਹੀਂ ਕੀਤੀ ਜਾਂਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਕੀ ਜਿਨ੍ਹਾਂ ਜਨਮ ਸਾਖੀਆਂ ਦੇ ਆਧਾਰ ਉਤੇ ਇਸ ਸ਼ਬਦ ਦੀ ਭੂਮਿਕਾ ਇਹ ਲਈ ਗਈ ਹੈ ਕਿ ਇਹ ਸ਼ਬਦ ਜਗਨ ਨਾਥ ਦੇ ਪੰਡਿਤਾਂ ਹਿਤ ਉਚਾਰਿਆ ਹੈ ਉਥੇ ਜਨਮ ਸਾਖੀ ੮੫ ਵਿਚ ਲਿਖਿਆ ਹੈ ਕਿ, ਗੁਰੂ ਜੀ ਨੂੰ ਉਥੋਂ ਦੇ ਪੁਜਾਰੀਆਂ ਨੇ ਅੰਦਰ ਨਹੀਂ ਸੀ ਜਾਣ ਦਿਤਾ ਤਾਂ ਗੁਰੂ ਜੀ ਬਾਹਰ ਜਾ ਬੈਠੇ, ਜਦ ਪੰਡਤਾਂ ਨੇ ਸ੍ਰੀ ਠਾਕੁਰ ਜੀ ਅੱਗੇ ਭੋਗ ਲਵਾਉਣ ਵਾਸਤੇ ਥਾਲ ਰਖਿਆ ਤਾਂ ਠਾਕੁਰ ਜੀ ਨੂੰ ਭੋਗ ਨਾ ਲਗਾ ਆਖਰ ਸ੍ਰੀ ਠਾਕਰ ਜੀ ਨੇ ਪੰਡਿਤਾਂ ਨੂੰ ਕਿਹਾ ਕਿ, ਤੁਸਾਂ ਮੇਰੇ ਪਰਮ ਭਗਤ ਨਾਨਕ ਨਿਰੰਕਾਰੀ ਨੂੰ ਅੱਗੇ ਨਹੀਂ ਆਉਣ ਦਿਤਾ, ਇਹ ਤੁਸਾਂ ਬੜੀ ਅਵਗਿਆ ਕੀਤੀ ਹੈ, ਇਤਿਆਦਕ ਇਸ ਲੇਖ ਤੋਂ ਉਲਟਾ ਇਹ ਸਿਧ ਹੋ ਰਿਹਾ ਹੈ ਕਿ, ਅੱਗੇ ਸ੍ਰੀ ਠਾਕੁਰ ਜੀ ਨੂੰ, ਮੂਰਤੀ ਦੀ ਪੂਜਾ ਦੁਆਰਾ: ਹੀ ਭੋਗ ਲਗਦਾ ਹੁੰਦਾ ਸੀ ਪ੍ਰੰਤੂ ਉਸ ਦਿਨ ਗੁਰੂ ਜੀ ਦੀ ਅਵਗਿਆ ਕਰਨ ਕਰਕੇ ਹੀ ਨਾ ਲਗਾ ਫਿਰ ਉਸੇ ਮੂਰਤੀ ਦੁਆਰਾ ਹੀ ਗੁਰੂ ਜੀ ਦਾ ਸ੍ਰੀ ਠਾਕੁਰ ਜੀ ਨੇ ਸਨਮਾਨ ਵੀ ਕਰਵਾਯਾ ਕਿ ਇਹ ਮੇਰਾ ਪਰਮ ਭਗਤ ਹੈ ਭਾਵ ਤੁਸੀਂ ਮੇਰੇ ਸਾਧਾਰਨ ਭਗਤ ਹੋ, ਤਾਂਤੇ ਇਸ ਸ਼ਬਦ, ਦੀ ਇਤਿਆਦਕ ਭੂਮਿਕਾ ਵਿਚੋਂ ਹੀ ਮੂਰਤੀ ਪੂਜਾ ਸਿਧ ਹੁੰਦੀ ਹੈ, ਔਰ ਸ੍ਰੀ ਭਾਗਮਲ ਜੀ ਇਸ ਦਾ ਭਾਵ ਲੈ ਰਹੇ ਹਨ ਕਿ, ਜਗਨ ਨਾਥ ਦੇ ਪੰਡਤਾਂ ਨੂੰ ਆਰਤੀ ਅਤੇ ਪੂਜਾ ਕਰਨ ਤੋਂ ਰੋਕਿਆ, ਜਦ ਮੂਰਤੀ ਪੂਜਾ ਕੀਤਿਆਂ ਭਾਵ ਭੋਗ ਲਵਾਉਣੇ ਸੇ ਅੱਗੇ ਹਰ ਰੋਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੋਗ ਲਗਦਾ ਸੀ ਤਾਂ ਸਿਧ ਹੋਇਆ ਮੂਰਤੀ ਪੂਜਾ ਨਿਸਫਲ ਨਹੀਂ ਸੀ ਤਾਂ ਪਤਾ ਨਹੀਂ ਫਿਰ ਮੂਰਤੀ ਪੂਜਾ ਕਰਨ ਤੋਂ ਗੁਰੂ ਜੀ ਨੇ ਰੋਕਿਆ ਕਿਵੇਂ, ਕਿਆ, ਸਫਲ ਕਰਮ ਤੋਂ ਵੀ ਕਦੀਂ ਕਿਸੇ ਆਚਾਰਯ ਨੇ ਰੋਕਿਆ ਹੈ, ਜੇਕਰ ਇਹ ਕਿਹਾ ਜਾਵੇ ਕਿ, ਭੋਗ ਲਗਦਾ ਹੁੰਦਾ ਸੀ ਇਹ ਗਲ ਜਨਮ ਸਾਖੀ ਵਿਚ ਝੂਠ ਲਿਖੀ ਹੈ ਤਾਂ ਇਹ ਗਲ ਜਨਮ ਸਾਖੀ ਆਦਕ ਗ੍ਰੰਥਾਂ ਦੀ ਕਿਵੇਂ ਸਚੀ ਮੰਨੀ ਜਾਵੇਗੀ ਕਿ, ਇਹ, ਗਗਨ ਮੈ ਥਾਲ, ਵਾਲਾ ਸ਼ਬਦ ਜਗਨ ਨਾਥ ਪੁਰੀ, ਜਾ ਕੇ ਪੰਡਿਤਾਂ ਪ੍ਰਤਿ ਹੀ ਉਚਾਰਿਆ ਸੀ, ਕੀ ਪਤਾ ਹੈ ਕਿ ਕਿਤੇ ਪੰਜਾਬ ਵਿਚ ਬੈਠੇ ਹੋਇਆਂ ਹੀ ਆਪਣੀ ਇਛਾ ਅਨੁਸਾਰ ਹੀ ਉਚਾਰਿਆ ਹੋਵੇ, ਜੇਕਰ ਜਨਮ ਸਾਖੀ ਆਦਿਕ ਗ੍ਰੰਥਾਂ ਵਿਚੋਂ ਇਹ ਭੂਮਿਕਾ ਨਹੀਂ ਲਈ ਗਈ ਤਾਂ ਸ੍ਰੀ ਭਾਗ ਮਲ ਜੀ ਕੋਈ ਸ੍ਵਰਗਯ–ਤੀਨ ਕਾਲ ਦੇ ਗਿਆਤਾ, ਨਜੂਮੀ, ਨਹੀਂ ਹਨ ਜੋ ਕਹੈ ਰਹੈ ਹਨ ਕਿ ਇਸ ਸ਼ਬਦ ਵਿਚ, ਜਗਨ ਨਾਥ ਦੇ ਪੰਡਿਤਾਂ ਨੂੰ ਤਾੜਨਾ ਕੀਤੀ ਸੀ।

ਤਥਾ ਜੇਕਰ ਜਨਮ ਸਾਖੀ ਆਦਕ ਗ੍ਰੰਥਾਂ ਨੂੰ ਹੀ ਕਿਸੇ ਸਿਧਾਂਤ ਦਾ ਆਧਾਰ ਮੰਨਦੇ ਹਨ ਤਾਂ ਇੰਜ ਸੌ ਸਾਖੀ, ਦੀ ਸਾਖੀ ੬੭ ਵਿਚ ਹੀ ਲਿਖਿਆ ਹੈ ਕਿ, ਏਕ ਸਮਾਲੇ ਨਾਮ ਕੋ ਏਕ ਕਰੰਤਾ ਧਿਆਨ, ਏਕ ਕਰਤਾ ਸਿਲਾ ਪੂਜ ਤੀਨੋ ਭਗਤ ਪਛਾਨ, ਤਾਂਤੇ ਸ੍ਰੀ ਭਾਗ ਮਲ ਜੀ ਸ਼ਿਲਾ–ਮੂਰਤੀ ਪੂਜਾ ਕਰਨ ਵਾਲੇ ਉਤੇ ਕੋਈ ਇਤਰਾਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕਰ ਸਕਦੇ, ਉਸਨੂੰ ਵੀ ਭਗਤ ਹੀ ਪਛਾਣਨ ਦੀ ਕ੍ਰਿਪਾ ਕਰਨਗੇ। ਬਾਕੀ ਇਸ ਸ਼ਬਦ ਵਿਚ ਹੈ ਕਿ, ਹਰਿ ਚਰਨ ਕਵਲ ਮਕਰੰਦ ਲੋਭਿਤ ਮਨੋ ਅਨ ਦਿਨੋ ਮੋਹੇ ਆਹੀ ਪਿਆਸਾ: ਗੁਰੂ ਜੀ ਹਰੀ ਦੇ ਚਰਨ ਕਮਲਾਂ ਦੇ ਅਭਿਲਾਸ਼ੀ ਹੋ ਰਹੇ ਹਨ, ਪ੍ਰੰਤੂ ਨਿਰਾਕਾਰ ਪ੍ਰਮਾਤਮਾਂ ਦੇ ਚਰਨ ਹੋ ਹੀ ਨਹੀਂ ਸਕਦੇ ਤੇ ਸ੍ਰੀ ਭਾਗ ਮਲ ਜੀ ਦੇ ਮੰਨੇ ਹੋਇ ਸਾਰੇ ਸੰਸਾਰ ਰੂਪ ਸਰਗੁਨ ਸਰੂਪ ਦੇ ਕਰੋੜਾਂ ਜੀਵਾਂ ਦੇ ਕਰੋੜਾਂ ਹੀ ਚਰਨ ਹਨ ਉਹਨਾਂ ਵਿਚੋਂ ਇਹ ਨਿਰਨਾ ਨਹੀਂ ਹੋ ਸਕੇਗਾ ਕਿ ਕਰੋੜਾਂ ਚਰਨਾਂ ਵਿਚੋਂ ਉਹ ਕੇਹੜੇ ਚਰਨ ਹਨ ਜਿਨ੍ਹਾਂ ਦੀ ਸ਼ਰਨ ਲਈ ਨਿਸਚੇ ਕੀਤੀ ਜਾਵੇ ਔਰ ਕਰੋੜਾਂ ਜੀਵਾਂ ਦੇ ਕਰੋੜਾਂ ਹੀ ਚਰਨ ਸਾਡੇ ਧਿਆਨ ਵਿਚ ਵੀ ਨਹੀਂ ਆ ਸਕਦੇ, ਤਾਂ ਉਹਨਾਂ ਦੇ ਅਸੀਂ ਅਭਿਲਾਸ਼ੀ ਕਿਵੇਂ ਬਣ ਸਕਾਂਗੇ, ਅਤੇ ਇਕ ਵਿਅਕਤੀ ਮਾਤ੍ਰ ਵਿਸ਼ਨੂੰ ਆਦਕ ਦੇ ਚਰਨ ਇਥੇ ਅਰਥ ਹੋ ਸਕਦਾ ਹੈ, ਪਰ ਉਹ ਸ੍ਰੀ ਭਾਗ ਮਲ ਜੀ ਨੂੰ ਮਨਜ਼ੂਰ ਨਹੀਂ, ਤਾਂਤੇ ਉਪ੍ਰੋਕਤ ਗੁਰਮਤ ਦਰਸ਼ਨ, ਦੇ ਸਫਾ ੨੨੪ ਤੇ ਕੀਤੇ ਗਏ ਅਰਥ ਦੇ ਸ੍ਰੀ ਭਾਗ ਮਲ ਜੀ ਹੀ ਜ਼ਿਮੇਂਵਾਰ ਹਨ, ਹੋਰ ਨਹੀਂ।

ਤਥਾ: ਸ੍ਰੀ ਦਸਮੇਸ਼, ਜੀ ਆਪਣੀ ਬਾਣੀ ਵਿਚ, ਨਿਰਗੁਣ ਬ੍ਰਹਮ ਤੇ ਸਾਰੇ ਸੰਸਾਰ ਰੂਪ ਸਰਗੁਣ ਬ੍ਰਹਮ ਤੋਂ ਵਖਰਾ ਹੀ ਇਕ ਵਿਅਕਤੀ ਮਾਤ੍ਰ ਆਪਣੇ ਅਕਾਲ ਪੁਰਖ ਦਾ ਸਰੂਪ ਦੱਸ ਰਹੇ ਹਨ, ਯਥਾ: ਚਤੁਰ ਬਾਹ ਚਾਰੰ, ਕਰੀਟੰ ਸੁਧਾਰੰ, ਗਦਾ ਸੰਖ ਚਕਰੰ, ਦਿਪੈ ਕਰੂਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਕਟੰ, ੪੪, ਅਦ੍ਵਾ: ਘਟ ਭਾਦਵ ਮਾਸ ਕੀ ਜਾਣ ਸ਼ੁਭੰ, ਤਨ ਸਾਵਰੇ ਰਾਵਰੇਅੰ ਹੁਲਸੰ, ਰਦ ਪੰਗਤ ਦਾਮਨੀਅੰ ਦਮਕੰ, ੫੮ ਤਥਾ, ਗਦਾ ਗ੍ਰਿਸ਼ਟਿ ਪਾਣਿਅੰ, ਕਮਾਨ ਬਾਣ ਤਾਣਿਅੰ, ਸਰਨ ਨਾਥ ਤੋਰੀਯੰ, ਉਬਾਰ ਲਾਜ ਮੋਰੀਯੰ, ੧੪੮ ਬਚਿਤ੍ਰ ਨਾਟਕ ਧਿਆ ੧ ਇਸ ਵਿਚ ਸ੍ਰੀ ਦਸਮੇਸ਼ ਜੀ ਜਿਸ ਪ੍ਰਮਾਤਮਾਂ ਦੀ ਸ਼ਰਨ ਲੈ ਰਹੇ ਹਨ ਉਹ ਪ੍ਰਮਾਤਮਾਂ ਚਹੁੰ ਬਾਹਵਾਂ ਵਾਲਾ: ਕਰੀਟ-ਮੁਕਟ ਧਾਰੀ, ਗਦਾ ਸੰਖ ਚਕਰ ਵਾਲਾ ਔਰ ਭਾਦਰੋਂ ਦੇ ਮਹੀਨੇ ਦੀ ਘਟ-ਬਦਲਾਂ ਦੇ ਸਾਵਲੇ ਰੰਗ ਜਿਹਾ ਤਨ-ਸਰੀਰ, ਤੇ ਬਿਜਲੀ ਦੇ ਸਮਾਨ ਜਿਸਦੇ ਰਦ-ਦੰਦਾਂ ਦੀ ਪੰਕਤੀ ਚਮਕਦੀ ਹੈ ਫਿਰ ਹਥ ਵਿਚ ਗ੍ਰਿਸ਼ਟ-ਭਾਰੀ ਗਦਾ, ਅਤੇ ਧਨੁਸ਼ ਬਾਣ ਤਾਣਿਆ ਹੋਇਆ ਆਦਕ ਲਖਸ਼ਣਾ ਵਾਲਾ, ਸਿਧ ਹੋ ਰਿਹਾ ਹੈ, ਨਿਰਗੁਣ ਸਰੂਪ ਦੇ ਚਾਰ ਬਾਹਵਾਂ ਨਹੀਂ, ਮੁਕਟ ਧਾਰੀ ਵੀ ਨਹੀਂ ਤੇ ਗਦਾ, ਸੰਖ, ਚੱਕਰ, ਆਦਕ ਵੀ ਨਹੀਂ ਹੋ ਸਕਦੇ, ਅਤੇ ਸਾਵਲੇ ਰੰਗ ਦਾ ਸ੍ਰੀਰ ਔਰ ਦੰਦ, ਤੇ ਧਨੁਸ਼ ਬਾਣ ਆਦਕ ਇਹ ਸਭ ਕੁਛ ਹੀ ਨਿਰਾਕਾਰ ਨਿਰਗੁਣ ਸਰੂਪ ਵਿਚ ਚਿੰਨ੍ਹ ਨਹੀਂ ਬਣ ਸਕਦੇ, ਤੇ ਸਾਰੇ ਸੰਸਾਰ ਰੂਪ ਸਰਗੁਣ ਸਰੂਪ ਦੇ ਵੀ, ਚਾਰੇ ਬਾਜੂ ਨਹੀਂ, ਕਿੰਤੂ ਕਰੋੜਾਂ ਬਾਹਵਾਂ ਹਨ, ਔਰ ਮੁਕਟ ਧਾਰੀ, ਗਦਾ ਸੰਖ, ਚਕਰ ਆਦਕ ਤੇ ਧਨੁਸ਼ ਬਾਣ ਤਥਾ ਸਾਵਲੇ ਰੰਗ ਦਾ ਸਰੀਰ, ਦੰਦ ਆਦਕ ਲਖਸ਼ਣ ਵੀ ਸਾਰੇ ਸੰਸਾਰ ਰੂਪ ਸਰਗੁਣ ਸਰੂਪ ਵਿਚ ਨਹੀਂ ਬਣ ਸਕਦੇ, ਕਿੰਤੂ ਕਿਸੇ ਵਿਅਕਤੀ ਮਾਤ੍ਰ ਵਿਚ ਹੀ ਇਹ ਲਖਸ਼ਣ ਘਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦੇ ਹਨ ਤਾਂਤੇ ਇਕ ਵਿਅਕਤੀ ਮਾਤ੍ਰ ਪ੍ਰਮਾਤਮਾਂ ਦੇ ਸਰੂਪ ਦੀ ਪੂਜਾ ਭਗਤੀ ਗੁਰੂ ਘਰ ਵਿਚ ਕੀਤੀ ਗਈ ਹੈ, ਅਤੇ ਸ੍ਰੀ ਨਾਮ ਦੇਵ ਜੀ ਦੀ ਪੂਜਾ ਭਗਤੀ ਵੇਖ ਕੇ ਇਕ ਵਿਅਕਤੀ ਮਾਤ੍ਰ ਸਰੂਪ ਵਿਚ ਨਾਰਾਇਣ ਹੱਸੈ ਹਨ ਤੇ ਦੁਧ ਵੀ ਪੀਤਾ ਹੈ, ਪ੍ਰੰਤੂ ਸ੍ਰੀ ਭਾਗ ਮਲ ਜੀ ਇਸਦੇ ਵਿਰੁਧ ਹਨ, ਇਸ ਲਈ ਸ੍ਰੀ ਭਾਗ ਮਲ ਜੀ ਦਾ ਮਤਿ ਗੁਰਮਤਿ ਤੋਂ ਵਿਰੁਧ ਹੈ।

੨੫. ਪ੍ਰਸ਼ਨ:–ਉਸੇ ਗੁਰਮਤ ਦਰਸ਼ਨ ਦੇ ਸਫਾ ੨੨੬–੨੨੭ ਤੇ ਸ੍ਰੀ ਭਾਗ ਮਲ ਜੀ ਲਿਖ ਰਹੇ ਹਨ ਕਿ ਨਾਮਦੇਵ ਨੇ ਤਾਂ ਇਸ ਸ਼ਬਦ ਦੁਆਰਾ ਸਗੋਂ ਆਪਣੀ ਪਹਿਲੀ ਅਵਸਥਾ (ਅਨਜਾਣ ਪੁਣੇ) ਅਤੇ ਅਟਲ ਵਿਸ਼ਵਾਸ਼ ਦਾ ਵਰਨਨ ਕੀਤਾ ਹੈ ਕਿ ਨਾਨੇ ਮੈਨੂੰ ਠਾਕੁਰ ਮੂਰਤੀ ਨੂੰ ਦੁਧ ਦਾ ਭੋਗ ਲਗਾਉਣਾ ਕਿਹਾ ਪਰ ਮੈ ਸਚਮੁਚ ਹੀ ਦੁਧ ਪਿਆਉਣ ਲਈ ਹਠ ਕਰ ਬੈਠਾ, ਇਹ ਨਾ ਸਮਝਿਆ ਕਿ ਇਸ ਵਿਚਾਰੇ ਮਿੱਟੀ ਪੱਥਰ ਦੇ ਘੜੇ ਠਾਕੁਰ ਨੇ ਕਿਥੇ ਦੁਧ ਪੀਣਾ ਹੈ, ਪ੍ਰੰਤੂ ਸਰਬ-ਸ਼ਕਤੀਮਾਨ ਅਕਾਲ ਪੁਰਖ ਨੇ ਮੇਰਾ ਅਥਾਹ ਪ੍ਰੇਮ ਵੇਖ ਦਰਸ਼ਨ ਦੇ ਕੇ ਮੂਰਤੀ ਪੂਜਾ ਵਾਲਾ ਭਰਮ ਨਾਸ਼ ਕਰ ਦਿਤਾ:

ਉਤਰ:–ਇਥੇ ਸ੍ਰੀ ਮਾਨ ਜੀ ਨੇ ਇਹ ਦਸਿਆ ਹੈ ਕਿ ਦੁਧ ਕਟੋਰੇ ਵਾਲੇ ਸ਼ਬਦ ਵਿਚ ਨਾਮਦੇਵ ਜੀ ਨੇ ਆਪਣੀ ਪਹਿਲੀ ਅਵਸਥਾ ਦੱਸੀ ਹੈ, ਜਿਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥ ਵੀ ਕੀਤਾ ਹੈ ਕਿ ਅਨਜਾਨ-ਪੁਣਾ, ਜੇਕਰ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਯਥਾਰਥ ਨਹੀਂ ਸੀ, ਭਾਵ ਅਨਜਾਨ ਪੁਣੇ ਨਾਲ ਲਿਖਿਆ ਹੋਇਆ ਗਲਤ ਸੀ, ਤਾਂ ਸਿਧ ਹੋਇਆ ਕਿ ਇਸੇ ਤਰ੍ਹਾਂ ਦੇ ਹੋਰ ਵੀ ਕਈ ਸ਼ਬਦ ਹੋਣਗੇ। ਤਾਂਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰਧਾਲੂ ਸਮਾਜ ਦੇ ਇਹ ਗਲ ਬਿਲਕੁਲ ਉਲਟ ਹੈ, ਕਿਉਂਕਿ ਇੰਜ ਜਿਸ ਕਿਸੇ ਪ੍ਰੇਮੀ ਦਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੋਈ ਕਿਸੇ ਗਲ ਨੂੰ ਮੰਨਣ ਦਾ ਚਿਤ ਨਾ ਕੀਤਾ ਤਾਂ ਉਹ ਇਹੀ ਕਹਿ ਦੇਵੇਗਾ ਕਿ ਇਹ ਗਲ ਅਨਜਾਣ ਪੁਣੇ ਨਾਲ ਲਿਖੀ ਹੋਈ ਗਲਤ ਹੈ, ਸਿਰਫ ਅਨਜਾਣ ਪੁਣਾ ਦਿਖਾਉਣ ਵਾਸਤੇ ਹੀ ਲਿਖੀ ਹੋਈ ਹੈ, ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮ ਪਵਿਤ੍ਰਤਾ ਤੇ ਪ੍ਰਮਾਣੀਕਤਾ ਕੀ ਰਹਿ ਜਾਵੇਗੀ ? ਇਸ ਲਈ ਇਹ ਗਲ ਸ੍ਰੀ ਭਾਗ ਮਲ ਜੀ ਹੀ ਕਹਿ ਸਕਦੇ ਹਨ, ਅਸੀਂ ਨਹੀਂ ਕਹਿ ਸਕਦੇ। ਬਾਕੀ ਇਸ ਦੂਧ, ਕਟੋਰੇ, ਗਡਵੇ, ਪਾਨੀ ਵਾਲੇ ਸ਼ਬਦ ਵਿਚ ਉਹ ਕਿਹੜੀ ਤੁਕ ਹੈ ਜਿਸ ਵਿਚ ਸ੍ਰੀ ਨਾਮ ਦੇਵ ਜੀ ਨੇ ਇਹ ਦੱਸਿਆ ਹੈ ਕਿ ਇਹ ਮੇਰੀ ਪਹਿਲੀ ਹਾਲਤ ਸੀ, ਪਰ ਮੈਂ ਨਾ ਸਮਝ ਸਕਿਆ ਕਿ ਮਿੱਟੀ ਪੱਥਰ ਦੇ ਬਣੇ ਠਾਕੁਰਾਂ ਨੇ ਕੀ ਦੁਧ ਪੀਣਾ ਹੈ ਤੇ ਮੇਰੀ ਮੂਰਤੀ ਪੂਜਾ ਵਾਲਾ ਭਰਮ ਹੀ ਮਿਟਾ ਦਿਤਾ : ਜੇਕਰ ਇੰਜ ਕਿਸੇ ਤੁਕ ਵਿਚ ਵੀ ਨਹੀਂ ਲਿਖਿਆ ਤਾਂ ਇਹ ਕਿਵੇਂ ਮੰਨਿਆਂ ਜਾਵੇ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸ਼ਬਦ ਵਿਚ ਨਾਮ ਦੇਵ ਜੀ ਨੇ ਇਹ ਪਛਤਾਵਾ ਵਰਨਨ ਕੀਤਾ ਹੈ, ਔਰ ਜੇਕਰ ਇਸ ਸ਼ਬਦ ਵਿਚ ਲਿਖਿਆ ਹੋਇਆ ਇਹ ਇਤਿਹਾਸ ਯਥਾਰਥ ਨਹੀਂ ਸੀ ਤਾਂ ਭਾਈ ਗੁਰਦਾਸ ਜੀ ਨੂੰ ਇਸ ਸ਼ਬਦ ਦੀ ਪੁਸ਼ਟੀ ਪੂਰੀ ਤਰ੍ਹਾਂ ਨਹੀਂ ਸੀ ਕਰਨੀ ਚਾਹੀਦੀ, ਪ੍ਰੰਤੂ ਉਹ ਮੂਰਤੀ ਪੂਜਾ ਦੀ ਵਿਧੀ ਪੂਰੀ ਲਿਖ ਰਹੇ ਹਨ ਕਿ, 'ਠਾਕੁਰ ਨੋ ਨ੍ਹਾਵਾਲ ਕੈ ਚਰਣੋਦਕ ਲੈ ਤਿਲਕ ਚੜਾਯਾ' ਆਦਕ।

ਅਤੇ ਅਕਾਲ ਪੁਰਖ ਨੇ ਦਰਸ਼ਨ ਦੇ ਕੇ ਮੂਰਤੀ ਪੂਜਾ ਦਾ ਭਰਮ ਮਿਟਾ ਦਿਤਾ ਜੋ ਲਿਖ ਰਹੇ ਹਨ, ਇਥੇ ਪਤਾ ਨਹੀਂ ਲਗਾ ਕਿ, ਮੂਰਤੀ ਪੂਜਾ ਦਾ ਭਰਮ ਕਿਵੇਂ ਮਿਟ ਗਿਆ, ਕਿਉਂਕਿ ਜਦ ਨਾਮ ਦੇਵ ਜੀ ਮੂਰਤੀ ਪੂਜਾ ਕਰਨ ਲਗੇ ਤਾਂ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ ਪਹਿਲੇ ਠਾਕੁਰ ਨੂੰ ਇਸ਼ਨਾਨ ਕਰਵਾਯਾ, ਤੇ ਫਿਰ ਚਰਨਾਮ੍ਰਿਤ ਲਿਆ, ਫਿਰ ਤਿਲਕ ਚੜ੍ਹਾਇਆ, ਫਿਰ ਪ੍ਰਾਰਥਨਾ ਕੀਤੀ ਕਿ ਦੁਧ ਪੀ ਲਉ। ਜਦ ਪੂਰੇ ਨਿਸਚੇ ਨਾਲ ਧਿਆਨ ਕੀਤਾ ਤਾਂ ਭਗਵਾਨ ਨੇ ਦਰਸ਼ਨ ਦਿਤੇ। ਫਿਰ ਨਾਮ ਦੇਵ ਜੀ ਨੇ ਦੁਧ ਦੀ ਕਟੋਰੀ ਭਰੀ ਹੋਈ ਠਾਕੁਰ ਜੀ ਨੂੰ ਦੁਧ ਪਿਆਇਆ, ਜਦ ਮੂਰਤੀ ਪੂਜਾ ਦੀ ਵਿਧੀ ਅਨੁਸਾਰ ਪਹਿਲੇ ਇਸ਼ਨਾਨ ਕਰਵਾਯਾ, ਫਿਰ ਚਰਨਾਮ੍ਰਿਤ ਲਿਆ, ਫਿਰ ਤਿਲਕ ਚੜ੍ਹਾਇਆ, ਫਿਰ ਪਿਛੋਂ ਦੁਧ ਦੇ ਭੋਗ ਲਵਾਉਣ ਹਿਤ ਪ੍ਰਾਰਥਨਾ ਕੀਤੀ, ਤਾਂ ਫਿਰ ਉਥੋਂ ਹੀ ਮੂਰਤੀ ਵਿਚੋਂ ਭਗਵਾਨ ਨੇ ਦਰਸ਼ਨ ਦੇ ਕੇ ਦੁਧ ਪੀਤਾ ਤਾਂ ਪਤਾ ਨਹੀਂ ਮੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਜਾ ਦਾ ਭਰਮ ਕਿਵੇਂ ਮਿਟ ਗਿਆ, ਭਾਵ ਇਹ ਨਿਸਚਾ ਹੋ ਗਿਆ ਕਿ ਮੂਰਤੀ ਪੂਜਾ ਕਰਨੀ ਨਿਸ਼ਫਲ ਹੈ, ਸ੍ਰੀ ਮਾਨ ਜੀ ਇਹ ਨਿਸਚਾ ਤਾਂ ਹੁੰਦਾ ਜੇਕਰ ਨਾਮ ਦੇਵ ਜੀ ਦੀ ਇਸ ਵਿਧੀ ਪੂਰਬਕ ਮੂਰਤੀ ਪੂਜਾ ਕਰਨ ਕਰਕੇ ਭਗਵਾਨ ਦਰਸ਼ਨ ਨਾ ਦਿੰਦੇ ਤੇ ਦੁਧ ਵੀ ਨਾ ਪੀਂਦੇ ਤਾਂ ਆਪੇ ਹੀ ਇਸ ਪ੍ਰਕਾਰ ਦੀ ਮੂਰਤੀ ਪੂਜਾ ਕਰਨ ਤੋਂ ਨਿਸਚਾ ਉਡ ਜਾਂਦਾ ਕਿ ਇਹ ਕਰਮ ਬੇ-ਅਰਥ ਹੈ। ਜਦ ਸ੍ਰੀ ਭਾਗ ਮਲ ਜੀ ਦੇ ਨਿਸਚੇ ਅਨੁਸਾਰ ਇਹ ਮੂਰਤੀ ਪੂਜਾ ਕਰਨੀ ਫੋਕਟ ਕਰਮ ਸੀ ਤਾਂ ਭਗਵਾਨ ਨੇ ਦਰਸ਼ਨ ਕਿਉਂ ਦਿਤੇ, ਕੀ ਫੋਕਟ ਕਰਮ ਨੂੰ ਹੀ ਦੇਖਕੇ ਭਗਵਾਨ ਪ੍ਰਸੰਨ ਹੋ ਗਏ, ਔਰ ਜੇਕਰ ਕਹੋ ਕਿ ਅਥਾਹ ਪ੍ਰੇਮ ਨੂੰ ਦੇਖ ਕੇ ਪ੍ਰਸੰਨ ਹੋ ਗਏ ਸੀ, ਤਾਂ ਅਸੀਂ ਪੁਛਦੇ ਹਾਂ ਸ੍ਰੀ ਭਾਗ ਮਲ ਜੀ ਦੇ ਨਿਸਚੇ ਅਨੁਸਾਰ ਜੋ ਫੋਕਟ—ਬੇ-ਅਰਥ ਕਰਮ ਨਹੀਂ ਹਨ ਉਹ ਕਰਮ ਬਿਨਾਂ ਅਥਾਹ ਪ੍ਰੇਮ ਤੋਂ ਕੀਤੇ ਜਾਣ ਤਾਂ ਕੀ ਪ੍ਰਮਾਤਮਾਂ ਦਰਸ਼ਨ ਦੇ ਸਕਦਾ ਹੈ ਕਿ ਨਹੀਂ, ਜੇਕਰ ਬਿਨਾਂ ਪ੍ਰੇਮ ਤੋਂ ਉਨ੍ਹਾਂ ਕਰਮਾਂ ਦੇ ਕਰਨ ਕਰਕੇ ਹੀ ਪ੍ਰਮਾਤਮਾਂ ਦਰਸ਼ਨ ਦੇ ਸਕਦਾ ਹੈ ਤਾਂ ਸ੍ਰੀ ਦਸਮੇਸ਼ ਜੀ ਦੇ ਇਸ ਕਥਨ 'ਜਿਨਿ ਪ੍ਰੇਮ ਕੀਯੋ ਤਿਨ ਹੀ ਪ੍ਰਭੁ ਪਾਯੋ' ਦੀ ਸ੍ਰੀ ਭਾਗ ਮਲ ਜੀ ਨੇ ਕੀ ਕੀਮਤ ਪਾਈ, ਤਥਾ ਜੇਕਰ ਬਿਨਾਂ ਪੂਰੇ ਪ੍ਰੇਮ ਦੇ ਕੋਈ ਕਰਮ ਵੀ ਨਹੀਂ ਸਫਲ ਹੋ ਸਕਦੇ ਤਾਂ ਮੂਰਤੀ ਪੂਜਾ ਕਰਮ ਵੀ ਅਤੀ ਪ੍ਰੇਮ ਕਰਕੇ ਹੀ ਸਫਲ ਹੋਇਆ ਹੈ ਤਾਂ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰਿਆਂ ਕਰਮਾਂ ਵਿਚੋਂ ਕੇਵਲ ਇਹ ਮੂਰਤੀ ਪੂਜਾ ਕਰਮ ਹੀ ਕਿਵੇਂ ਨਿਸਫਲ ਕਰਮ ਹੈ? ਨਿਸਚੇ ਹੋ ਗਿਆ, ਤਾਂ ਤੇ ਇਹ ਗਲ ਕੇਵਲ ਸ੍ਰੀ ਭਾਗ ਮਲ ਜੀ ਦੇ ਦਿਮਾਗ ਦੀ ਹੀ ਕਾਢ ਹੈ ਵਰਨਾ ਯਥਾਰਥ ਨਹੀਂ।

ਅਥਵਾ, ਇਕ ਪਾਸੇ ਇਹ ਸ੍ਰੀ ਮਾਨ ਜੀ ਇਹ ਲਿਖ ਰਹੇ ਹਨ ਕਿ ਅਕਾਲ ਪੁਰਖ ਨੇ ਅਥਾਹ ਪ੍ਰੇਮ ਦੇਖ ਕੇ, ਦਰਸ਼ਨ ਦੇ ਕੇ ਮੂਰਤੀ ਪੂਜਾ ਵਾਲਾ ਭਰਮ ਨਾਸ਼ ਕਰ ਦਿਤਾ: ਤੇ ਦੂਜੇ ਪਾਸੇ ਇਹੀ ਸ੍ਰੀ ਮਾਨ ਜੀ ਸਫਾ ੨੨੫ ਤੇ ਲਿਖ ਰਹੇ ਹਨ ਕਿ, ਤੁਸਾਡੇ ਧਰਮ ਗ੍ਰੰਥਾਂ ਵਿਚ ਮੂਰਤੀ ਪੂਜਾ ਮਨ ਦੀ ਇਕਾਗਰਤਾ ਹਿਤ ਅਭਿਆਸ ਮਾਤ੍ਰ ਦੱਸੀ ਜਾਂਦੀ ਹੈ, ਪਰ ਨਾਮਦੇਵ ਨੇ ਕੇਵਲ ਦੁਧ ਛਕਾਉਣ ਦਾ ਹਠ ਕੀਤਾ ਸੀ, ਉਹ ਹਠ ਵੀ ਨਾਨੇ ਦੀ ਆਗਿਆ ਪਾਲਨ ਹਿਤ ਭੈ ਮਾਤ੍ਰ ਸੀ, ਇਥੇ ਸਮਝਨਾਂ ਇਸ ਗਲ ਨੂੰ ਹੈ ਕਿ ਪ੍ਰਮਾਤਮਾਂ ਨੇ ਅਥਾਹ ਪ੍ਰੇਮ ਦੇਖ ਕੇ ਦੁਧ ਪੀਤਾ ਕਿ ਕੇਵਲ ਨਾਨੇ ਦੇ ਡਰ ਤੋਂ ਹਠ ਕੀਤਾ ਤਾਂ ਉਸ ਹਠ ਦੇ ਅਧੀਨ ਹੋ ਕੇ ਭਗਵਾਨ ਨੇ ਦੁਧ ਪੀਤਾ: ਕਿਉਂਕਿ ਦੋਹਾਂ ਵਿਚੋਂ ਇਕ ਗਲ ਅਵਸ਼ਜ ਹੀ ਗਲਤ ਹੋਵੇਗੀ। ਬਾਕੀ ਨਾਨੇ ਦੀ ਆਗਿਆ ਪਾਲਨ ਹਿਤ ਹੀ ਹਠ ਹੁੰਦਾ, ਅੰਦਰੋਂ ਸਚਾ ਪ੍ਰੇਮ ਭਗਵਾਨ ਦੀ ਮੂਰਤੀ ਪੂਜਾ ਦਾ ਨਾਂ ਹੁੰਦਾ, ਤਾਂ ਭਗਵਾਨ ਕਦੀਂ ਦਰਸ਼ਨ ਨਾ ਦਿੰਦੇ, ਕਿਉਂਕਿ ਭਗਵਾਨ ਸਚੇ ਪ੍ਰੇਮ ਦੇ ਅਧੀਨ ਹਨ ਜਾਂ ਕੇਵਲ ਹਠ ਮਾਤ੍ਰ ਦੇ ਹੀ ਅਧੀਨ ਹਨ, ਅਤੇ 'ਗੁਰ ਭਗਤ ਮਾਲ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਤ ਸ੍ਰੀ ਲਾਲ ਸਿੰਘ ਜੀ ਨਰੋਤਮ ਦੀ ਸਾਖੀ ੮੩ ਵਿਚ ਲਿਖਿਆ ਹੈ ਕਿ:—'ਤਬ ਨਾਨੇ ਕਉ ਪੂਜਾ ਅਰਚਾ ਠਾਕਰੋਂ ਕੀ ਕਰਤਾ ਦੇਖ ਕਰ ਕਹਿਨੇ ਲਗਾ, ਹੇ ਨਾਨਾ ਜੀ ਮੁਝ ਕੋ ਭੀ ਪੂਜਾ ਕਰਨੇ ਕੀ ਵਿਧੀ ਕਹੋ ਤਬ ਵਾਮ ਦੇਵ ਆਜ ਕਾਲ ਕਰਤਾ ਬਹੁਤੇ ਦਿਨ ਬਿਤੀਤ ਕਰਤਾ ਭਯਾ' ਤਥਾ 'ਸਾਖੀ ਪ੍ਰਮਾਣ' ਕ੍ਰਿਤ ਸ੍ਰੀ ਆਤਮਾਂ ਸਿੰਘ ਜੀ ਵਿਚ ਵੀ ਨਾਨੇ ਜੀ ਕੋਲੋਂ ਇਹ ਮੂਰਤੀ ਪੂਜਾ ਦੀ ਸੇਵਾ ਮੰਗ ਕੇ ਲਈ ਲਿਖੀ ਹੈ, ਤਾਂ ਤੇ ਇਸ ਤੋਂ ਵੀ ਸਿਧ ਹੁੰਦਾ ਹੈ ਕਿ ਨਾਮਦੇਵ ਜੀ ਦੇ ਦਿਲ ਵਿਚ ਇਸ ਨਾਨੇ ਦੀ ਆਗਿਆ ਦੇਣ ਤੋਂ ਪਹਿਲੇ ਹੀ ਮੂਰਤੀ ਪੂਜਾ ਕਰਨ ਦਾ ਸੱਚਾ ਪ੍ਰੇਮ ਸੀ।

ਔਰ ਜੇਹੜੇ ਸਾਡੇ ਧਰਮ ਗ੍ਰੰਥਾਂ ਵਿਚ ਮੂਰਤੀ ਪੂਜਾ ਮਨ ਦੀ ਇਕਾਗਰਤਾ ਹਿਤ ਹੀ ਕੀਤੀ ਜਾਂਦੀ ਦੱਸੀ ਹੈ ਉਹਨਾਂ ਵਿਚੋਂ ਸ੍ਰੀ ਮਾਨ ਜੀ ਨੇ ਕਿਸੇ ਇਕ ਧਰਮ ਗ੍ਰੰਥ ਦਾ ਵੀ ਇਥੇ ਨਾਮ ਨਹੀਂ ਲਿਖਿਆ, ਜੇਕਰ ਹਠ ਹੀ ਹੋਵੇ ਤਾਂ ਇਸ ਵਿਚੋਂ ਇਹ ਕਿਵੇਂ ਸਾਬਤ ਹੋ ਸਕਦਾ ਹੈ ਕਿ ਨਾਮ ਦੇਵ ਜੀ ਦਾ ਮਨ ਇਕਾਗਰ ਨਹੀਂ ਸੀ ਹੋਇਆ, ਤੇ ਕੇਵਲ ਹਠ ਹੀ ਸੀ, ਜੇਕਰ ਮਨ ਇਕਾਗਰ ਨਾਂ ਹੁੰਦਾ ਤਾਂ ਪ੍ਰਮਾਤਮਾਂ ਨਾਮ ਦੇਵ ਉਤੇ ਪ੍ਰਸੰਨ ਕਿਵੇਂ ਹੋ ਗਿਆ, ਕੀ, ਕੇਵਲ ਕਿਸੇ ਡਰ ਜਾਂ ਹਠ ਦੇ ਅਧੀਨ ਵੀ ਪ੍ਰਮਾਤਮਾਂ ਪ੍ਰਸੰਨ ਹੋ ਸਕਦਾ ਹੈ, ਜੇਕਰ ਹੋ ਸਕਦਾ ਹੈ ਤਾਂ ਬਾਕੀ ਦੇ ਮਨ ਦੀ ਇਕਾਗਰਤਾ ਸਚਾ, ਪ੍ਰੇਮ, ਭਗਤੀ ਆਦਕ ਸਭ ਸਾਧਨ ਬਿਅਰਥ ਹੀ ਸਿਧ ਹੋਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੬. ਪ੍ਰਸ਼ਨ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੂਰਤੀ ਪੂਜਾ ਦੇ ਵਿਰੁਧ ਅਨੇਕ ਸ਼ਬਦ ਲਿਖੇ ਹਨ, ਯਥਾ :

(ੳ) ਹਿੰਦੂ ਮੂਲੇ ਭੂਲੇ ਅਖੁਟੀ ਜਾਹੀ, ਨਾਰਦ ਕਹਿਆ ਸਿ ਪੂਜ ਕਰਾਹੀ, ਵਾਰ ਬਿਹਾਗੜਾ ਮ: ੧ (ਅ) ਘਰਿ ਨਾਰਾਇਣੁ ਸਭਾ ਨਾਲਿ, ਪੂਜ ਕਰੈ ਰਖੈ ਨਾਵਾਲਿ, ਕੁੰਗੂ ਚੰਨਣੁ ਫੁਲਿ ਚੜ੍ਹਾਏ, ਪੈਰੀ ਪੈ ਪੈ ਬਹੁਤ ਮਨਾਏ, ਮਾਣੂਆ ਮੰਗਿ ਮੰਗਿ ਪੈਨ੍ਹੈ ਖ਼ਾਇ, ਅੰਧੀ ਕੰਮੀ ਅੰਧ ਸਜਾਇ, ਭੁਖਿਆ ਦੇ ਨ ਮਰਦਿਆਂ ਰਖੈ, ਅੰਧਾ ਝਗੜਾ ਅੰਧੀ ਸਥੈ, ਵਾਰ ਸਾਰੰਗ ਮ: ੧ (ੲ) ਭਾਂਤ ਪਹਿਤਿ ਅਰੁ ਲਾਪਸੀ ਕਰ ਕਰਾ ਕਾਸਾਰ, ਭੋਗਨ ਹਾਰੇ ਭੋਗਿਆ ਇਸ ਮੂਰਤਿ ਕੇ ਮੁਖ ਛਾਰ (ਆਸਾ ਸ੍ਰੀ ਕਬੀਰ ਜੀ) (ਸ) ਕਬੀਰ ਪਾਹਨ ਪ੍ਰਮੇਸੁਰੁ ਕੀਆ ਪੂਜੇ ਸਭ ਸੰਸਾਰ, ਇਸ ਭਰਵਾਸੇ ਜੋ ਰਹੇ ਬੂਡੇ ਕਾਲ਼ੀਧਾਰ, (ਸਲੋਕ ਸ੍ਰੀ ਕਬੀਰ ਜੀ) ਤਾਂ ਗੁਰੂ ਘਰ ਵਿਚ ਮੂਰਤੀ ਪੂਜਾ ਦਾ ਮੰਡਨ ਕਿਵੇਂ ਸਮਝਿਆ ਜਾ ਸਕਦਾ ਹੈ।

ਉਤਰ:—ਇਨ੍ਹਾਂ ਉਤੇ ਲਿਖੇ ਪ੍ਰਮਾਣਾਂ ਵਿਚ ਕੋਈ ਵੀ ਅਜਿਹਾ ਪ੍ਰਮਾਣ ਨਹੀਂ ਜੋ ਮੂਰਤੀ ਪੂਜਾ ਦਾ ਖੰਡਨ ਕਰਦਾ ਹੋਵੇ, ਕਿੰਤੂ ਯਥਾਰਥ ਅਰਥ ਨੂੰ ਨਾਂ ਸਮਝਨਾ ਹੀ ਖੰਡਨ ਭਾਸਦਾ ਹੈ। ਪਹਿਲੇ (ੳ) ਹਿੰਦੂ ਮੂਲੇ ਭੂਲੇ, ਵਾਲੇ ਸ਼ਬਦ ਵਿਚ ਵੀ ਇਹ ਦੱਸਿਆ ਹੈ ਕਿ ਕਲਜੁਗ ਦੇ ਪ੍ਰਭਾਵ ਹੇਠ ਆਏ ਹੋਏ ਕਈ ਹਿੰਦੂ ਨਾਰਦ ਦੀ ਕਹੀ ਹੋਈ ਮੂਲ ਭਗਤੀ ਨੂੰ ਭੁਲ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਰਸਤੇ ਜਾ ਰਹੇ ਹਨ, ਤੇ ਜ਼ਬਾਨੀ ਕਹਿੰਦੇ ਹਨ ਕਿ ਨਾਰਦ ਦੇ ਕਥਨ ਅਨੁਸਾਰ ਪੂਜਾ ਕਰਦੇ ਹਾਂ, ਕਿਉਂਕਿ ਨਾਰਦ ਜੀ ਨੇ, ਪਰਾ : ਅਪਰਾ : ਦੋ ਪ੍ਰਕਾਰ ਦੀ ਭਗਤੀ ਵਰਨਨ ਕੀਤੀ ਹੋਈ ਹੈ ਇਸ ਲਈ—

'ਅੰਧੇ ਗੂੰਗੇ ਅੰਧ ਅੰਧਾਰ,
ਪਾਥਰ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪ ਡੁਬੇ,
ਤੁਮ ਕਹਾ ਤਰਨ ਹਾਰ।

ਕਲਜੁਗੀ ਜੀਵ ਸੁਆਰਥ ਦੇ ਅੰਧੇਰੇ ਵਿਚ ਅੰਧੇ ਹੋਏ, ਗੂੰਗੇ ਹੋਏ ਭਾਵ ਪਖੰਡੀ ਸੱਚ ਨਾ ਕਹਿ ਸਕਦੇ ਹੋਏ, ਗੂੰਗੇ ਹਨ, ਮੂਰਖ (ਭਗਤੀ ਤੋਂ ਬਿਨਾਂ) ਕੇਵਲ ਪੱਥਰ ਲੈ ਕੇ ਪੂਜਦੇ ਹਨ। ਉਹ ਕਲਜੁਗੀ ਜੀਵ ਜਦ ਆਪ ਡੁਬੇ ਹੋਏ ਹਨ, ਤਾਂ ਤੁਸੀਂ ਆਪਣੀ ਕਲਿਆਨ ਦੇ ਅਭਿਲਾਸ਼ੀਓ ਕਿਵੇਂ ਉਨ੍ਹਾਂ ਦੇ ਮਗਰ ਲਗ ਕੇ ਤਰਨਹਾਰ ਹੋ ਸਕਦੇ ਹੋ, ਤਾਂ ਤੇ ਇਸ ਸ਼ਬਦ ਵਿਚ ਪਖੰਡ ਦਾ ਨਿਸ਼ੇਧ ਹੈ, ਅਸਲ ਭਗਤੀ ਭਾਵ ਨਾਲ ਮੂਰਤੀ ਪੂਜਾ ਦੁਆਰਾ ਪ੍ਰਮੇਸ਼ਰ ਜਾਂ ਗੁਰੂ ਅਵਤਾਰਾਂ ਦੀ ਪੂਜਾ ਦਾ ਨਿਸ਼ੇਧ ਨਹੀਂ।

ਔਰ ਇਸ ਸ਼ਬਦ ਤੋਂ ਪਹਿਲੇ ਸਲੋਕ, ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ, ਵਿਚ ਕਲਜੁਗ ਵਿਚ ਮਨੁਸ਼ ਜਿੰਨਾਂ (ਭੂਤਾਂ) ਦਾ ਅਵਤਾਰ ਹਨ, ਦੱਸਿਆ ਹੈ ਇਸ ਲਈ ਕਲਜੁਗੀ ਜੀਵਾਂ ਦਾ ਪ੍ਰਸੰਗ ਚਲਿਆ ਹੋਇਆ ਹੈ, ਤਾਂਤੇ ਇਸ ਸ਼ਬਦ ਦੀ ਭੂਮਿਕਾ ਵੀ ਕਲਜੁਗੀ (ਸੁਆਰਥੀ) ਜੀਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਹੋ ਸਕਦੇ ਹਨ, ਹੋਰ ਨਹੀਂ ਹੋ ਸਕਦੇ, ਜੇਕਰ ਕੇਵਲ, ਪਾਥਰ ਲੇ ਪੂਜਹਿ ਮੁਗਧ ਗਵਾਰ, ਤੁਕ ਉਤੇ ਹਠ ਕੀਤਾ ਜਾਵੇ ਕਿ ਪੱਥਰਾਂ ਨੂੰ ਲੈ ਕੇ ਪੂਜਾ ਕਰਨ ਵਾਲੇ ਮੂਰਖ ਗਵਾਰ ਹਨ ਤਾਂ ਇੰਜ ਕਈ ਮਜ਼੍ਹਬਾਂ ਵਾਲੇ, ਧਰਮ ਪੁਸਤਕਾਂ ਨੂੰ ਲੈ ਕੇ ਪ੍ਰਮਾਤਮਾਂ ਨੂੰ ਪੂਜਦੇ ਹਨ ਫਿਰ ਉਹ ਵੀ ਮੁਗਧ ਗਵਾਰ ਸਿਧ ਹੋ ਜਾਣਗੇ, ਕਿਉਂਕਿ ਧਰਮ ਪੁਸਤਕਾਂ ਵੀ ਪੱਥਰ ਮੂਰਤੀ ਵਤ ਚੇਤਨ ਨਹੀਂ ਹਨ, ਬਾਕੀ ਮੂਰਤੀ ਪੂਜਕ ਲੋਗਾਂ ਦਾ ਨਿਸ਼ਾਨਾ 'ਪੱਥਰ ਪੂਜਾ ਨਹੀਂ ਹੈ, ਇਹ ਪਿਛੇ ਦੱਸਿਆ ਗਿਆ ਹੈ ਕਿ, ਉਹਨਾਂ ਦਾ ਨਿਸ਼ਾਨਾ, ਗੁਰੂ, ਦੇਵਤਾ, ਅਵਤਾਰ ਪ੍ਰਮਾਤਮਾਂ ਹੈ, ਉਹ ਕਿਸੇ ਨਾ ਕਿਸੇ ਮੂਰਤੀ ਦੁਆਰਾ ਉਸੇ ਦੀ ਪੂਜਾ ਕਰਦੇ ਹਨ, ਤਾਂਤੇ ਪਾਥਰ ਲੇ ਪੂਜਹਿ ਵਾਕ ਸੇ ਉਹਨਾਂ ਦਾ ਇਥੇ ਖੰਡਨ ਨਹੀਂ ਕੀਤਾ ਜਾ ਸਕਦਾ, ਔਰ ਅੰਧੇ ਗੁੰਗੇ, ਵਾਕ ਪੱਥਰਾਂ ਲਈ ਨਹੀਂ ਵਰਤਿਆ ਗਿਆ ਇਹ ਪਾਥਰ ਲੇ ਪੂਜਹਿ, ਪੂਜਾ ਕਰਨ ਵਾਲੇ ਜੀਵਾਂ ਪ੍ਰਤੀ ਕਿਹਾ ਗਿਆ ਹੈ, ਇਸ ਲਈ ਉਹ ਜੀਵ ਹੀ ਜਦ ਆਪ ਡੁਬ ਰਹੈ ਹਨ ਤਾਂ ਦੂਸਰੇ ਨੂੰ ਉਹ ਤਾਰਨ ਹਾਰ ਕਿਵੇਂ ਹੋਣਗੇ, ਉਹਨਾਂ ਸੁਅਰਥੀ, ਦੰਭੀ ਜੀਵਾਂ ਦਾ ਹੀ ਖੰਡਨ ਹੋ ਸਕਦਾ ਹੈ, ਹੋਰ ਨਹੀਂ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਹਿੰਦੂ ਮੂਲੇ--ਪ੍ਰਮਾਤਮਾਂ ਨੂੰ ਭੁਲ ਕੇ ਨਾਰਦ ਦੀ ਕਹੀ ਹੋਈ ਮੂਰਤੀ ਪੂਜਾ ਦੇ ਮਗਰ ਲਗ ਕੇ ਕੁਰਸਤੇ ਜਾ ਰਹੈ ਹਨ ਇਹ ਅਰਥ ਹੈ, ਤਾਂ ਇਹ ਅਨੁਚਿਤ ਹੈ, ਕਿਉਂਕਿ ਜੇਹੜੇ ਹਿੰਦੂ ਮੂਰਤੀ ਪੂਜਾ ਕਰਦੇ ਹਨ ਇਹ ਪਿਛੇ ਦੱਸਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ ਹੈ, ਉਹ ਮੂਰਤੀ ਮਾਤ੍ਰ ਪੱਥਰ ਦੇ ਪੁਜਾਰੀ ਨਹੀਂ ਸਿਧ ਹੁੰਦੇ, ਜੇਕਰ ਮੂਰਤੀ ਮਾਤ੍ਰ ਦੇ ਪੁਜਾਰੀ ਹੋਣ ਤਾਂ ਉਹਨਾਂ ਨੂੰ ਆਰਤੀ ਵਿਚ ਇਹ ਕਹਿਣ ਦੀ ਕੀ, ਲੋੜ ਹੈ ਕਿ, ਕਿਸ ਬਿਧ ਮਿਲੋ ਗੁਸਾਈ ਤੁਮਕੋ ਮੈਂ ਕੁਮਤੀ, ਕੀ ਪੱਥਰ ਦੀ ਸਾਹਮਨੇ ਮੂਰਤੀ ਖੜੀ ਹੋਈ ਨੂੰ ਵੀ ਮਿਲਨਾ ਕੋਈ ਕਠਨ ਕੰਮ ਹੁੰਦਾ ਹੈ, ਜਿਸ ਲਈ ਉਹ ਇਹ ਪ੍ਰਾਰਥਨਾਂ ਕਰ ਰਹੇ ਹਨ, ਇਸ ਲਈ ਸਾਫ ਸਾਬਤ ਹੁੰਦਾ ਹੈ ਕਿ ਉਹ ਪ੍ਰਮਾਤਮਾਂ ਦੇ ਹੀ ਪੁਜਾਰੀ ਹਨ, ਤਾਂਤੇ ਇਹ ਅਰਥ ਕਰਨਾ ਕਿ ਹਿੰਦੂ ਪ੍ਰਮਾਤਮਾਂ ਨੂੰ ਭੁਲ ਕੇ ਕੁਰਸਤੇ ਜਾ ਰਹੇ ਹਨ, ਇਹ ਗਲਤ ਹੈ।

ਬਾਕੀ ਰਿਹਾ ਕਿ ਨਾਰਦ ਦੇ ਕਹਿਣੇ ਮੁਤਾਬਕ ਪੂਜਾ ਕਰਦੇ ਹਨ। ਇਸ ਲਈ ਹਿੰਦੂ ਅਸਲ ਰਸਤੇ ਤੋਂ ਉਲਟ ਜਾ ਰਹੇ ਹਨ, ਤਾਂ ਨਾਰਦ ਦੀ ਕਹੀ ਹੋਈ ਭਗਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੜੇ ਆਦਰ ਨਾਲ ਯਾਦ ਕੀਤਾ ਹੋਇਆ ਹੈ, ਯਥਾ:-ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛ ਤਨੁ ਦੀਨਾ, ਰਾਗ ਰਾਗਨੀ ਡਿੰਬ ਹੋਇ ਬੈਠਾ ਉਨ ਹਰਿ ਪਹਿ ਕਿਆ ਲੀਨਾ॥ ਸੋਰਠ ਕਬੀਰ ਜੀ, ਨਾਰਦੀ-ਨਾਰਦ ਜੀ ਦੀ ਕਹੀ ਹੋਈ ਭਗਤੀ ਜਿਸ ਦੇ ਹਿਰਦੇ ਵਿਚ ਨਹੀਂ ਆਈ ਤੇ ਕਾਛ ਕੂਛ-ਮਿਣ ਮੁਣ ਭਾਵ ਪਾਲ ਪੋਸ ਕੇ ਸਰੀਰ ਦੇ ਦਿਤਾ ਹੈ ਅਤੇ ਰਾਗ ਰਾਗਨੀਆਂ ਦੇ ਡਿੰਬ (ਪਾਖੰਡ) ਵਿਚ ਮਸਤ ਬੈਠਾ ਹੈ ਉਸ ਨੇ ਪਰਮੇਸ਼ਰ ਪਾਸੋਂ ਕੀ ਲਿਆ ਹੈ, ਭਾਵ ਉਸ ਦਾ ਜਨਮ ਨਿਸ਼ਫਲ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਗਿਆ ਹੈ, ਤਾਂ ਤੇ ਓਥੇ ਇਹ ਅਰਥ ਠੀਕ ਨਹੀਂ ਕਿ ਹਿੰਦੂ ਨਾਰਦ ਦੇ ਕਹਿਣ ਮੁਤਾਬਕ ਪੂਜਾ ਕਰਦੇ ਹਨ। ਇਸ ਲਈ ਹਿੰਦੂ ਅਸਲੀਅਤ ਤੋਂ ਉਲਟੇ ਜਾ ਰਹੇ ਹਨ, ਕਿਉਂਕਿ ਇਥੇ ਨਾਰਦ ਦੀ ਕਹੀ ਹੋਈ ਭਗਤੀ ਨੂੰ ਨਾਂ ਕਰਨੇ ਕਰਕੇ ਜਨਮ ਨਿਸਫਲ ਹੀ ਗਿਆ ਸਿਧ ਹੋ ਰਿਹਾ ਹੈ, ਕਿੰਤੂ ਜੇਕਰ ਹਠ ਹੀ ਕੀਤਾ ਜਾਵੇ ਤਾਂ ਇਸ ਤੋਂ ਬਿਨਾਂ ਹੋਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਨਾਰਦ ਜੀ ਦੇ ਬਚਨਾਂ ਦਾ ਸਤਿਕਾਰ ਕੀਤਾ ਗਿਆ ਹੈ, ਯਥਾ:—'ਭਾਈ ਰੇ ਗੁਰ ਬਿਨੁ ਗਿਆਨ ਨ ਹੋਇ, ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ ॥' ਸਿਰੀ ਰਾਗ ਮ: ੧ ਅਤੇ—ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥ ਰਾਮ ਨਾਮ ਪੜਹੁ ਗਤਿ ਪਾਵੋ ਸਤਿ ਸੰਗਤਿ ਗੁਰ ਨਿਸਤਾਰੇ ॥ ਨਟ ਅਸਟ ਪਦੀਆਂ ਮ: ੪ ਇਥੇ ਸ੍ਰੀ ਗੁਰੂ ਜੀ, ਗੁਰੂ ਬਿਨਾਂ ਗਿਆਨ ਨਹੀਂ ਹੁੰਦਾ ਇਹ ਗਲ ਨਾਰਦ ਨੂੰ ਵੀ ਪੁਛੋ ਕਹੈ ਰਹੇ ਹਨ ਤੇ ਨਾਰਦ ਮੁਨੀ ਜੀ ਬਚਨ ਪੁਕਾਰ ਕੇ ਕਹਿੰਦੇ ਹਨ ਕਿ ਰਾਮ ਨਾਮ ਨੂੰ ਪੜ੍ਹੋ ਤਾਂ ਗਤਿ ਪਾਵੋਗੇ, ਤਾਂ ਫਿਰ ਨਾਰਦ ਦੀ ਕਹੀ ਹੋਈ ਰੀਤੀ ਮੁਤਾਬਕ ਹਿੰਦੂ ਪੂਜਾ ਭਗਤੀ ਕਰਦੇ ਹਨ ਤਾਂ ਉਹ ਅਸਲੀਅਤ ਨੂੰ ਭੁਲ ਕੇ ਉਲਟੇ ਕਿਵੇਂ ਜਾ ਰਹੇ ਹਨ ਅਰਥ ਹੋ ਸਕੇਗਾ ਕਿਉਂਕਿ ਗੁਰੂ ਜੀ ਉਪਰੋਕਤ ਫੁਰਮਾ ਰਹੇ ਹਨ ਕਿ ਨਾਰਦ ਇਹ ਬਚਨ ਪੁਕਾਰਦਾ ਹੈ ਕਿ 'ਰਾਮ ਨਾਮ ਪੜਹੁ ਗਤਿ ਪਾਵੋ' ਤਾਂ ਰਾਮ ਨਾਮ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮਾਤਮਾਂ (ਅਸਲੀਅਤ) ਨੂੰ ਭੁਲਾਉਣ ਦਾ ਉਪਦੇਸ਼ ਨਾਰਦ ਜੀ ਕਰ ਰਹੇ ਹਨ ਕਿ ਉਲਟਾ ਪ੍ਰਮਾਤਮਾਂ ਰੂਪ ਅਸਲੀਅਤ ਨੂੰ ਜਪਣ ਲਈ ਬਚਨ ਪੁਕਾਰ ਰਹੇ ਹਨ, ਅਤੇ ਨਾਰਦ ਜੇਕਰ ਮੂਲ ਨੂੰ ਭੁਲ ਕੇ ਉਲਟੇ ਰਸਤੇ ਜਾ ਰਿਹਾ ਹੈ ਤਾਂ ਫਿਰ ਗੁਰੂ, ਬਾਬਤ ਨਾਰਦ ਨੂੰ ਪੁਛਣਾ ਕੀ ਅਰਥ ਰਖਦਾ ਹੈ, ਬਲਕਿ ਭਾਈ ਗੁਰਦਾਸ ਜੀ ਵੀ ਵਾਰ ੧੦–੧ ਵਿਚ, ਨਾਰਦ ਮੁਨ ਉਪਦੇਸ਼ਿਆ ਨਾਮ ਨਿਧਾਨ ਅਮਿਓ ਰਸ ਪੀਤਾ' ਨਾਰਦ ਮੁਨੀ ਦੇ ਉਪਦੇਸ਼ ਦੁਆਰਾ ਧਰੂਹ ਜੀ ਨੇ ਪਰਮਾਤਮਾਂ ਦੇ ਨਾਮ ਅੰਮ੍ਰਿਤ-ਰਸ ਨੂੰ ਪੀਤਾ ਲਿਖ ਰਹੇ ਹਨ, ਤਾਂ ਤੇ ਨਾਰਦ ਦੀ ਜ਼ੇਕਰ ਦਸੀ ਹੋਈ ਪੂਜਾ ਭਗਤੀ ਗਲਤ ਸੀ ਤਾਂ ਉਨ੍ਹਾਂ ਧਰੂਹ ਨੂੰ ਸੱਚਾ ਉਪਦੇਸ਼ ਕਿਵੇਂ ਦੇ ਦਿਤਾ।

ਤਥਾ:–ਭਾਈ ਗੁਰਦਾਸ ਜੀ ਵਾਰ ੧ ਪੌੜੀ ੨੦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦੇ ਕਾਰਨ ਦੱਸ ਰਹੇ ਹਨ ਕਿ–'ਠਾਕਰ ਦੁਆਰੇ ਢਾਹਿ ਕੈ ਤਿਹ ਠਉੜੀ ਮਸੀਤ ਉਸਾਰਾ॥ ਮਾਰਨ ਗਊ ਗ੍ਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ॥ ਭਾਵ ਮੁਸਲਮਾਨ ਲੋਗ ਠਾਕੁਰ ਦੁਆਰੇ ਢਾਹ ਕੇ–ਤੋੜ ਕੇ ਉਨ੍ਹਾਂ ਥਾਂਵਾਂ ਤੇ ਮਸੀਤਾਂ ਬਣਾ ਦਿੰਦੇ ਸਨ ਅਤੇ ਗ੍ਰੀਬਾਂ ਤੇ ਗਊਆਂ ਨੂੰ ਮਾਰ ਦਿੰਦੇ ਸਨ, ਇਸ ਤਰ੍ਹਾਂ ਦਾ ਧਰਤੀ ਤੇ ਪਾਪ ਫੈਲ ਗਿਆ ਸੀ, ਤਾਂ ਤੇ ਇਥੇ ਇਹ ਸੋਚਣਾ ਪਵੇਗਾ ਕਿ ਠਾਕਰ ਦੁਆਰਿਆਂ ਵਿਚ ਮੂਰਤੀ ਪੂਜਾ ਹੁੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri.

ਸੀ ਕਿ ਨਹੀਂ ? ਜੇਕਰ ਨਹੀਂ ਸੀ ਹੁੰਦੀ ਤਾਂ ਓਨ੍ਹਾਂ ਠਾਕਰ ਦੁਆਰਿਆਂ ਵਿਚ ਫਿਰ ਕਿਸ ਦੀ ਪੂਜਾ ਹੁੰਦੀ ਸੀ, ਕਿੰਤੂ ਜੇਕਰ ਮੂਰਤੀ ਪੂਜਾ ਹੀ ਹੁੰਦੀ ਸੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੀ ਅਗਰ ਮੰਨ ਲਿਆ ਜਾਵੇ ਕਿ, ਮੂਰਤੀ ਪੂਜਾ ਕਰਨੀ ਸਿਧਾਂਤ ਇਕ ਫੋਕਟ–ਬਿਅਰਥ ਕਰਮ ਹੀ ਸੀ, ਤਾਂ ਠਾਕੁਰ ਦੁਆਰੇ ਢਾਹਿ ਕੇ ਮੂਰਤੀ ਪੂਜਾ ਬੰਦ ਕਰਨੇ ਕਰਕੇ ਧਰਤੀ ਉਤੇ ਪਾਪ, ਕੀ, ਫੈਲ ਗਿਆ ਸੀ ਜਿਸਨੂੰ ਦੂਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ, ਭਾਵ ਇਹ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੀ ਜਦ ਪ੍ਰਗਟ ਹੋਕੇ ਆਪਣਾਂ ਸਿਧਾਂਤ, ਮੂਰਤੀ ਪੂਜਾ ਬੰਦ ਹੀ ਕਰਨੀ ਸੀ ਜਿਸ ਲਈ ਸਾਰੇ ਠਾਕੁਰ ਦੁਆਰੇ ਉੱਜੜ ਜਾਣੇ ਸਨ ਤਾਂ ਇਹ ਕੰਮ ਤੇ ਪਹਿਲੇ ਮੁਸਲਮਾਨ ਕਰ ਹੀ ਰਹੇ ਸਨ, ਫਿਰ ਠਾਕੁਰ ਦੁਆਰੇ ਢਾਹ ਦੇਣੇ ਕੀ, ਪਾਪ ਸੀ, ਭਾਵ ਕੁਛ ਵੀ ਪਾਪ ਨਹੀਂ ਸੀ ਪ੍ਰੰਤੂ ਭਾਈ ਗੁਰਦਾਸ ਜੀ ਇਸੇ ਗਲ ਨੂੰ ਪਾਪ ਬਿਥਾਰਾ, ਲਿਖ ਰਹੇ ਹਨ, ਇਸ ਤੋਂ ਸਾਬਤ ਹੁੰਦਾ ਹੈ ਮੂਰਤੀ ਪੂਜਾ ਬੰਦ ਕਰਨੀ ਗੁਰੂ ਜੀ ਦਾ ਸਿਧਾਂਤ ਨਹੀਂ ਸੀ, ਉਲਟਾ ਗੁਰੂ ਜੀ ਮੂਰਤੀ ਪੂਜਾ ਬੰਦ ਹੁੰਦੀ ਜਾਂਦੀ ਰੂਪ ਪਾਪ ਨੂੰ ਦੂਰ ਕਰਨ ਵਾਸਤੇ ਪ੍ਰਗਟ ਹੋਇ ਇਥੇ ਸਿਧ ਹੁੰਦੇ ਹਨ, ਤਾਂਤੇ ਇਥੇ, ਹਿੰਦੂ ਮੂਲੇ ਭੂਲੇ ਅਖੁਟੀ ਜਾਹੀ, ਸ਼ਬਦ ਦਾ ਅਰਥ ਮੂਰਤੀ ਪੂਜਾ ਦੇ ਵਿਰੁਧ ਸਮਝਣਾ ਠੀਕ ਨਹੀਂ।

(ਅ) ਘਰਿ ਨਾਰਾਇਣ ਸਭਾ ਨਾਲਿ, ਸ਼ਬਦ ਵਿਚ ਵੀ ਜੇੜ੍ਹੇ ਸੁਆਰਥੀ ਲੋਗ ਪੁਜਾਰੀ ਆਪਣੇ ਪੇਟ ਪਾਲਨ ਦਾ ਰੁਜਗਾਰ ਹੀ ਮੂਰਤੀ ਪੂਜਾ ਬਣਾਈ ਬੈਠੇ ਹਨ ਓਨ੍ਹਾਂ ਪੁਜਾਰੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਾਂ ਦਾ ਇਥੇ ਖੰਡਨ ਹੈ ਪ੍ਰੰਤੂ ਜਿਸ ਅਸਲ ਭਾਵ ਨੂੰ ਲੈਕੇ ਅਸਲ ਮੂਰਤੀ ਪੂਜਾ ਕੀਤੀ ਜਾਂਦੀ ਹੈ ਉਸ ਪੂਜਾ ਦਾ ਇਸ ਸ਼ਬਦ ਵਿਚ ਕਿਤੇ ਖੰਡਨ ਨਹੀਂ ਕਿਉਂਕਿ ਇਸੇ ਸ਼ਬਦ ਵਿਚ ਤੁਕ ਲਿਖੀ ਹੋਈ ਹੈ ਕਿ 'ਮਾਨੂਆ ਮੰਗਿ ਮੰਗਿ ਪੈਨ੍ਹੈ ਖਾਇ' ਕਿ ਸ੍ਰੀ ਠਾਕੁਰ ਅਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੇ ਨਾਂ, ਉਤੇ ਮਨੁਸ਼ਾਂ ਕੋਲੋਂ ਮੰਗ ਮੰਗ ਕੇ ਪਹਿਨਦੇ ਅਤੇ ਖਾਂਦੇ ਹਨ, ਕਿੰਤੂ ਮੂਰਤੀ ਪੂਜਾ ਕਰਨ ਵਾਲੇ ਕਿਸੇ ਮਨੁਸ਼ਾਂ ਕੋਲੋਂ ਮੰਗ ਮੰਗ ਕੇ ਖਾਂਦੇ, ਪਹਿਨਦੇ ਨਹੀਂ, ਅਤੇ ਇਹ ਕਿਸੇ ਥਾਂ, ਵੀ ਮੂਰਤੀ ਪੂਜਾ ਦੇ ਵਿਧਾਨ ਵਿਚ ਨਹੀਂ ਲਿਖਿਆ ਹੋਇਆ ਕਿ, ਮੂਰਤੀ ਪੂਜਾ ਕਰਨ ਵਾਲਾ ਹਰ ਇਕ ਪ੍ਰਾਂਣੀ ਮੰਗ ਕੇ ਹੀ ਮਨੁਖਾਂ ਕੋਲੋਂ ਪਹਿਨੇ ਅਤੇ ਖਾਵੇ, ਤਾਂ ਤੇ ਇਥੇ ਲੋਕਾਂ ਨੂੰ ਧੋਖਾ ਦੇਣ ਵਾਲੇ ਸੁਆਰਥੀ ਪੁਜਾਰੀ ਦਾ ਜ਼ਿਕਰ ਹੈ ਕਿ, ਘਰ ਵਿਚ ਦੇਵਤਿਆਂ ਦੀ ਸਭਾ ਨਾਲ, ਨਾਰਾਇਣ = ਪ੍ਰਮਿਸ਼ਰ ਰਖਕੇ ਪੂਜਾ ਕਰਦਾ ਤੇ ਇਸ਼ਨਾਨ ਵੀ ਕਰਵਾ ਕੇ ਰਖਦਾ ਹੈ ਔਰ ਕੇਸਰ, ਚੰਨਣ, ਫੁਲ ਆਦਕ ਚੜ੍ਹਾ ਕੇ ਫਿਰ ਪੈਰੀ ਪੈ ਪੈ ਕੇ ਬਹੁਤ ਮਨਾਉਂਦਾ ਹੈ, ਅਤੇ ਮਨੁਖਾਂ ਕੋਲੋਂ ਇਨ੍ਹਾਂ ਠਾਕਰਾਂ ਦੀਆਂ ਮੂਰਤੀਆਂ ਦੇ ਨਾਂ ਉਤੇ ਮੰਗ ਮੰਗ ਕੇ ਪਹਿਨਦਾ ਤੇ ਖਾਂਦਾ ਹੈ ਭਾਵ ਕਦੀਂ ਮੂਰਤੀਆਂ ਨੂੰ ਭੋਗ ਲਵਾਉਂਣ ਵਾਸਤੇ ਕੁਛ ਮੰਗ ਲੈਂਦਾ ਹੈ, ਤੇ ਕਦੀਂ ਕਿਸੇ ਕੋਲੋਂ ਮੂਰਤੀਆਂ ਦੀ ਪੁਸ਼ਾਕ ਲਈ ਜਾਂ ਹੋਰ ਕਈ ਬਹਾਨੇ ਬਣਾਕੇ ਮੰਗ ਮੰਗ ਕੇ ਆਪ ਖਾਂਦਾਂ ਤੇ ਪਹਿਰਦਾ ਹੈ, ਤਾਂਤੇ ਇਹੋ ਜਿਹੇ ਅੰਧੇ ਕਰਮਾਂ (ਅਸਲੀ ਸ਼ਾਸਤ੍ਰ ਆਸ਼ਜ ਰਹਿਤ ਬਨਾਵਟੀ ਕਰਮਾਂ) ਸੇ ਅੰਧੀ ਸਜਾ ਹੁੰਦੀ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਿਆਨ ਨਹੀਂ, ਔਰ ਮੂਰਤੀਆਂ ਦੇ ਨਾਂ ਉਤੇ ਇਕੱਠੇ ਕੀਤੇ ਹੋਇ ਧਨ ਨਾਲ ਨਾਂ ਹੀ, ਮਰਦਿਆਂ ਹੋਇਆਂ (ਬੀਮਾਰ ਆਦਕਾਂ) ਦੀ ਰਖਿਆ ਹੀ ਕਰਦਾ ਹੈ ਤੇ ਨਾਂ ਹੀ ਭੁਖਿਆਂ ਗ੍ਰੀਬਾਂ ਨੂੰ ਹੀ ਕੁਝ ਦਿੰਦਾ ਹੈ, ਇਸ ਲਈ ਸਚੀ ਪ੍ਰੇਮਾਂ ਭਗਤੀ ਤੋਂ ਬਿਨਾਂ ਇਹ ਪੇਟ ਪਾਲੂ ਲੋਕ ਵਿਖਲਾਵੇ ਦੀ ਪੂਜਾ, ਅੰਧਾ ਝਗੜਾ ਹੈ, ਤੇ ਜਿੰਨਾ ਸੰਗੀਆਂ ਵਿਚ ਬਹਿ ਕੇ ਕਰਦਾ ਹੈ ਉਹ (ਅੰਧੀ ਸਥੈ) ਸਭਾ ਵੀ ਅੰਧੀ (ਸ਼ਾਸਤ੍ਰ ਦੇ ਗੰਭੀਰ ਆਸ਼ਜ ਦੇਖਣੇ ਰਹਿਤ) ਹੈ।

ਬਾਕੀ ਕਈ ਸੱਜਣ ਇਥੇ ਇਹ ਅਰਥ ਕਰਿਆ ਕਰਦੇ ਹਨ ਕਿ, ਉਹ ਠਾਕਰਾਂ ਦੀਆਂ ਮੂਰਤੀਆਂ ਰੂਪੀ ਠਾਕੁਰ ਭੁਖਿਆਂ ਗ੍ਰੀਬਾਂ ਨੂੰ ਕੁਛ ਦਿੰਦੇ ਨਹੀਂ ਅਤੇ ਨਾਂ ਮਰਦਿਆਂ ਨੂੰ ਕੁਛ ਬਚਾ ਹੀ ਸਕਦੇ ਹਨ, ਇਸ ਲਈ ਇਨ੍ਹਾਂ ਦੀ ਪੂਜਾ ਕਰਨੀ ਇਕ ਅੰਧਾ ਝਗੜਾ ਹੈ, ਪਰ ਇਹ ਅਰਥ ਇਥੇ ਠੀਕ ਨਹੀਂ ਢੁਕਦਾ ਕਿਉਂਕਿ ਜੇੜ੍ਹੀਆਂ ਪਾਰਟੀਆਂ ਅਜ ਇਹ ਐਲਾਨ ਕਰਦੀਆਂ ਹਨ ਕਿ ਅਸੀਂ ਮੂਰਤੀ ਪੂਜਕ ਨਹੀ ਹਾਂ, ਕੇਵਲ ਨਿਰੋਲ ਈਸ਼ਵਰ ਪੂਜਕ ਹੀ ਹਾਂ, ਤਾਂ ਉਨ੍ਹਾਂ ਦੇ ਈਸ਼ਵਰ ਨੇ ਵੀ ਅਜ ਤਕ ਕਿਸੇ ਮਰਦੇ ਹੋਇ ਨੂੰ ਨਹੀਂ ਬਚਾਇਆ ਤੇ ਨਾ ਹੀ ਉਨ੍ਹਾਂ ਦੀ ਪਾਰਟੀ ਵਿਚੋਂ ਕੋਈ ਭੁਖੇ ਲੋਗ ਹੀ ਖਤਮ ਹੋ ਗਏ ਹਨ, ਭਾਵ ਇਹ ਕਿ ਜੇਕਰ ਕਿਸੇ ਮਰਦੇ ਹੋਇ ਨੂੰ ਬਚਾਇਆ ਹੋਯਾ ਹੁੰਦਾ ਤਾਂ ਉਹ ਫਿਰ ਕਦੀਂ ਮਰਦਾ ਹੀ ਨਾਂ ਪ੍ਰੰਤੂ ਜੇਕਰ ਉਹ ਆਖਰ ਮਰ ਹੀ ਗਿਆ ਹੈ ਤਾਂ ਉਸਨੂੰ ਅਖੀਰਲੇ ਮਰਨੇ ਦੇ ਵਕਤ ਈਸ਼ਵਰ ਨੇ ਕਿਉਂ ਨਾਂ ਬਚਾਯਾ ਅਤੇ ਜੇਕਰ ਭੁਖਿਆਂ ਨੂੰ ਕੁਛ ਦਿਤਾ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਤਾਂ ਉਨ੍ਹਾਂ ਦੀ ਪਾਰਟੀ ਵਿਚ ਅੱਜ ਕੋਈ ਵੀ ਭੁਖਾ = ਗ੍ਰੀਬ ਨਹੀ ਸੀ ਹੋਣਾ ਚਾਹੀਦਾ, ਕਿੰਤੂ ਸਾਰੇ ਹੀ ਅਮੀਰ ਰੱਜੇ ਹੋਇ ਹੋਣੇ ਚਾਹੀਦੇ ਸਨ, ਪਰ ਇਹੋ ਜਿਹੀ ਪਾਰਟੀ ਅੱਜ ਇਥੇ ਕੋਈ ਵੀ ਨਹੀਂ, ਜਿਸ ਵਿਚ ਗ੍ਰੀਬ ਹੀ ਕੋਈ ਨਾ ਹੋਵੇ, ਅਤੇ ਜੇਕਰ ਸਾਰੀਆਂ ਪਾਰਟੀਆਂ ਮੂਰਤੀ ਪੂਜਾ ਦੇ ਵਿਰੁਧ ਐਲਾਨ ਕਰਨ ਵਾਲੀਆਂ ਵਿਚ ਵੀ ਕਈ ਗ੍ਰੀਬ ਤੇ ਕਈ ਅਮੀਰ ਹਨ ਤੇ ਕਈ ਮਰ ਗਏ ਤੇ ਕਈ ਬਚੇ ਵੀ ਪਏ ਹਨ ਤਾਂ ਇੰਜ ਮੂਰਤੀ ਪੂਜਾ ਕਰਨ ਵਾਲੀ ਪਾਰਟੀ ਵੀ ਸਾਰੀ ਭੁਖੀ = ਗ੍ਰੀਬ ਨਹੀ ਤੇ ਨਾਂ ਹੀ ਸਾਰੀ ਮਰ ਗਈ ਹੈ, ਕਈ ਮਰਦੇ ਹੋਇ ਵੀ ਬਚੇ ਫਿਰਦੇ ਹਨ, ਤਾਂ ਤੇ ਇਹ ਅਰਥ ਠੀਕ ਨਹੀਂ ਬੈਠਦਾ ਕਿ ਮੂਰਤੀਆਂ ਨਾਂ ਕੁਛ ਭੁਖਿਆਂ ਨੂੰ ਦੇ ਸਕਦੀਆਂ ਹਨ, ਤੇ ਨਾਂ ਹੀ ਮਰਦਿਆਂ ਨੂੰ ਬਚਾ ਸਕਦੀਆਂ ਹਨ, ਕਿਉਂਕਿ ਜਿਹੜੇ ਮੂਰਤੀ ਪੂਜਕ ਨਹੀਂ, ਇਹ ਉਨ੍ਹਾਂ ਵਿਚ ਵੀ ਨਿਯਮ ਨਹੀਂ ਕਿ ਭੁਖਿਆਂ ਨੂੰ ਦੇਣਾ ਤੇ ਮਰਦਿਆਂ ਨੂੰ ਬਚਾਉਣਾ, ਕਿੰਤੂ ਕਈ ਮੂਰਤੀ ਪੂਜਾ ਕਰਨ ਵਾਲੇ ਪੁਜਾਰੀ ਵੀ ਹਨ ਜੋ ਭੁਖੇ ਨਹੀਂ ਬਲਕਿ ਹਜ਼ਾਰਾਂ ਰੁਪੈ ਉਨ੍ਹਾਂ ਦੇ ਜਮ੍ਹਾਂ ਪਏ ਹਨ, ਅਤੇ ਬੁਢੇ ਵੀ ਹੋ ਗਏ ਹਨ ਤੇ ਹੁਣ ਤਕ ਉਨ੍ਹਾਂ ਦੇ ਘਰਾਂ ਵਿਚੋਂ ਕੋਈ ਬਾਲਕ ਵੀ ਨਹੀਂ ਮਰਿਆ, ਤਾਂ ਉਨ੍ਹਾਂ ਲਈ ਇਸ ਸ਼ਬਦ ਦਾ ਅਰਥ ਫਿਰ ਕੀ ਸੋਚਾਂਗੇ ?

ਤਾਂ ਤੇ ਇਹੀ ਅਰਥ ਠੀਕ ਹੈ ਕਿ ਇਸ ਸ਼ਬਦ ਵਿਚ ਪਖੰਡ ਦੀ ਪੂਜਾ ਦਾ ਖੰਡਨ ਹੈ, ਅਸਲ ਪੂਜਾ ਦਾ ਨਹੀਂ। ਜੇਕਰ ਇਹ ਕਿਹਾ ਜਾਵੇ ਕਿ ਘਰ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠਾਕਰਾਂ ਦੀਆਂ ਮੂਰਤੀਆਂ ਹੁੰਦਿਆਂ ਫਿਰ ਉਹ ਪੁਜਾਰੀ ਮੰਗ ਮੰਗ ਕੇ ਖਾਂਦਾ ਹੈ, ਇਸ ਲਈ ਮੂਰਤੀ ਪੂਜਾ ਖੰਡਨ ਹੈ ਤਾਂ ਇੰਜ ਜਿਹੜੇ ਕਹਿੰਦੇ ਹਨ ਕਿ ਅਸੀਂ ਮੂਰਤੀ ਪੂਜਾ ਨਹੀਂ ਕਰਦੇ ਉਨ੍ਹਾਂ ਦੇ ਘਰ ਛਡ ਕੇ ਅੰਦਰ ਹਿਰਦੇ ਵਿਚ ਹੀ ਪ੍ਰਮਾਤਮਾਂ ਬ੍ਰਿਾਜਮਾਨ ਹੈ ਤਾਂ ਉਨ੍ਹਾਂ ਦੀ ਭੁਖ ਵੀ ਨਿਯਮ ਕਰਕੇ ਦੂਰ ਨਹੀਂ ਹੋਈ, ਕਈ ਉਨ੍ਹਾਂ ਵਿਚੋਂ ਧਨਾਢ ਹੋ ਕੇ ਵੀ ਕਹਿੰਦੇ ਹਨ ਕਿ ਸਾਡੇ ਕੋਲ ਕੁਛ ਨਹੀਂ। ਕਾਰਨ ਇਹ ਕਿ ਤ੍ਰਿਸ਼ਨਾਂ ਦੀ ਭੁਖ ਹਿਰਦੇ ਵਿਚ ਹੀ ਵਧੀ ਪਈ ਹੈ, ਅਤੇ ਕਈਆਂ ਕੋਲ ਧਨ ਨਹੀਂ ਤਾਂ ਗ੍ਰੀਬ ਹਨ, ਮਜ਼ਦੂਰੀ ਵੀ ਕਰਦੇ ਫਿਰਦੇ ਹਨ ਤਾਂ ਉਨ੍ਹਾਂ ਲਈ ਇਥੇ ਫਿਰ ਕੀ ਅਰਥ ਸੋਚਿਆ ਜਾਵੇਗਾ, ਕਿਆ ਇਹੀ ਸੋਚਿਆ ਜਾਵੇਗਾ ਕਿ ਜਿਹੜੇ ਮੂਰਤੀ ਪੂਜਾ ਦੁਆਰਾ ਪ੍ਰਮਾਤਮਾਂ ਦੀ ਪੂਜਾ ਭਗਤੀ ਕਰਨੀ ਨਹੀਂ ਚਾਹੀਦੀ, ਇਹ ਐਲਾਨ ਕਰਦੇ ਹਨ ਉਨ੍ਹਾਂ ਦੀ ਮੂਰਤੀ ਪੂਜਾ ਬਿਨਾਂ ਕੀਤੀ ਹੋਈ ਪੂਜਾ ਭਗਤੀ ਵੀ ਇਕ ਅੰਧਾ ਝਗੜਾ ਹੈ, ਜੇ ਕਰ ਕਦੀਂ ਇੰਜ ਵੀ ਮੰਨੀਏ ਤਾਂ ਫਿਰ ਕਿਹੜੀ ਰੀਤੀ ਅਨੁਸਾਰ ਪੂਜਾ ਭਗਤੀ ਕਰਨੀ ਠੀਕ ਬੈਠੇਗੀ ਜਿਸ ਦੇ ਕਰਨੇ ਸੇ, ਨਾਂ ਹੀ ਕੋਈ ਭੁਖਾ ਰਹਿ ਸਕੇ ਤੇ ਨਾਂ ਹੀ ਕੋਈ ਮਰ ਸਕੇ, ਜੇਕਰ ਅਜਿਹੀ ਰੀਤੀ ਵਾਲੀ ਕੋਈ ਵੀ ਪੂਜਾ ਭਗਤੀ ਨਹੀਂ ਤਾਂ ਇਨ੍ਹਾਂ ਕਾਰਨਾਂ ਕਰਕੇ ਕੇਵਲ ਮੂਰਤੀ ਪੂਜਾ ਦੁਆਰਾ ਪੂਜਾ ਭਗਤੀ ਕਰਨ ਦਾ ਖੰਡਨ, ਕਿਆ, ਅਰਥ ਰਖੇਗਾ ਤਾਂਤੇ ਪਹਿਲੋਂ ਜੋ ਇਸਦਾ ਅਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਗਿਆ ਹੈ ਓਹੀ ਨਿਰਪਖ ਹੈ ।

(ੲ) ਭਾਤ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰ, ਇਸ ਵਿਚ ਵੀ ਅਸਲ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ, ਕਿੰਤੂ ਜੇੜ੍ਹੇ ਪੁਜਾਰੀ ਲੋਗ, ਚੌਲ, ਦਾਲ, ਲਾਪਸੀ, ਪਾਪੜ, ਪੰਜੀਰੀ ਆਦਕ ਪਦਾਰਥਾਂ ਦੇ ਲਾਲਚੀ ਮੂਰਤੀ ਨੂੰ ਭੋਗ ਲਵਾਉਣ ਦੇ ਬਹਾਨੇ ਆਪ ਸਭ ਕੁਛ ਖਾਣ ਦਾ ਰੁਜ਼ਗਾਰ ਬਨਾਈ ਬੈਠੇ ਹਨ, ਉਨ੍ਹਾਂ ਦਾ ਹੀ ਜ਼ਿਕਰ ਹੈ ਕਿ, ਭੋਗਨ ਹਾਰੇ ਭੋਗਿਆ ਖਾਣ ਵਾਲੇ ਪੁਜਾਰੀ ਨੇ ਹੀ ਸਭ ਕੁਛ ਖਾ ਲਿਆ ਪਰ ਮੂਰਤੀ ਦੇ ਮੂੰਹ ਵਿਚ ਕੀ, ਆਇਆ ਸਵਾਹ, ਭਾਵ ਕੁਛ ਵੀ ਨਾਂ, ਬਾਕੀ ਇਹ ਗਲ ਅਸੀਂ ਵੀ ਮੰਨਦੇ ਹਾਂ ਕਿ, ਮੂਰਤੀ ਕੁਛ ਵੀ ਨਹੀਂ ਖਾਂਦੀ, ਕਿੰਤੂ ਮੂਰਤੀ ਦੀ ਪੂਜਾ ਸੇ ਮੂਰਤੀ ਵਾਲੇ ਦੇਵਤਾ, ਅਵਤਾਰ, ਆਦਕਾਂ ਦੀ ਹੀ ਪ੍ਰਸੰਨਤਾ ਹੁੰਦੀ ਹੈ, ਪ੍ਰੰਤੂ ਜੇਕਰ ਕੇਵਲ ਇਹ ਹਠ ਹੀ ਕਰੀਏ ਕਿ ਮੂਰਤੀ ਕੁਛ ਨਹੀਂ ਖਾਂਦੀ ਇਸ ਲਈ ਸ੍ਰੀ ਕਬੀਰ ਜੀ ਨੇ ਇਥੇ ਮੂਰਤੀ ਪੂਜਾ ਦਾ ਹੀ ਨਿਸ਼ੇਧ ਕੀਤਾ ਹੈ, ਤਾਂ ਇੰਜ ਜੇੜ੍ਹੇ ਸੱਜਣ ਮੂਰਤੀ ਪੂਜਾ ਦੇ ਹਾਂਮੀ ਨਹੀਂ, ਮੂਰਤੀ ਨੂੰ ਭੋਗ ਨਹੀਂ ਲਵਾਉਂਦੇ ਕਿੰਤੂ ਸਿੱਧਾ ਪ੍ਰਮਾਤਮਾਂ ਨੂੰ ਭੋਗ ਲਵਾਉਂਦੇ ਹਨ ਜਾਂ ਕੁਛ ਵੀ ਅਰਪਨ ਕਰਦੇ ਹਨ ਤਾਂ, ਕੀ, ਉਨ੍ਹਾਂ ਦੇ ਭੋਗ ਪਦਾਰਥ ਪ੍ਰਮਾਤਮਾਂ ਖਾ ਲੈਂਦਾ ਹੈ ਜਾਂ ਪਕੜ ਲੈਂਦਾ ਹੈ, ਜੇਕਰ ਵਿਚੋਂ ਕੁਛ ਵੀ ਨਹੀਂ ਖਾਂਦਾ ਜਾਂ ਗ੍ਰਹਿਣ ਕਰਦਾ ਕਿੰਤੂ ਭੋਗ ਲਵਾਉਣ ਵਾਲੇ ਜਾਂ ਕੁਛ ਅਰਪਨ ਕਰਨ ਵਾਲੇ ਆਪ ਹੀ ਖਾ ਜਾਂਦੇ ਹਨ ਤਾਂ ਫਿਰ ਇਥੇ ਕੇਵਲ ਮੂਰਤੀ ਪੂਜਾ ਦਾ ਹੀ ਨਿਸ਼ੇਧ ਅਰਥ ਕਿਵੇਂ ਰਿਹਾ, ਫਿਰ ਤਾਂ ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰੀਕੇ ਨਾਲ ਵੀ ਪ੍ਰਮਾਤਮਾਂ ਨੂੰ ਕੁਛ ਅਰਪਨ ਕਰਨਾ ਹੈ ਉਹ ਪ੍ਰਮਾਤਮਾਂ ਦੇ ਸਿਧੇ ਨਾ ਗ੍ਰਹਿਣ ਕਰਨੇ ਸੇ ਸਾਰੇ ਅਰਪਨ ਕਰਨੇ ਹੀ ਨਿਸ਼ੇਧ ਅਰਥ ਹੋਵੇਗਾ, ਕਿਉਂਕਿ ਜੋ ਕੁਛ ਵੀ ਪ੍ਰਮਾਤਮਾਂ ਦੇ ਨਾਂ ਉਤੇ ਅਰਪਨ ਕੀਤਾ ਜਾਵੇਗਾ ਉਹ ਪ੍ਰਮਾਤਮਾਂ ਸਾਖਿਆਤ ਤਾਂ ਕੁਛ ਗ੍ਰਹਿਣ ਕਰੇਗਾ ਨਹੀਂ ਕਿੰਤੂ ਹੋਰ ਲੋਕ ਹੀ ਸਭ ਕੁਛ ਖਾ ਜਾਣਗੇ ਫਿਰ ਉਨ੍ਹਾਂ ਉਤੇ ਵੀ ਇਹ ਸੁਆਲ ਹੋਵੇਗਾ ਕਿ ਖਾਣ ਵਾਲੇ ਲੋਕ ਖਾ ਗਏ ਤੇ ਪ੍ਰਮਾਤਮਾਂ ਦੇ ਮੂੰਹ ਵਿਚ ਕੀ, ਆਇਆ, ਭਾਵ ਕੁਛ ਵੀ ਨਾਂ, ਤਾਂਤੇ ਪ੍ਰਮਾਤਮਾਂ ਨੂੰ ਕਿਸੇ ਤ੍ਰੀਕੇ ਸੇ ਵੀ ਕੁਛ ਅਰਪਨ ਕਰਨਾ ਨਿਸ਼ੇਧ ਹੀ ਹੈ ਇਹ ਅਰਥ ਸਿਧ ਹੋਵੇਗਾ।

ਅਥਵਾ ਕਈ ਸੱਜਣ ਆਪਣੀਆਂ ਧਰਮ ਪੁਸਤਕਾਂ ਨੂੰ ਕੁਛ ਭੋਗ ਲਵਾਉਂਦੇ ਹਨ, ਕਿੰਤੂ ਉਨ੍ਹਾਂ ਦੇ ਭੋਗ ਪਦਾਰਥ ਵੀ ਉਹ ਗ੍ਰੰਥ ਧਰਮ ਸ਼ਾਸਤ੍ਰ ਕੁਛ ਗ੍ਰਹਿਣ ਨਹੀਂ ਕਰਦੇ, ਭੋਗ ਲਵਾਉਂਣ ਵਾਲੇ ਹੀ ਆਪ ਸਭ ਕੁਛ ਖਾ, ਪੀ ਜਾਂਦੇ ਹਨ, ਤਾਂ ਫਿਰ ਉਨ੍ਹਾਂ ਦੀ ਪੂਜਾ ਭਗਤੀ ਦਾ ਵੀ ਇਥੇ ਨਿਸ਼ੇਧ ਅਰਥ ਸਿਧ ਹੋਵੇਗਾ, ਇਸ ਲਈ ਇਹ ਅਰਥ ਠੀਕ ਨਹੀਂ ਬੈਠਦਾ ਕਿ ਇਥੇ ਮੂਰਤੀ ਪੂਜਾ ਦਾ ਨਿਸ਼ੇਧ ਹੈ, ਹਾਂ ਸੁਆਰਥ ਹਿਤ ਦੰਭ ਕਰਨੇ ਦਾ ਨਿਸ਼ੇਧ ਅਰਥ ਹੈ ਕਿ, ਬਹੁਤੇ ਲਾਲਚੀ ਪੁਜਾਰੀ ਲੋਗ ਆਪਣੇ ਛਕਣ ਛਕਾਉਂਣ, ਦੇ ਲਾਲਚ ਵਾਸਤੇ ਧਨੀ, ਲੋਕਾਂ ਨੂੰ ਪ੍ਰੇਰਨਾਂ ਕਰਦੇ ਹਨ ਕਿ, ਅੱਜ ਸ੍ਰੀ ਠਾਕੁਰ ਜੀ ਨੂੰ ਪੂਰੀ ਕੜਾਹ ਦਾ ਭੋਗ ਲਗੇਗਾ ਤੇ ਕਲ ਨੂੰ ਖੋਏ, ਪੰਜੀਰੀ, ਪਾਪੜ, ਦਾ ਭੋਗ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗੇਗਾ ਆਦਕ ਇਸ ਦੰਭ ਦਾ ਇਥੇ ਸ੍ਰੀ ਕਬੀਰ ਜੀ ਨੇ ਨਿਸ਼ੇਧ ਕੀਤਾ ਹੈ ਕਿ, ਸ੍ਰੀ ਠਾਕੁਰ ਜੀ ਦੀ ਖਾਣੇ ਪੀਣੇ ਦੀ ਇਛਾ ਦੇ ਬਹਾਨੇ ਉਹ ਪੁਜਾਰੀ ਲੋਗ ਖਾਂਦੇ ਆਪ ਹਨ ਪ੍ਰੰਤੂ ਨਾਮ ਸ੍ਰੀ ਠਾਕਰ ਮੂਰਤੀਆਂ ਦਾ ਕਰਦੇ ਹਨ।

੨੭. ਪ੍ਰਸ਼ਨ--ਇਸੇ ਸ਼ਬਦ ਵਿਚ ਹੀ ਸ੍ਰੀ ਕਬੀਰ ਜੀ ਨੇ ਲਿਖਿਆ ਹੋਇਆ ਹੈ ਕਿ, ਪਾਖਾਨ ਗਢ ਕੈ ਮੂਰਤਿ ਕੀਨੀ ਦੇਕੇ ਛਾਤੀ ਪਾਉ, ਜੇ ਇਹ ਮੂਰਤ ਸਾਚੀ ਹੈ ਤਉ ਗੜਨ ਹਾਰੇ ਖਾਉ, ਕਿ ਪਥਰ ਘੜਕੇ ਮੂਰਤੀ ਬਨਾਈ ਜਾਂਦੀ ਹੈ, ਜੇਕਰ ਇਹ ਮੂਰਤੀ ਸਚੀ ਹੋਵੇ ਤਾਂ ਘੜਨ ਵਾਲੇ ਮਿਸਤ੍ਰੀ ਨੂੰ ਛਾਤੀ ਉਤ੍ਰੇ ਪੈਰ ਰਖਕੇ ਘੜਨ ਵੇਲੇ ਖਾ ਜਾਂਦੀ, ਤਾਂ ਤੇ ਉਪ੍ਰੋਕਤ ਕੇਵਲ ਪੁਜਾਰੀਆਂ ਦੇ ਪਾਖੰਡ ਦਾ ਹੀ ਨਿਸ਼ੇਧ ਨਹੀਂ ਇਸ ਸ਼ਬਦ ਵਿਚ ਸਾਫ ਮੂਰਤੀ ਪੂਜਾ ਦਾ ਹੀ ਨਿਸ਼ੇਧ ਹੈ ?

ਉਤਰ--ਇਨ੍ਹਾਂ ਤੁਕਾਂ ਵਿਚ ਸ੍ਰੀ ਕਬੀਰ ਜੀ ਨੇ ਇਹ ਦੱਸਿਆ ਹੈ ਕਿ, ਉਹ ਪੁਜਾਰੀ ਲੋਗ ਹਠ ਕਰਦੇ ਹਨ ਕਿ ਮੂਰਤੀ ਉਪ੍ਰੋਕਤ ਪਦਾਰਥਾਂ ਨੂੰ ਕੁਛ ਖਾ ਜਾਂਦੀ ਹੈ ਅਤੇ ਸਾਡੇ ਕਹਿਣ ਮੁਤਾਬਕ ਜੇਕਰ ਲੋਕ ਮੂਰਤੀਆਂ ਦੀ ਭੇਟਾ ਪੂਜਾ ਨਹੀ ਕਰਨਗੇ ਤਾਂ ਉਹ ਮੂਰਤੀਆਂ ਉਨ੍ਹਾਂ ਲੋਕਾਂ ਦਾ ਕੱਖ ਨਹੀਂ ਛਡਣਗੀਆਂ, ਇਨ੍ਹਾਂ ਧਮਕੀਆਂ ਤੋਂ ਛੁਟਕਾਰਾ ਪਾਉਣ ਲਈ ਸ੍ਰੀ ਕਬੀਰ ਜੀ ਨੇ ਕਿਹਾ ਹੈ ਕਿ ਜੇਕਰ ਮੂਰਤੀ ਕੁਛ ਪਦਾਰਥਾਂ ਨੂੰ ਖਾ ਜਾਣ ਵਾਲੀ ਗਲ ਸੱਚੀ ਹੋਵੇ ਜਾਂ ਭੇਟਾ ਪੂਜਾ ਨਾਂ ਕਰਨ ਵਾਲਿਆਂ ਦਾ ਕੱਖ ਨਹੀ ਛਡੇਗੀ ਇਹ ਗਲ ਵੀ ਸੱਚੀ ਹੋਵੇ ਤਾਂ ਜਦ ਘੜਨ ਵੇਲੇ ਮਿਸਤ੍ਰੀ ਨੇ ਜਿਤਨਾਂ ਮੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਨਿਰਾਦਰ ਕੀਤਾ ਹੈ ਉਸ ਵੇਲੇ ਇਹ ਮੂਰਤੀ ਉਸ ਮਿਸਤ੍ਰੀ ਨੂੰ ਹੀ ਕਿਉਂ ਨਾ ਖਾ ਗਈ ਭਾਵ ਮਿਸਤ੍ਰੀ ਦਾ ਕੁਛ ਨੁਕਸਾਨ ਕਿਉਂ ਨਹੀਂ ਕੀਤਾ, ਇਸ ਲਈ ਮੂਰਤੀ ਵਿਚ ਜੀਵ (ਚੇਤਨ) ਨਹੀਂ, ਜਦ ਨਹੀਂ ਤਾਂ ਉਹ ਇਨ੍ਹਾਂ, ਭਾਤ ਪਹਿਤਿ ਅਰ ਲਾਪਸੀ ਕਰਕਰਾ ਕਾਸਾਰ ਆਦਕ ਪਦਾਰਥਾਂ ਨੂੰ ਵੀ ਨਹੀਂ ਖਾਂਦੀ ਤੇ ਨਾਂ ਹੀ ਕਿਸੇ ਭੇਟਾ ਪੂਜਾ ਨਾਂ ਕਰਨੇ ਵਾਲੇ ਦਾ ਕੁਛ ਨੁਕਸਾਨ ਹੀ ਕਰ ਸਕਦੀ ਹੈ, ਤਾਂ ਤੇ ਉਨ੍ਹਾਂ ਦੰਭੀਆਂ ਦੇ ਦੰਭ ਅਰਥ ਦਾ ਹੀ ਇਸ ਵਿਚ ਨਿਸ਼ੇਧ ਅਰਥ ਹੈ ਮੂਰਤੀ ਪੂਜਾ ਦਾ ਨਿਸ਼ੇਧ ਅਰਥ ਨਹੀਂ, ਬਾਕੀ ਇਹ ਗਲ ਠੀਕ ਹੈ ਕਿ ਮੂਰਤੀ ਨਿਰਾਦਰ ਕਰਨ ਵਾਲਿਆਂ ਨੂੰ ਕੁਝ ਨਹੀਂ ਕਹਿੰਦੀ ਤੇ ਨਾਂ ਹੀ ਸਤਿਕਾਰ ਕਰਨ ਵਾਲਿਆਂ ਨੂੰ ਕੁਝ ਕਹਿੰਦੀ ਹੈ, ਇਹ ਅਸੀਂ ਪਿਛੇ ਵੀ ਦਸ ਆਏ ਹਾਂ ਕਿ ਕਿਸੇ ਸਮਾਜ ਦੇ ਝੰਡੇ ਵਿਚ ਕੋਈ ਸਮਾਜ, ਨਹੀਂ ਪਕੜਿਆ ਹੋਇਆ ਹੁੰਦਾ, ਪਰ ਉਸ ਝੰਡੇ ਦੀ ਨਿਰਾਦਰੀ ਕਰਨ ਦੇ ਸਮੇਂ ਉਸ ਸਮਾਜ ਦੀ ਹੀ ਨਿਰਾਦਰੀ ਸਮਝੀ ਜਾਂਦੀ ਹੈ, ਔਰ ਉਸ ਝੰਡੇ ਦੀ ਲਕੜੀ ਘੜਨ ਲਗਿਆਂ ਉਸ ਝੰਡੇ ਦੀ ਜਿਤਨੀ ਵੀ ਬੇ-ਅਦਬੀ ਕੀਤੀ ਜਾਂਦੀ ਹੈ ਉਹ ਬੇ-ਅਦਬੀ (ਹਤਕ) ਜਿਸ ਸਮਾਜ ਦਾ ਉਹ ਝੰਡਾ ਹੋਵੇ, ਉਸ ਸਮਾਜ ਦੀ ਨਹੀਂ ਸਮਝੀ ਜਾਂਦੀ, ਜੇਕਰ ਇਥੇ ਇਹੋ ਹਠ ਕਰੀਏ ਕਿ ਜੇਕਰ ਮੂਰਤੀ ਸੱਚੀ ਹੁੰਦੀ ਤਾਂ ਘੜਨ ਵਾਲੇ ਮਿਸਤਰੀ ਨੂੰ ਜ਼ਰੂਰ ਖਾ ਜਾਂਦੀ, ਤਾਂ ਇੰਜ ਹਰ ਇਕ ਮਜ਼ਹਬ ਦੀਆਂ ਪੂਜਜ ਸਤਿਕਾਰ ਯੋਗ ਚੀਜ਼ਾਂ ਜਾਂ ਧਰਮ ਗ੍ਰੰਥ ਸੱਚੇ ਹੁੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਉਨ੍ਹਾਂ ਬੇ-ਅਦਬੀ ਕਰਨ ਵਾਲਿਆਂ ਪੁਰਸ਼ਾਂ ਨੂੰ ਉਹ ਵੀ ਖਾ ਜਾਂਦੇ, ਪਰ ਖਾਂਦੇ ਛਡ ਕੇ ਉਹ ਕੁਝ ਵੀ ਨਹੀਂ ਕਹਿੰਦੇ ਤਾਂ ਤੇ ਜੇਕਰ ਮੂਰਤੀ ਸੱਚੀ ਹੁੰਦੀ ਤਾਂ ਮਿਸਤ੍ਰੀ ਨੂੰ ਖਾ ਜਾਂਦੀ। ਇਸ ਅਰਥ ਅਨੁਸਾਰ ਕਹਿਣਾ ਪਵੇਗਾ ਕਿ ਉਹ ਵੀ ਸਾਰੀਆਂ ਚੀਜ਼ਾਂ ਸੱਚੀਆਂ ਨਹੀਂ।

ਹੋਰ ਤੇ ਰਿਹਾ ਜਿਸ ਪ੍ਰਮਾਤਮਾਂ ਨੂੰ ਗੁਰਬਾਣੀ ਅਤੇ ਹੋਰ ਧਰਮ ਗ੍ਰੰਥਾਂ ਵਿਚ ਸੱਚਾ ਤੇ ਸੁੱਚਾ ਲਿਖਿਆ ਹੈ ਅਤੇ ਆਸਤਕ ਸਮਾਜ ਇਹ ਗਲ ਮੰਨਦਾ ਵੀ ਹੈ ਕਿ ਪ੍ਰਮਾਤਮਾਂ ਸੱਚਾ ਹੈ ਪ੍ਰੰਤੂ ਉਸ ਪ੍ਰਮਾਤਮਾਂ ਨੂੰ ਨਾਸਤਕ ਲੋਗ ਗਾਲਾਂ ਵੀ ਕਢ ਦਿੰਦੇ ਹਨ, ਔਰ ਵਡੀ ਤੋਂ ਵਡੀ ਬੇਇਜ਼ਤੀ ਕਿ ਉਸਦੀ ਹਸਤੀ ਨੂੰ ਹੀ ਖਤਮ ਕਰਦੇ ਹਨ, ਜਾਂ ਕੋਈ ਹੋਰ ਵਡੀ ਤੋਂ ਵਡੀ ਬਿਅਦਬੀ ਹੋਵੇ ਤਾਂ ਓਹ ਵੀ ਕਰਨ ਨੂੰ ਤਯਾਰ ਰਹਿੰਦੇ ਹਨ ਤਾਂ ਇਹ ਸੁਆਲ ਉਸ ਪ੍ਰਮਾਤਮਾਂ ਉਤੇ ਵੀ ਹੋ ਸਕਦਾ ਹੈ ਕਿ ਜੇਕਰ ਉਹ ਪ੍ਰਮਾਤਮਾਂ ਸੱਚਾ ਹੈ ਤਾਂ ਉਨ੍ਹਾਂ ਨਾਸਤਕਾਂ ਲੋਗਾਂ (ਬਿਇਜਤੀ ਕਰਨ ਵਾਲਿਆਂ) ਨੂੰ ਕਿਉਂ ਨਹੀਂ ਤਤ ਕਾਲ ਖਾ ਲੈਂਦਾ, ਜਾਂ ਉਨ੍ਹਾਂ ਨੂੰ ਕੁਛ ਕਹਿੰਦਾ ਤਾਂਤੇ ਜੇਕਰ ਮੂਰਤੀ ਸੱਚੀ ਹੈ ਤਾਂ ਘੜਨ ਵਾਲੇ ਮਿਸਤ੍ਰੀ ਨੂੰ ਖਾ ਜਾਂਦੀ ਇਸ ਅਰਥ ਮੁਤਾਬਕ ਫਿਰ ਪ੍ਰਮਾਤਮਾਂ ਵੀ ਸੱਚਾ ਨਹੀਂ ਸਿਧ ਹੁੰਦਾ, ਤਾਂ ਕੀ, ਇਹ ਆਸਤਕ ਸਮਾਜ ਮੰਨਣ ਨੂੰ ਤਯਾਰ ਹੋਵੇਗਾ ਕਿ ਪ੍ਰਮਾਤਮਾਂ ਵੀ ਸਚਾ ਨਹੀਂ, ਜੇਕਰ ਨਹੀਂ ਤਯਾਰ ਹੋਵੇਗਾ ਤਾਂ ਕੇਵਲ ਮੂਰਤੀ ਪੂਜਾ ਹੀ ਸੱਚੀ ਨਹੀਂ, ਇਹ ਅਰਥ ਕਿਵੇਂ ਮੰਨਿਆ ਜਾ ਸਕੇਗਾ ਕਿੰਤੂ ਇਹ ਅਰਥ ਠੀਕ ਹੀ ਮੰਨਿਆ ਜਾਵੇ ਕਿ ਮੂਰਤੀ ਘੜਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੋ ਮਿਸੜ੍ਹੀ ਨੂੰ ਕੁਛ ਨਹੀਂ ਕਹਿੰਦੀ ਇਸ ਲਈ ਮੂਰਤੀ ਸੱਚੀ ਨਹੀਂ, ਤਾਂਤੇ ਇਸਦੀ ਪੂਜਾ ਵੀ ਝੂਠੀ ਹੈ, ਤਾਂ ਉਪ੍ਰੋਕਤ ਧਰਮ ਗ੍ਰੰਥ ਆਦਕ ਜਿਨ੍ਹਾਂ ਦਾ ਸਤਿਕਾਰ ਆਦਕ ਪੂਜਾ ਅਤੇ ਪ੍ਰਮਾਤਮਾਂ ਦੀ ਪੂਜਾ ਭਗਤੀ ਜੋ ਲੋਗ ਕਰਦੇ ਹਨ ਓਨ੍ਹਾਂ ਬਾਬਤ ਫਿਰ ਇਥੇ ਸੋਚਣਾਂ ਪਵੇਗਾ ਕਿ, ਕੀ, ਕੀਤਾ ਜਾਵੇ ਇਸ ਲਈ ਇਹ ਅਰਥ ਠੀਕ ਨਹੀਂ ਬੈਠਦਾ ਕਿੰਤੂ ਜੋ ਪਹਿਲੇ ਅਰਥ ਕੀਤਾ ਗਿਆ ਹੈ ਕਿ ਦੰਭ ਦਾ ਨਿਸ਼ੇਧ ਅਰਥ ਹੈ, ਅਸਲ ਮੂਰਤੀ ਪੂਜਾ ਦਾ ਇਸ ਵਿਚ ਨਿਸ਼ੇਧ ਨਹੀਂ, ਇਹੀ ਠੀਕ ਹੈ।

੨੯. ਪ੍ਰਸ਼ਨ--ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਨੇ ਮਾਲਣੀ ਨੂੰ ਉਪਦੇਸ਼ ਕੀਤਾ ਹੈ ਕਿ ਤੂੰ ਫੂਲ ਅਤੇ ਪੱਤੇ ਜਿਸ ਮੂਰਤੀ ਪੂਜਾ ਵਾਸਤੇ ਲਿਆਉਂਦੀ ਹੈ, ਉਹ ਮੂਰਤੀ ਪੱਥਰ ਜੜ੍ਹ ਹੈ ਇਸ ਲਈ ਤੂੰ, ਸਤਿਗੁਰ ਜਾਗਤਾ ਹੈ ਦੇਉ, ਸਤਿਗੁਰ ਜਾਗਦਾ (ਚੇਤਨ) ਹੈ ਇਸਦੀ ਪੂਜਾ ਕਰ, ਤਾਂ ਤੇ ਇਸ ਵਿਚ ਦੰਭੀ ਪੁਜਾਰੀਆਂ ਨੂੰ ਉਪਦੇਸ਼ ਨਹੀਂ ਕੀਤਾ ਇਸ ਲਈ ਤੁਹਾਡਾ ਉਤੇ ਕੀਤਾ ਗਿਆ ਅਰਥ ਕਿ ਦੰਭੀ ਪੁਜਾਰੀਆਂ ਦੀ ਪੂਜਾ ਦਾ ਨਿਸ਼ੇਧ ਅਰਥ ਹੈ, ਇਹ ਠੀਕ ਨਹੀਂ, ਸਾਰਾ ਸ਼ਬਦ ਇਹ ਹੈ ਕਿ:-

'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ, ਜਿਸ
ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ,
ਭੂਲੀ ਮਾਲਿਨੀ ਹੈ ਏਉ, ਸਤਿਗੁਰ ਜਾਗਤਾ ਹੈ ਦੇਉ,
ਬ੍ਰਹਮ ਪਾਤੀ ਬਿਸ਼ਨ ਡਾਲੀ ਫੂਲ ਸ਼ੰਕਰ ਦੇਉ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਨ ਦੇਵ ਪ੍ਰਤਖ ਤੋਰੈ ਕਰਹਿ ਕਿਸਕੀ ਸੇਉ,
ਪਾਖਾਨ ਗਢ ਕੈ ਮੂਰਤ ਕੀਨੀ ਦੇਕੇ ਛਾਤੀ ਪਾਉ,
ਜੇ ਇਹ ਮੂਰਤ ਸਾਚੀ ਹੈ ਤਉ ਗੜ੍ਹਨ ਹਾਰੇ ਖਾਉ,
ਭਾਤ ਪਹਿਤਿ ਅਰ ਲਾਪਸੀ ਕਰਕਰਾ ਕਾਸਾਰ,
ਭੋਗਨ ਹਾਰੇ ਭੋਗਿਆ ਇਸ ਮੂਰਤ ਕੇ ਮੁਖ ਛਾਰ,
ਮਾਲਿਨ ਮੂਲੀ ਜਗ ਭੁਲਾਨਾ ਹਮ ਭੁਲਾਨੇ ਨਾਹਿ,
ਕਹੁ ਕਬੀਰ ਹਮ ਰਾਮ ਰਾਖੈ ਕ੍ਰਿਪਾ ਕਰ ਹਰਿ ਰਾਇ।'

ਉਤਰ-ਇਸ ਸ਼ਬਦ ਵਿਚ ਮਾਲਿਣੀ ਨੂੰ ਸੰਬੋਧਨ ਕਰਕੇ ਦੰਭੀ ਪੁਜਾਰੀਆਂ ਦੀ ਪੂਜਾ ਦਾ ਹੀ ਨਿਸ਼ੇਧ ਦਿਖਾਇਆ ਗਿਆ ਹੈ, ਅਸਲ ਪੂਜਾ ਦਾ ਨਿਸ਼ੇਧ ਨਹੀਂ ਕੀਤਾ ਗਿਆ, ਜੇਕਰ ਹਠ ਹੀ ਕਰੀਏ ਤਾਂ ਬਾਗ ਦੇ ਮਾਲੀ ਦੀ ਘਰ ਵਾਲੀ ਮਾਲਿਨੀ ਕੀ, ਫੁਲ ਪੱਤੇ ਤੋੜ ਕੇ ਵੇਚਦੀ ਨਹੀਂ ਸੀ ਜੇਕਰ ਵੇਚਦੀ ਸੀ ਤਾਂ ਉਸਨੂੰ ਕੀ, ਚਾਹੈ ਉਨ੍ਹਾਂ ਫੁਲ ਪੱਤਿਆਂ ਨਾਲ ਕੋਈ ਮੂਰਤੀ ਪੂਜਾ ਕਰੇ ਜਾਂ ਉਨ੍ਹਾਂ ਫੁਲ੍ਹਾਂ ਦੀ ਕੋਈ ਗੁਲਕੰਦ ਬਣਾ ਲਵੇ, ਜਾਂ ਕੋਈ ਕਿਸੇ ਹੋਰ ਕੰਮ ਵਿਚ ਵਰਤ ਲਵੇ, ਮਾਲਿਣੀ ਦਾ ਮੂਰਤੀ ਪੂਜਾ ਨਾਲ ਕੀ ਸਬੰਧ ਹੋ ਸਕਦਾ ਹੈ, ਕਿਉਂਕਿ ਮਾਲਿਣੀ ਨੇ ਫੁਲ, ਪੱਤੇ ਪੈਸੇ ਵੱਟਣ ਲਈ ਤੋੜੇ ਹਨ, ਮਾਲਿਣੀ ਦਾ ਅੰਤ੍ਰੀਵ ਪਿਆਰ ਪੈਸਿਆਂ ਨਾਲ ਹੈ, ਨਾ ਕਿ ਮੂਰਤੀ ਪੂਜਾ ਨਾਲ, ਜਿਸ ਲਈ ਮਾਲਿਣੀ ਨੂੰ ਮੂਰਤੀ ਪੂਜਾ ਦੇ ਖੰਡਨ ਦਾ ਉਪਦੇਸ਼ ਕੀਤਾ ਗਿਆ ਹੈ, ਅਤੇ ਜੇਕਰ ਇਹ ਕਿਹਾ ਜਾਵੇ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਮਾਲਿਣੀ ਫੂਲ ਔਰ ਪੱਤੇ ਵੇਚਦੀ ਨਹੀਂ ਸੀ ਕਿੰਤੂ ਆਪਣੀ ਸ਼ਰਧਾ ਨਾਲ ਕਿਸੇ ਮੂਰਤੀ ਉਤੇ ਜਾ ਕੇ ਚੜ੍ਹਾਂਉਂਦੀ ਹੁੰਦੀ ਸੀ, ਇਸ ਲਈ ਉਸ ਨੂੰ ਇਹ ਮੂਰਤੀ ਪੂਜਾ ਦਾ ਖੰਡਨ ਦਾ ਉਪਦੇਸ਼ ਕੀਤਾ ਹੈ, ਤਾਂ ਫਿਰ ਹੋਰ ਬਾਕੀ ਦੇ ਹਜ਼ਾਰਾਂ ਮਨੁਸ਼ ਮੂਰਤੀ ਦੀ ਜੋ ਪੂਜਾ ਕਰਦੇ ਸਨ, ਉਨ੍ਹਾਂ ਨੂੰ ਇਹ ਮੂਰਤੀ ਪੂਜਾ ਦੇ ਖੰਡਨ ਦਾ ਉਪਦੇਸ਼ ਕਿਉਂ ਨਾ ਕੀਤਾ ਗਿਆ ? ਕੀ ਕੇਵਲ ਇਸ ਮਾਲਿਣੀ ਦੀ ਮੂਰਤੀ ਪੂਜਾ ਦੇ ਨਿਸ਼ੇਧ ਕਰਨ ਦੀ ਕੋਈ ਖਾਸ ਗਲ ਸੀ ? ਜੇਕਰ ਕੋਈ ਖਾਸ ਗਲ ਸੀ ਤਾਂ ਇਸ ਉਪਦੇਸ਼ ਨਾਲ ਫਿਰ ਸਰਵਤ੍ਰ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ ਹੋ ਸਕਦਾ, ਫਿਰ ਤਾਂ ਸਿਰਫ ਉਸੇ ਮਾਲਿਣੀ ਦੀ ਪੂਜਾ ਦਾ ਹੀ ਨਿਸ਼ੇਧ ਅਰਥ ਹੋ ਸਕਦਾ ਹੈ ਅਤੇ ਜੇਕਰ ਕੋਈ ਖਾਸ ਗਲ ਨਹੀਂ ਸੀ ਤਾਂ ਕੇਵਲ ਮਾਲਿਣੀ ਦਾ ਨਾਂ ਲੈ ਕੇ ਹੀ ਮੂਰਤੀ ਪੂਜਾ ਦਾ ਇਥੇ ਨਿਸ਼ੇਧ ਕਿਉਂ ਕੀਤਾ ? ਜੇਕਰ ਇਹ ਕਿਹਾ ਜਾਵੇ ਕਿ ਇਕ ਮਾਲਿਣੀ ਨੂੰ ਸੰਬੋਧਨ ਕਰਕੇ ਸਭ ਦੁਨੀਆਂ ਦੀ ਮੂਰਤੀ ਪੂਜਾ ਦਾ ਇਥੇ ਨਿਸ਼ੇਧ ਕੀਤਾ ਹੈ, ਤਾਂ ਇੰਜ ਅਸੀਂ ਜੋ ਪਿਛੇ ਲਿਖ ਆਏ ਹਾਂ ਕਿ ਮਾਲਣੀ ਨੂੰ ਸੰਬੋਧਨ ਕਰਕੇ ਦੰਭੀ ਪੁਜਾਰੀਆਂ ਦੀ ਪੂਜਾ ਦਾ ਹੀ ਨਿਸ਼ੇਧ ਦਿਖਾਯਾ ਗਿਆ ਹੈ, ਅਸਲ ਪੂਜਾ ਦਾ ਨਿਸ਼ੇਧ ਅਰਥ ਨਹੀਂ, ਇਹ ਵੀ ਠੀਕ ਹੋ ਸਕਦਾ ਹੈ, ਕਿਉਂਕਿ ਜੇਕਰ ਇਕ ਮਾਲਿਣੀ ਨੂੰ ਉਪਦੇਸ਼ ਕਰਨ ਨਾਲ ਸਾਰੀ ਦੁਨੀਆਂ ਦੀ ਮੂਰਤੀ ਪੂਜਾ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੰਡਨ ਅਰਥ ਹੋ ਸਕਦਾ ਹੈ ਤਾਂ ਇੱਕ ਮਾਲਿਣੀ ਨੂੰ ਉਪਦੇਸ਼ ਕਰਨ ਨਾਲ ਸਾਰੇ ਪਾਖੰਡੀ ਪੁਜਾਰੀਆਂ ਦੀ ਪੂਜਾ ਦਾ ਵੀ ਨਿਸ਼ੇਧ ਅਰਥ ਹੋ ਸਕਦਾ ਹੈ ਕੋਈ ਪਾਬੰਦੀ ਨਹੀਂ ਹੋ ਸਕਦੀ ।

ਬਾਕੀ ਇਸ ਸ਼ਬਦ ਵਿਚ ਜੋ ਮੂਰਤੀ ਪੂਜਾ ਦੇ ਖੰਡਨ ਹਿਤ ਦਲੀਲਾਂ ਦਿਤੀਆਂ ਗਈਆਂ ਹਨ ਉਹ ਵੀ ਅਸਲ ਮੂਰਤੀ ਪੂਜਾ ਦਾ ਖੰਡਨ ਨਹੀਂ ਕਰਦੀਆਂ ਜਿਵੇਂ, ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ, ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰ ਜੀਉ, ਵਿਚ ਦੱਸਿਆ ਹੈ ਕਿ, ਪੱਤੇ ਤੋੜਦੀ ਹੈ ਮਾਲਿਣੀ ਪਰ ਉਹਨਾਂ ਪੱਤਿਆਂ (ਪੱਤੇ ਪੱਤੇ ਵਿਚ ਜੀਵ ਹੈ ਪਰੰਤੂ ਜਿਸ ਪੱਥਰ ਵਾਸਤੇ ਪੱਤੇ ਤੋੜਦੀ ਹੈ, ਉਹ ਪੱਥਰ ਜੀਵ ਰਹਿਤ ਹੈ ਪਰ ਜੇਹੜੇ ਅਸਲ ਮੂਰਤੀ ਪੂਜਾ ਕਰਦੇ ਹਨ ਉਹਨਾਂ ਦਾ ਇਹ ਭਾਵ ਨਹੀਂ ਹੁੰਦਾ ਕਿ ਪੱਥਰ ਵਿਚ ਜੀਵ (ਅੰਤਾ : ਕਰਨ) ਹੈ ਬਲਕਿ ਉਹ ਪੱਥਰ ਨੂੰ ਜੜ੍ਹ ਹੀ ਸਮਝਦੇ ਹਨ ਕਿੰਤੂ ਮੂਰਤੀ ਦੁਆਰਾ ਉਹ ਕਿਸੇ ਦੇਵੀ, ਦੇਵਤਾ, ਅਵਤਾਰ, ਪਰਮਾਤਮਾਂ ਚੇਤਨ ਦੀ ਹੀ ਪੂਜਾ ਕਰਦੇ ਹਨ, ਜੜ੍ਹ ਦੀ ਨਹੀਂ ਕਰਦੇ, ਜੇਕਰ ਕਦੀਂ ਉਹ ਪੱਥਰ ਮੂਰਤੀ ਵਿਚ ਜੀਵ ਹੈ ਇਹ ਮੰਨਦੇ ਹੋਣ ਤਾਂ ਉਹਨਾਂ ਨੂੰ ਇਹ ਕਹਿਣ ਦੀ ਕੀ, ਲੋੜ ਹੁੰਦੀ ਹੈ ਕਿ, ਕਿਸ ਬਿਧ ਮਿਲੋ ਗੋਸਾਈਂ ਤੁਮਕੋ ਮੈਂ ਕੁਮਤੀ, ਆਦਕ ਕਿਉਂਕਿ ਉਹ ਪੱਥਰ ਮੂਰਤੀ ਕੋਈ ਦੂਰ ਨਹੀਂ ਹੁੰਦੀ ਜਿਸ ਨੂੰ ਮਿਲਨ ਵਾਸਤੇ ਉਹ ਤਰਲੇ ਕਰਦੇ ਹਨ, ਜਦ ਜੇਕਰ ਕਦੀਂ ਉਹ ਪੱਥਰ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵ ਸਹਿਤ ਮੰਨਦੇ ਹੋਣ ਤਾਂ ਉਸ ਮੂਰਤੀ ਦੇ ਟੁਟ ਭਜ ਜਾਣ ਕਰਕੇ ਉਹ ਪ੍ਰੇਮੀ ਰੋਣ, ਪਿੱਟਣ ਲਗ ਪੈਣ ਕਿ ਸਾਡਾ ਇਕ ਅੱਜ, ਮੂਰਤੀ ਜੀਵ ਮਰ ਗਿਆ ਹੈ ਪਰ ਇੰਜ ਰੋਂਦੇ ਪਿੱਟਦੇ ਨਜ਼ਰ ਨਹੀਂ ਆਉਂਦੇ ਪ੍ਰੰਤੂ ਹੋਰ ਮੂਰਤੀ ਨਵੀਂ ਖਰੀਦ ਲੈਂਦੇ ਹਨ। ਔਰ ਉਹ ਆਪਣੇ ਰਿਸ਼ਤੇਦਾਰਾਂ ਸਬੰਧੀਆਂ ਮਰਿਆਂ ਹੋਇਆਂ ਨੂੰ ਨਵੇਂ ਮੁਲ ਨਹੀਂ ਖਰੀਦ ਸਕਦੇ ਅਤੇ ਮੂਰਤੀ ਹੋਰ ਨਵੀਂ ਖਰੀਦ ਲੈਂਦੇ ਹਨ ਤਾਂ ਆਪਣੇ ਰਿਸ਼ਤੇਦਾਰਾਂ ਵਤ, ਮੂਰਤੀ ਨੂੰ ਜੀਵ ਸਹਿਤ ਨਹੀਂ ਮੰਨਦੇ। ਇਸ ਤੋਂ ਹੀ ਸਾਬਤ ਹੁੰਦਾ ਹੈ ਕਿ ਉਨ੍ਹਾਂ ਦੇ ਨਿਸਚੇ ਵਿਚ ਮੂਰਤੀ, ਚੇਤਨ ਜੀਵ ਸਹਿਤ ਨਹੀਂ, ਜਦ ਨਹੀਂ ਤਾਂ ਉਨ੍ਹਾਂ ਦੇ ਖੰਡਨ ਹਿਤ ਇਹ ਕਹਿਣਾ ਕਿ 'ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਓ' ਕੀ ਅਰਥ ਰਖੇਗਾ ? ਕਾਰਨ ਇਹ ਕਿ ਉਹ ਜਦ ਪਹਿਲੇ ਹੀ ਪੱਥਰ ਨੂੰ ਨਿਰਜੀਓ ਮੰਨਦੇ ਹਨ ਤੇ ਪੱਤੇ ਫੁਲ, ਜੜ੍ਹ ਪੂਜਾ ਹਿਤ ਤੋੜਦੇ ਹੀ ਨਹੀਂ ਕਿੰਤੂ ਕਿਸੇ ਦੇਵੀ, ਦੇਵਤੇ, ਅਵਤਾਰ, ਪ੍ਰਮਾਤਮਾਂ ਜੋ ਚੇਤਨ ਹਨ ਉਹਨਾਂ ਹਿਤ ਤੋੜਦੇ ਹਨ ਤਾਂ ਇਹ ਕਹਿਣ ਨਾਲ ਉਨ੍ਹਾਂ ਦਾ ਖੰਡਨ ਕੀ ਸਿਧ ਹੋ ਸਕੇਗਾ, ਭਾਵ ਕੁਝ ਵੀ ਨਾਂ, ਹਾਂ ਦੰਭੀ ਪੁਜਾਰੀਆਂ ਹਿਤ ਇਹ ਕਹਿਣਾ ਠੀਕ ਹੋ ਸਕਦਾ ਹੈ ਕਿ ਜੋ ਆਪਣੇ ਸੁਆਰਥ ਲਈ ਲੋਕਾਂ ਨੂੰ ਕਹਿੰਦੇ ਹਨ ਕਿ, ਅੱਜ ਮੂਰਤੀ ਨੂੰ ਲਡੂ ਪੇੜੇ ਦਾ ਭੋਗ ਲਗਵਾਉ ਅਤੇ ਅੱਜ ਖੀਰ, ਕੜਾਹ ਆਦਕ ਦਾ ਭੋਗ ਲਗੇਗਾ, ਔਰ ਜੇਕਰ ਇੰਜ ਨਾ ਕਰੋਗੇ ਤਾਂ ਮੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਠਾਕਰ ਜੀ ਕਰੋਧ ਹੋ ਜਾਣਗੇ, ਤਾਂ ਤੁਹਾਡਾ ਬਹੁਤ ਨੁਕਸਾਨ ਕਰਨਗੇ। ਇਸ ਦੰਭ ਕਥਨ ਦੇ ਖੰਡਨ ਹਿਤ ਕਹਿਣਾ ਉਚਿਤ ਹੈ ਕਿ ਉਹ ਮੂਰਤੀ ਨਿਰਜੀਉ ਹੈ ਖਾਂਦੀ ਪੀਂਦੀ ਕੁਝ ਨਹੀਂ ਤੇ ਉਸ ਹਿਤ ਪੱਤੇ, ਫੂਲ ਤੋੜਨੇ ਵੀ ਕੁਝ ਅਰਥ ਨਹੀਂ ਰਖਦੇ ਤਾਂ ਤੇ ਇਥੇ ਦੰਭ ਕਰਕੇ ਚਲਾਈ ਗਈ ਸਾਰੀ ਪੂਜਾ ਦਾ ਹੀ ਨਿਸ਼ੇਧ ਅਰਥ ਹੈ। ਅਸਲ ਮੂਰਤੀ ਪੂਜਾ ਜੋ ਆਪਣੀ ਸ਼ਰਧਾ ਭਾਵ ਨਾਲ ਕੀਤੀ ਜਾਂਦੀ ਹੈ, ਉਸ ਦਾ ਨਿਸ਼ੇਧ ਨਹੀਂ।

ਬਾਕੀ ਅਗੇ ਲਿਖਿਆ ਹੈ ਕਿ 'ਭੂਲੀ ਮਾਲਿਣੀ ਹੈ ਏਉ, ਸਤਿਗੁਰ ਜਾਗਤਾ ਹੈ ਦੇਉ', ਕਿ ਇਹ ਮਾਲਿਨੀ ਭੁਲੀ ਹੋਈ ਹੈ ਸਤਿਗੁਰ ਦੇਉ—ਦੇਵ ਜਾਗਦਾ ਹੈ ਇਸ ਦਾ ਵੀ ਮੂਰਤੀ ਪੂਜਾ ਦੇ ਨਿਸ਼ੇਧ ਪਰ ਕੁਝ ਅਸਰ ਨਹੀਂ ਪੈਂਦਾ ਕਿਉਂਕਿ ਸ੍ਰੀ ਕਬੀਰ ਜੀ ਦੇ ਸਤਿਗੁਰ ਦੇਵ ਸ੍ਰੀ ਰਾਮਾ ਨੰਦ ਜੀ ਸਨ ਉਹ ਸਰੀਰ ਧਾਰੀ ਸਨ ਸਰੀਰ ਪੰਜਾਂ ਤਤਾਂ ਦੀ ਮੂਰਤੀ ਮਾਨ ਚੀਜ਼ ਹੈ, ਜੇਕਰ ਸ੍ਰੀ ਕਬੀਰ ਜੀ ਨੇ ਇਥੇ ਆਪਣੇ ਸਤਿਗੁਰ ਦਾ ਜਿਕਰ ਨਹੀਂ ਕੀਤਾ ਤਾਂ ਜਿਸ ਕਿਸੇ ਸਤਿਗੁਰ ਦਾ ਵੀ ਜਿਕਰ ਕੀਤਾ ਹੈ ਓਹੋ ਸਤਿਗੁਰ ਹੀ ਸਰੀਰ ਧਾਰੀ ਹੋਵੇਗਾ ਕਿਉਂਕਿ ਸਰੀਰ ਧਾਰਨ ਕੀਤੇ ਬਿਨਾਂ ਉਹ ਉਪਦੇਸ਼ ਨਹੀਂ ਕਰ ਸਕੇਗਾ ਔਰ ਫਿਰ ਸਰੀਰ ਪੰਜਾਂ ਤਤਾਂ ਦਾ ਹੀ ਹੋਵੇਗਾ ਕਿੰਤੂ ਪੰਜ ਤਤਵ ਜੜ੍ਹ ਹਨ, ਚੇਤਨ ਨਹੀਂ ਤਾਂਤੇ ਸਤਿਗੁਰ ਵੀ ਜੜ੍ਹ ਸਰੀਰ ਧਾਰੀ ਸਿਧ ਹੁੰਦਾ ਹੈ, ਇਸ ਲਈ ਜੜ੍ਹ ਮੂਰਤੀ ਪੂਜਾ ਦਾ ਖੰਡਨ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗੇ ਲਿਖਿਆ ਹੈ ਕਿ 'ਬ੍ਰਹਮ ਪਾਤੀ ਬਿਸਨ ਡਾਲੀ ਫੂਲ ਸੰਕਰ ਦੇਉ, ਤੀਨ ਦੇਵ ਪ੍ਰਤੱਖ ਤੋਰੈ ਕਰਹਿ ਕਿਸਕੀ ਸੇਉ', ਪਾਤੀ–ਪੱਤੇ ਬ੍ਰਹਮਾਂ ਹਨ ਡਾਲੀ–ਟਾਹਿਣੀ ਵਿਸ਼ਨੂੰ ਹੈ ਅਤੇ ਫੂਲ ਸ਼ਿਵ ਜੀ ਹਨ, ਇਹ ਤਿੰਨੇ ਦੇਵਤੇ ਪ੍ਰਤੱਖ ਹਨ (ਭਾਵ ਨੇਤ੍ਰਾਂ ਨਾਲ, ਦਿਸਦੇ ਹਨ) ਜਿਨ੍ਹਾਂ ਨੂੰ ਤੋੜ ਰਹੀ ਹੈਂ ਤੇ ਸੇਵਾ ਕਿਸਦੀ ਕਰਨੀ ਚਾਹੁੰਦੀ ਹੈ, ਪਹਿਲੀ ਤੁਕ ਵਿਚ ਤਾਂ ਦੱਸਿਆ ਹੈ ਕਿ, ਪੱਤੇ ਪੱਤੇ ਵਿਚ ਜੀਵ ਹੈ ਪ੍ਰੰਤੂ ਇਥੇ ਕਹਿ ਰਹੇ ਹਨ ਕਿ ਪੱਤੇ ਬ੍ਰਹਮਾਂ ਹਨ, ਪਰ ਪਤਾ ਨਹੀਂ ਸ੍ਰੀ ਕਬੀਰ ਜੀ ਨੇ ਇਥੇ ਇਕੋ ਹੀ ਗਲ ਕਿਉਂ ਨਹੀਂ ਕਹੀ, ਕਿਉਂਕਿ ਬ੍ਰਹਮਾਂ ਤੇ ਜੀਵ ਦਾ ਭੇਦ ਹੈ, ਬ੍ਰਹਮਾਂ ਸ੍ਰਿਸ਼ਟੀ ਦੀ ਉਤਪਤੀ ਕਰਦਾ ਤੇ ਇਕ ਸਾਬਤ ਹੁੰਦਾ ਹੈ, ਅਤੇ ਜੀਵ ਅਲਪ ਸ਼ਕਤੀ ਵਾਲੇ ਤੇ ਬਹੁਤ ਹਨ ਔਰ ਫੂਲ ਪੱਤੇ ਟਾਹਿਣੀਆਂ ਸਾਕਾਰ ਹਨ ਉਤਪਤ ਅਤੇ ਨਾਸ਼ ਹੋਣ ਵਾਲੀਆਂ ਚੀਜਾਂ ਹਨ ਇਸ ਲਈ ਮੂਰਤੀ ਮਾਨ ਹਨ, ਨਿਰਾਕਾਰ ਨਹੀਂ ਹਨ, ਔਰ ਮੂਰਤੀ ਵੀ ਸਾਕਾਰ ਅਤੇ ਉਤਪਤ, ਨਾਸ਼ ਹੋਣ ਵਾਲੀ ਚੀਜ਼ ਹੈ, ਬਾਕੀ ਪਤਾ ਨਹੀਂ ਸ੍ਰੀ ਕਬੀਰ ਜੀ ਨੇ ਇਥੇ ਫੂਲ ਅਤੇ ਪੱਤੇ ਤੇ ਟਾਹਣੀਆਂ ਨੂੰ ਹੀ ਬ੍ਰਹਮਾਂ ਵਿਸ਼ਨੂੰ, ਤੇ ਸ਼ਿਵਜੀ ਕਿਵੇਂ ਮੰਨ ਲਿਆ ਹੈ, ਕਾਰਨ ਇਹ ਕਿ ਗੁਰੂ ਜੀ ਨੇ ਲਿਖਿਆ ਹੈ ਕਿ, ਇਕ ਸੰਸਾਰੀ ਇਕ ਭੰਡਾਰੀ ਇਕ ਲਾਇ ਦੀ ਬਾਣ, (ਸੰਸਾਰੀ) ਉਤਪਤੀ ਕਰਨੇ ਵਾਲਾ ਬ੍ਰਹਮਾ: (ਭੰਡਾਰੀ) ਪਾਲਨਾ ਕਰਨੇ ਵਾਲਾ ਵਿਸ਼ਨੂੰ ਤੇ (ਲਯ ਦੀ ਆਦਤ ਵਾਲੇ, ਸ਼ਿਵਜੀ ਹਨ, ਕਿੰਤੂ ਸ੍ਰੀ ਕਬੀਰ ਜੀ ਦੇ ਕਥਨ ਮੁਤਾਬਕ ਜੇਕਰ ਇਹ ਤਿੰਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਫੁਲ, ਪੱਤੇ, ਟਾਹਿਣੀ, ਸਰੂਪ ਹੀ ਹੋਣ ਤਾਂ ਇਹ ਜਗਤ ਦੀ ਉਤਪਤੀ, ਪਾਲਨ, ਸੰਘਾਰ ਕਿਵੇਂ ਕਰਦੇ ਹੋਣਗੇ ਕਿਉਂਕਿ ਫੁਲ, ਪਤੇ ਟਾਹਿਣੀਆਂ ਬ੍ਰਿਛਾਂ ਦੀਆਂ ਹਨ ਤੇ ਬ੍ਰਿਛ ਜਗਤ ਦੇ ਵਿਚ ਹਨ, ਬਾਹਰ ਨਹੀਂ।

ਅਥਵਾ ਇਥੇ ਵੀ ਇਹ ਪ੍ਰਸ਼ਨ ਹੋ ਸਕਦੇ ਹਨ ਕਿ, ਬ੍ਰਹਮਾਂ, ਵਿਸ਼ਨੂੰ, ਸ਼ਿਵਜੀ ਇਹ ਤਿੰਨੇ ਹੀ ਵਿਆਪਕ ਹਨ ਜਾਂ ਸਰੀਰ ਧਾਰੀ ਹਨ ਜਾਂ ਕਿਸੇ ਇਕ ਦੇਸ਼ੀ ਹਨ, ਜੇਕਰ ਵਿਆਪਕ ਮੰਨੀਏ ਤਾਂ ਉਹ ਕੇਵਲ ਫੁਲ, ਪੱਤੇ, ਟਹਿਣੀ ਸਰੂਪ ਨਹੀਂ ਹੋ ਸਕਦੇ ਫਿਰ ਤਾਂ ਪੱਥਰ ਮੂਰਤੀ, ਚਰ, ਅਚਰ ਹਰ ਇਕ ਵਸਤੂ ਵਿਚ ਵਿਆਪਕ ਹੋ ਸਕਦੇ ਹਨ ਔਰ ਜੇਕਰ ਸਰੀਰ ਧਾਰੀ ਮੰਨੀਏ ਤਾਂ ਫਿਰ ਵੀ ਸਾਰੇ ਸੰਸਾਰ ਦੇ ਪੱਤੇ, ਟਹਿਣੀ, ਫੁਲਾਂ ਵਿਚ ਉਹ ਕੇਵਲ ਤਿੰਨ ਸਰੀਰ ਨਹੀਂ ਸਮਾ ਸਕਦੇ ਅਤੇ ਜੇਕਰ ਕਿਸੇ ਇਕ ਦੇਸ਼ੀ ਮੰਨੀਏ ਤਾਂ ਵੀ ਸਾਰੇ ਸੰਸਾਰ ਦੇ ਬ੍ਰਿਛਾਂ ਵਿਚ ਉਹਨਾਂ ਦਾ ਵਿਆਪਕ ਹੋਣਾ ਮੁਸ਼ਕਲ ਹੋ ਜਾਵੇਗਾ, ਤਾਂਤੇ ਸ੍ਰੀ ਕਬੀਰ ਜੀ ਦੇ, ਬ੍ਰਹਮਪਾਤੀ ਬਿਸ਼ਨ ਡਾਲੀ ਫੂਲ ਸ਼ੰਕਰ ਦੇਉ, ਇਸ ਕਥਨ ਦਾ ਭਾਵ ਕੁਛ ਹੋਰ ਹੋਵੇਗਾ, ਇਹ ਨਹੀਂ ਕਿ ਬ੍ਰਹਮਾਂ ਵਿਸ਼ਨੂੰ, ਸ਼ਿਵਜੀ, ਫੁਲ ਪੱਤੇ, ਟਾਹਣੀਆਂ ਮਾਤ੍ਰ ਹੀ ਹਨ, ਤੇ ਫੁਲ ਪੱਤੇ ਆਦਕ ਤੋੜਨੇ ਸੇ ਇਹ ਤਿੰਨੇ ਟੁਟ ਜਾਂਦੇ ਹਨ, ਜੇਕਰ ਇੰਜ ਹੀ ਹੋਵੇ ਤਾਂ ਪੱਤੇ, ਫੁਲ ਆਦਕ ਬਿਨਾਂ ਤੋੜਨੇ ਸੇ ਆਪੇ ਵੀ ਸੁਕ ਜਾਂਦੇ ਹਨ ਪਰੰਤੂ ਜੇਕਰ ਇਸੇ ਅਰਥ ਨੂੰ ਮੰਨੀਏ ਤਾਂ ਵੀ ਜਦ ਫੁਲ, ਪੱਤੇ, ਟਾਹਿਣੀਆਂ ਅਸੀਂ ਆਪਣੇ ਹੋਰ ਕੰਮਾਂ ਵਾਸਤੇ ਤੋੜਦੇ ਹਾਂ ਤਦ ਵੀ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿੰਨ ਦੇਵਤੇ ਟੁਟ ਜਾਂਦੇ ਹਨ, ਫਿਰ ਵੀ ਤਿਨਾਂ ਦੇਵਤਿਆਂ ਦੇ ਟੁਟਣ ਰੂਪ ਹਤਕ ਹੋ ਜਾਂਦੀ ਹੈ, ਬਲਕਿ ਜਦ ਅਸੀਂ ਕਿਸੇ ਆਪਣੇ ਦੋਸਤਾਂ-ਮਿਤ੍ਰਾਂ ਜਾਂ ਕਿਸੇ ਅਫਸਰਾਂ ਦੇ ਸੁਆਗਤ ਹਿਤ ਫੂਲਾਂ ਦੀਆਂ ਮਾਲਾਂ (ਹਾਰ) ਬਣਾਉਂਦੇ ਹਾਂ ਉਸ ਵਕਤ ਵੀ ਫੁਲ ਤੋੜੇ ਜਾਂਦੇ ਹਨ, ਤਾਂ, ਕੀ, ਫੂਲ, ਰੂਪ ਸ਼ਿਵ ਜੀ ਦੀ ਉਸ ਵਕਤ ਤੋੜਨ ਰੂਪ ਹਤਕ ਨਹੀਂ ਕੀਤੀ ਜਾਂਦੀ, ਜੇਕਰ ਅਸੀਂ ਕਰਦੇ ਹਾਂ ਤਾਂ, ਕੀ, ਉਹ ਸ਼ਿਵ ਜੀ ਉਹਨਾਂ ਦੋਸਤਾਂ ਆਦਕਾਂ ਨਾਲੋਂ ਵੀ ਗਏ ਗੁਜਰੇ ਹਨ, ਜਿਨ੍ਹਾਂ ਨੂੰ ਤੋੜਕੇ ਉਹਨਾਂ ਦੋਸਤਾਂ ਮਿਤ੍ਰਾਂ ਨੂੰ ਪ੍ਰਸੰਨ ਕੀਤਾ ਜਾਂਦਾ ਹੈ, ਕਾਰਨ ਇਹ ਕਿ ਸ਼ਿਵ, ਬ੍ਰਹਮਾਂ ਆਦਕ ਕੋਈ ਸਾਧਾਰਨ ਹਸਤੀ ਨਹੀਂ, ਗੁਰਬਾਣੀ ਵਿਚ ਇਹਨਾਂ ਬਾਬਤ ਲਿਖਿਆ ਹੈ ਕਿ ਬ੍ਰਹਮਾਂ ਬਿਸਨ ਮਹੇਸ਼ ਇਕ ਮੂਰਤਿ ਆਪੇ ਕਰਤਾ ਕਾਰੀ, ਅਤੇ ਸ੍ਰੀ ਦਸਮੇਸ਼ ਜੀ, ਨੀਲ ਕੰਠ ਨਰ ਹਰਿ ਨਾਰਾਇਣ, ਪ੍ਰਮਾਤਮਾਂ ਦਾ ਸਰੂਪ ਨੀਲ ਕੰਠ ਵੀ ਲਿਖ ਰਹੇ ਹਨ ਜੋ ਸ਼ਿਵ ਜੀ ਦਾ ਹੀ ਨੀਲ ਕੰਠ ਹੈ, ਨਿਰਾਕਾਰ ਪ੍ਰਮਾਤਮਾਂ ਦਾ ਨਹੀਂ, ਕਿਉਂਕਿ ਨਿਰਾਕਾਰ ਦਾ ਕੋਈ ਆਕਾਰ ਨਹੀਂ ਇਸ ਲਈ ਉਸਦੇ ਨੀਲੇ ਕੰਠ ਹੋਣ ਦੀ ਕਲਪਨਾ ਵੀ ਨਹੀਂ ਹੋ ਸਕਦੀ, ਤਾਂਤੇ ਅਜਿਹੇ ਸ਼ਿਵ ਜੀ ਦਾ ਮਾਮੂਲੀ ਸਾਧਾਰਨ ਦੋਸਤਾਂ ਲੋਗਾਂ ਦੇ ਸੁਆਗਤ ਹਿਤ ਨਿਰਾਦਰ ਕਰਨਾ ਉਚਿਤ ਨਹੀਂ ਹੋ ਸਕਦਾ ਜੇਕਰ ਮਾਮੂਲੀ ਲੋਕਾਂ ਦੇ ਸੁਆਗਤ ਹਿਤ ਫੁਲ ਤੋੜਨੇ ਸੇ ਸ਼ਿਵਜੀ ਨਹੀਂ ਟੁਟ ਜਾਂਦੇ ਤਾਂ ਮੂਰਤੀ ਪੂਜਾ ਹਿਤ ਫੂਲ ਤੋੜਨੇ ਸੇ ਸ਼ਿਵਜੀ ਕਿਵੇਂ ਟੁਟ ਸਕਦੇ ਹਨ, ਜਿਸ ਲਈ ਇਸ ਸੇ ਮੂਰਤੀ ਪੂਜਾ ਦਾ ਖੰਡਨ ਅਰਥ ਸਮਝਿਆ ਜਾਵੇਗਾ ਅਤੇ ਜੇਕਰ ਫੂਲਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਵ ਜੀ ਨਹੀਂ ਹਨ ਤਾਂ ਫੁਲ ਤੋੜਨੇ ਸੇ, ਤੀਨ ਦੇਵ ਪ੍ਰਤਖ ਤੋਰੈਂ, ਦਾ ਅਰਥ ਕੀ ਕੀਤਾ ਜਾ ਸਕੇਗਾ, ਔਰ ਜੇਕਰ ਫੁਲ ਸ਼ਿਵ ਜੀ ਹਨ ਤਾਂ ਫਿਰ ਕਿਸੇ ਹੋਰ ਕੰਮਾਂ ਵਾਸਤੇ ਵੀ ਫੁਲ ਤੋੜ ਨੇ ਸੇ ਸ਼ਿਵਜੀ ਪ੍ਰਤੱਖ ਟੁੱਟਣਗੇ।

ਜੇਕਰ ਇਥੇ ਇਹ ਕਿਹਾ ਜਾਵੇ ਕਿ, ਸਤਿਗੁਰ ਜਾਗਤਾ ਹੈ ਦੇਉ, ਵਾਕ ਦੁਆਰਾ ਚੇਤੰਨਜ ਸਤਿਗੁਰ ਦੀ ਪੂਜਾ ਵਲ ਪ੍ਰੇਰਿਆ ਹੈ, ਜੜ੍ਹ ਪੂਜਾ ਦਾ ਨਿਸ਼ੇਧ ਹੀ ਕੀਤਾ ਹੈ, ਤਾਂ ਵੀ ਜੜ੍ਹ ਦੀ ਸਹਾਇਤਾ ਬਿਨਾਂ ਚੇਤੰਨਜ ਦੀ ਪੂਜਾ ਭਗਤੀ ਹੋ ਹੀ ਨਹੀਂ ਸਕਦੀ, ਕੋਈ ਕਹੈ ਕਿ ਅਗਨੀ ਵਿਚ ਸਾੜਨ ਸ਼ਕਤੀ ਹੈ ਅਤੇ ਅਗਨੀ ਪ੍ਰਕਾਸ਼ ਸਹਿਤ ਹੈ ਔਰ ਲਕੜੀ ਆਦਕ ਪਦਾਰਥ ਪ੍ਰਕਾਸ਼ ਅਤੇ ਸਾੜਨ ਵਾਲੀ ਸ਼ਕਤੀ ਰਹਿਤ ਹਨ, ਤਾਂ ਲਕੜੀ ਤੇਲ, ਬਤੀ, ਆਦਕਾਂ ਤੋਂ ਬਿਨਾਂ ਪ੍ਰਕਾਸ਼ ਅਤੇ ਸਾੜਨ ਸ਼ਕਤੀ ਵਾਲੀ ਅਗਨੀ ਦੇ ਦਰਸ਼ਨ ਵੀ ਨਹੀਂ ਹੋ ਸਕਦੇ ਤਿਵੇਂ ਜੜ੍ਹ ਵਸਤੂ ਦੀ ਸਹਾਇਤਾ ਬਿਨਾ ਚੇਤੰਨਜ ਦੀ ਪੂਜਾ ਭਗਤੀ ਨਹੀਂ ਹੋ ਸਕੇਗੀ ਤਥਾ ਲਡੂਆਂ ਦਾ ਸੁਵਾਦ ਅਰੂਪ ਹੈ ਪਰ ਰੂਪਵਾਨ ਲੱਡੂਆਂ ਤੋਂ ਬਿਨਾਂ ਲਡੂਆਂ ਦਾ ਸਵਾਦ ਗ੍ਰਹਿਨ ਨਹੀ ਹੋ ਸਕਦਾ, ਔਰ ਗੁਰੂ ਦੀ ਪੂਜਾ ਧਿਆਨ ਮੂਰਤੀ ਦੁਆਰਾ ਕਰਨ ਦਾ ਹੁਕਮ ਗੁਰਬਾਣੀ ਵਿਚ ਵੀ ਦਿਤਾ ਹੋਯਾ ਹੈ, ਯਥਾ: ਜੋ ਚਿਤ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ, ਗੌੜੀ ਕੀ ਵਾਰ ਮ: ੪ ਅਤੇ ਗੁਰ ਕੀ ਮੂਰਤਿ ਮਨ ਮਹਿ ਧਿਆਨ, ਗੋਂਡ ਮ: ੫ ਤਾਂ ਤੇ ਇਸ ਸ਼ਬਦ ਦੁਆਰਾ ਮੂਰਤੀ ਪੂਜਾ ਦਾ ਨਿਸ਼ੇਧ ਕਰਨਾ ਅਰਥ ਠੀਕ ਨਹੀਂ ਕਿਉਂਕਿ ਇਸ ਵਿਚ ਇਹ ਦਿਖਾਯਾ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਕਿ, ਮੂਰਤੀ ਜੜ੍ਹ ਹੈ ਉਸ ਦੀ ਪੂਜਾ ਹਿਤ ਫੁਲ ਪੱਤੇ (ਚੇਤੰਨਜ) ਤੋੜਨੇ ਅਨੁਚਿਤ ਹਨ, ਪ੍ਰੰਤੂ ਮੂਰਤੀ ਪੂਜਾ ਕਰਨ ਵਾਲੇ ਮੂਰਤੀ (ਜੜ੍ਹ) ਦੀ ਪੂਜਾ ਕਰਨ ਵਾਸਤੇ ਫੁਲ ਪੱਤੇ ਆਦਕ ਨਹੀਂ ਤੋੜਦੇ ਕਿੰਤੂ ਮੂਰਤੀ ਵਾਲੇ ਦੇਵਤਾ, ਅਵਤਾਰ, ਪ੍ਰਮਾਤਮਾਂ (ਚੇਤਨ) ਦੀ ਪੂਜਾ ਹਿਤ ਫੁਲ ਪੱਤੇ ਆਦਕ ਤੋੜਦੇ ਹਨ, ਜੇ ਕਦੀਂ ਪੱਥਰ ਦੀ ਪੂਜਾ ਵਾਸਤੇ ਹੀ ਫੁਲ, ਪੱਤੇ ਤੋੜਦੇ ਹੋਣ ਤਾਂ ਜੇੜ੍ਹੀਆਂ ਪੱਥਰ ਦੀਆਂ ਮੂਰਤੀਆਂ ਕਿਸੇ ਦੇਵੀ, ਦੇਵਤੇ, ਅਵਤਾਰਾਂ ਦੀਆਂ ਨਹੀਂ ਹਨ, ਉਨ੍ਹਾਂ ਮੂਰਤੀਆਂ ਉਤੇ ਫੁਲ ਪੱਤੇ ਆਦਕ ਕਿਉਂ ਨਹੀਂ ਚਾੜ੍ਹਦੇ ? ਤਾਂ ਤੇ ਸਾਫ ਸਿਧੀ ਗਲ ਹੈ ਕਿ ਮੂਰਤੀ ਪੂਜਕ ਲੋਗ ਕਿਸੇ ਦੇਵੀ, ਦੇਵਤੇ, ਅਵਤਾਰ ਚੇਤੰਨਜ ਦੀ ਪੂਜਾ ਵਾਸਤੇ ਹੀ ਫੁਲ ਪੱਤੇ ਤੋੜਦੇ ਹਨ, ਜੜ੍ਹ ਪੱਥਰ ਮਾਤ੍ਰ ਵਾਸਤੇ ਨਹੀਂ। ਇਸ ਲਈ ਇਸ ਸ਼ਬਦ ਦੁਆਰਾ ਮੂਰਤੀ ਪੂਜਾ ਦਾ ਨਿਸ਼ੇਧ ਅਰਥ ਸਿਧ ਨਹੀਂ ਹੋ ਸਕਦਾ, ਕਿਉਂਕਿ ਮੂਰਤੀ ਪੂਜਕ ਲੋਗ ਮੂਰਤੀ ਪੂਜਾ ਦੁਆਰਾ ਪੂਜਾ ਕਿਸੇ ਚੇਤੰਨਜ ਦੇਵਤਾ ਦੀ ਹੀ ਕਰਦੇ ਹਨ, ਕੇਵਲ ਮੂਰਤੀ ਦੀ ਨਹੀਂ ਕਰਦੇ।

ਬਾਕੀ 'ਸਤਿਗੁਰ ਜਾਗਤਾ ਹੈ ਦੇਉ' ਤੁਕ ਦਾ ਇਸ਼ਾਰਾ ਇਹ ਹੈ ਕਿ, ਸਤਿਗੁਰੂ ਦੇਵ, ਸ਼ਾਸਤ੍ਰਗਜ ਹੋਣ ਕਰਕੇ ਜਾਗਦੇ ਹਨ, ਉਹ ਹੀ ਅਸਲ ਮੂਰਤੀ ਪੂਜਾ ਦੇ ਭਾਵ ਨੂੰ ਦੱਸ ਸਕਦੇ ਹਨ, ਉਨ੍ਹਾਂ ਕੋਲੋਂ ਹੀ ਅਸਲ ਮੂਰਤੀ ਪੂਜਾ ਦੇ ਰਹੱਸਯ ਨੂੰ ਸਮਝਣਾ ਚਾਹੀਦਾ ਹੈ, ਪਖੰਡੀ ਪੂਜਾਰੀਆਂ ਦੀ ਚਲਾਈ ਹੋਈ ਮੂਰਤਿ ਪੂਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਅਰਥ ਹੈ, ਇਸੇ ਲਈ ਅੱਗੇ ਲਿਖਿਆ ਹੈ ਕਿ, ਪਾਖਾਨ ਗਢ ਕੈ ਮੂਰਤਿ ਕੀਨੀ ਦੇ ਕੇ ਛਾਤੀ ਪਾਉ, ਆਦਿਕ ਇਨ੍ਹਾਂ ਤੁਕਾਂ ਦਾ ਅਰਥ ਪਹਿਲੇ ਹੀ ਹੋ ਚੁਕਾ ਹੈ, ਓਥੇ ਦੇਖੋ ਕਿ ਦੰਭੀ ਪੁਜਾਰੀਆਂ ਦੀ ਚਲਾਈ ਹੋਈ ਮਨ ਮਾਨੀ ਪੂਜਾ ਦਾ ਨਿਸ਼ੇਧ ਅਰਥ ਹੈ, ਅਤੇ ਇਸ ਸ਼ਬਦ ਦੇ ਅਖੀਰ ਤੇ ਵੀ ਇਹੀ ਦਿਖਾਯਾ ਹੈ ਕਿ 'ਮਾਲਣ ਭੂਲੀ ਜਗ ਭੁਲਾਨਾ ਹਮ ਭੁਲਾਨੇ ਨਾਹਿ, ਦੰਭੀ ਪੁਜਾਰੀਆਂ ਦੀ ਚਲਾਈ ਹੋਈ ਸੁਆਰਥ ਹਿਤ ਪੂਜਾ ਨੂੰ ਮਾਲਣ ਨਹੀਂ ਜਾਣਦੀ ਭੁਲੀ ਹੋਈ ਹੈ ਤੇ ਜਗਤ ਦੇ ਲੋਕ ਵੀ ਬਹੁਤੇ ਨਹੀਂ ਜਾਣਦੇ ਭੁਲੇ ਹੋਇ ਹਨ ਪ੍ਰੰਤੂ ਅਸੀਂ ਭੁਲੇ ਹੋਇ ਨਹੀਂ ਹਾਂ ਕਿਉਂਕਿ ਸਾਨੂੰ ਪ੍ਰਮਾਤਮਾਂ ਨੇ ਕ੍ਰਿਪਾ ਕਰਕੇ ਅਸਲੀਯਤ ਦਾ ਗਿਆਨ ਦੇ ਕੇ ਰਖ ਲਿਆ ਹੈ ਤਾਂਤੇ ਇਸ ਸਾਰੇ ਸ਼ਬਦ ਵਿਚ ਅਸਲ ਮੂਰਤੀ ਪੂਜਾ ਦਾ ਖੰਡਨ ਕਿਤੇ ਵੀ ਨਹੀਂ ਕਿੰਤੂ ਪਰੋਢੀ ਵਾਦ ਸੇ ਦੰਭੀ ਪੂਜਾ ਦਾ ਨਿਸ਼ੇਧ ਅਰਥ ਸਾਬਤ ਹੁੰਦਾ ਹੈ।

(ਸ) ਇਥੇ ਵੀ ਸ੍ਰੀ ਕਬੀਰ ਜੀ ਨੇ ਲਿਖਿਆ ਹੈ, ਪਾਹਨ ਪ੍ਰਮੇਸੁਰ ਕੀਆ ਪੂਜੇ ਸਭ ਸੰਸਾਰ, ਇਸ ਭਰਵਾਸੇ ਜੋ ਰਹੈ ਬੂਡੇ ਕਾਲੀ ਧਾਰ, ਕਿ ਪੱਥਰ ਨੂੰ ਪ੍ਰਮੇਸ਼ਰ ਨੇ ਕੀਤਾ ਹੈ, ਜਿਸ ਪੱਥਰ ਨੂੰ ਸਾਰਾ ਸੰਸਾਰ ਪੂਜਦਾ ਹੈ ਪ੍ਰੰਤੂ ਇਸ ਭਰੋਸੇ ਜੋ ਰਹੈਗਾ ਕਿ ਪੱਥਰ ਹੀ ਪ੍ਰਮੇਸ਼ੁਰ ਹੈ ਉਹ ਕਾਲੀ ਧਾਰ ਵਿਚ ਡੁਬੇਗਾ, ਇਸ ਵਿਚ ਇਥੇ ਮੂਰਤੀ ਪੂਜਾ ਦਾ ਖੰਡਨ ਨਹੀਂ ਹੁੰਦਾ ਕਿਉਂਕਿ ਮੂਰਤੀ ਪੂਜਕ ਲੋਗ ਪਹਿਲੇ ਵੀ ਕਈ ਵੇਰ ਦੱਸ ਚੁਕੇ ਹਾਂ ਕਿ ਪੱਥਰ ਨੂੰ ਪ੍ਰਮੇਸ਼ਰ ਨਹੀਂ ਮੰਨਦੇ ਕਿੰਤੂ ਜਿਸ ਪੱਥਰ ਉਤੇ ਪ੍ਰਮੇਸ਼ਰ ਜਾਂ ਕਿਸੇ ਅਵਤਾਰ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੂਰਤੀ ਹਵ ਉਸਨੂੰ ਪੂਜਦੇ ਹਨ ਇਸ ਲਈ ਪ੍ਰਮੇਸ਼ਰ ਦੇ ਹੀ ਪੁਜਾਰੀ ਹਨ ਅਥਵਾ ਇੰਜ ਵੀ ਅਰਥ ਹੋ ਸਕਦਾ ਹੈ ਕਿ, ਪੱਥਰ ਨੂੰ ਪੂਜਜ ਪ੍ਰਮੇਸ਼ਰ ਨੇ ਹੀ ਕੀਤਾ ਹੈ, ਜਿਸ ਪ੍ਰਮੇਸ਼ਰ ਨੂੰ ਸਾਰਾ ਸੰਸਾਰ ਪੂਜਦਾ ਹੈ ਕਿੰਤੂ ਇਸ ਭਰੋਸੇ ਜੋ ਰਹੈਗਾ ਕਿ ਪ੍ਰਮੇਸ਼ਰ ਨੇ ਪੂਜਜ ਨਹੀਂ ਕੀਤਾ ਬਲਕਿ ਪੱਥਰ ਸੁਤੇ ਹੀ ਕਲਿਆਨ ਕਾਰੀ ਹੈ ਤਾਂ ਉਹ ਕਾਲੀ ਧਾਰ ਵਿਚ ਡੁਬੇਗਾ, ਇਸ ਅਰਥ ਵਿਚ ਵੀ ਭਾਵ ਇਹ ਹੈ ਕਿ ਜਿਸ ਪੱਥਰ ਉਤੇ ਪ੍ਰਮਾਤਮਾਂ ਦੀ ਮੂਰਤੀ ਜਾਂ ਨਾਮ ਕਲਪਨਾਂ ਨਹੀਂ ਕੀਤਾ ਜਾਂਦਾ, ਉਹ ਪੱਥਰ ਪੂਜਯ ਨਹੀਂ ਹੂੰਦਾ, ਤਾਂ ਤੇ ਪੱਥਰ ਨੂੰ ਪੂਜਜ ਪ੍ਰਮਾਤਮਾਂ ਨੇ ਹੀ ਕੀਤਾ ਹੈ ਪੱਥਰ ਆਪਣੇ ਆਪ ਪੂਜਜ ਨਹੀਂ ਹੋਯਾ ਕਿਉਂਕਿ ਪ੍ਰਮਾਤਮਾਂ ਦੇ ਨਾਮ ਕਰਕੇ ਹੀ ਸੰਤ, ਮਹਾਤਮਾਂ ਅਤੇ ਪੁਸਤਕ ਵੀ ਪੂਜਯ ਹੁੰਦੇ ਹਨ ਐਵੇਂ ਨਹੀਂ ।

ਬਾਕੀ ਮੂਰਤੀ ਪੂਜਕ ਲੋਗ ਪੱਥਰ ਦੇ ਹੀ ਪੁਜਾਰੀ ਨਹੀਂ ਹੁੰਦੇ, ਜੇਕਰ ਪੱਥਰ ਦੇ ਹੀ ਪੁਜਾਰੀ ਹੋਣ ਜਾਂ ਪੱਥਰ ਨੂੰ ਹੀ ਕਲਿਆਨਕਾਰੀ ਮੰਨਣ ਤਾਂ ਜਗਨ ਨਾਥ ਪੁਰੀ ਮੰਦਰ ਵਿਚ ਲਕੜੀ ਦੀ ਮੂਰਤੀ ਹੈ ਪੱਥਰ ਦੀ ਨਹੀਂ ਅਤੇ ਕਈ ਥਾਂਈ ਪਿੱਤਲ ਦੀਆਂ ਮੂਰਤੀਆਂ ਹਨ, ਤਥਾ: ਮਿੱਟੀ ਦੀਆਂ ਵੀ ਮੂਰਤੀਆਂ ਦੁਆਰਾ ਪ੍ਰਮਾਤਮਾ: ਅਵਤਾਰਾਂ ਦੀ ਪੂਜਾ ਕਰਦੇ ਹਨ, ਇਸ ਲਈ ਪੱਥਰ ਦੇ ਹੀ ਪੁਜਾਰੀ ਅਤੇ ਪੱਥਰ ਨੂੰ ਹੀ ਕਲਿਆਨ ਕਾਰੀ ਮੰਨਦੇ ਨਹੀਂ ਕਹੈ ਜਾ ਸਕਦੇ ਜਦ ਕੇਵਲ ਪੱਥਰ ਦੇ ਹੀ ਪੁਜਾਰੀ ਨਹੀਂ ਹਨ, ਪ੍ਰੰਤੂ, ਪ੍ਰਮਾਤਮਾਂ, ਅਵਤਾਰਾਂ ਦੀ ਮੂਰਤੀ ਦੀ ਪੂਜਾ ਕਰਦੇ ਹਨ ਉਹ ਮੂਰਤੀ ਚਾਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੱਥਰ ਦੀ ਹਵੇ ਜਾਂ ਲਕੜੀ ਅਤੇ ਪਿਤਲ, ਮਿਟੀ ਦੀ ਬਣੀ ਹੋਵੇ ਤਾਂ ਫਿਰ ਮੂਰਤੀ ਪੂਜਾ ਦਾ ਨਿਸ਼ੇਧ ਇਸ ਸਲੋਕ ਦੇ ਅਰਥ ਦੁਆਰਾ ਨਹੀਂ ਕੀਤਾ ਜਾ ਸਕਦਾ ਜੇਕਰ ਇਥੇ ਇਹ ਕਿਹਾ ਜਾਵੇ ਕਿ, ਪੱਥਰ ਦੀ ਮੂਰਤੀ ਦੀ ਪੂਜਾ ਕਰਨੇ ਸੇ ਪੱਥਰ ਦੀ ਹੀ ਪੂਜਾ ਹੁੰਦੀ ਹੈ, ਮੂਰਤੀ ਵਾਲੇ ਅਵਤਾਰ, ਪ੍ਰਮਾਤਮਾਂ ਦੀ ਨਹੀਂ ਹੁੰਦੀ ਤਾਂ ਇਂਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਮਾਤਮਾਂ ਦੇ ਅਨੇਕ, ਠਾਕੁਰ, ਮੁਰਾਰੀ, ਕ੍ਰਿਪਾਲੂ, ਕੇਸ਼ਵ, ਨਾਰਾਇਣ, ਆਦਕ ਨਾਮ ਲਿਖੇ ਹਨ, ਪ੍ਰੰਤੂ ਇਹੀ ਨਾਮ ਅਜ ਕਲ ਦੇ ਕਈਆਂ ਮਨੁਖਾਂ ਦੇ ਹਨ, ਤਾਂ ਉਪਰੋਕਤ ਨਾਮਾਂ ਦੁਆਰਾ ਜਦ ਪ੍ਰਮਾਤਮਾਂ ਦਾ ਚਿੰਤਨ ਕੀਤਾ ਜਾਵੇਗਾ ਤਾਂ ਫਿਰ ਇੰਜ ਉਹ ਚਿੰਤਨ ਅੱਜ ਕਲ ਦੇ ਮਨੁਖਾਂ ਦਾ ਹੀ ਚਿੰਤਨ ਸਮਝਿਆ ਜਾ ਸਕੇਗਾ, ਜੇਕਰ ਇਹ ਕਿਹਾ ਜਾਵੇ ਕਿ, ਚਾਹੈ ਪ੍ਰਮਾਤਮਾਂ ਲਈ ਲਿਖੇ ਨਾਮ ਅੱਜ ਕਲ ਦੇ ਕਈ ਮਨੁਖਾਂ ਦੇ ਭੀ ਪ੍ਰਸਿਧ ਹਨ, ਪ੍ਰੰਤੂ ਉਪ੍ਰੋਕਤ ਨਾਮ ਚਿੰਤਨ ਕਰਨੇ ਵਾਲੇ ਪ੍ਰੇਮੀ ਦੀ, ਅੰਦਰੂਨੀ ਭਾਵਨਾਂ ਵਿਚ ਅੱਜ ਕਲ ਦੇ ਮਨੁਖ ਨਹੀਂ ਹਨ, ਕਿੰਤੂ ਅੰਦਰੂਨੀ ਭਾਵਨਾਂ ਵਿਚ ਪ੍ਰਮਾਤਮਾਂ ਹੀ ਹੁੰਦਾ ਹੈ ਇਸ ਲਈ ਇਹਨਾਂ ਨਾਮਾਂ ਦੁਆਰਾ ਚਿੰਤਨ ਪ੍ਰਮਾਤਮਾਂ ਦਾ ਹੀ ਕੀਤਾ ਮੰਨਿਆਂ ਜਾਂਦਾ ਹੈ ਤਾਂ ਇੰਜੇ ਮੂਰਤੀ ਪੂਜਾ ਕਰਨ ਵਾਲੇ ਪ੍ਰੇਮੀ ਦੀ ਅੰਦਰੂੰਨੀ ਭਾਵਨਾਂ ਵਿੱਚ ਵੀ ਪੱਥਰ ਪੂਜਾ ਨਹੀਂ ਕਿੰਤੂ ਪੱਥਰ ਮੂਰਤੀ ਦੁਆਰਾ ਪ੍ਰਮਾਤਮਾਂ ਦੀ ਹੀ ਪੂਜਾ ਕਰਦਾ ਹੈ, ਤਾਂ ਮੂਰਤੀ ਪੂਜਾ ਸੇ ਪ੍ਰਮਾਤਮਾਂ ਦੀ ਪੂਜਾ ਕਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੋ ਸਕਦੀ, ਹਾਂ ਜਿਸ ਮੂਰਤੀ ਪੂਜਾ ਕਰਨ ਵਾਲੇ ਪ੍ਰੇਮੀ ਦੀ ਅੰਦਰੂੰਨੀ ਭਾਵਨਾਂ ਵਿਚ ਪ੍ਰਮਾਤਮਾਂ ਦੀ ਪੂਜਾ ਭਗਤੀ ਨਹੀਂ, ਸਿਰਫ ਪੱਥਰ ਦੀ ਹੀ ਪੂਜਾ ਭਗਤੀ ਹੈ ਉਸਦੀ ਪੂਜਾ ਦਾ ਇਸ ਸਲੋਕ ਦੁਆਰਾ ਨਿਸ਼ੇਧ ਅਰਥ ਕੀਤਾ ਜਾ ਸਕਦਾ ਹੈ, ਵਾਸਤਵ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ ਹੋ ਸਕਦਾ।

ਜੇਕਰ ਕਦੀਂ ਇਹ ਹੱਠ ਕੀਤਾ ਜਾਵੇ ਕਿ ਮੂਰਤੀ ਪੂਜਾ ਕਰਨੇ ਸੇ ਪ੍ਰਮਾਤਮਾਂ ਦੀ ਪੂਜਾ ਨਹੀਂ ਹੋ ਸਕਦੀ ਤਾਂ ਕਿਸੇ ਪਾਪੀ, ਜ਼ਾਲਮ ਦੀ ਤਸਵੀਰ ਜਾਂ ਨਾਮ ਲਿਖਿਆ ਵੇਖ ਕੇ ਆਪ ਲੋਗਾਂ ਨੂੰ ਗੁੱਸਾ ਆਉਂਦਾ ਹੈ ਕਿ ਨਹੀਂ, ਜੇ ਆਉਂਦਾ ਹੈ ਤਾਂ ਉਸ ਤਸਵੀਰ ਜਾਂ ਨਾਮ ਨੇ ਕੀ ਜੁਰਮ ਕੀਤਾ ਹੈ ? ਇਹੋ ਕਹੋਗੇ ਕਿ ਤਸਵੀਰ ਅਤੇ ਉਸ ਨਾਮ ਨੇ ਕੋਈ (ਪਾਪ) ਜੁਰਮ ਨਹੀਂ ਕੀਤਾ ਕਿੰਤੂ ਜਿਸ ਦੀ ਤਸਵੀਰ ਜਾਂ ਨਾਮ ਹੈ ਉਸ ਨੇ ਜ਼ੁਲਮ, ਪਾਪ ਕੀਤੇ ਹੋਏ ਹਨ ਉਸੇ ਤੇ ਹੀ ਗੁੱਸਾ ਆਉਂਦਾ ਹੈ ਤਾਂ ਤਿਵੇਂ ਹੀ ਜਿਸ ਪ੍ਰਮਾਤਮਾਂ = ਅਵਤਾਰ ਦੀ ਤਸਵੀਰ ਦੀ ਪੂਜਾ ਕੀਤੀ ਜਾਂਦੀ ਹੈ ਉਸੇ ਪਰਮਾਤਮਾਂ : ਅਵਤਾਰ ਦੀ ਹੀ ਪੂਜਾ ਹੋ ਰਹੀ ਦਿਲ ਵਿਚ ਮੰਨੀ ਜਾਂਦੀ ਹੈ। ਜੇ ਕਿਹਾ ਜਾਵੇ ਕਿ, ਪਾਪੀ ਦੀ ਤਸਵੀਰ ਦੇਖਕੇ ਗੁੱਸਾ ਨਹੀਂ ਆਉਂਦਾ ਤਾਂ ਇਹ ਗਲਤ ਹੈ ਕਿਉਂਕਿ ਮਾਘ ਦੀ ਦੂਜੀ ਵਾਲੇ ਦਿਨ ਮੁਕਤਸਰ ਟਿਬੀ ਸਾਹਿਬ ਗੁਰਦੁਆਰੇ ਦੇ ਨਜ਼ਦੀਕ ਸਾਲ ਦੇ ਸਾਲ ਇਕ ਮੁਸਲਮਾਨ ਦੀ ਕਬਰ ਮਿੱਟੀ ਦੀ ਬਣਾ ਕੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਆਮ ਸਿਖ ਲੋਕ ਛਿੱਤਰਾਂ, ਸੋਟਿਆਂ ਨਾਲ ਕੁਟਦੇ ਵੇਖੇ ਗਏ ਹਨ। ਪੁਛਣੇ ਪਰ ਉਨ੍ਹਾਂ ਨੇ ਕਿਹਾ ਕਿ ਇਸ ਮੁਸਲਮਾਨ ਨੇ ਗੁਰੂ ਸਾਹਿਬਾਂ ਨਾਲ ਬੜਾ ਜ਼ੁਲਮ, ਪਾਪ ਕੀਤਾ ਸੀ, ਇਸ ਲਈ ਉਸ ਦੀ ਕਬਰ ਨੂੰ ਕੁਟਦੇ ਹਾਂ। ਇਸ ਘਟਨਾਂ ਤੋਂ ਸਿਧ ਹੁੰਦਾ ਹੈ ਕਿ ਕਬਰ ਦੀ ਮਿਟੀ ਕੁਟਨੇ ਸੇ ਉਹ ਪਾਪੀ ਮੁਸਲਮਾਨ ਅੱਜ ਤਕ ਕੁਟਿਆ ਜਾ ਰਿਹਾ ਹੈ। ਤਾਂ ਤੇ ਪੱਥਰ, ਮਿੱਟੀ ਦੀ ਤਸਵੀਰ ਦੀ ਪੂਜਾ ਕਰਨ ਨਾਲ ਪੂਜਾ ਵੀ ਉਸੇ ਪ੍ਰਮਾਤਮਾਂ ਦੀ ਹੀ ਦਿਲ ਵਿਚ ਹੋ ਰਹੀ ਮੰਨੀ ਜਾ ਰਹੀ ਹੈ, ਮਿੱਟੀ ਪੱਥਰ ਦੀ ਨਹੀਂ।

੨੯ ਪ੍ਰਸ਼ਨ—ਕਬੀਰ ਪਾਹਨ ਪ੍ਰਮੇਸੁਰ ਕੀਆ ਪੂਜੇ ਸਭ ਸੰਸਾਰ, ਇਸ ਸਲੋਕ ਤੋਂ ਪਹਿਲੇ ਕਬੀਰ ਜੀ ਨੇ ਇਹ ਸਲੋਕ ਲਿਖਾ ਹੈ ਕਿ, ਕਬੀਰ ਠਾਕੁਰ ਪੂਜਹਿੰ ਮੋਲ ਲੇ ਮਨ ਹਠ ਤੀਰਥ ਜਾਹਿ, ਦੇਖਾ ਦੇਖੀ ਸੁਵਾਂਗ ਧਰ ਭੂਲੇ ਭਟਕਾ ਖਾਹਿ, ਇਸ ਵਿਚ ਸਾਫ ਠਾਕੁਰ ਮੂਰਤੀ ਪੂਜਾ ਦਾ ਖੰਡਨ ਹੈ ?

ਉਤਰ—ਇਸ ਸਲੋਕ ਵਿਚ ਵੀ ਮੂਰਤੀ ਪੂਜਾ ਦਾ ਨਿਸ਼ੇਧ ਅਰਥ ਨਹੀਂ, ਕਿੰਤੂ ਅਰਥ ਇਹ ਹੈ ਕਿ, ਜੋ ਠਾਕੁਰ (ਪ੍ਰਮਾਤਮਾਂ) ਦੀ ਪੂਜਾ ਮੋਲ (ਕੀਮਤ) ਲੈ ਕੇ ਕਰਦੇ ਹਨ ਭਾਵ ਆਪਣੀ ਸ਼ਰਧਾ ਸੇ ਪੂਜਾ ਨਹੀਂ ਕਰਦੇ ਬਲਕਿ ਧਨ ਕਮਾਉਣ ਵਾਸਤੇ ਹੀ ਮੰਦਰਾਂ (ਮੂਰਤੀਆਂ) ਦੇ ਪੁਜਾਰੀ ਬਣੇ ਬੈਠੇ ਹਨ ਅਤੇ ਜੋ ਤੀਰਥਾਂ ਪਰ ਮਨ ਹਠ (ਮਨਮੁਖਤਾ) ਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਜਾਂਦੇ ਹਨ ਭਾਵ ਸ਼ਾਸਤ੍ਰ ਵਿਧੀ ਅਨੁਸਾਰ ਤੀਰਥਾਂ ਦਾ ਸੇਵਨ ਨਹੀਂ ਕਰਦੇ ਕਿੰਤੂ ਮਨ ਮਰਜੀ ਅਨੁਸਾਰ ਓਥੇ ਜਾ ਕੇ ਵੀ ਕਰਮ ਕਰਦੇ ਹਨ ਔਰ ਜੋ ਸਾਧੂ ਸਵਾਂਗ ਕੋ ਦੇਖਾ ਦੇਖੀ ਧਾਰਨ ਕਰ ਲੈਂਦੇ ਹਨ, ਭਾਵ ਕਿਸੇ ਗੁਰੂ ਦੁਆਰਾ ਵੈਰਾਗ ਆਦਕ ਸਿਖਿਆ ਪ੍ਰਾਪਤਿ ਕੀਤੇ ਬਿਨਾਂ ਹੀ ਐਵੇਂ ਆਪੇ ਕਈ ਕਿਸਮ ਦੇ ਸਾਧੂਆਂ ਦੇ ਭੇਖ ਧਾਰਨ ਕਰ ਲੈਂਦੇ ਹਨ, ਇਹ ਤਿੰਨੇ ਹੀ ਭੁਲੇ ਹੋਇ ਭਟਕਾ (ਭਟਕਣਾਂ) ਦੀ ਮਾਰ ਖਾਂਦੇ ਹਨ, ਇਸ ਵਿਚ ਮੂਰਤੀ ਪੂਜਾ ਦੇ ਨਿਸ਼ੇਧ ਦਾ ਨਾਮ ਨਿਸ਼ਾਨ ਵੀ ਨਹੀਂ, ਕਿੰਤੂ ਜੋ ਧਨ ਕਮਾਉਂਣ ਵਾਸਤੇ ਪੂਜਾ ਕਰਦੇ ਹਨ ਉਨ੍ਹਾਂ ਦਾ ਖੰਡਨ ਹੈ, ਇਹ ਅਸੀਂ ਪਿਛੇ ਕਈ ਵੇਰ ਕਹਿ ਚੁਕੇ ਹਾਂ ਕਿ ਪਖੰਡ ਦਾ ਨਿਸ਼ੇਧ ਕਈ ਥਾਂਈ ਕੀਤਾ ਹੈ ਪਰ ਅਸਲੀ ਮੂਰਤੀ ਪੂਜਾ ਦਾ ਨਿਸ਼ੇਧ ਅਰਥ ਕਿਤੇ ਵੀ ਨਹੀਂ ਕੀਤਾ।

ਜੇਕਰ ਇਸ ਸਲੋਕ ਵਿਚੋਂ ਆਪਨੇ ਇਹ ਅਰਥ ਸੋਚਿਆ ਹੋਵੇ ਕਿ, ਠਾਕੁਰ ਦੀਆਂ ਮੂਰਤੀਆਂ ਮੁਲ ਖਰੀਦ ਕੇ ਪੂਜਦੇ ਹਨ, ਉਹ ਭਟਕਣਾਂ ਦੀ ਮਾਰ ਖਾਂਦੇ ਹਨ ਇਸ ਲਈ ਮੂਰਤੀ ਪੂਜਾ ਦਾ ਖੰਡਨ ਪ੍ਰਤੀਤ ਹੁੰਦਾ ਹੈ, ਤਾਂ ਇੰਜ ਸਾਰੇ ਧਰਮ ਪੁਸਤਕ ਹੀ ਮੂਲ (ਕੀਮਤ) ਸੇ ਖਰੀਦੇ ਜਾਂਦੇ ਹਨ ਤਾਂਤੇ ਉਹਨਾਂ ਦਾ ਪੂਜਾ ਸਤਿਕਾਰ ਵੀ ਖੰਡਨ ਹੋ ਜਾਇਗਾ ਬਲਕਿ ਅਕਾਲੀ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਪ੍ਰਗਟ ਗੁਰਾਂ ਦੀ ਦੇਹ, ਮੰਨ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਭਗਤੀ ਕੀਤੀ ਜਾਂਦੀ ਹੈ, ਪ੍ਰੰਤੂ ਸ੍ਰੀ ਅੰਮ੍ਰਿਤਸਰ ਜੀ ਸੇ ਦੁਕਾਨਾਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਮਤ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ, ਪ੍ਰਾਪਤਿ ਕੀਤੇ ਜਾ ਸਕਦੇ ਹਨ ਐਵੇਂ ਨਹੀਂ, ਤਾਂਤੇ ਇਸ ਅਰਥ ਕਰਨੇ ਸੇ ਅਕਾਲੀ ਪੰਥ ਨੂੰ ਨੁਕਸਾਨ ਪਹੁੰਚੇਗਾ, ਇਸ ਲਈ ਪਹਿਲੇ ਜੋ ਉਤੇ ਅਰਥ ਕੀਤਾ ਗਿਆ ਹੈ ਓਹੀ ਠੀਕ ਬੈਠਦਾ ਹੈ ਜਿਸ ਵਿਚ ਕੀਮਤ ਲੈਕੇ ਕੇਵਲ ਠਾਕੁਰ ਪੂਜਾ ਕਰਨੇ ਵਾਲੇ ਹੀ ਨਹੀਂ ਕਿੰਤੂ ਕੀਮਤ ਲੈ ਕੇ ਪੂਜਾ ਕਰਨੇ ਵਾਲੇ ਗ੍ਰੰਥੀ, ਭਾਈ ਔਰ ਮੌਲਵੀ ਆਦਕ ਵੀ ਵਿਰੋ ਸਭ ਖੰਡਨ ਹੋ ਜਾਂਦੇ ਹਨ।

੩੦. ਪ੍ਰਸ਼ਨ—ਗੁਰਮਤ ਦਰਸ਼ਨ ਸਫਾ ੨੩੧ ਉਤੇ ਸ੍ਰੀ ਮਾਨ ਭਾਗ ਮਲ ਜੀ ਨੇ ਲਿਖਾ ਹੈ ਕਿ, ਤੁਸਾਡੇ ਮੰਦਰਾਂ ਵਿਚ ਵਿਸ਼ਨੂੰ, ਸ਼ਿਵਜੀ, ਰਾਮ, ਕ੍ਰਿਸ਼ਨ, ਮਹਾਂਬੀਰ, ਭੈਰੋ, ਕਾਲਿਕਾ ਆਦਿਕ ਦੀ ਸ਼ਕਲ ਵਰਗੀਆਂ, ਸੋਨਾ, ਚਾਂਦੀ, ਮਿੱਟੀ, ਪੱਥਰ ਆਦਿਕ ਦੀਆਂ ਘੜੀਆਂ ਮੂਰਤੀਆਂ ਹਨ, ਜਿਸ ਕਰਕੇ ਮੂਰਤੀ ਪੂਜਾ ਕਹੀ ਜਾਂਦੀ ਹੈ ਭਾਵ ਇਹ ਕਿ ਕਿਸੇ ਅਸਲ ਚੀਜ਼ ਦੀ ਨਕਲ ਕਰਕੇ ਉਸ ਵਰਗੀ ਮੂਰਤੀ ਬਣਾ ਕੇ ਉਸ ਨੂੰ ਓਹੋ ਜਿਹਾ ਕਰ ਕੇ ਮੰਨਣਾ ਪੂਜਣਾ ਮੂਰਤੀ ਪੂਜਾ ਹੈ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹਾਂ ਵਿਚੋਂ ਕਿਸੇ ਇਕ ਗੁਰੂ ਸਾਹਿਬ ਜਾਂ ਦਸਾਂ ਹੀ ਗੁਰੂ ਸਾਹਿਬਾਂ ਦੀ ਮੂਰਤੀ ਨਹੀਂ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਵਿਅਕਤੀ ਦੀ ਬਨਾਵਟ ਨਹੀਂ, ਉਨ੍ਹਾਂ ਦਾ ਸ੍ਵੈ, ਨਿਜ ਅਰਥਾਤ ਆਪਣਾ ਸਰੂਪ ਹੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਕਹੇ ਵੀ ਸ੍ਰੀ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰੰਥ ਸਾਹਿਬ ਮੰਨੇ ਹਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਕਹਿਣਾ ਮਹਾਂ ਅਗਿਆਨ ਬਲਕਿ ਅਤਿਅੰਤ ਮਹਾਂ ਮੂੜ ਹੋਣ ਦਾ ਪ੍ਰਤੱਖ ਸਬੂਤ ਦੇਣਾ ਹੈ।

ਉਤਰ:—ਮੂਰਤੀ ਪੂਜਾ ਵਿਚ ਇਹ ਨਿਯਮ ਨਹੀਂ ਕਿ ਕਿਸੇ ਅਸਲ ਚੀਜ਼ ਵਰਗੀ ਹੀ ਮੂਰਤੀ ਬਣਾ ਕੇ ਉਸ ਨੂੰ ਮੰਨਣਾ ਪੂਜਣਾ ਹੀ ਮੂਰਤੀ ਪੂਜਾ ਹੈ, ਇਹ ਸ੍ਰੀ ਭਾਗ ਮਲ ਜੀ ਨੂੰ ਭੁਲੇਖਾ ਲਗਾ ਹੈ ਕਿਉਂਕਿ ਅਸੀਂ ਵੇਖਦੇ ਹਾਂ ਕਿ ਆਮ ਸ਼ਿਵਜੀ ਦੇ ਮੰਦਰਾਂ ਵਿਚ ਸ਼ਿਵ ਜੀ ਦੇ ਸਰੀਰ ਜਿਹੀ ਮੂਰਤੀ ਨਹੀਂ ਹੁੰਦੀ ਬਲਕਿ ਇਕ ਵੱਟੇ ਦੀ ਸ਼ਕਲ ਵਿਚ ਸ਼ਿਵ (ਲਿੰਗ) ਚਿੰਨ੍ਹ ਹੀ ਹੁੰਦਾ ਹੈ, ਔਰ ਸ੍ਰੀ ਵਿਸ਼ਨੂੰ ਜੀ ਦੀ ਪੂਜਾ ਵੀ ਸ਼ਾਲ-ਗ੍ਰਾਮ ਦੁਆਰਾ ਕੀਤੀ ਜਾਂਦੀ ਹੈ ਉਹ ਸ਼ਾਲਗ੍ਰਾਮ ਵੀ ਸ੍ਰੀ ਵਿਸ਼ਨੂੰ ਜੀ ਦੇ ਸਰੀਰ ਜਿਹੇ ਵੀ ਨਹੀਂ ਹੁੰਦੇ ਕਿੰਤੂ ਗੋਲ ਮੋਲ ਵੱਟੇ ਜਿਹੇ ਹੀ ਹੁੰਦੇ ਹਨ, ਔਰ ਵਿਆਹਾਂ ਸ਼ਾਦੀਆਂ ਤੇ ਜਿਥੇ ਸ੍ਰੀ ਗਣੇਸ਼ ਜੀ ਦੀ ਪੂਜਾ ਕੀਤੀ ਜਾਂਦੀ ਹੈ। ਓਥੇ ਸ੍ਰੀ ਗਣੇਸ਼ ਜੀ ਦੀ ਮੂਰਤੀ ਸ੍ਰੀ ਗਣੇਸ਼ ਜੀ ਦੇ ਸਰੀਰ ਜਿਹੀ ਨਹੀਂ ਬਣਾਈ ਜਾਂਦੀ, ਬਲਕਿ ਵਿੰਗੀਆਂ ਜਿਹੀਆਂ ਚਾਰ ਲਕੀਰਾਂ ਹੀ ਆਸਨ ਬਣਾਈਆਂ ਜਾਂਦੀਆਂ ਹਨ, ਔਰ ਜੋ ਲੋਗ ਕਬਰਾਂ ਜਾਂ ਸਮਾਧੀਆਂ ਦੀ ਪੂਜਾ ਕਰਦੇ ਹਨ ਉਹ ਕਬਰਾਂ, ਸਮਾਧੀਆਂ ਵੀ ਉਨ੍ਹਾਂ ਮਰੇ ਹੋਇ ਇਨਸਾਨਾਂ ਦੇ ਸਰੀਰ ਵਰਗੀਆਂ ਫੋਟੋ ਨਹੀਂ ਹੁੰਦੀਆਂ, ਸ਼ਾਇਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਭਾਗ ਮਲ ਜੀ, ਕਬਰਾਂ, ਸਮਾਧਾਂ ਦੀ ਪੂਜਾ ਕਰਨੀ ਮੂਰਤੀ ਪੂਜਾ ਹੁੰਦੀ ਨਹੀਂ ਸਮਝਦੇ ਹੋਣੇ ਅਤੇ ਵਿਆਹਾਂ ਸ਼ਾਦੀਆਂ ਆਦਕਾਂ ਤੇ ਸ੍ਰੀ ਗਣੇਸ਼ ਜੀ ਦੀ ਪੂਜਾ ਕੀਤੀ ਜਾਂਦੀ ਨੂੰ ਵੀ ਮੂਰਤੀ ਪੂਜਾ ਨਹੀਂ ਸਮਝਦੇ ਹੋਣੇ, ਕਿਉਂਕਿ ਸ੍ਰੀ ਭਾਗ ਮਲ ਜੀ ਦਾ ਉਪ੍ਰੋਕਤ ਦਾਅਵਾ ਹੈ ਕਿ ਕਿਸੇ ਅਸਲ ਚੀਜ ਦੀ ਨਕਲ ਕਰਕੇ ਉਸ ਵਰਗੀ ਮੂਰਤੀ ਬਣਾ ਕੇ ਉਸਨੂੰ ਓਹੋ ਜਿਹਾ ਕਰਕੇ ਮੰਨਣਾ ਪੂਜਣਾ ਮੂਰਤੀ ਪੂਜਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਗੁਰੂ ਸਾਹਿਬ ਵਿਅਕਤੀ ਦੀ ਬਨਾਵਟ ਨਹੀਂ, ਇਸ ਲਈ ਇਹ ਮੂਰਤੀ ਪੂਜਾ ਵਿਚ ਸ਼ਾਮਲ ਨਹੀਂ ਪ੍ਰੰਤੂ ਸ੍ਰੀ ਭਾਗ ਮਲ ਜੀ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਮੂਰਤੀ ਕਿਸ ਚੀਜ ਨੂੰ ਕਿਹਾ ਜਾਂਦਾ ਹੈਂ ਕਿਉਂਕਿ, ਯਯੁਰ ਸ਼ਤ ਪਥ ਬ੍ਰਹਮਨ ੧੪।੫।੩।੧। ਦਵੈਵਾਵ ਬ੍ਰਹਮਣੋ ਰੂਪੇ ਮੂਰਤੰ ਚਈਵ ਅਮੂਰਤੰਚ, ਲਿਖਾ ਹੈ, ਭਾਵ ਬ੍ਰਹਮ ਦੇ ਦੋ ਸਰੂਪ ਹਨ ਮੂਰਤੰ—ਸਾਕਾਰ, ਅਮੂਰਤੰ—ਨਿਰਾਕਾਰ ਤਾਂਤੇ ਮੂਰਤੀ ਦਾ ਅਰਥ ਸਾਕਾਰ ਹੈ।

ਅਤੇ ਸ੍ਰੀ ਭਾਗ ਮਲ ਜੀ ਦੇ ਮੰਨੇ ਪ੍ਰਮੰਨੇ, ਸ੍ਰੀ ਗੁਰੂ ਗ੍ਰੰਥ ਕੋਸ਼, ਵਿਚ ਵੀ ਚੌਥਾ ਅਰਥ ਮੂਰਤੀ ਦਾ ਅਕਾਰ ਕੀਤਾ ਹੋਇਆ ਹੈ, ਉਹ ਅਕਾਰ ਚਾਹੇ ਕਿਸੇ ਸ਼ਕਲ ਵਿਚ ਹੋਵੇ ਉਹ ਮੂਰਤੀ ਹੀ ਕਹੀ ਜਾਂਦੀ ਹੈ, ਨਹੀਂ ਤਾਂ, ਕਿਸੇ ਮੁਸਲ ਮਾਨ ਨੂੰ ਕਿਹਾ ਜਾਵੇ ਕਿ ਸ੍ਰੀ ਮੁਹੰਮਦ ਜੀ ਦਾ ਨਾਮ ਲਿਖ ਕੇ ਉਤੇ ਪੈਰ ਧਰੋ ਤਾਂ ਉਹ ਕਦੀਂ ਧਰਨ ਨੂੰ ਤਯਾਰ ਨਹੀਂ ਹੁੰਦਾ ਔਰ ਕਿਸੇ ਆਰਯਾ ਸਮਾਜੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੀਏ ਕਿ ਆਪ ਮਹਾ ਰਿਸ਼ੀ ਦਯਾ ਨੰਦ ਜੀ ਦਾ ਨਾਮ ਲਿਖ ਕੇ ਕੁਝ ਕਰੋ ਤਾਂ ਉਹ ਵੀ ਇਹ ਕੁਝ ਕਰਨ ਨੂੰ ਤਯਾਰ ਨਹੀਂ ਹੋ ਸਕਦਾ ਬਲਕਿ ਸ੍ਰੀ ਭਾਗ ਮਲ ਜੀ ਨੂੰ ਹੀ ਕਿਹਾ ਜਾਵੇ ਕਿ ਆਪ ਕਿਸੇ ਗੁਰੂ ਸਾਹਿਬ ਜੀ ਦਾ ਨਾਮ ਲਿਖ ਕੇ ਕੋਈ ਕਿਸੇ ਕਿਸਮ ਦੀ ਬਿਅਦਬੀ ਕਰਨ ਦਾ ਹੌਸਲਾ ਕਰੋ, ਪ੍ਰੰਤੂ ਨਹੀਂ ਕਰ ਸਕਦੇ, ਤਾਂ ਕੀ, ਕਾਰਨ ਹੈ ਉਨ੍ਹਾਂ ਆਪਣੇ ਹਥਾਂ ਦੇ ਲਿਖੇ ਹੋਇ ਨਾਮ ਅਖਰਾਂ ਵਿਚ ਸ੍ਰੀ ਮੁਹੰਮਦ ਸਾਹਿਬ ਜਾਂ ਕੋਈ ਹੋਰ ਪੂਜਯ ਵਿਅਕਤੀ ਪ੍ਰਵੇਸ਼ ਕਰ ਗਏ ਹਨ ਜਾਂ ਕਿ ਉਨ੍ਹਾਂ ਪੂਜਯ ਵਿਅਕਤੀਆਂ ਦੀ ਇਹ ਆਪਣੇ ਹਥਾਂ ਦੇ ਲਿਖੇ ਹੋਇ ਨਾਮ, ਅਖਰ ਮੂਰਤੀ ਬਣ ਗਏ ਹਨ, ਜਿਸ ਲਈ ਉਨ੍ਹਾਂ ਅਖਰਾਂ ਦੀ ਬਿਅਦਬੀ ਕਰਨ ਵਾਸਤੇ ਸ੍ਰੀ ਭਾਗ ਮਲ ਜੀ ਦਾ ਵੀ ਚਿਤ ਨਹੀਂ ਚਾਹੁੰਦਾ, ਜੇਕਰ ਇੰਜ ਹੀ ਹੋਵੇ ਤਾਂ ਸ੍ਰੀ ਭਾਗ ਮਲ ਜੀ ਦਾ ਇਹ ਦਾਅਵਾ ਕਿ ਉਸ ਅਸਲ ਚੀਜ਼ ਵਰਗੀ ਮੂਰਤੀ ਬਣਾਕੇ ਉਸ ਨੂੰ ਮੰਨਣਾ ਪੂਜਣਾ ਮੂਰਤੀ ਪੂਜਾ ਹੈ ਇਹ ਗਲਤ ਹੋ ਜਾਂਦਾ ਹੈ, ਕਿਉਂਕਿ ਆਪਣੇ ਹਥਾਂ ਦੇ ਲਿਖੇ ਹੋਇ ਕਿਸੇ ਗੁਰੂ ਸਾਹਿਬਾਂ ਦੇ ਨਾਮ ਅਖਰ ਗੁਰੂ ਸਾਹਿਬਾਂ ਦੇ ਸਰੀਰ ਵਰਗੇ ਨਹੀਂ ਹੁੰਦੇ।

ਬਾਕੀ ਜੇਕਰ ਆਪਣੇ ਹਥਾਂ ਦੇ ਲਿਖੇ ਹੋਇ ਕਿਸੇ ਪੂਜਯ ਵਿਅਕਤੀ ਦੇ ਨਾਮ ਦੇ ਅਖਰ ਉਸ ਪੂਜਯ ਵਿਅਕਤੀ ਦੀ ਮੂਰਤੀ ਬਣ ਜਾਂਦੇ ਹਨ ਤਾਂ ਵੀ ਸ੍ਰੀ ਭਾਗਮਲ ਜੀ ਖੁਦ ਮੂਰਤੀ ਪੂਜਾ ਦੇ ਵਿਰੁਧ ਹਨ ਫਿਰ ਉਨ੍ਹਾਂ ਨੂੰ ਉਪ੍ਰੋਕਤ ਨਾਮ ਲਿਖ ਕੇ ਕੋਈ ਬਿਅਦਬੀ ਕਰਨ ਵਿਚ, ਕੀ, ਅੜੌਚਨ ਪੈਦਾ ਹੋ ਸਕਦੀ ਹੈ, ਜਿਥੋਂ ਹੀ ਸਾਬਤ ਹੋ ਜਾਵੇਗਾ ਕਿ ਸ੍ਰੀ ਭਾਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਲ ਜੀ ਵੀ ਮੂਰਤੀ ਪੂਜਕ ਹਨ ਜੇਕਰ ਇਹ ਕਿਹਾ ਜਾਵੇ ਕਿ, ਸ੍ਰੀ ਭਾਗ ਮਲ ਜੀ ਉਪ੍ਰੋਕਤ ਨਾਮ ਲਿਖਕੇ ਬਿਅਦਬੀ ਕਰਨ ਨੂੰ ਤਯਾਰ ਹੋ ਜਾਣ ਤਾਂ ਕੀ, ਪਤਾ ਹੈ ਤਾਂ ਇੰਜ ਜਿਥੇ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਂ ਦੇ ਨਾਮ ਦੇ ਅਖਰ ਲਿਖੇ ਹੋਇ ਹਨ, ਕੀ, ਸ੍ਰੀ ਭਾਗਮਲ ਜੀ ਓਥੇ ਓਥੇ ਹੀ ਕੋਈ ਬਿਅਦਬੀ ਕਰ ਸਕਣਗੇ, ਜੇ ਕਰ ਸਕਣਗੇ ਤਾਂ ਸ੍ਰੀ ਗੁਰੂ ਸਾਹਿਬਾਂ ਦੀ ਵਿਚ ਲਿਖੀ ਹੋਈ ਸਿਖਿਆ ਦੇ ਅਖਰਾਂ ਦਾ ਸਤਿਕਾਰ ਕਿਵੇਂ ਕਰ ਸਕਣਗੇ, ਜੇਕਰ ਨਹੀਂ ਕਰਨਗੇ ਤਾਂ ਸ੍ਰੀ ਭਾਗ ਮਲ ਜੀ ਆਪਣੇ ਲਿਖੇ ਗੁਰਮਤ ਦਰਸ਼ਨ ਦੇ ਸਫਾ ੧੪੯ ਤੇ ਇਹ ਲਿਖਣ ਦੇ ਕੀ, ਹੱਕਦਾਰ ਹਨ ਕਿ, ਇਸ਼ਟ ਸਾਡਾ ਦਸੋ ਪਾਤਸ਼ਾਹ ਤੇ ਦਸਾਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਕਿਉਂਕਿ ਸ੍ਰੀ ਗੁਰੂ ਸਾਹਿਬਾਂ ਦੇ ਗੁਰੂ ਨਾਨਕ ਨਾਮ ਦੇ ਅਤੇ ਉਨ੍ਹਾਂ ਦੀ ਸਿਖਿਆ ਦੇ ਲਿਖੇ ਹੋਇ ਅਖਰਾਂ ਦਾ ਨਾਮ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਤਾਂਤੇ ਜੇਕਰ ਸ੍ਰੀ ਭਾਗ ਮਲ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹੋਇ ਅਖਰਾਂ ਦਾ ਕੋਈ ਸਤਿਕਾਰ ਨਹੀਂ ਕਰਨਗੇ ਤਾਂ ਉਹਨਾਂ ਦਾ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਹੋ ਸਕੇਗਾ।

ਬਾਕੀ ਰਹੀ ਗਲ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹਾਂ ਵਿਚੋਂ ਕਿਸੇ ਗੁਰੂ ਸਾਹਿਬਾਂ ਦੀ ਮੂਰਤੀ ਨਹੀਂ ਉਹਨਾਂ ਦਾ ਆਪਣਾ ਸਰੂਪ ਹੀ ਗੁਰੂ ਗ੍ਰੰਥ ਹੈ ਤੇ ਕਹੈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਜਾਂਦੇ ਹਨ ਤਾਂ ਇੰਜ ਮੰਦਰਾਂ ਵਿਚ ਮੂਰਤੀਆਂ ਨੂੰ ਕੇਹੜਾ ਮੂਰਤੀਆਂ ਨਹੀਂ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਕਿ ਇਸ ਮੰਦਿਰ ਵਿਚ ਸ਼ਿਵ ਮੂਰਤੀ ਦੀ ਪੂਜਾ ਹੁੰਦੀ ਹੈ ਤੇ ਇਸ ਵਿਚ ਕ੍ਰਿਸ਼ਨ ਮੂਰਤੀ ਦੀ ਪੂਜਾ ਹੁੰਦੀ ਹੈ ਆਦਕ, ਔਰ ਇਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪਣਾ ਸਰੂਪ ਗੁਰੂ ਗ੍ਰੰਥ ਹੈ ਕਿ ਪਰਮ ਪਵਿਤ੍ਰ ਧਰਮ ਗ੍ਰੰਥ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣ, ਸੁਭਾਵ ਧਰਮ ਗ੍ਰੰਥਾਂ ਵਾਲੇ ਹੀ ਵੇਖੇ ਜਾਂਦੇ ਹਨ, ਜੇਕਰ ਕਿਹਾ ਜਾਵੇ ਕਿ ਗੁਰੂ ਸਾਹਿਬਾਂ ਦਾ ਬਣਾਯਾ ਹੋਯਾ ਹੋਣ ਕਰ ਕੇ ਗੁਰੂ ਗ੍ਰੰਥ ਕਿਹਾ ਜਾਂਦਾ ਹੈ ਤਾਂ ਸ੍ਰੀ ਭਾਗ ਮਲ ਜੀ ਦਾ ਪ੍ਰਗਟ ਗੁਰਾਂ ਕੀ ਦੇਹ' ਅਤੇ ਗੁਰੂ ਮਾਨੀਓ ਗ੍ਰੰਥ, ਇਹ ਸਿਧਾਂਤ ਕੀ ਅਰਥ ਰਖੇਗਾ ? ਕਿਉਂਕਿ ਸ੍ਰੀ ਭਾਗ ਮਲ ਜੀ ਅਕਾਲੀ ਪੰਥ ਦੇ ਅਸੂਲਾਂ ਦੇ ਪੈਰੋਕਾਰ ਹਨ, ਅਜ ਕਲ ਉਨ੍ਹਾਂ ਦਾ ਸ਼ੁਭ ਨਾਮ ਸ੍ਰੀ ਭਾਗ ਸਿੰਘ ਜੀ ਹੈ, ਤਾਂਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸ ਨਿਯਮ ਅਨੁਸਾਰ ਪ੍ਰਤੱਖ ਗੁਰੂ ਸਾਹਿਬਾਂ ਦੀ ਦੇਹ (ਸਰੀਰ) ਅਤੇ ਗੁਰੂ ਮੰਨੇ ਜਾਣਗੇ, ਕਾਰਨ ਇਹ ਕਿ ਸ੍ਰੀ ਭਾਗ ਮਲ ਜੀ ਉਪ੍ਰੋਕਤ ਇਹ ਕਹਿ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਗੁਰੂ ਸਾਹਿਬ ਜੀ ਦੀ ਮੂਰਤੀ ਨਹੀਂ, ਜਦ ਨਹੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂ ਸਾਹਿਬਾਂ ਦੀ ਪ੍ਰਤੱਖ ਦੇਹ ਕਿਵੇਂ ਹਨ ? ਕੀ ਦਸਾਂ ਗੁਰੂ ਸਾਹਿਬਾਂ ਦੇ ਸਰੀਰ ਕਿਸੇ ਧਰਮ ਗ੍ਰੰਥ ਸਰੂਪ ਵਿਚ ਹੀ ਸਨ ? ਇੰਜ ਕਹਿਣਾ ਮਹਾਂ ਅਗਿਆਨ ਹੈ ਕਿਉਂਕਿ ਕਿਸੇ ਵੀ ਗੁਰੂ ਅਵਤਾਰ ਦਾ ਸਰੀਰ ਕਿਸੇ ਧਰਮ ਗ੍ਰੰਥ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਕਲ ਵਿਚ ਨਹੀਂ ਹੋ ਸਕਦਾ ਜੇਕਰ ਨਹੀਂ ਤਾਂ ਫਿਰ ਗੁਰੂ ਸਾਹਿਬਾਂ ਦੀ ਪ੍ਰਤੱਖ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸ ਨਿਯਮ ਅਨੁਸਾਰ ਮੰਨੇ ਜਾਣਗੇ ?

ਜੇਕਰ ਇਥੇ ਇਹ ਕਿਹਾ ਜਾਵੇ ਕਿ ਦਸਾਂ ਗੁਰੂ ਸਾਹਿਬਾਂ ਦੀ ਜੋਤਿ, ਆਤਮਾਂ : ਰੂਪੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤਾਂ ਇਹ ਵੀ ਗਲ ਨਹੀਂ ਜੱਚਦੀ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਜ ਸਾਡੇ ਸਾਹਮਣੇ ਇਕ ਪਰਮ ਪਵਿਤ੍ਰ ਗ੍ਰੰਥ ਦੇ ਸਰੂਪ ਵਿਚ ਹਨ ਤੇ ਦਸਾਂ ਗੁਰੂ ਸਾਹਿਬਾਂ ਦੀ ਜੋਤ ਜਾਂ ਆਤਮਾਂ ਨਿਰਾਕਾਰ ਸੀ ਉਹ ਕਿਸੇ ਵੀ ਗ੍ਰੰਥ ਦੀ ਸ਼ਕਲ ਵਿਚ ਨਹੀਂ ਸੀ ਤਾਂ ਉਹ ਕਿਸ ਨਿਜਮਾਨੁਸਾਰ, ਪ੍ਰਗਟ ਗੁਰਾਂ ਕੀ ਦੇਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਮੰਨ ਲਿਆ ਜਾਵੇ, ਬਾਕੀ ਦਸਾਂ ਗੁਰੂ ਸਾਹਿਬਾਂ ਦੀ ਅਸਲ ਉਚਾਰੀ ਹੋਈ ਬਾਣੀ ਵੀ ਨੇਤਰਾਂ ਦੇ ਵਿਸ਼ਜ ਨਹੀਂ ਭਾਵ ਕੰਨਾਂ ਨਾਲ ਹੀ ਸੁਣੀ ਜਾ ਸਕਦੀ ਹੈ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਨੇ ਨੇਤ੍ਰਾਂ ਨਾਲ ਦਰਸ਼ਨ ਕੀਤੇ ਜਾਂਦੇ ਹਨ, ਇਸ ਲਈ ਨੇਤ੍ਰਾਂ ਦੇ ਵਿਸ਼ਜ ਮੰਨੇ ਜਾ ਸਕਦੇ ਹਨ ਤਾਂਤੇ ਅਸਲ ਗੁਰੂ ਸਾਹਿਬਾਂ ਦੀ ਉਚਾਰੀ ਹੋਈ ਬਾਣੀ ਰੂਪ ਦੇਹ, ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਧ ਨਹੀਂ ਹੋ ਸਕਦੇ, ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਦ ਪੁਰਾਣੇ ਹੋ ਜਾਣ ਤਾਂ ਕਿਹਾ ਜਾਂਦਾ ਹੈ ਕਿ ਬਾਬੇ ਦੀ ਦੇਹ ਬ੍ਰਿਧ ਹੋ ਗਈ ਹੈ ਅਤੇ ਮੋਟੇ ਅਖਰਾਂ ਵਿਚ ਛਪੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਹਾ ਜਾਂਦਾ ਹੈ ਕਿ ਇਹ ਬਾਬੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਦੇਹ ਭਾਰੀ ਹੈ ਅਰ ਬਾਰੀਕ ਅਖਰਾਂ ਵਿਚ ਛਪੇ ਹੋਏ ਨੂੰ ਕਿਹਾ ਜਾਂਦਾ ਹੈ ਕਿ ਇਹ ਬਾਬੇ ਦੀ ਦੇਹ ਹੌਲੀ ਹੈ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਸਾਹਿਬਾਂ ਦੀ ਉਚਾਰੀ ਹੋਈ (ਮੁਖ ਵਾਕ) ਬਾਣੀ ਦਾ ਨਾਮ ਹੀ ਹੋਣ ਤਾਂ ਗੁਰੂ ਸਾਹਿਬਾਂ ਦੀ (ਮੁਖਵਾਕ) ਬਾਣੀ ਕਦੀਂ ਪੁਰਾਂਣੀ ਜਾਂ ਬ੍ਰਿਧ ਨਹੀਂ ਹੋ ਸਕਦੀ ਤੇ ਨਾਂ ਹੀ ਉਹ ਕਦੀਂ ਹੌਲੀ ਜਾਂ ਭਾਰੀ ਹੀ ਹੋ ਸਕਦੀ ਹੈ ਇਹ ਤਾਂ ਕਾਗਜ ਸਿਆਹੀ ਹੀ ਹੌਲੇ, ਭਾਰੇ, ਜਾਂ ਪੁਰਾਂਣੇ ਹੁੰਦੇ ਹਨ, ਤਾਂਤੇ ਇਸ ਤੋਂ ਵੀ ਸਾਬਤ ਹੁੰਦਾ ਹੈ ਕਿ ਅਸਲ ਬਾਣੀ ਰੂਪੀ ਪ੍ਰਗਟ ਗੁਰਾਂ ਕੀ, ਦੇਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਮੰਨੇ ਜਾ ਰਹੇ, ਤਾਂ ਫਿਰ ਕਿਸ ਨਿਯਮਾਨੁਸਾਰ ਸ੍ਰੀ ਭਾਗ ਮਲ ਜੀ, ਪ੍ਰਗਟ ਗੁਰਾਂ ਕੀ ਦੇਹ, ਮੰਨ ਸਕਦੇ ਹਨ, ਹਾਂ ਸ੍ਰੀ ਭਾਗ ਮਲ ਜੀ ਇਹ ਤਾਂ ਕਹਿ ਸਕਦੇ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂ ਸਾਹਿਬਾਂ ਦੀ ਮੂਰਤੀ ਸਰੂਪ ਅਸਥਾਪਨ ਕੀਤੇ ਗਏ ਹਨ ਇਸ ਲਈ ਦਸਾਂ ਗੁਰੂ ਸਾਹਿਬਾਂ ਦੀ ਪ੍ਰਤੱਖ ਦੇਹ ਹਨ, ਪ੍ਰੰਤੂ ਇਹ ਗਲ ਕਹਿਣ ਤੋਂ ਉਹ ਪਹਿਲੇ ਹੀ ਇਨਕਾਰੀ ਹੋ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਕਹਿਣਾ ਮਹਾਂ ਅਗਿਆਨ ਹੈ, ਤਾਂ ਪਤਾ ਨਹੀਂ ਆਪਣਾ ਉਪ੍ਰੋਕਤ ਸਿਧਾਂਤ ਕਿਵੇਂ ਕਾਇਮ ਰਖਣਗੇ।

ਬਾਕੀ ਗੁਰਬਾਣੀ ਵਿਚ ਲਿਖਿਆ ਹੈ ਕਿ, ਜੋ ਓਸ ਇਛੇ ਸੋ ਫਲ ਪਾਏ ਤਾਂ ਨਾਨਕ ਕਹੀਐ ਮੂਰਤਿ, ਅਰਥ ਇਹ ਕਿ ਜੋ ਫਲ ਉਸ ਕੋਲੋਂ ਚਾਹੈ ਸੋ ਮਿਲ ਜਾਏ ਤਾਂ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਕਹਿੰਦੇ ਹਨ ਕਿ ਉਸਨੂੰ ਮੂਰਤਿ ਕਿਹਾ ਜਾਂਦਾ ਹੈ, ਅਸੀ ਸ੍ਰੀ ਭਾਗ ਮਲ ਜੀ ਕੋਲੋਂ ਹੀ ਪੁਛਦੇ ਹਾਂ ਕਿ ਇਸ ਨਿਯਮਾਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਜਿਸ ਫਲ ਦੀ ਇਛਾ ਕਰੀਏ ਉਹ ਮਿਲ ਸਕਦਾ ਹੈ ਕਿ ਨਹੀਂ ਜੇਕਰ ਮਿਲ ਸਕਦਾ ਹੈ ਤਾਂ ਨਾਨਕ ਕਹੀਐ ਮੂਰਤਿ, ਉਸਨੂੰ ਮੂਰਿਤ (ਕਹੀਐ) ਕਿਹਾ ਜਾਂਦਾ ਹੈ ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤਿ ਕਹਿਣਾ ਮਹਾਂ ਅਗਿਆਨ ਤੇ ਮਹਾਂ ਮੂੜ ਹੋਣ ਦਾ ਸਬੂਤ ਦੇਣਾ ਕਿਵੇਂ ਹੋ ਗਿਆ, ਕੀ, ਗੁਰੂ ਸਾਹਿਬਾਂ ਦੇ ਵਾਕ ਉਤੇ ਵੀ ਵਿਸ਼ਵਾਸ਼ ਨਹੀਂ, ਬਾਕੀ ਜਿਵੇਂ ਮੂਰਤੀ ਦੇ ਨੇਤ੍ਰ ਚਰਨ ਆਦਕ ਦੇਖਣੇ ਸੇ ਮੂਰਤੀ ਵਾਲੇ ਦੇ ਨੇਤ੍ਰ ਅਤੇ ਚਰਨ ਆਦਕ ਬ੍ਰਿਤੀ ਵਿਚ ਆ ਜਾਂਦੇ ਹਨ ਤਿਵੇਂ ਗੁਰ ਬਾਣੀ ਦੇ ਲਿਖੇ ਹੋਇ, ਤੇਰੇ ਬੰਕੇ ਲੋਇਣ ਦੰਤ ਰੀਸਾਲਾ, ਆਦਕ ਅਖਰ ਦੇਖਣੇ ਸੇ ਵੀ ਪ੍ਰਮਾਤਮਾਂ ਦੇ ਨੇਤ੍ਰ ਅਤੇ ਦੰਦ ਆਦਕ ਬ੍ਰਿਤੀ ਵਿਚ ਆ ਜਾਂਦੇ ਹਨ ਤਾਂਤੇ ਲਿਖੇ ਹੋਇ ਗੁਰੂ ਬਾਣੀ ਦੇ ਅਖਰ ਮੂਰਤੀ ਨਾਲੋਂ ਕੁਛ ਵਧ ਘਟ ਨਹੀਂ ਹਨ।

ਔਰ ਜੇਕਰ ਹੱਠ ਕੀਤਾ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਸਾਹਿਬਾਂ ਦੀ ਜੋਤਿ ਜਾਂ ਮੁਖਾਰ ਬਿੰਦ ਸੇ ਉਚਾਰੀ ਹੋਈ ਅਸਲ ਬਾਣੀ ਮੌਜੂਦ ਹੈ ਇਸ ਲਈ ਮੂਰਤੀ ਕਹਿਣਾ ਮਹਾਂ ਅਗਿਆਨ ਹੈ ਤਾਂ ਇਹ ਵੀ ਗਲ ਮੇਲ ਨਹੀਂ ਖਾਂਦੀ ਕਿਉਂਕਿ ਅਸਲ ਜੋਤਿ ਜਾਂ ਬਾਣੀ ਕਿਸੇ ਲਿਖੇ ਹੋਇ ਅਖਰਾਂ ਵਿਚ ਬ੍ਰਾਜਮਾਨ ਨਹੀਂ ਰਹਿ ਸਕਦੀ, ਸਿਆਹੀ ਦੇ ਲਿਖੇ ਹੋਇ ਅਖਰ ਸਾਰੇ ਹੀ ਮੂਰਤੀ ਵਤ ਅਚੇਤਨ ਹੀ ਹੁੰਦੇ ਹਨ, ਅਸਲ ਮੂੰਹ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਚਾਰਨ ਕੀਤੇ ਹੋਇ ਅਖਰਾਂ (ਬਾਣੀ) ਦੀ ਸਿਆਹੀ ਦੇ ਲਿਖੇ ਹੋਇ ਅਖਰ ਮੁਕੱਰਰ ਕੀਤੀ ਹੋਈ ਮੂਰਤੀ ਹੀ ਹੁੰਦੇ ਹਨ ਜਿਵੇਂ ਮੂਰਤੀ ਦੇ ਦੇਖਣੇ ਸੇ ਮੂਰਤੀ ਵਾਲੇ ਦੇਵਤਾ ਦਾ ਗਿਆਨ ਹੋ ਜਾਂਦਾ ਹੈ ਤਿਵੇਂ ਸਿਆਹੀ ਦੇ ਲਿਖੇ ਹੋਇ ਅਖਰ ਦੇਖਣੇ ਸੇ ਅਸਲ ਮੂੰਹ ਵਿਚੋਂ ਉਚਾਰਨ ਕੀਤੇ ਹੋਏ ਅਖਰਾਂ (ਬਾਣੀ) ਦਾ ਗਿਆਨ ਹੋ ਜਾਂਦਾ ਹੈ, ਇਸ ਲਈ ਪੜ੍ਹਨ ਵਾਲਾ ਮਨੁਖ ਉਹੋ ਜਿਹੀ ਬਾਣੀ ਆਪਣੇ ਮੂੰਹ ਵਿਚੋਂ ਬੋਲਨ ਲਗ ਜਾਂਦਾ ਹੈ, ਤਾਂ ਤੇ ਲਿਖੇ ਹੋਇ ਅਖਰ ਬਾਣੀ ਦੀ ਮੂਰਤੀ ਹੀ ਸਿਧ ਹੁੰਦੇ ਹਨ, ਔਰ ਜੋ ਅਸਲ ਚੀਜ਼ ਹੁੰਦੀ ਹੈ, ਉਸਦੇ ਫੋਟੋ ਅਨੇਕ ਹੋ ਸਕਦੇ ਹਨ ਪ੍ਰੰਤੂ ਉਸ ਅਸਲ ਚੀਜ ਨੂੰ ਅਨੇਕ ਕਰਨਾ ਕਠਨ ਹੁੰਦਾ ਹੈ ਜਿਵੇਂ ਇਕ ਹਿੰਦੁਸਤਾਨ ਅਸਲ ਦੇ ਨਕਸ਼ੇ (ਫੋਟੋ) ਅਨੇਕ ਹੋ ਸਕਦੇ ਹਨ ਪ੍ਰੰਤੂ ਅਸਲ ਹਿੰਦੁਸਤਾਨ ਅਨੇਕ ਨਹੀ ਹੋ ਸਕਦਾ, ਜਿਵੇਂ ਸ੍ਰੀ ਭਾਗਮਲ ਜੀ ਦਾ ਸਰੀਰ ਇਕ ਹੈ ਉਸ ਅਸਲ ਇਕ ਸਰੀਰ ਦੇ ਫੋਟੋ = ਮੂਰਤੀਆਂ ਅਨੇਕ ਹੋ ਸਕਦੀਆਂ ਹਨ ਪ੍ਰੰਤੂ ਸ੍ਰੀ ਭਾਗ ਮਲ ਜੀ ਦੇ ਵਰਤਮਾਨ ਅਸਲ ਸਰੀਰ ਨੂੰ ਅਨੇਕ ਕਰਨਾ ਕਠਨ ਤੋ ਵੀ ਕਠਨ ਨਹੀ, ਅਸੰਭਵ ਹੈ, ਤਿਵੇਂ ਹੀ ਸ੍ਰੀ ਗੁਰੂ ਸਾਹਿਬਾਂ ਦੇ ਮੁਖਾਰ ਬਿੰਦ ਵਿਚੋਂ ਉਚਾਰੀ ਹੋਈ ਅਸਲ ਬਾਣੀ ਇਕ ਹੈ, ਉਸਨੂੰ ਅਨੇਕ ਥਾਂਈ ਕਰਨਾ ਕਠਨ ਹੈ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਜ ਅਨੇਕ ਥਾਂਈ ਇਕ ਟਾਈਮ ਵਿਚ ਹੀ ਦਰਸ਼ਨ ਦੇ ਰਹੇ ਹਨ, ਤਾਂਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਸਾਹਿਬਾਂ ਦੀ ਅਸਲ ਉਚਾਰਨ ਕੀਤੀ ਹੋਈ ਬਾਣੀ ਦੀ ਫੋਟੋ–ਮੁਰਤੀ ਸਰੂਪ ਹੀ ਸਾਬਤ ਹੁੰਦੇ ਹਨ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ੍ਹਾਂ ਅੱਗੇ ਖੜੇ ਹੋ ਕੇ ਹਥ ਜੋੜ ਕੇ ਅਰਦਾਸ ਕਰਨੀ ਮੱਥਾ ਟੇਕਣਾ ਭੋਗ ਲਵਾਉਣਾ, ਚੌਰ ਝੁਲਾਉਣਾ, ਫੁਲਾਂ ਦੇ ਹਾਰ ਚੜ੍ਹਾਉਣੇ, ਦਰਸ਼ਨ ਦੀਜੇ ਖੋਲ ਕਿਵਾਰ, ਤੁਧ ਡਿਠੇ ਸੱਚੇ ਪਾਤਸ਼ਾਹ ਮਲ ਜਨਮ ਜਨਮ ਦੀ ਕੱਟੀਐ, ਆਦਕ ਪੜ੍ਹਕੇ ਪੂਜਾ ਭਗਤੀ ਸਾਰੀ ਮੂਰਤੀ ਪੂਜਾਵਤ ਹੀ ਕੀਤੀ ਜਾਂਦੀ ਪ੍ਰਤੱਖ ਦੇਖਣ ਵਿਚ ਆ ਰਹੀ ਹੈ, ਬਲਕਿ ਕਈ ਥਾਂਈਂ ਗਰਮੀਆਂ ਦੀ ਮੌਸਮ ਵਿਚ ਪਤਲੇ ਰੁਮਾਲ ਚਾੜ੍ਹਦੇ ਹਨ, ਤੇ ਸਰਦੀ ਦੀ ਮੌਸਮ ਵਿਚ ਮੋਟੇ ਗਰਮ ਕਪੜੇ ਦੇ ਰੁਮਾਲੇ ਵੀ ਚੜ੍ਹਾਉਂਦੇ ਦੇਖੇ ਗਏ ਹਨ, ਔਰ ਅਰਦਾਸੇ ਵਿਚ ਕੜਾਹ ਪ੍ਰਸ਼ਾਦ ਨੂੰ ਭੋਗ ਲਗੇ ਜਾਂ ਪ੍ਰਵਾਨ ਕਰਨਾ ਵੀ ਕਿਹਾ ਜਾਂਦਾ ਹੈ, ਪ੍ਰੰਤੂ ਸ੍ਰੀ ਭਾਗ ਮਲ ਜੀ ਆਪਨੇ ਗੁਰਮਤ ਦਰਸ਼ਨ ਸਫ਼ਾ ੨੩੨ ਤੇ ਲਿਖ ਰਹੇ ਹਨ ਕਿ ਮੂਰਤੀ ਪੂਜਕਾਂ ਵਾਂਗ ਪੂਜਾ ਨਹੀਂ ਕੀਤੀ ਜਾਂਦੀ ਤੇ ਨਾਂ ਹੀ ਭੋਗ ਲਵਾਯਾ ਜਾਂਦਾ ਹੈ, ਇਹ ਗਲ ਕਿਵੇਂ ਸੱਚੀ ਮੰਨੀ ਜਾਵੇ।

੩੧. ਪ੍ਰਸ਼ਨ—ਗੁਰਮਤ ਦਰਸ਼ਨ ਸਫ਼ਾ ੨੩੨ ਤੇ ਸ੍ਰੀ ਭਾਗ ਮਲ ਜੀ ਲਿਖ ਰਹੇ ਹਨ ਕਿ ਜਿਵੇਂ ਸ਼ਾਹੀ ਫੁਰਮਾਨ ਨੂੰ ਤਾਜ਼ੀਮ (ਸਨਮਾਨ) ਦੇਣ ਲਈ ਸਿਰ ਮੱਥੇ ਤੇ ਰੱਖਿਆ ਤੇ ਸੀਸ ਝੁਕਾਯਾ ਜਾਂਦਾ ਹੈ ਤਿਵੇਂ ਹੀ ਦਸਾਂ ਪਾਤਸ਼ਾਹਾਂ (ਜੋ ਇਕੋ ਨਿਰੰਕਾਰੀ ਜੋਤਿ ਹਨ) ਦਾ ਆਤਮਿਕ ਗਿਆਨ ਪਰਮ ਪਿਤਾ ਅਕਾਲ ਪੁਰਖ ਦਾ ਫੁਰਮਾਨ ਭਾਵ ਬਾਣੀ ਰੂਪ ਗੁਰੂ ਮੰਨਕੇ ਅਤੀਅੰਤ ਸ਼ਰਧਾ ਨਾਲ ਸ੍ਰੀ ਗੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਸਤਿਕਾਰ ਕੀਤਾ ਜਾਂਦਾ ਹੈ।

ਉਤਰ:—ਇੰਜ ਸ੍ਰੀ ਭਾਗ ਮਲ ਜੀ ਹੋਰਾਂ ਦਾ ਛੁਟਕਾਰਾ ਨਹੀਂ ਹੋ ਸਕਦਾ: ਕਿਉਂਕਿ ਮੂਰਤੀ ਪੂਜਕ ਲੋਗ ਵੀ ਮੂਰਤੀ ਅੱਗੇ ਅਤਿਅੰਤ ਸ਼ਰਧਾ ਨਾਲ ਉਸ ਮੂਰਤੀ ਵਾਲੇ ਦੇਵਤਾ, ਅਵਤਾਰ ਦੇ ਅਤੀ ਸਤਿਕਾਰ ਲਈ ਹੀ ਮੱਥਾ ਟੇਕਦੇ ਹਨ, ਕਿਸੇ ਨਿਰਾਦਰ ਹਿਤ ਨਹੀਂ ਟੇਕਦੇ। ਫਿਰ ਸ੍ਰੀ ਭਾਗ ਮਲ ਜੀ ਮੂਰਤੀ ਪੂਜਾ ਦੇ ਨਿਯਮ ਤੋਂ ਕਿਵੇਂ ਬਚ ਸਕਦੇ ਹਨ? ਜੇਕਰ ਗਹੁ ਨਾਲ ਵੇਖੀਏ ਤਾਂ ਸ੍ਰੀ ਭਾਗ ਮਲ ਜੀ ਦੀ ਕੋਈ ਗਲ ਵੀ ਨਹੀਂ ਠੀਕ ਜੱਚਦੀ ਕਿਉਂਕਿ ਇਕ ਪਾਸੇ ਲਿਖ ਰਹੇ ਹਨ ਕਿ ਦਸੇ ਗੁਰੂ ਸਾਹਿਬ ਇਕੋ ਨਿਰੰਕਾਰੀ ਜੋਤਿ ਹਨ, ਅਤੇ ਉਨ੍ਹਾਂ ਦਾ ਆਤਮਿਕ ਗਿਆਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਤੇ ਦੂਜੇ ਪਾਸੇ ਅਕਾਲ ਪੁਰਖ ਦਾ ਫੁਰਮਾਨ ਹੈ, ਤੀਜਾ: ਬਾਣੀ ਰੂਪ ਗੁਰੂ ਮੰਨ ਕੇ ਮੱਥਾ ਟੇਕਿਆ ਜਾਂਦਾ ਹੈ, ਵਿਚਾਰ ਕਰੀਏ।

ਜੇਕਰ ਦਸੇ ਗੁਰੂ ਸਾਹਿਬ ਇਕੋ ਨਿਰੰਕਾਰੀ ਜੋਤਿ ਹਨ ਤਾਂ ਨਿਰੰਕਾਰ ਤੋਂ ਅਲਗ ਨਹੀਂ, ਫਿਰ ਅਕਾਲ ਪੁਰਖ ਦਾ ਫੁਰਮਾਨ ਲਿਖਣ ਦੀ ਕੋਈ ਲੋੜ ਨਹੀਂ ਸੀ ਅਤੇ ਜੇਕਰ ਅਕਾਲ ਪੁਰਖ ਤੋਂ ਦਸੇ ਗੁਰੂ ਸਾਹਿਬ ਅਲਗ ਸਨ ਤਾਂ ਫਿਰ ਇਕੋ ਨਿਰੰਕਾਰੀ ਜੋਤਿ ਹਨ ਲਿਖਣ ਦੀ ਕੋਈ ਲੋੜ ਨਹੀਂ ਸੀ। ਬਾਕੀ ਬਾਣੀ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਮੰਨ ਕੇ ਮੱਥਾ ਟੇਕਿਆ ਜਾਂਦਾ ਵੀ ਸਮਝਦਾਰਾਂ ਨੂੰ ਨਹੀਂ ਜੱਚਦਾ ਕਿਉਂਕਿ ਗੁਰੂ ਸਾਹਿਬਾਂ ਦੇ ਮੁਖਾਰਬਿੰਦ ਵਿਚੋਂ ਉਚਾਰੀ ਹੋਈ ਅਸਲ ਬਾਣੀ ਪਿਛੇ ਕਈ ਵੇਰ ਦੱਸਿਆ ਗਿਆ ਹੈ ਕਿ ਕਿਸੇ ਲਿਖੇ ਹੋਇ ਅਖਰਾਂ ਵਿਚ ਨਹੀਂ ਰਹਿ ਸਕਦੀ ਔਰ ਨਾ ਉਹ ਹੋਲੀ ਜਾਂ ਭਾਰੀ ਅਤੇ ਨਾ ਹੀ ਉਹ ਬ੍ਰਿਧ ਔਰ ਅਨੇਕ ਰੂਪ ਹੋ ਸਕਦੀ ਹੈ ਬਲਕਿ ਸੰਸਾਰ ਭਰ ਦੇ ਵਿਦਵਾਨ ਸਾਰੇ ਹੀ ਕਿਸੇ ਬਾਣੀ (ਸ਼ਬਦ) ਨੂੰ ਚੇਤਨ ਨਹੀਂ ਮੰਨਦੇ ਅਤੇ ਮੂਰਤੀ ਵੀ ਚੇਤਨ ਨਹੀਂ ਤਾਂ ਮੂਰਤੀ ਪੂਜਾ ਕਿਵੇਂ ਨਹੀਂ ਸਿਧ ਹੋਵੇਗੀ, ਔਰ ਗੁਰੂ ਮੰਨ ਕੇ ਜਿਨ੍ਹਾਂ ਨੂੰ ਮਥਾ ਟੇਕਿਆ ਜਾਂਦਾ ਸ੍ਰੀ ਭਾਗ ਮਲ ਜੀ ਲਿਖ ਰਹੇ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਹੋਇ ਅਖਰ ਸਰੂਪ ਅਤੇ ਅਨੇਕਾਂ ਥਾਂਈ ਦਰਸ਼ਨ ਦੇ ਰਹੇ ਹਨ, ਫਿਰ ਪਤਾ ਨਹੀਂ ਬਾਣੀ ਰੂਪ ਗੁਰੂ ਮੰਨ ਕੇ ਮਥਾ ਟੇਕਿਆ ਜਾਂਦਾ ਹੈ ਕਿਸ ਅਸੂਲ ਨੂੰ ਮੁਖ ਰਖ ਕੇ ਕਹੇ ਰਹੇ ਹਨ ਕਿ ਮੂਰਤੀ ਪੂਜਾ ਨਹੀਂ।

ਬਾਕੀ ਜੇਕਰ ਹੱਠ ਹੀ ਹੋਵੇ ਤਾਂ ਜਿਵੇਂ ਸ਼ਾਹੀ ਫੁਰਮਾਨ ਨੂੰ ਤਾਜ਼ੀਮ ਦੇਣ ਲਈ ਸਿਰ ਮੱਥੇ ਤੇ ਰਖਿਆ ਤੇ ਸਿਰ ਝੁਕਾਯਾ ਜਾਂਦਾ ਹੈ, ਦ੍ਰਿਸ਼ਟਾਤ ਲਿਖ ਰਹੇ ਹਨ, ਕੀ, ਸ਼ਾਹੀ ਫੁਰਮਾਨ ਜੋ ਲਿਖਿਆ ਹੋਇਆ ਆਉਂਦਾ ਹੈ ਉਹ ਚੇਤਨ ਹੁੰਦਾ ਹੈ ਕਿ ਅਚੇਤਨ, ਕਿਉਂਕਿ ਲਿਖੇ ਹੋਇ ਅਖਰ ਹਰ ਜਗਾਹ ਹੀ ਅਚੇਤਨ ਹੁੰਦੇ ਹਨ ਤਾਂਤੇ ਸ਼ਾਹੀ ਫੁਰਮਾਨ ਦੇ ਲਿਖੇ ਹੋਇ ਜੜ੍ਹ ਅਖਰਾਂ ਦਾ ਸਨਮਾਨ ਬਾਦਸ਼ਾਹ ਦੇ ਸਨਮਾਨ ਹਿਤ ਹੀ ਕੀਤਾ ਜਾਂਦਾ ਹੈ ਤਿਵੇਂ ਜੜ੍ਹ ਮੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪੂਜਾ ਭਗਤੀ ਵੀ ਮੂਰਤੀ ਵਾਲੇ ਦੇਵਤਾ ਦੀ ਹੀ ਪੂਜਾ ਹਿਤ ਕੀਤੀ ਜਾਂਦੀ ਹੈ ਸ਼ਾਹੀ ਫੁਰਮਾਨ ਦੇ ਸਨਮਾਨ ਵਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਕਰਨਾ ਮੂਰਤੀ ਪੂਜਾ ਹੀ ਸਿਧ ਹੁੰਦੀ ਹੈ ਔਰ ਸ਼ਾਹੀ ਫੁਰਮਾਨ (ਹੁਕਮ) ਤੇ ਬਾਦਸ਼ਾਹ ਇਕੋ ਰੂਪ ਨਹੀਂ ਹੁੰਦੇ ਕਿਉਂਕਿ ਬਾਦਸ਼ਾਹ ਆਪਣੇ ਹੁਕਮ ਨੂੰ ਬਦਲ ਸਕਦਾ ਹੈ ਜਿਵੇਂ ਸ੍ਰੀ ਦਸਮੇਸ਼ ਜੀ ਨੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰਾਪ ਦੇ ਕੇ ਬਦਲ ਦਿਤਾ ਕਿ, ਜੇੜ੍ਹਾ ਇਸਨੂੰ ਪੜ੍ਹੇਗਾ ਉਹ ਅੰਨ੍ਹਾ ਹੋ ਜਾਵੇਗਾ ਵੇਖੋ ਗੁਰ ਬਿਲਾਸ ਪਾ: ੧੦ ਧਿਆ ੧੦ ਯਥਾ: ਵਹੈ ਗ੍ਰੰਥ ਉਨ ਪਢ ਹੈ ਜੋਈ, ਚਛ ਬਿਹੀਨ ਪਲਕ ਮੇਂ ਹੋਈ, ਜੋ ਅਜੇ ਵੀ ਕਹਿੰਦੇ ਹਨ ਕਿ, ਭਾਈ ਕੀ ਡਰੋਲੀ ਵਿਖੇ ਬ੍ਰਾਜਮਾਨ ਹੈ, ਤਥਾ ਸਿਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਂਤ ਖਾਲਸਾ ਧਰਮ ਸ਼ਾਸ਼ਤ੍ਰ ਦੇ ਸਫਾ ੪੭ ਤੇ ਲਿਖਿਆ ਹੈ ਕਿ ਗੁਰੂ ਅਮਰ ਦੇਵ ਜੀ ਨੇ......ਪਹਿਲੀ ਅਤੇ ਦੂਜੀ ਪਾਤਸ਼ਹੀ ਦੀ ਬਾਣੀ ਤਥਾ ਆਪਣੀ ਬਾਣੀ ਸਭਨਾਂ ਨੂੰ ਇਕਤ੍ਰ ਕਰਕੇ ਪੋਥੀਆਂ ਲਿਖਵਾਈਆਂ ਅਤੇ ਆਪਣੇ ਸਾਹਿਬ ਜਾਦੇ ਮੋਹਣ ਜੀ ਦੇ ਸਪੁਰਦ ਸੌਂਪਾ ਕਰਕੇ ਧਰੀਆਂ ਔਰ ਇਧਰ ਤਵਾਰੀਖ ਗੁਰੂ ਖਾਲਸਾ ਹਿਸਾ ੧ ਨੰਬਰ ੨ ਵਿਚ ਇਨ੍ਹਾਂ ਭਾਈ ਮੋਹਣ ਜੀ ਦੇ ਪਾਸ ਧਰੀਆਂ ਪੋਥੀਆਂ ਬਾਬਤ ਲਿਖਿਆ ਹੈ ਕਿ ਇਹ ਦੋਵੇਂ ਪੋਥੀਆਂ ਅਸਾਂ ਦੇਖੀਆਂ ਹਨ.. ਯਥਾ: ਪਾਠ ਇਥੋਂ ਚਲਦਾ ਹੈ:—

ਬਾਬਾ ⌒ ਨਾਨਕ ਬੇਦੀ ਪਾਤਸ਼ਾਹ ਦੀਨ ਦੁਨੀ ਦਾ ਟਿਕਾ, ੧ ਓ ਸਤਗੁਰੂ ਪ੍ਰਸਾਦ ਸਚ ਨਾਮ ਕਰਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਭਉ ਨਿਰੀਕਾਰ ਅਕਾਲ ਮੂਰਤ ਅਜੂਨੀ ਸੰਭਉ ਗੁਰੂ ਪੂਰੇ ਕੇ ਪ੍ਰਸਾਦ॥

ਪ੍ਰੰਤੂ ਇਹ ਪਾਠ ਅੱਜ ਕਲ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਵਿਚ ਇੰਜ ਨਹੀਂ, ਸਤਿਨਾਮ ਕਰਤਾ ਪੁਰਖ ਆਦਕ ਹੈ। ਤਾਂਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਧੀ ਹੈ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਹੁਕਮ ਵਿਚੋਂ ਕੁਝ ਅਦਲਾ ਬਦਲੀ ਕੀਤੀ ਸਾਬਤ ਹੋ ਰਹੀ ਹੈ, ਇਸ ਲਈ ਬਾਦਸ਼ਾਹ ਹੁਕਮ ਨੂੰ ਬਦਲ ਸਕਦਾ ਹੈ ਤਾਂ ਤੇ ਇਕੋ ਨਹੀਂ ਹੁੰਦੇ ਜੇਕਰ ਨਹੀਂ ਹੁੰਦੇ ਤਾਂ ਹੁਕਮ ਨੂੰ ਹੀ ਬਾਦਸ਼ਾਹ ਕਹਿਣਾ ਕੀ ਸਿਆਣਪ ਹੋਵੇਗੀ?

ਬਾਕੀ ਜਦ ਸ੍ਰੀ ਭਾਗ ਮਲ ਜੀ ਇਥੇ ਮੰਨ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹਾਂ ਤੇ ਅਕਾਲ ਪੁਰਖ ਦਾ ਫੁਰਮਾਨ ਹੈ ਤਾਂ ਇਹੋ ਸ੍ਰੀ ਭਾਗ ਮਲ ਜੀ ਆਪਣੇ ਲਿਖੇ ਇਸੇ ਗੁਰ ਮਤ ਦਰਸ਼ਨ ਦੇ ਸਫਾ ੪੪ ਤੇ ਸ੍ਰੀ ਨਾਮ ਦੇਵ ਜੀ ਦੇ ਸ਼ਬਦਾਂ ਨੂੰ ਲਿਖ ਰਹੇ ਹਨ ਕਿ, ਇਹ ਸਾਰੇ ਸ਼ਬਦ ਨਾਮ ਦੇਵ ਜੀ ਨੇ ਪਹਿਲੀ ਅਵਸਥਾ ਵਿਚ ਉਚਾਰੇ ਸਨ ਜਿਸਦਾ ਅਰਥ ਜਹਾਲਤ ਅਵਸਥਾ ਬਣਦਾ ਹੈ, ਤਾਂ ਕੀ, ਇਹ ਨਾਮ ਦੇਵ ਜੀ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਸਨ ਜੇਕਰ ਹੈ ਸਨ ਤਾਂ ਕੀ, ਇਹ ਅਕਾਲ ਪੁਰਖ ਦਾ ਫੁਰਮਾਨ ਜਾਂ ਗੁਰੂ ਸਾਹਿਬਾਂ ਦਾ ਆਤਮਿਕ ਗਿਆਨ ਨਹੀਂ ਸਨ ਜਿਸ ਲਈ ਪਹਿਲੀ ਅਵਸਥਾ ਦੀ ਬਾਣੀ ਕਹਿਕੇ ਮਹੱਤਵ ਹੀ ਉਡਾ ਦਿਤਾ ਗਿਆ ਹੈ, ਕਿੰਤੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਜ ਇਥੇ ਮੂਰਤੀ ਪੂਜਾ ਦਾ ਹੈ ਇਸ ਲਈ ਅਸੀਂ ਹੋਰ ਬਹਿਸ ਵਿਚ ਨਹੀਂ ਜਾਂਦੇ ਪ੍ਰੰਤੂ ਇਹ ਜਾਣਨਾਂ ਚਾਹੁੰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਜਾਂਦਾ ਮੂਰਤੀ ਪੂਜਕਾਂ ਦੇ ਮੱਥੇ ਟੇਕਣ ਨਾਲੋਂ ਕੀ, ਫਰਕ ਸਿਧ ਕਰਦਾ ਹੈ, ਜੋ ਸ੍ਰੀ ਭਾਗਮਲ ਜੀ ਉਚੇਚਾ ਲੇਖ ਲਿਖ ਰਹੇ ਹਨ ਅਚਰਜ ਤਾਂ ਇਹ ਹੈ ਕਿ ਇਕ ਪਾਸੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਣੀ ਰੂਪ ਗੁਰੂ ਮੰਨਕੇ (ਪ੍ਰਗਟ ਗੁਰਾਂ ਕੀ ਦੇਹ ਮੰਨਣ ਦਾ ਨਿਸਚਾ ਹੈ ਤੇ ਦੂਜੇ ਪਾਸੇ ਇਹ ਦੱਸਣ ਦੀ ਕੋਸ਼ਸ਼ ਕਰ ਰਹੇ ਹਨ ਕਿ ਸ਼ਾਹੀ ਫੁਰਮਾਨ ਨੂੰ ਤਾਜ਼ੀਮ ਦੇਣ ਵਤ ਸਿਰਫ ਸਿਰ ਹੀ ਝੁਕਾਯਾ ਜਾਂਦਾ ਹੈ ਅਸਲ ਬਾਦਸ਼ਾਹ ਵਤ ਹੋਰ ਕੋਈ ਪੂਜਾ ਭਗਤੀ ਨਹੀਂ ਕੀਤੀ ਜਾਂਦੀ, ਜੇਕਰ ਇੰਜ ਹੀ ਹੋਵੇ ਤਾਂ ਪ੍ਰਤੱਖ ਗੁਰੂ ਮੰਨਕੇ ਜਿਸਦੀ ਪੂਜਾ ਭਗਤੀ ਤੋਂ ਇਨਕਾਰੀ ਹੋ ਰਹੇ ਹਨ ਤਾਂ ਹੋਰ ਇਸਤੋਂ ਉਤੇ ਨਾਸਤਕਤਾ ਕੀ, ਹੋ ਸਕਦੀ ਹੈ ਜਾਂ ਮਲੂਮ ਹੁੰਦਾ ਹੈ ਮੂਰਤੀ ਪੂਜਾ ਤੋਂ ਬਚਣ ਦਾ ਹੀ ਇਹ ਬਹਾਨਾ ਹੈ ਕਿ ਅਸੀਂ ਕੋਈ ਹੋਰ ਪੂਜਾ ਭਗਤੀ ਨਹੀਂ ਕਰਦੇ, ਕਿੰਤੂ ਮੂਰਤੀ ਪੂਜਕਾਂ ਵਾਂਗ ਫੂਲਾਂ ਦੇ ਹਾਰ ਚੜ੍ਹਾਉਂਦੇ ਔਰ ਭੋਗ ਲਵਾਉਣ ਲਈ ਪ੍ਰਾਰਥਨਾਂ ਵੀ ਕਰਦੇ ਬਲਕਿ ਕਈ ਥਾਂਈਂ ਕੌਲ ਵਿਚ ਕੜਾਹ ਪ੍ਰਸ਼ਾਦ ਪਾ ਕੇ ਪੀੜ੍ਹੀ ਸਾਹਿਬ ਦੇ ਹੇਠ ਵੀ ਧਰਦੇ ਹਨ ਅਤੇ ਖੜੇ ਹੋ ਕੇ ਹਥ ਜੋੜ ਕੇ ਅਰਦਾਸੇ ਵੀ ਕਰਦੇ ਹਨ ਔਰ ਸ੍ਰੀ ਭਾਗ ਮਲ ਜੀ ਇਹ ਵੀ ਖੁਦ ਕਹਿੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਥਾਂਈਂ ਹੋਹੁ ਸਹਾਇ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸਭ ਕੁਛ ਪਿਛੇ ਇਸੇ ਦੇ ੩੦ ਪ੍ਰਸ਼ਨ ਦੇ ਉਤਰ ਵਿਚ ਅਖੀਰ ਤੇ ਦੱਸ ਵੀ ਚੁਕੇ ਹਾਂ, ਫਿਰ ਪਤਾ ਨਹੀਂ ਮੂਰਤੀ ਪੂਜਕਾਂ ਵਾਂਗ ਪੂਜਾ ਨਹੀਂ ਕੀਤੀ ਜਾਂਦੀ ਕਿਵੇਂ ਸਿਧ ਹੈ।

੩੨. ਪ੍ਰਸ਼ਨ--ਗੁਰਮਤ ਦਰਸ਼ਨ ਸਫਾ ੨੩੨ ਤੇ ਲਿਖਿਆ ਹੈ ਕਿ, ਸਿੱਖ ਪੰਥ ਵਿਚ ਅਰਦਾਸੇ ਹਿੱਤ ਕੋਈ ਦਿਸ਼ਾ ਵਿਸ਼ੇਸ਼ ਕਰਕੇ ਨੀਜਤ ਨਹੀਂ ਅਕਾਲ ਪੁਰਖ ਵਾਹਿਗੁਰੂ ਨੂੰ ਹਾਜ਼ਰ ਹਜ਼ੂਰ ਜਾਣ ਕੇ ਸੁਤਹ ਸਿੱਧ ਹੀ ਜਿਸ ਪਾਸੇ ਮੁਖ ਹੋਵੇ ਉਸੇ ਪਾਸੇ ਅਰਦਾਸ ਕਰ ਲਈ ਜਾਂਦੀ ਹੈ, ਤਿਵੇਂ ਹੀ ਅਕਾਲੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਿਆਂ ਅਰਦਾਸ ਕੀਤੀ ਜਾਂਦੀ ਹੈ......ਕੜਾਹ ਪ੍ਰਸ਼ਾਦ ਕਟੋਰੇ ਜਾਂ ਕੌਲ ਆਦਕ ਵਿਚ ਤਾਬੇ ਬੈਠੇ ਗ੍ਰੰਥੀ ਵਾਸਤੇ ਰਖਿਆ ਜਾਂਦਾ ਹੈ, ਧੂਪ, ਪੁਸ਼ਪ, ਗੁਲਾਬ ਆਦਕ ਸਾਧ ਸੰਗਤਿ ਵਾਸਤੇ ਸੁਗੰਧੀ ਲਈ ਵਰਤੇ ਜਾਂਦੇ ਹਨ, ਪੁਸ਼ਪਹਾਰ ਆਦਕ ਸੁਗੰਧੀ ਅਤੇ ਸਜਾਵਟ ਵਾਸਤੇ ਹੁੰਦੇ, ਚੌਰ ਮਖੀਆਂ ਆਦਕ ਦੇ ਉਡਾਣ ਹਿੱਤ ਰੁਮਾਲਾਂ ਦੀ ਰਖਿਆ ਵਾਸਤੇ ਕੀਤੀ ਜਾਂਦੀ ਏ। ਇਤਿਆਦਕ ਲੇਖ ਵਿਚ ਸ੍ਰੀ ਭਾਗ ਮਲ ਜੀ ਦਰਸਾ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਰਤੀ ਪੂਜਾ ਜਿਹੀ ਪੂਜਾ ਨਹੀਂ ਕੀਤੀ ਜਾਂਦੀ।

ਉਤਰ:—ਸ੍ਰੀ ਭਾਗ ਮਲ ਜੀ ਦੇ ਇਹ ਬਹਾਨੇ ਸਾਰੇ ਹੀ ਨਿਰਮੂਲ ਹਨ ਕਿਉਂਕਿ ਇੰਜ ਮੂਰਤੀ ਪੂਜਕ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਗ ਵੀ ਜਿਥੇ ਕੋਈ ਮੂਰਤੀ ਨਾ ਹੋਵੇ ਓਥੇ ਜਿਸ ਪਾਸੇ ਮੂੰਹ ਹੋਵੇ ਉਸੇ ਪਾਸੇ ਆਰਤੀ, ਪ੍ਰਾਰਥਨਾਂ ਆਦਕ ਕਰ ਲੈਂਦੇ ਹਨ। ਪ੍ਰੰਤੂ ਜਿਥੇ ਕੋਈ ਮੰਦਰ ਮੂਰਤੀ ਹੋਵੇ ਉਥੇ ਉਸ ਮੰਦਰ ਮੂਰਤੀ ਵਲ ਮੂੰਹ ਕਰਕੇ ਆਰਤੀ ਪ੍ਰਾਰਥਨਾਂ ਆਦਕ ਕਰਦੇ ਹਨ, ਇਹੋ ਤਰੀਕਾ ਸਿਖ ਪੰਥ ਵਿਚ ਵੇਖਿਆ ਜਾ ਰਿਹਾ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਨਾ ਹੋਣ ਓਥੇ ਤਾਂ ਰਹਿਰਾਸ ਅਰਦਾਸ ਆਦਕ ਜਿਸ ਪਾਸੇ ਮੂੰਹ ਹੋਵੇ ਉਸੇ ਪਾਸੇ ਹੀ ਪੜ੍ਹ ਲੈਂਦੇ ਹਨ, ਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹੋਣ ਓਥੇ ਸ੍ਰੀ ਗੁਰੂ ਗ੍ਰੰਤ ਸਾਹਿਬ ਜੀ ਵਲ ਹੀ ਮੂੰਹ ਕਰਕੇ ਰਹਿਰਾਸ ਅਰਦਾਸ ਆਦਕ ਪੜ੍ਹੀ ਜਾਂਦੀ ਹੈ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਦ ਰਹਿਰਾਸ ਜੀ ਦੇ ਵਕਤ ਅਲਮਾਰੀ ਵਿਚ ਬ੍ਰਾਜਮਾਨ ਹੋਣ ਤਾਂ ਉਚੇਚਾ ਅਲਮਾਰੀ ਦਾ ਦਰਵਾਜ਼ਾ ਖੋਲ੍ਹ ਲਿਆ ਜਾਂਦਾ ਹੈ ਤੇ ਸਾਹਮਣੇ ਬੈਠ ਕੇ ਪਾਠ ਅਤੇ ਅਰਦਾਸ ਕੀਤੀ ਜਾਂਦੀ ਹੈ, ਇਹ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਿਠ ਕਰਕੇ ਅਰਦਾਸ ਆਦਕ ਕੀਤੀ ਜਾਂਦੀ ਹੋਵੇ, ਜੇਕਰ ਇੰਜ ਕਿਤੇ ਵੀ ਨਹੀਂ ਕੀਤਾ ਜਾ ਸਕਦਾ ਤਾਂ ਮੂਰਤੀ ਪੂਜਕਾਂ ਨਾਲੋਂ ਵਖਰੀ ਪੂਜਾ ਕੀ ਸਿਧ ਹੋ ਸਕਦੀ ਹੈ?

ਬਾਕੀ ਰਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਿਆਂ ਅਰਦਾਸ ਕੀਤੀ ਜਾਂਦੀ ਏ ਕਿੰਤੂ ਅਸੀਂ ਹਰ ਇਕ ਗੁਰਦੁਵਾਰੇ ਵਿਚ ਦੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਹਜ਼ੂਰੀ ਵਿਚ ਖੜੇ ਹੋਕੇ ਅਰਦਾਸ ਕੀਤੀ ਜਾਂਦੀ ਏ ਬਹਿਕੇ ਨਹੀਂ ਕੀਤੀ ਜਾਂਦੀ। ਔਰ ਜੇਕਰ ਅਕਾਲ ਪੁਰਖ ਨੂੰ ਹਾਜ਼ਰ ਹਜ਼ੂਰ ਜਾਣ ਅਰਦਾਸ ਕੀਤੀ ਜਾਵੇ ਤਾਂ ਫਿਰ ਖੜੇ ਹੋਣ ਤੇ ਹੱਥ ਜੋੜਨ ਦੀ ਵੀ ਲੋੜ ਨਹੀਂ, ਫਿਰ ਤਾਂ ਬੈਠਿਆਂ ਵੀ ਅਕਾਲ ਪੁਰਖ ਹਾਜ਼ਰ ਨਾਜ਼ਰ (ਵਿਆਪਕ) ਹੈ ਅਤੇ ਹੱਥਾਂ ਵਿਚ ਵੀ ਪਹਿਲੇ ਹੀ ਮੌਜੂਦ ਹੈ, ਔਰ ਕੜਾਹ ਪ੍ਰਸ਼ਾਦ ਕਟੋਰੇ ਵਿਚ ਗ੍ਰੰਥੀ ਵਾਸਤੇ ਹੀ ਰਖਿਆ ਜਾਂਦਾ, ਇਹ ਸੱਚ ਹੋਵੇ ਤਾਂ ਉਹ ਕੜਾਹ ਪ੍ਰਸ਼ਾਦ ਵਾਲਾ ਕਟੋਰਾ ਸਿੱਧਾ ਗ੍ਰੰਥੀ ਦੇ ਹਥ ਵਿੱਚ ਦੇਣਾ ਚਾਹੀਦਾ ਸੀ ਪ੍ਰੰਤੂ ਉਲਟਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੀੜ੍ਹੀ ਹੇਠ ਪਹਿਲੇ ਰੱਖਿਆ ਜਾਂਦਾ ਹੈ ਔਰ ਕਈ ਥਾਂਈਂ ਫਿਰ ਸਾਰੇ ਕੜਾਹ ਪ੍ਰਸ਼ਾਦ ਵਿੱਚ ਰਲਾ ਦਿੰਦੇ ਹਨ ਅਤੇ ਗ੍ਰੰਥੀ ਨੂੰ ਸੰਗਤ ਨਾਲੋਂ ਵਖਰਾ ਕਟੋਰਾ ਭਰਕੇ ਦੇਣ ਦਾ ਕੋਈ ਨਿਯਮ ਵੀ ਨਹੀਂ, ਬਾਕੀ ਉਸ ਕੜਾਹ ਪ੍ਰਸ਼ਾਦ ਦਾ ਨਾਮ ਵੀ, ਗੁਰੂ ਨਾਨਕ ਬਾਟਾ ਕਿਹਾ ਜਾਂਦਾ ਹੈ– ਕਿੰਤੂ ਗ੍ਰੰਥੀ ਬਾਟਾ ਨਹੀਂ ਕਿਹਾ ਜਾਂਦਾ, ਅਤੇ ਪਹਿਲੇ ਅਰਦਾਸੇ ਵਿੱਚ ਵੀ ਕਿਹਾ ਜਾਂਦਾ ਹੈ, ਕਿ ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਰ ਹੈ, ਆਪ ਕੋ ਭੋਗ ਲਗੇ ਜਾਂ ਪ੍ਰਵਾਨ ਕਰਨਾ, ਸ਼ੀਤ ਪ੍ਰਸ਼ਾਦ ਸਾਧ ਸੰਗਤ ਨੂੰ ਮਿਲੇ, ਕਾਰਨ ਇਹ ਕਿ ਜੇਕਰ ਭੋਗ ਨਹੀਂ ਲਗਾ ਤਾਂ ਸ਼ੀਤ ਪ੍ਰਸਾਦਿ ਕਿਵੇਂ ਹੋ ਸਕੇਗਾ ਬਾਕੀ ਪ੍ਰਵਾਨਗੀ ਦੀ ਮੋਹਰ ਵੀ ਹੋਰ ਪ੍ਰਤੱਖ ਕੋਈ ਨਹੀਂ ਲਗਦੀ, ਅਤੇ ਜੇਕਰ ਭੋਗ ਨਹੀਂ ਲਵਾਇਆ ਜਾਂਦਾ ਤਾਂ ਇੰਜ ਕਹਿਣ ਦੀ ਕੀ, ਲੋੜ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਕਦੀ ਹੈ ਕਿ ਆਪ ਕੋ ਭੋਗ ਲਗੇ ਜਾਂ ਪ੍ਰਵਾਨ ਕਰਨਾ, ਔਰ ਸ੍ਰਵ ਵਿਆਪਕ ਪ੍ਰਮਾਤਮਾਂ ਕੜਾਹ ਪ੍ਰਸ਼ਾਦ ਵਿਚ ਵੀ ਪਹਿਲੇ ਹੀ ਵਿਆਪਕ ਹੈ, ਇਸ ਲਈ ਵੀ ਕੁਝ ਕਹਿਣ ਦੀ ਲੋੜ ਹੀ ਨਹੀਂ ਪੈਂਦੀ, ਤਾਂਤੇ ਕਟੋਰੇ ਵਿਚ ਕੜਾਹ ਪ੍ਰਸ਼ਾਦ ਧਰਨਾ ਮੂਰਤੀ ਮੂਜਕਾਂ ਵਤ ਹੀ ਭੋਗ ਲਵਾਉਂਣ ਵਾਲਾ ਅਸੂਲ ਹੈ, ਬਾਕੀ ਧੂਪ, ਪੁਸ਼ਪ, ਗੁਲਾਬ ਆਦਕ ਸਾਧ ਸੰਗਤਿ ਵਾਸਤੇ ਸੁਗੰਧੀ ਲਈ ਵਰਤੇ ਜਾਂਦੇ ਹਨ, ਕਹਿ ਦੇਣ ਕਰਕੇ ਜੇਕਰ ਮੂਰਤੀ ਪੂਜਾ ਤੋਂ ਛੁਟ ਜਾਈਦਾ ਹੈ ਤਾਂ ਇੰਜ ਮੂਰਤੀ ਪੂਜਕ ਵੀ ਕਹਿ ਸਕਦੇ ਹਨ ਕਿ ਅਸੀਂ ਮੰਦਰਾਂ ਵਿਚ ਧੂਪ, ਪੁਸ਼ਪ, ਗੁਲਾਬ ਚੰਦਨ ਆਦਕ ਸਾਧ ਸੰਗਤਿ ਲਈ ਸੁਗੰਧੀ ਵਾਸਤੇ ਵਰਤਦੇ ਹਾਂ, ਤਾਂ ਉਨ੍ਹਾਂ ਨੂੰ ਵੀ ਸ੍ਰੀ ਭਾਗ ਮਲ ਜੀ ਮੂਰਤੀ ਪੂਜਕ ਨਹੀਂ ਕਹਿ ਸਕਣਗੇ, ਅਤੇ ਰਹੀ ਗਲ ਫੁਲਾਂ ਦੇ ਹਾਰ ਆਦਕ ਸੁਗੰਧੀ ਸਜਾਵਟ ਵਾਸਤੇ ਹੁੰਦੇ ਹਨ, ਤਾਂ ਮੂਰਤੀ ਪੂਜਕ ਫੁਲਾਂ ਦੇ ਹਾਰ ਕੀ, ਕਰੂਪਤਾ ਵਾਸਤੇ ਮੂਰਤੀ ਦੇ ਗਲ ਵਿਚ ਪਾਉਂਦੇ ਹਨ ? ਜੇਕਰ ਉਹ ਵੀ ਸਜਾਵਟ ਅਤੇ ਸੁਗੰਧੀ ਵਾਸਤੇ ਹੀ ਗਲ ਵਿਚ ਪਾਉਂਦੇ ਹਨ ਤਾਂ ਇੰਜ ਕਹਿਣ ਨਾਲ ਮੂਰਤੀ ਪੂਜਕਾਂ ਨਾਲੋਂ ਵਖਰੀ ਪੂਜਾ ਕੀ, ਸਿਧ ਹੋ ਗਈ।

ਜੇਕਰ ਕਿਹਾ ਜਾਵੇ ਕਿ ਫੁਲਾਂ ਦੇ ਹਾਰ ਆਦਕ ਸਾਧ ਸੰਗਤ ਦੀ ਸਜਾਵਟ ਵਾਸਤੇ ਚੜ੍ਹਾਏ ਜਾਂਦੇ ਹਨ ਤਾਂ ਫਿਰ ਫੁਲਾਂ ਦੇ ਹਾਰ ਤੇ ਫੁਲ ਸਾਧ ਸੰਗਤਿ ਦੇ ਪਹਿਲੇ ਹੀ ਗਲ ਅਤੇ ਝੋਲੀ ਵਿਚ ਪਾਈ ਜਾਣੇ ਚਾਹੀਦੇ ਹਨ, ਤੇ ਧੂਪ ਵੀ ਸਾਧ ਸੰਗਤਿ ਅਗੇ ਹੀ ਧੁਖਾਉਣਾਂ ਚਾਂਹੀਦਾ ਹੈ, ਕਿੰਤੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਸੀਂ ਦੇਖਦੇ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਹੀ ਪਹਿਲੇ ਫੁਲ ਤੇ ਹਾਰ ਚੜ੍ਹਾਏ ਜਾਂਦੇ ਹਨ ਔਰ ਚੌਰ ਜੇਕਰ ਮੱਖੀਆਂ ਉਡਾਉਂਣ ਤੇ ਰੁਮਾਲਾਂ ਦੀ ਰਖਿਆ ਲਈ ਹੀ ਕੀਤੀ ਜਾਂਦੀ ਹੋਵੇ ਤਾਂ ਅਰਦਾਸੇ ਦੇ ਵਕਤ ਕੋਈ ਮੱਖੀਆਂ ਜਿਆਦਾ ਨਹੀਂ ਆ ਜਾਂਦੀਆਂ ਜਿਸ ਕਰਕੇ ਉਚੇਚਾ ਇਕ ਆਦਮੀ ਚੌਰ ਫੜਕੇ ਖੜਾ ਹੋ ਜਾਂਦਾ ਹੈ, ਬਾਕੀ ਸਰਦੀਆਂ ਦੇ ਦਿਨਾਂ ਵਿਚ ਅੰਮ੍ਰਿਤ ਵੇਲੇ ਹੀ ਜਿਸ ਵਕਤ ਮਖੀਆਂ ਦਾ ਨਾਮ ਨਿਸ਼ਾਨ ਵੀ ਨਹੀਂ ਹੁੰਦਾ ਉਸ ਵਕਤ ਵੀ ਅਸੀਂ ਦੇਖਦੇ ਹਾਂ ਚੌਰ ਝੂਲਾਏ ਜਾਂਦੇ ਹਨ, ਔਰ ਭੋਗ ਪੈ ਜਾਣ ਤੋਂ ਪਿਛੋਂ ਸਾਰਾ ਦਿਨ ਕੋਈ ਚੌਰ ਕਰਨ ਵਾਲਾ ਜਦ ਨਹੀਂ ਆਉਂਦਾ ਤਾਂ ਫਿਰ ਮੱਖੀਆਂ ਤੋਂ ਰੁਮਾਲਾਂ ਦੀ ਰਖਿਆ ਕਿਵੇਂ ਹੁੰਦੀ ਹੋਵੇਗੀ, ਤਾਂ ਤੇ ਮੱਖੀਆਂ ਵਾਸਤੇ ਚੌਰ ਕੀਤੀ ਜਾਂਦੀ ਹੈ ਆਦਕ ਇਹ ਬਹਾਨਾਂ ਵੀ ਮੂਰਤੀ ਪੂਜਾ ਤੋਂ ਬਚੱਣ ਵਾਸਤੇ ਹੀ ਹੈ, ਵਰਨਾ ਇਹ ਗਲ ਸੱਚੀ ਨਹੀਂ ਸਾਬਤ ਹੁੰਦੀ, ਸਾਫ ਗੱਲ ਇਹ ਹੈ ਕਿ ਮਖੀਆਂ ਤੋਂ ਬਿਨਾਂ ਵੀ ਆਪਣੀ ਸ਼ਰਧਾ ਨਾਲ ਪੂਜਾ ਭਗਤੀ ਹਿਤ ਚੌਰ ਕੀਤੀ ਜਾਂਦੀ ਪ੍ਰਤੱਖ ਮਲੂਮ ਹੁੰਦੀ ਹੈ, ਤਥਾ ਇੰਜ ਤਾਂ ਮੂਰਤੀ ਪੂਜਕ ਵੀ ਕਹਿ ਦੇਣਗੇ ਕਿ, ਅਸੀਂ ਵੀ ਚੌਰ ਮੱਖੀਆਂ ਦੇ ਉਡਾਉਂਣ ਹਿਤ ਅਤੇ ਮੂਰਤੀ ਦੇ ਬਸਤ੍ਰਾਂ ਦੀ ਰਖਿਆ ਹਿਤ ਹੀ ਕਰਦੇ ਹਾਂ ਤਾਂ ਕੀ, ਸ੍ਰੀ ਭਾਗ ਮਲ ਜੀ ਉਨ੍ਹਾਂ ਮੂਰਤੀ ਪੂਜਕਾਂ ਨੂੰ ਮੂਰਤੀ ਪੂਜਾ ਦਾ ਜੋ ਸ੍ਰੀ ਭਾਗਮਲ ਜੀ ਦੇ ਨਿਸਚੇ ਵਿਚ ਜੁਰਮ ਹੈ ਉਹ ਜੁਰਮ ਬਖਸ਼ ਦੇਣਗੇ, ਜੇਕਰ ਨਹੀਂ ਤਾਂ ਆਪ ਇੰਜ ਕਹਿਣ ਨਾਲ ਕਿਵੇਂ ਬਰੀ ਹੋਣਾ ਚਾਹੁੰਦੇ ਹਨ, ਇਥੇ ਅਸੀਂ ਇਹ ਪੁਛਣਾ ਚਾਹੁੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਕਿ ਜਦ ਸ੍ਰੀ ਭਾਗ ਮਲ ਜੀ ਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ, ਮੰਨਣਾ ਸਿਧਾਂਤ ਹੈ ਤਾਂ ਫਿਰ ਇਹ ਬਹਾਨੇ ਕਰਨ ਦੀ ਕੀ, ਲੋੜ ਹੈ ਕਿ ਕੜਾਹ ਪ੍ਰਸ਼ਾਦ ਦਾ ਕੌਲ ਗ੍ਰੰਥੀ ਵਾਸਤੇ ਰਖਿਆ ਜਾਂਦਾ ਹੈ, ਤੇ ਚੌਰ ਮਖੀਆਂ ਉਡਾਉਂਣ ਵਾਸਤੇ ਕੀਤੀ ਜਾਂਦੀਏ ਅਤੇ ਫੂਲ ਸਜਾਵਟ ਵਾਸਤੇ ਚੜ੍ਹਾਏ ਜਾਂਦੇ ਹਨ ਆਦਕ, ਕੀ, 'ਪ੍ਰਗਟ ਗੁਰਾਂ ਕੀ ਦੇਹ' ਦੀ ਭੋਗ ਲਵਾਉਣ ਤੇ ਚੌਰ ਕਰਨੀ ਤੇ ਫੂਲ ਭੇਟਾ ਕਰਨੇ ਰੂਪ ਪੂਜਾ ਭਗਤੀ ਕਰਨੀ ਕੋਈ ਅਨੁਚਿਤ ਕਰਮ ਹਨ, ਜੇਕਰ ਨਹੀਂ ਤਾਂ ਜਾਂ ਫਿਰ ਇੰਜ ਕਹਿਣ ਕਿ ਅਸੀਂ ਦਿਲ ਵਿਚ 'ਪ੍ਰਗਟ ਗੁਰਾਂ ਕੀ ਦੇਹ' ਨਹੀਂ ਮੰਨਦੇ, ਜੇਕਰ ਇੰਜ ਹੀ ਹੋਵੇ ਤਾਂ ਫਿਰ ਮੂਰਤੀ ਸਰੂਪ ਹੀ ਮੰਨਦੇ ਸਿੱਧ ਹੋ ਜਾਣਗੇ ਬਲਕਿ ਸ੍ਰੀ ਮਾਨ ਭਾਈ ਗੁਰਦਾਸ ਜੀ ਤਾਂ ਇਥੋਂ ਤਕ ਲਿਖ ਰਹੇ ਹਨ ਕਿ, 'ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ' (ਵਾਰ ੧) ਜਿਥੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਧਰੇ ਹਨ ਓਥੇ ਓਥੇ ਹੀ ਪੂਜਾ ਦਾ ਆਸਣ ਸਥਾਪਨ ਹੋ ਕੇ ਸੁਭਾਏਮਾਨ ਹੋ ਗਿਆ ਤਾਂਤੇ ਉਹ ਪੂਜਾ ਕਰਨੇ ਦੇ ਆਸਨ ਅਸਥਾਨ (ਜਗਾਹ) ਵੀ ਮੂਰਤੀ ਵਤ ਹੀ ਜੜ੍ਹ ਸਨ।

੩੩. ਪ੍ਰਸ਼ਨ:—ਗੁਰਮਤ ਦਰਸ਼ਨ ਸਫਾ ੨੩੩ ਤੇ ਲਿਖਿਆ ਹੈ ਕਿ ਇਹ ਤਾਂ ਸਗੋਂ ਮੂਰਤੀ ਪੂਜਕ ਨਾਂ ਹੋਣ ਦਾ ਸਾਡੇ ਕੋਲ ਪ੍ਰਤੱਖ ਸਬੂਤ ਹੈ ਕਿ, ਦਸਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਸ਼ਾਹਾਂ ਨੇ ਦੇਸ ਸੁਧਾਰ ਹਿਤ ਅਨੇਕਾਂ ਥਾਂਈਂ ਚਰਨ ਪਾਏ ਪ੍ਰੰਤੂ ਅਜਿਹਾ ਮੰਦਰ ਇਕ ਥਾਂ ਵੀ ਨਹੀਂ ਬਣਵਾਇਆ ਜਿਥੇ ਕੋਈ ਮੂਰਤੀ ਟਿਕਾ ਕੇ ਉਸ ਦੀ ਪੂਜਾ ਕਰਨੀ ਦੱਸੀ ਹੋਵੇ, ਇਸ ਦੇ ਉਲਟ ਹਰ ਇਕ ਯਾਦਗਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਸਥਾਪਨ ਹਨ ਅਤੇ ਉਹ ਪਵਿਤਰ ਯਾਦਗਾਰਾਂ (ਜੋ ਇਤਿਹਾਸਕ ਗੁਰਦਵਾਰੇ ਸੱਦੇ ਜਾਂਦੇ ਹਨ) ਸ੍ਰੀ ਗੁਰੂ ਸਾਹਿਬਾਂ ਦੇ ਕੌਤਕਾਂ ਨੂੰ ਚੇਤੇ ਕਰਾਉਂਦੀਆਂ ਹਨ ਅਤੇ ਗੁਰਦੁਆਰਿਆਂ ਦੀ ਪਵਿਤ੍ਰਤਾ ਨੂੰ ਕਾਇਮ ਅਤੇ ਅਟੱਲ ਰਖਣਾ ਤਥਾ ਸਤਿਕਾਰ ਕਰਨਾ ਹੀ ਉਨ੍ਹਾਂ ਅਸਥਾਨਾਂ ਦੀ ਪੂਜਾ ਹੈ।

ਉਤਰ—ਜਿਥੇ ਬਾਬਾ ਪੈਰ ਧਰੈ ਪੂਜਾ ਆਸਨ ਥਾਪਨ ਸੋਆ, ਇਹ ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਬਤ ਲਿਖ ਰਹੇ ਹਨ, ਦਸਾਂ ਹੀ ਗੁਰੂ ਸਾਹਿਬਾਂ ਵਾਸਤੇ ਨਹੀਂ ਤਾਂਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਕਤ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਨਹੀਂ ਸੀ ਰਚੀ ਗਈ ਤੇ ਨਾਂ ਹੀ ਉਸ ਵਕਤ ਬੀੜ ਬੱਧੀ ਗਈ ਸੀ, ਕਿਉਂਕਿ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੱਧੀ ਹੈ, ਇਸ ਲਈ ਜਿਥੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਧਾਰਨ ਕੀਤੇ ਉਥੇ ਉਸ ਵਕਤ ਪੂਜਾ ਦੇ ਅਸਥਾਨ ਕਿਸ ਸ਼ਕਲ ਵਿਚ ਕਾਇਮ ਕੀਤੇ ਗਏ ਮੰਨੇ ਜਾ ਸਕਦੇ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਂ ਉਸ ਵਕਤ ਅਜੇ ਬੀੜ ਹੀ ਨਹੀਂ ਸੀ ਬੱਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਈ ਤਾਂ ਉਨ੍ਹਾਂ ਦਾ ਉਨ੍ਹਾਂ ਅਸਥਾਨਾਂ ਉਤੇ ਬਿਰਾਜਮਾਨ ਕੀਤਾ ਜਾਣਾ ਸਿੱਧ ਨਹੀਂ ਕੀਤਾ ਜਾ ਸਕਦਾ, ਅਤੇ ਜਦ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਹੀਂ ਬੱਧੀ ਗਈ ਤੇ ਉਨ੍ਹਾਂ ਅਸਥਾਨਾਂ ਤੇ ਬਿਰਾਜਮਾਨ ਨਹੀਂ ਕੀਤੇ ਗਏ ਤਾਂ, ਤਦ ਤਕ ਇਤਨੇ ਲੰਬੇ ਅਰਸੇ ਵਿੱਚ ਉਨ੍ਹਾਂ ਅਸਥਾਨਾਂ ਦੀ ਪੂਜਾ ਕਿਸ ਸ਼ਕਲ ਵਿੱਚ ਹੁੰਦੀ ਰਹੀ ਸਿੱਧ ਕੀਤੀ ਜਾ ਸਕੇਗੀ ਜੇਕਰ ਇਹ ਕਿਹਾ ਜਾਵੇ ਕਿ, ਉਤਨੇ ਅਰਸੇ ਵਿਚ ਉਨ੍ਹਾਂ ਅਸਥਾਨਾਂ ਦੀ ਪੂਜਾ ਹੁੰਦੀ ਹੀ ਨਹੀਂ ਰਹੀ ਤਾਂ ਭਾਈ ਗੁਰਦਾਸ ਜੀ ਕਿਉਂ ਉਸ ਵਕਤ ਦਾ ਨਕਸ਼ਾ ਲਿਖ ਰਹੈ ਹਨ ਕਿ, ਪੂਜਾ ਆਸਨ ਥਾਪਨ ਸੋਆ, ਜੇਕਰ ਕਿਹਾ ਜਾਵੇ ਕਿ ਉਸ ਵਕਤ ਦਾ ਨਕਸ਼ਾ ਨਹੀਂ ਲਿਖ ਰਹੈ ਕਿੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਯਾਰ ਹੋ ਜਾਣ ਤੋਂ ਬਾਦ ਦਾ ਹਾਲ ਲਿਖਿਆ ਹੈ ਤਾਂ ਫਿਰ ਭਾਈ ਗੁਰਦਾਸ ਜੀ, ਪੂਜਾ ਆਸਨ ਥਾਪਨ ਸੋਆ, ਲਿਖਣ ਦੀ ਥਾਂਵੇਂ ਪੂਜਾ ਗ੍ਰੰਥ ਸਥਾਪਨ ਸੋਆ, ਲਿਖ ਦਿੰਦੇ, ਪਰ ਇੰਜ ਨਹੀਂ ਲਿਖਿਆ ਤਾਂਤੇ ਇਹੋ ਕਿਹਾ ਜਾ ਸਕਦਾ ਹੈ ਕਿ ਉਸ ਵਕਤ ਉਨ੍ਹਾਂ ਅਸਥਾਨਾਂ ਵਿਚ (ਜਿਨ੍ਹਾਂ ਨੂੰ ਆਪ ਇਤਿਹਾਸਕ ਗੁਰ-ਦੁਆਰੇ ਸਦੇ ਜਾਂਦੇ ਹਨ ਲਿਖ ਰਹੇ ਹੋ) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੂਰਤੀ ਰੂਪ ਆਸਨ ਜਾਂ ਕਿਸੇ ਕਿਸਮ ਦਾ ਕੋਈ ਥੜ੍ਹਾ ਆਦਕ ਰੂਪ ਆਸਨ ਹੀ ਅਸਥਾਪਨ ਕੀਤਾ ਹੋਵੇਗਾ ਜਿਸ ਲਈ ਪੂਜਾ ਦੇ ਅਸਥਾਨ ਸਥਾਪਨ ਹੋਏ, ਜੇਕਰ ਉਨ੍ਹਾਂ ਅਸਥਾਨਾਂ ਤੇ ਮੂਰਤੀ ਨਹੀਂ ਸਥਾਪਨ ਹੋਈ ਤਾਂ ਵੀ ਫਿਰ ਕੇਵਲ ਅਸਥਾਨ (ਜਗਾਹ) ਹੀ ਪੂਜਾ ਦੇ ਅਸਥਾਨ ਸਿਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣਗੇ ਉਹ ਅਸਥਾਨ ਕੇਵਲ (ਜਗਹ) ਵੀ ਮੂਰਤੀ ਵਤ ਜੜ੍ਹ ਹੀ ਸਨ ਇਸ ਲਈ ਸ੍ਰੀ ਭਾਗ ਮਲ ਜੀ ਨੂੰ ਇਹ ਸਚਾਈ ਮੰਨਣੀ ਪਵੇਗੀ ਕਿ ਉਸ ਵਕਤ ਸ੍ਰੀ ਗੁਰੂ ਸਾਹਿਬਾਂ ਦੇ ਸਿੱਖ ਉਨ੍ਹਾਂ ਕੇਵਲ ਅਸਥਾਨਾਂ (ਮਿੱਟੀ ਦੇ ਬਣੇ ਥੜ੍ਹੇ ਆਦਕਾਂ) ਦੀ ਹੀ ਪੂਜਾ ਕਰਦੇ ਰਹੈ ਹਨ, ਜੋ ਮੂਰਤੀ ਪੂਜਾ ਤੋਂ ਕੁਛ ਵੀ ਘਟ ਨਹੀਂ ਸਿਧ ਹੁੰਦਾ।

ਬਾਕੀ ਮੇਰਾ ਵਿਸ਼ਵਾਸ਼ ਹੈ ਕਿ, ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਂ ਦੇ ਜਿਥੇ ਜਿਥੇ ਪੂਜਾ ਦੇ ਆਸਣ ਸਥਾਪਨ ਹੋਏ ਹੋਣਗੇ ਓਥੇ ਓਥੇ ਗੁਰੂ ਸਾਹਿਬਾਂ ਦੀਆਂ ਮੂਰਤੀਆਂ ਜਾਂ ਉਨ੍ਹਾਂ ਦੀਆਂ ਕੋਈ ਬਸਤ੍ਰ ਆਦਕ ਚੀਜਾਂ ਸਥਾਪਨ ਕੀਤੀਆਂ ਗਈਆਂ ਹੋਣ ਗੀਆਂ, ਕਿਉਂਕਿ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ਡੇਰਾ ਬਾਬਾ ਨਾਨਕ ਵਿਚ ਚੋਲੇ ਦੇ ਆਂਮ ਦਰਸ਼ਨ ਕੀਤੇ ਜਾਂਦੇ ਰਹੈ ਹਨ ਅਤੇ ਪਾਕਸਤਾਂਨ ਵਿਚ ਏਮਨਾਂ ਬਾਦ ਰੋੜੀ ਸਾਹਿਬ ਗੁਰਦੁਆਰੇ ਵਿਚ ਜਿਨ੍ਹਾਂ ਰੋੜਾਂ ਤੇ ਬੈਠਕੇ ਗੁਰੂ ਸਾਹਿਬਾਂ ਨੇ ਤਪੱਸਿਆ ਕੀਤੀ ਸੀ ਉਹ ਰੋੜ ਸੁਚੇ ਰੁਮਾਲਾਂ ਦੇ ਹੇਠ ਰਖੇ ਹੋਇ ਤੇ ਫੁਲਾਂ ਆਦਕਾਂ ਨਾਲ ਸਸ਼ੋਭਿਤ ਕੀਤੇ ਹੋਇ ਮੈਂ ਜਾਂ ਕੇ ਖੁਦ (ਅੱਜ ਤੋਂ ਪਹਿਲੇ ਕਰੀਬਨ ੩੦ ਸਾਲ ਹੋ ਚੁਕੇ ਹਨ) ਦੇਖੇ ਸਨ ਤਥਾ ਸੁਲਤਾਨ ਪੁਰ ਹਟ ਸਾਹਿਬ ਗੁਰਦੁਆਰੇ ਵਿਚ ਵੀ ਮੈਂ ਜਾ ਕੇ ਖੁਦ ਦਸ ਦਿਨ ਰਿਹਾ ਸੀ ਕਰੀਬਨ ੩੫ ਸਾਲ ਹੋ ਗਏ ਹਨ ਉਸ ਵਕਤ ਜਿਨ੍ਹਾਂ ਪੱਥਰ ਦੇ ਵੱਟਿਆਂ ਨਾਲ ਗੁਰੂ ਜੀ ਨੇ ਸੌਦਾ ਤੋਲਿਆ ਸੀ ਉਹ ਵੱਟੇ ਵੀ ਹਰ ਰੋਜ ਧੋਤੇ ਜਾਂਦੇ ਤੇ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੂਪ ਧੁਖਾ ਕੇ ਸੁਚੇ ਰੁਮਾਲਾਂ ਹੇਠ ਫੁਲਾਂ ਦੇ ਹਾਰਾਂ ਸਹਿਤ ਸਸ਼ੋਭਤ ਕੀਤੇ ਜਾਂਦੇ, ਮੈਂ ਹਰ ਰੋਜ਼ ਵੇਖਦਾ ਰਿਹਾ ਹਾਂ ਔਰ ਰੀਠੇ ਸਾਹਿਬ ਵੀ ਰੀਠੇ ਦਰਖਤ ਨੂੰ ਲੋਕ ਮੱਥਾ ਟੇਕਦੇ ਤੇ ਬੜੇ ਸਤਿਕਾਰ ਨਾਲ ਵੇਖਦੇ ਸਨ ਅਤੇ ਗੁਰੂ ਅਮਰ ਦਾਸ ਜੀ ਦੀ ਬਾਵਲੀ ਸਾਹਿਬ ਨੂੰ ਵੀ ਏਸੇ ਤਰ੍ਹਾਂ ਸਤਿਕਾਰਿਆ ਜਾਂਦਾ ਹੈ ਤੇ ਬਾਕੀ ਪੱਟਨੇ ਸਾਹਿਬ ਸ੍ਰੀ ਦਸਮੇਸ਼ ਜੀ ਦੀ ਬਾਲ ਅਵਸਥਾ ਦੀ ਜੁਤੀ ਨੂੰ ਸੰਗਤਾਂ ਜਾ ਕੇ ਮੱਥਾ ਵੀ ਟੇਕਦੀਆਂ ਮੈਂ ਖੁਦ ਵੇਖੀਆਂ ਹਨ, ਔਰ ਬੇਰ ਸਾਹਿਬ ਜਿਸ ਬੇਰੀ ਹੇਠ ਗੁਰੂ ਜੀ ਬੈਠੇ ਸਨ ਉਸ ਬੇਰੀ ਦਾ ਵੀ ਸਤਿਕਾਰ ਕੀਤਾ ਜਾਂਦਾ ਰਿਹਾ ਹੈ, ਬਲਕਿ ਸ੍ਰੀ ਅੰਮ੍ਰਿਤਸਰ ਜੀ ਹਰਿ ਮੰਦਰ ਸਾਹਿਬ ਜੀ ਦੀਆਂ ਪ੍ਰਕਰਮਾਂ ਵਿਚ ਅਖਾੜੇ ਬ੍ਰਹਮ ਬੂਟੇ ਸਾਹਿਬ ਦੇ ਕੋਲ ਹੀ ਇਕ ਸ਼ਿਵ ਮੰਦਰ ਹੁੰਦਾ ਸੀ ਜਿਸਨੂੰ ਜਦ ਗੁਰਦੁਆਰਾ ਲਹਿਰ ਚਲੀ ਤੇ ਤਦ ਅਕਾਲੀਆਂ ਨੇ ਤੋੜ ਕੇ ਉਸ ਦਾ ਨਾਮ ਨਿਸ਼ਾਨ ਗਵਾ ਦਿਤਾ ਸੀ, ਇਸੇਤ੍ਰਾਂ ਹੋ ਸਕਦਾ ਹੈ ਕਿ ਜਿਨ੍ਹਾਂ ਅਸਥਾਨਾਂ ਵਿਚ ਗੁਰੂ ਸਾਹਿਬਾਂ ਦੀਆਂ ਮੂਰਤੀਆਂ ਸਥਾਪਨ ਹੋਣਗੀਆਂ ਉਹ ਵੀ ਕਿਸੇ ਵਕਤ ਚੁਕ ਦਿਤੀਆਂ ਗਈਆਂ ਹੋਣ ਬਲਕਿ ਕਈ ਥਾਂਈ ਸਮਾਧਾਂ ਢਾਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤੇ ਗਏ ਸਨ, ਤਾਂ ਤੇ ਉਪ੍ਰੋਕਤ ਗੁਰ ਦੁਆਰਿਆਂ ਵਿਚ ਗੁਰੂ ਸਾਹਿਬਾਂ ਦੀਆਂ ਚੀਜਾਂ ਦੀ ਪੂਜਾ ਭਗਤੀ ਵੀ ਮੂਰਤੀ ਪੂਜਾ ਹੀ ਕਹਿਲਾਉਂਦੀ ਹੈ, ਜੋ ਅਜ ਤੋਂ ਪਹਿਲੇ ੩੦ ਸਾਲ ਤਕ ਹੁੰਦੀ ਰਹੀ ਹੈ, ਔਰ ਨਿਸ਼ਾਨਾਂ ਬੁੰਗਿਆ ਵਲ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ ਕਹਿਣਾ ਵੀ ਉਹਨਾਂ ਨਿਸ਼ਾਨਾ ਬੁੰਗਿਆਂ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੂਜਯ ਬੁਧੀ ਸਿੱਧ ਕਰਦਾ ਹੈ, ਜੋ ਉਹ ਸਾਫ ਜੜ੍ਹ ਹਨ, ਤਾਂ ਸ੍ਰੀ ਭਾਗ ਮਲ ਜੀ ਦਾ ਇਹ ਕਹਿਣਾ ਕਿ ਗੁਰੂ ਸਾਹਿਬਾਂ ਕਿਸੇ ਥਾਂ ਤੇ ਵੀ ਮੂਰਤੀ ਟਿਕਾ ਕੇ ਮੂਰਤੀ ਪੂਜਾ ਕਰਨੀ ਨਹੀਂ ਦੱਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਿਰਾਜਮਾਨ ਹਨ, ਇਹ ਕਿਵੇਂ ਸੱਚ ਮੰਨ ਲਿਆ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਜਯ ਅਸਥਾਨਾਂ ਦੀ ਪੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬ੍ਰਿਾਜਮਾਨ ਹੋ ਜਾਣ ਕਰਕੇ ਹੀ ਮੰਨੀ ਜਾਣੀ ਠੀਕ ਹੈ ਜਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਧਾਰਨ ਕਰਕੇ ਮੰਨੀ ਜਾਣੀ ਠੀਕ ਹੈ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬ੍ਰਿਾਜਮਾਨ ਹੋਣ ਕਰਕੇ ਹੀ ਮੰਨੀ ਜਾਵੇ ਤਾਂ ਫਿਰ ਗੁਰੂ ਜੀ ਦੇ ਪੈਰ (ਚਰਨ) ਧਰਨ ਕਰਕੇ ਉਹ ਅਸਥਾਨ ਪੂਜਨੇ ਯੋਗ ਹੋਇ ਕਿਵੇਂ ਸਿੱਧ ਹੋ ਸਕਣਗੇ, ਕਿਉਂਕਿ ਭਾਈ ਸਾਹਿਬ ਜੀ ਓਥੇ ਲਿਖ ਰਹੇ ਹਨ ਕਿ–'ਜਿਥੈ ਬਾਬਾ ਪੈਰ ਧਰੈ ਪੂਜਾ ਆਸਨ ਥਾਪਨ ਸੋਆ' ਤਾਂ ਤੇ ਸ੍ਰੀ ਭਾਗ ਮਲ ਜੀ ਦਾ ਇਹ ਕਥਨ ਕਦੀਂ ਵੀ ਦਰੁਸਤ ਨਹੀਂ ਮੰਨਿਆਂ ਜਾ ਸਕੇਗਾ।

ਬਾਕੀ ਰਿਹਾ ਕਿ ਗੁਰੂ ਸਾਹਿਬਾਂ ਕਿਸੇ ਥਾਂ ਵੀ ਕੋਈ ਮੂਰਤੀ ਟਿਕਾ ਕੇ ਉਸ ਦੀ ਪੂਜਾ ਕਰਨੀ ਨਹੀਂ ਦੱਸੀ ਇਹ ਗਲ ਵੀ ਸ੍ਰੀ ਭਾਗ ਮਲ ਜੀ ਆਪਣੇ ਪੰਥ ਦਾ ਮੰਨਿਆਂ ਪ੍ਰਮੰਨਿਆਂ ਇਤਿਹਾਸਕ ਗ੍ਰੰਥ 'ਗੁਰ ਪ੍ਰਤਾਪ ਸੂਰਯ' ਹੀ ਵੇਖਣ ਜਿਸ ਦੀ ਰਾਸ ੧੨ ਅੰਸੂ ੫ ਵਿਚ ਲਿਖਿਆ ਹੈ ਕਿ ਨਾਵੇਂ ਗੁਰੂ ਸਾਹਿਬ ਜਦ ਢਾਕੇ ਵਿਚੋਂ ਤਯਾਰ ਹੋ ਕੇ ਚਲਣ ਲਗੇ ਤਾਂ ਬੁਲਾਕੀ ਦਾਸ ਦੀ ਬ੍ਰਿਧ ਮਾਤਾ ਗੁਰੂ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਪਾਸ ਆ ਕੇ ਬੇਨਤੀ ਕਰਕੇ ਕਹਿਣ ਲਗੀ ਕਿ, ਮੋਰ ਮਨੋਰਥ ਪੂਰਨ ਕੀਜੈ, ਸ੍ਰੀ ਸਤਿਗੁਰ ਸਦ ਈਹਾਂ ਬਸੀਜੈ, ਤਦ ਗੁਰੂ ਜੀ ਨੇ ਕਿਹਾ ਕਿ, ਲਿਹੁ ਲਿਖਾਇ ਮੇਰੀ ਤਸਬੀਰ, ਹੈ ਅਬ ਜਥਾ ਸਰੀਰ ਸਰੀਰ, ਤਿਸ ਪ੍ਰਯੰਕ ਪਰ ਰਾਖ ਟਿਕਾਇ, ਹੋਇ ਪੁਨੀਤ ਪੂਜਹੁ ਕਰ ਭਾਇ, ਜਥਾ ਕਰੀ ਅਬ ਮੇਰੀ ਪੂਜਾ, ਤਥਾ ਸਰੀਰ ਜਾਨ ਮਮ ਦੂਜਾ, ਨਿਤ ਦਰਸ਼ਨ ਕੇ ਫਲ ਕੋ ਪਾਇ, ਅੰਤ ਸਮੈਂ ਮੁਝ ਸੋਂ ਮਿਲ ਜਾਇ, ਔਰ ਮਾਤਾ ਨੇ ਤਸਬੀਰ ਬਣਾਉਂਣ ਵਾਲੇ ਨੂੰ ਬਹੁਤ ਧੱਨ ਦੇ ਕੇ ਸੱਦਿਆ ਪਰ ਉਹ ਮੁਖ ਦੀ ਤਸਬੀਰ ਪੂਰੀ ਨਾਂ ਬਣਾ ਸਕਿਆ ਤਦ ਗੁਰੂ ਜੀ ਨੇ, ਆਪਨ ਹਾਥ ਤੇ ਮੁਖ ਕੋ ਲਿਖਯੋ, ਉਰ ਬਿਸਮਾਏ ਜਿਨ ਜਿਨ ਪਿਖਿਯੋ, ਨਿਜ ਕਰ ਤੇ ਬ੍ਰਿਧਾ ਕੋ ਦਈ, ਭਰੀ ਅਨੰਦ ਸੋਂ ਸੁੰਦਰ ਲਈ,......ਕਰੀ ਪ੍ਰਯੰਕ ਸਥਾਪਨ ਰੂਰੇ, ਮਾਨੋ ਆਪ ਬੈਠੇ ਗੁਰ ਪੂਰੇ, ਜਬ ਜਬ ਦਰਸ਼ਨ ਕੋ ਦਰਸਾਈ, ਲਗੀ ਪਲ਼ਕ ਪੁਨ ਖੁਲਤ ਦਿਖਾਈ, ਸੀਤਲ ਰਿਦਾ ਕਰਯੋ ਸੁਖ ਪਾਯੋ, ਨਿਤ ਪ੍ਰਤਿ ਪੂਜਤ ਹੀ ਹੁਲਸਾਯੋ, ੪੧ ਇਸ ਵਿਚ ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਨੀ ਮੂਰਤੀ ਦੀ ਪੂਜਾ ਕਰਨੀ ਦੱਸੀ ਹੈ ਪ੍ਰੰਤੂ ਸ੍ਰੀ ਭਾਗ ਮਲ ਜੀ ਕਹੈ ਰਹੇ ਹਨ ਕਿ ਕਿਤੇ ਨਹੀਂ ਮੂਰਤੀ ਪੂਜਾ ਕਰਨੀ ਦੱਸੀ, ਬਾਕੀ ਸ੍ਰੀ ਭਾਗ ਮਲ ਜੀ ਨਿਰੁਤ੍ਰ ਹੋਕੇ ਕਹਿ ਦਿੰਦੇ ਹੁੰਦੇ ਹਨ ਕਿ ਇਹ ਪ੍ਰਸੰਗ ਜਾਂ ਲੇਖ ਚਤੁਰ ਵਿਰੋਧੀਆਂ ਵਲੋਂ ਮਿਲਾਵਟ ਜਾਂ ਲਿਖਾਰੀ ਦੀ ਭੁਲ ਹੈ ਪ੍ਰੰਤੂ ਅਜੇ ਤਕ ਇਸ ਪ੍ਰਸੰਗ ਨੂੰ ਕਿਸੇ ਗਿਆਨੀ, ਨੇ ਬਨਾਵਟੀ ਨਹੀਂ ਲਿਖਿਆ, ਅਤੇ ਜੇਕਰ ਸ੍ਰੀ ਭਾਗ ਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੀ ਕਹਿਣ ਕਿ ਇਸ ਵਿਚ, ਲਗੀ ਪਲਕ ਪੁਨ ਖੁਲਤ ਦਿਖਾਈ, ਲਿਖਿਆ ਹੈ ਤਾਂ ਇਹ ਮਾਤਾ ਜੀ ਦੇ ਧੰਨੈ ਵਤ ਅਟੱਲ ਵਿਸ਼ਵਾਸ਼ ਦਾ ਫਲ ਹੈ, ਜਾਂ ਗੁਰੂ ਸਾਹਿਬਾਂ ਦੀ ਸ਼ਕਤੀ ਹੈ, ਇਸ ਤੋਂ ਉਲਟਾ ਇਹੀ ਸਾਬਤ ਹੋਵੇਗਾ ਕਿ ਸ਼ਕਤੀ ਵਾਲੇ ਪੁਰਸ਼ਾਂ ਜਾਂ ਦੇਵਤੇ, ਅਵਤਾਰਾਂ ਦੀ ਮੂਰਤੀ ਪੂਜਾ ਕਰਨੀ ਠੀਕ ਹੈ, ਤਾਂਤੇ ਸ੍ਰੀ ਰਾਮ ਚੰਦ੍ਰ ਕ੍ਰਿਸ਼ਨ ਭਗਵਾਨ ਜਾਂ ਨਿਰਾਕਾਰ ਪ੍ਰਮਾਤਮਾਂ ਆਦਕ ਬਿਅੰਤ ਸ਼ਕਤੀਆਂ ਦੇ ਭੰਡਾਰ ਹਨ, ਉਨ੍ਹਾਂ ਦੀ ਮੂਰਤੀ ਦੀ ਪੂਜਾ ਕਰਨੀ ਨਿਸ਼ਫਲ ਨਹੀਂ, ਸ੍ਰੀ ਭਾਗ ਮਲ ਜੀ ਏਹ ਤਾਂ ਬੇਸ਼ੱਕ ਕਹਿ ਦੇਣ ਕਿ ਸ੍ਰੀ ਰਾਮ ਚੰਦਰ, ਕ੍ਰਿਸ਼ਨਾਦਕ ਕੋਈ ਸ਼ਕਤੀਵਾਨ ਨਹੀਂ, ਪ੍ਰੰਤੂ ਇਹ ਨਹੀਂ ਕਹਿ ਸਕਦੇ ਕਿ ਦਸੇ ਗੁਰੂ ਸਾਹਿਬ ਤੇ ਪ੍ਰਮਾਤਮਾਂ = ਅਕਾਲ ਪੁਰਖ ਵੀ ਸ਼ਕਤੀਆਂ ਦੇ ਭੰਡਾਰ ਨਹੀਂ ਹਨ, ਜੇਕਰ ਭੰਡਾਰ ਹਨ ਤਾਂ ਫਿਰ ਦਸਾਂ ਗੁਰੂ ਸਾਹਿਬਾਂ ਤੇ ਅਕਾਲ ਪੁਰਖ ਦੀ ਕਿਸੇ ਮੂਰਤੀ ਦੀ ਪੂਜਾ ਕਰਨੀ ਸ੍ਰੀ ਭਾਗ ਮਲ ਜੀ ਵਾਸਤੇ ਵੀ ਉਚਿਤ ਹੀ ਹੋਵੇਗੀ।

ਬਾਕੀ ਸ੍ਰੀ ਭਾਗ ਮਲ ਜੀ ਦੀ, ਆਪਣੇ ਰਚੇ 'ਗੁਰਮਤ ਦਰਸ਼ਨ' ਦੇ ਸਫ਼ਾ ੧੫੧ ਤੇ ਮੰਨੀ ਹੋਈ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਦੀ 'ਗਿਆਨ ਰਤਨਾਵਲੀ' (ਜਨਮ ਸਾਖੀ ਦੇ ਸਫ਼ਾ ੨੪੬ ਸਾਖੀ ਸ਼ਾਹ ਵਲੀ ਦੀ ਵਿਚ ਹੀ ਲਿਖਿਆ ਹੈ ਕਿ, ਵਲੀ ਸ਼ਾਹ ਤੇ ਪਠਾਣਾਂ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਸਾਨੂੰ ਆਪਣਿਆਂ ਚਰਨਾਂ ਦੀ ਧੂੜ ਬਖਸ਼ੋ ਤਾਂ ਬਚਨ ਹੋਯਾ ਕਿ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਰਨਾਂ ਦੀ ਧੂੜ ਹੈ ਅਤੇ ਇਕ ਮੁਖ ਦੀ ਧੂੜ ਹੈ ਸੋ ਚਰਨਾਂ ਦੀ ਧੂੜ ਇਹ ਹੈ ਕਿ ਜਿਥੇ ਅਸੀਂ ਬੈਠੇ ਹਾਂ ਇਥੇ ਦੀ ਪੂਜਾ ਕੀਤੀ ਕਰੋ ਅਰ ਦੀਵਾ ਬਾਲਿਆ ਕਰੋ ਅਰੁ ਮੁਖ ਦੀ ਧੂੜ ਇਹ ਹੈ ਜੋ ਮੇਰੇ ਬਚਨਾਂ ਨੂੰ ਰਿਦੈ ਵਿਚ ਧਾਰਨਾ, ਇਸ ਵਿਚ ਵੀ ਜਿਥੇ ਗੁਰੂ ਜੀ ਬੈਠੇ ਸਨ ਉਸ ਥਾਂ ਦੀ ਪੂਜਾ ਕਰਨੀ ਦੱਸੀ ਹੈ ਥਾਂ (ਜਗਾਹ) ਇਕ ਮਿੱਟੀ ਜ਼ਮੀਨ ਦਾ ਹੀ ਨਾਮ ਹੈ ਮਿੱਟੀ ਦੀ ਪੂਜਾ ਮਿੱਟੀ ਦੀ ਬਣੀ ਹੋਈ ਮੂਰਤੀ ਦੀ ਪੂਜਾ ਨਾਲੋਂ ਕੁਝ ਵੀ ਘਟ ਵਧ ਅਰਥ ਨਹੀਂ ਰਖਦੀ, ਅਤੇ ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਈ ਬੀੜ ਵੀ ਨਹੀਂ ਸੀ ਅਜੇ ਤਯਾਰ ਹੋਈ ਜੋ ਵਲੀ ਸ਼ਾਹ ਤੇ ਪਠਾਣਾ ਨੂੰ ਗੁਰੂ ਜੀ ਸ੍ਰੀ ਭਾਗ ਮਲ ਜੀ ਦੇ ਨਿਸਚੇ ਅਨੁਸਾਰ ਹੁਕਮ ਦੇ ਦਿੰਦੇ ਕਿ ।ਇਸ ਜਗਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕਰਕੇ ਪੂਜਾ ਕਰਿਆ ਕਰੋ, ਇਸੇ ਲਈ ਗੁਰੂ ਜੀ ਨੇ ਕਿਹਾ ਕਿ ਜਿਥੇ ਅਸੀਂ ਬੈਠੇ ਹਾਂ ਇਥੇ ਦੀ ਪੂਜਾ ਕੀਤੀ ਕਰੋ, ਅਰ ਦੀਵਾ ਬਾਲਿਆ ਕਰੋ, ਪ੍ਰੰਤੂ ਸ੍ਰੀ ਭਾਗ ਮਲ ਜੀ ਕਹਿ ਰਹੈ ਹਨ ਕਿ ਗੁਰੂ ਸਾਹਿਬਾਂ ਅਨੇਕਾਂ ਥਾਂਈਂ ਚਰਨ ਪਾਏ ਹਨ ਪਰ ਅਜਿਹਾ ਕਿਤੇ ਵੀ ਨਹੀਂ ਕਿ ਕਿਤੇ ਮੂਰਤੀ ਪੂਜਾ ਕਰਨੀ ਦੱਸੀ ਹੋਵੇ । ਕੀ, ਇਹ ਕਿਥੋਂ ਤਕ ਸੱਚ ਮੰਨਿਆਂ ਜਾਵੇ।

ਬਾਕੀ ਰਿਹਾ ਹਰ ਇਕ ਯਾਦਗਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਅਸਥਾਪਨ ਹਨ, ਜੇਕਰ ਇਹ ਕਥਨ ਸ੍ਰੀ ਭਾਗ ਮਲ ਜੀ ਦਾ ਸੱਚ ਮੰਨ ਲਈਏ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਬੀੜ ਤਯਾਰ ਹੋ ਚੁਕੀ ਸੀ ਫਿਰ ਉਸ ਤੋਂ ਬਾਦ ਸਮਾਧਾਂ ਕਿਸ ਗਲ ਨੂੰ ਮੁਖ ਰੱਖ ਕੇ ਬਣਵਾਈਆਂ ਗਈਆਂ, ਕਿਉਂਕਿ ਸ੍ਰੀ ਭਾਗ ਮਲ ਜੀ ਦੇ ਆਪਣੇ ਹੀ ਲਿਖੇ ਗੁਰਮਤ ਦਰਸ਼ਨ ਦੇ ਸਫਾ ੮੪ ਤੇ ਮੰਨੀ ਹੋਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, ਭੂਮਿਕਾ ਸਫਾ ੧੬ ਤੇ ਲਿਖਿਆ ਹੈ ਕਿ, ਮਾਤਾ ਜੀਤੋ ਦਾ ਚਲਾਣਾ ਪਹਿਲੋਂ ਹੀ ਹੋ ਚੁਕਾ ਸੀ ਜਿਨ੍ਹਾਂ ਦੀ ਸਮਾਧ ਅਨੰਦ ਪੁਰ ਹੈ, ਤੇ ਦਿੱਲੀ ਦੋ ਸਮਾਧਾਂ ਹਨ ਇੱਕ ਮਾਤਾ ਸੁੰਦਰੀ ਜੀ ਦੀ ਤੇ ਇੱਕ ਮਾਤਾ ਸਾਹਿਬ ਦੇਵਾਂ ਜੀ ਦੀ, ਜੇਕਰ ਇਹ ਲਿਖਿਆ ਸੱਚ ਹੈ ਤਾਂ ਇਹ ਉਪ੍ਰੋਕਤ ਸਮਾਧਾਂ, ਯਾਦਗਾਰਾਂ ਕਾਇਮ ਰੱਖਣ ਵਾਸਤੇ ਬਣਵਾਈਆਂ ਗਈਆਂ ਜਾਂ ਕਿ ਪੂਜਾ ਕਰਨ ਹਿੱਤ, ਜੇਕਰ ਯਾਦਗਾਰਾਂ ਕਾਇਮ ਰੱਖਣ ਵਾਸਤੇ ਬਣਵਾਈਆਂ ਗਈਆਂ ਤਾਂ ਮੂਰਤੀ ਦਾ ਸਥਾਪਨ ਕਰਨਾ ਕਿਵੇਂ, ਕਿਸੇ ਦੇਵਤਾ, ਅਵਤਾਰ, ਗੁਰੂ, ਪਰਮਾਤਮਾਂ, ਦੀ ਯਾਦਗਾਰ ਨਹੀਂ ਕਾਇਮ ਰੱਖ ਸਕਦਾ, ਕਿਉਂਕਿ ਸਮਾਧ ਵੀ ਮਿੱਟੀ, ਚੂੰਨੇ ਨਾਲ ਹੀ ਬਨਾਈ ਜਾਂਦੀ ਹੈ ਤੇ ਮੂਰਤੀ ਵੀ ਮਿੱਟੀ, ਪੱਥਰ ਆਦਕ ਦੀ ਬਣਾਈ ਜਾਂਦੀ ਹੈ, ਜੇਕਰ ਇਹ ਕਿਹਾ ਜਾਵੇ ਕਿ ਸਮਾਧਾਂ ਅਤੇ ਰੋੜ, ਵੱਟੇ ਆਦਕ ਚੀਜਾਂ, ਉਨ੍ਹਾਂ ਦੇ ਕੌਤਕਾਂ ਨੂੰ ਚੇਤੇ ਕਰਾਉਂਦੀ ਹਨ ਇਸ ਲਈ ਇਨ੍ਹਾਂ ਦਾ ਗੁਰਦੁਆਰਿਆਂ ਵਿਚ ਕਾਇਮ ਰਖਣਾ ਜ਼ਰੂਰੀ ਸੀ, ਤਾਂ ਮੂਰਤੀਆਂ ਕਿਵੇਂ ਨਹੀਂ ਉਨ੍ਹਾਂ ਦੇ ਕੌਤਕਾਂ ਨੂੰ ਚੇਤੇ ਕਰਾਂਉਂਦੀਆਂ ਜਿਸ ਲਈ ਉਨ੍ਹਾਂ ਦਾ ਕਾਇਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਖਣਾ ਜ਼ਰੂਰੀ ਨਹੀ ਸਮਝਿਆ ਜਾਵੇ, ਔਰ ਸ੍ਰੀ ਭਾਗ ਮਲ ਜੀ ਇਹ ਵੀ ਕਹੈ ਰਹੈ ਹਨ ਕਿ ਉਹ ਪਵਿਤ੍ਰ ਯਾਦ ਗਾਰਾਂ ਜੋ ਇਤਿਹਾਸਕ ਗੁਰਦੁਆਰੇ ਸੱਦੇ ਜਾਂਦੇ ਹਨ, ਗੁਰੂ ਸਾਹਿਬਾਂ ਦੇ ਕੌਤਕਾਂ ਨੂੰ ਚੇਤੇ ਕਰਾਂਉਂਦੀਆਂ ਹਨ, ਗੁਰਦੁਆਰਿਆਂ ਦੀ ਪਵਿਤ੍ਰਤਾ ਨੂੰ ਕਾਇਮ ਤੇ ਅਟੱਲ ਰਖਣਾ, ਤਥਾ ਸਤਿਕਾਰਨਾ ਹੀ ਉਨ੍ਹਾਂ ਅਸਥਾਨਾਂ ਦੀ ਪੂਜਾ ਹੈ, ਪ੍ਰੰਤੂ ਇਸ ਵਿਚ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ, ਕੀ, ਇਤਿਹਾਸਕ ਗ੍ਰੰਥਾਂ ਵਿਚ ਲਿਖੇ ਹੋਇ ਗੁਰੂ ਸਾਹਿਬਾਂ ਦੇ ਕੌਤਕ, ਪੜ੍ਹੱਨ, ਸੁਣਨ ਕਰਕੇ ਚੇਤੇ ਵਿਚ ਨਹੀਂ ਆ ਸਕਦੇ ਜਿਸ ਲਈ ਇਤਿਹਾਸਕ ਗੁਰ ਦੁਆਰਿਆਂ ਨੂੰ ਅੱਟਲ ਰਖਣਾ ਤੇ ਸਤਿਕਾਰਨਾ ਜ਼ਰੂਰੀ ਹੈ, ਜੇਕਰ ਗ੍ਰੰਥਾਂ ਦੇ ਪੜ੍ਹਨ ਸੁਣਨ ਕਰਕੇ ਕੌਤਕ ਚੇਤੇ ਨਹੀਂ ਆ ਸਕਦੇ ਤਾਂ ਮੂਰਤੀ ਦੇ ਦਰਸ਼ਨ ਸੇ ਵੀ ਜਿਸ ਦੀ ਮੂਰਤੀ ਹੋਵੇ ਉਸਦੇ ਕੌਤਕ ਚੇਤੇ ਆ ਜਾਂਦੇ ਹਨ ਤਾਂ ਫਿਰ ਮੂਰਤੀਆਂ ਦੀ ਪਵਿਤ੍ਰਤਾ ਨੂੰ ਕਾਇਮ ਰਖਣਾ ਤੇ ਸਤਿਕਾਰਨਾ (ਪੂਜਾ) ਕਿਵੇਂ ਅਨੁਚਿਤ ਹੋ ਸਕਦਾ ਹੈ।

੩੪. ਪ੍ਰਸ਼ਨ—ਗੁਰੁ ਕੀ ਮੂਰਤਿ ਮਨ ਮਹਿ ਧਿਆਨ, ਦੇ ਉਤਰ ਵਿਚ ਸ੍ਰੀ ਭਾਗ ਭਲ ਜੀ ਨੇ ਆਪਣੇ ਗੁਰਮਤ ਦਰਸ਼ਨ, ਸਫਾ ੨੩੩—੨੩੪ ਤੇ ਲਿਖਿਆ ਹੈ ਕਿ, ਗੁਰ ਮੂਰਤਿ ਦਾ ਅਰਥ ਇਥੇ ਮਿੱਟੀ ਪੱਥਰ ਦੀ ਮੂਰਤੀ ਨਹੀਂ ਹੋ ਸਕਦਾ ਕਾਰਨ ਇਹ ਕਿ ਪੱਥਰ ਆਦੀ ਮੂਰਤੀ ਜਾਂ ਕਿਸੇ ਪ੍ਰਗਟ ਵਿਅਕਤੀ ਦਾ ਧਿਆਨ ਨੇਤ੍ਰਾਂ ਦਾ ਵਿਸ਼ਾ ਹੈ, ਪ੍ਰੰਤੂ ਇਥੇ ਮਨ ਮਹਿ ਧਿਆਨ, ਲਿਖਿਆ ਹੈ ਇਥੇ ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਰਤਿ ਵਲ ਇਸ਼ਾਰਾ ਹੈ ਉਹ ਗੁਰਬਾਣੀ ਦੇ ਗੂੜ੍ਹ ਭਾਵਾਂ ਦੀ ਗਿਆਤ ਹਿਤ ਭਾਈ ਗੁਰਦਾਸ ਜੀ ਦੀ ਉਚਰੀ, ਕੁੰਜੀ ਰੂਪ ਬਾਣੀ ਵਿਚੋਂ ਕੁਝਕ ਪ੍ਰਮਾਣ ਦੇਕੇ ਸਪਸ਼ਟ ਕਰ ਦਿੰਦੇ ਹਾਂ, ਯਥਾ: ਗੁਰ ਮੂਰਤਿ ਗੁਰ ਸ਼ਬਦ ਸੁਣ ਸਾਧ ਸੰਗਤਿ ਆਸਨ ਨਿਰੰਕਾਰੀ, ਵਾਰ ੧੧–੨......ਆਦਕ ।

ਉਤਰ--ਗੁਰ ਸ਼ਬਦ (ਗੁਰਬਾਣੀ) ਜੇਕਰ ਗੁਰੂ ਸਾਹਿਬਾਂ ਦੀ ਮੂਰਤੀ (ਫੋਟੋ) ਹੈ ਤਾਂ ਸ੍ਰੀ ਭਾਗ ਮਲ ਜੀ ਮੂਰਤੀ ਪੂਜਾ ਤੋਂ ਫਿਰ ਵੀ ਨਹੀਂ ਬਚ ਸਕੇ, ਔਰ ਗੁਰੂ ਬਾਣੀ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਕਹਿਣਾ, ਮਹਾਂ ਮੂੜ੍ਹ ਹੋਣ ਦਾ ਸਬੂਤ ਦੇਣਾ ਵੀ, ਕੀ, ਸੱਚ ਰਹੈ ਗਿਆ ਕਿਉਂਕਿ ਇਥੇ ਆਪ ਹੀ ਮੰਨ ਰਹੈ ਹਨ ਕਿ ਭਾਈ ਗੁਰਦਾਸ ਜੀ, ਗੁਰ ਸ਼ਬਦ ਨੂੰ ਹੀ ਗੁਰੂ ਦੀ ਮੂਰਤੀ ਕਹੈ ਰਹੈ ਹਨ, ਬਾਕੀ ਪੱਥਰ ਆਦੀ ਮੂਰਤੀ ਨੇਤ੍ਰਾਂ ਦੇ ਵਿਸ਼ਯ ਹੈ ਤਾਂ ਧਿਆਨ ਉਸਦਾ ਮਨ ਵਿਚ ਹੀ ਹੋ ਸਕਦਾ ਹੈ ਕਿਉਂਕਿ ਜੇਕਰ ਮਨ ਚੰਚਲ ਕਿਸੇ ਹੋਰ ਪਾਸੇ ਲਗਾ ਹੋਇਆ ਹੋਵੇ ਤਾਂ ਨੇਤ੍ਰਾਂ ਨਾਲ ਦੇਖਣ ਕਰਕੇ ਵੀ ਧਿਆਨ ਨਹੀਂ ਹੋ ਸਕਦਾ ਤਾਂਤੇ ਪੱਥਰ ਆਦੀ ਮੂਰਤੀ ਦਾ ਧਿਆਨ ਵੀ ਮਨ ਦੁਆਰਾ ਹੀ ਹੋ ਸਕਦਾ ਹੈ, ਕੇਵਲ ਨੇਤ੍ਰਾਂ ਦੁਆਰਾ ਨਹੀਂ, ਜੇਕਰ ਸ੍ਰੀ ਭਾਗ ਮਲ ਜੀ ਇਹੀ ਹਠ ਕਰਨ ਕਿ ਪੱਥਰ ਆਦੀ ਮੂਰਤੀ ਨੇਤ੍ਰਾਂ ਦੇ ਵਿਸ਼ਯ ਹੈ ਇਸ ਲਈ ਉਸਦਾ ਧਿਆਨ ਮਨ ਵਿਚ ਧਰਨਾ ਇਥੇ ਅਰਥ ਨਹੀਂ ਬਣਦਾ ਤਾਂ ਇੰਜ ਗੁਰ ਸ਼ਬਦ, ਵੀ ਕੰਨਾਂ ਦੇ ਵਿਸ਼ਯ ਹੈ ਉਸਦਾ ਵੀ ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਧਿਆਨ ਕਰਨਾ ਅਰਥ ਨਹੀਂ ਹੋ ਸਕੇਗਾ ਕਿਉਂਕਿ ਗੁਰ ਸ਼ਬਦ ਨਾਮ ਗੁਰੂ ਸਾਹਿਬਾਂ ਦੇ ਮੁਖ ਵਿਚੋਂ ਉਚਾਰੀ ਹੋਈ ਬਾਣੀ (ਅਵਾਜ) ਦਾ ਹੈ ਅਵਾਜ = ਬਾਣੀ ਕੰਨਾਂ ਦਾ ਵਿਸ਼ਯ ਹੈ, ਤਾਂ ਫਿਰ ਸ੍ਰੀ ਭਾਗ ਮਲ ਜੀ ਦਾ ਕੀਤਾ ਗਿਆ ਗੁਰ ਮੂਰਤਿ ਦਾ ਅਰਥ ਗੁਰ ਸ਼ਬਦ ਵੀ ਕਿਵੇਂ ਠੀਕ ਮੰਨਿਆ ਜਾ ਸਕਦਾ ਹੈ।

ਬਾਕੀ ਰਹੀ ਗੱਲ ਗੁਰ ਬਾਣੀ ਦੇ ਗੂੜ੍ਹ ਭਾਵਾਂ ਦੀ ਗਿਆਤ ਹਿਤ ਭਾਈ ਗੁਰਦਾਸ ਜੀ ਦੀ ਉਚਰੀ ਕੁੰਜੀ, ਰੂਪ ਬਾਣੀ, ਜੇਕਰ ਇਹ ਠੀਕ ਸੀ ਤਾਂ ਸ੍ਰੀ ਭਾਗ ਮਲ ਜੀ ਦੇ ਹਮ ਖਿਆਲੀ ਸੱਜਣਾਂ ਨੂੰ ਐਡੇ ਵਡੇ ਵਡੇ ਗੁਰਬਾਣੀ ਦੇ ਗੂੜ੍ਹ ਭਾਵ ਸਮਝਾਉਂਣ ਹਿਤ, ਮਹਾਨ ਕੋਸ਼, ਤੇ ਸ੍ਰੀ ਗੁਰੂ ਗ੍ਰੰਥ ਕੋਸ਼ ਆਦਕ ਗ੍ਰੰਥ ਲਿਖਣ ਦੀ ਕੀ, ਲੋੜ ਪਈ ਸੀ, ਕਿਆ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਹੀ ਗੁਰੂ ਬਾਣੀ ਦੇ ਗੂੜ੍ਹ ਭਾਵਾਂ ਦਾ ਪਤਾ ਨਹੀਂ ਸੀ ਲਗ ਸਕਦਾ, ਜਿਸ ਲਈ ਉਨ੍ਹਾਂ ਨੂੰ ਏਡੀ ਵਡੀ ਮੇਹਨਤ ਕਰਨੀ ਪਈ ਹੈ, ਔਰ ਗੁਰਬਾਣੀ ਵਿਚ ਜਿਥੇ, ਨੇਤ੍ਰੀ ਸਤਿਗੁਰ ਪੇਖਣਾ, ਜਾਂ, ਤੇ ਨੇਤ੍ਰ ਭਲੇ ਪ੍ਰਵਾਣ ਹਹਿ ਮੇਰੀ ਜਿੰਦੜੀਏ ਜੋ ਸਾਧੂ ਸਤਿਗੁਰ ਦੇਖਹਿ ਰਾਮ, ਲਿਖਿਆ ਹੈ, ਓਥੇ ਵੀ ਸ੍ਰੀ ਭਾਗ ਮਲ ਜੀ ਕੀ, ਸਤਿਗੁਰ ਦਾ ਅਰਥ ਗੁਰ ਸ਼ਬਦ ਹੀ ਕਰੀ ਜਾਣਗੇ, ਕਿਉਂ ਕਿ ਓਥੇ ਸਾਫ ਨੇਤ੍ਰਾਂ ਨਾਲ ਦੇਖਣਾ ਲਿਖਿਆ ਹੈ ਕੰਨਾਂ ਨਾਲ ਸੁਣਨਾ ਮਾਤ੍ਰ ਨਹੀਂ ਲਿਖਿਆ, ਤਾਂ ਤੇ ਸ੍ਰੀ ਭਾਗ ਮਲ ਜੀ ਗੁਰ ਸ਼ਬਦ ਰੂਪੀ ਸਤਿਗੁਰ, ਦਾ ਨੇਤ੍ਰਾਂ ਨਾਲ ਦਰਸ਼ਨ ਕਿਵੇਂ ਕਰਨਗੇ, ਅਤੇ ਇਸ਼ੇ ਗੁਰ ਕੀ ਮੂਰਤਿ ਮਨ ਮਹਿ ਧਿਆਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦ ਵਿਚ ਅੱਗੇ ਲਿਖਿਆ ਹੈ ਕਿ, ਗੁਰ ਕੈ ਚਰਨ ਰਿਦੈ ਲੇ ਧਾਰਉ, ਤਾਂ ਕੀ ਸ੍ਰੀ ਭਾਗ ਮਲ ਜੀ ਗੁਰ ਸ਼ਬਦ ਦੇ ਚਰਨ ਵੀ ਸਾਬਤ ਕਰਨਗੇ, ਜੇਕਰ ਚਰਨ ਹੋਣਗੇ ਤਾਂ ਬਾਕੀ ਦੇ ਸਰੀਰ ਦੇ ਹੋਰ ਅੰਗ ਵੀ ਗੁਰ ਸ਼ਬਦ ਦੇ ਸਿਧ ਕਰਨੇ ਪੈਣਗੇ, ਜੇਕਰ ਸਿਧ ਹੋ ਵੀ ਗਏ ਤਾਂ ਵੀ ਫਿਰ ਸਰੀਰ ਦਾ ਹੀ ਧਿਆਨ ਸਿੱਧ ਹੋਵੇਗਾ, ਕੇਵਲ ਗੁਰ ਸ਼ਬਦ ਦਾ ਨਹੀਂ।

ਬਾਕੀ ਭਾਈ ਗੁਰਦਾਸ ਜੀ ਨੇ ਗੁਰ ਸ਼ਬਦ (ਬਾਣੀ) ਦੇ ਅਤੀ ਸਤਿਕਾਰ ਲਈ ਗੁਰ ਸ਼ਬਦ ਨੂੰ ਗੁਰੂ ਦੀ ਮੂਰਤੀ ਕਿਹਾ ਹੈ, ਕਿੰਤੂ ਜਿਥੇ ਗੁਰੂ ਮੂਰਤੀ ਦੇ ਧਿਆਨ ਧਰਨ ਦਾ ਜਾਂ ਗੁਰੂ ਜੀ ਦੇ ਚਰਨਾਂ ਨੂੰ ਹਿਰਦੇ ਵਿਚ ਧਾਰਨ ਦਾ ਹੁਕਮ ਲਿਖਿਆ ਹੈ ਓਥੇ ਗੁਰੂ ਦੀ ਮੂਰਤੀ ਦਾ ਅਰਥ ਗੁਰ ਸ਼ਬਦ ਨਹੀਂ, ਓਥੇ ਗੁਰੂ ਦੀ ਮੂਰਤੀ ਦਾ ਅਰਥ ਗੁਰੂ ਮੂਰਤੀ ਹੀ ਹੈ, ਜੇਕਰ ਇਥੇ ਇਹ ਸ਼ੰਕਾ ਕੀਤਾ ਜਾਵੇ ਕਿ ਗੁਰੂ ਦੀ ਮੂਰਤੀ ਦਾ ਧਿਆਨ ਧਰਨੇ ਸੇ ਮੂਰਤੀ ਹੀ ਪ੍ਰਾਪਤ ਹੋਵੇਗੀ, ਪ੍ਰਮਾਤਮਾਂ ਦੀ ਪ੍ਰਾਪਤੀ ਨਹੀਂ ਤਾਂ ਇੰਜ ਸ਼ਬਦ ਦਾ ਧਿਆਨ ਧਰਨ ਨਾਲ ਫਿਰ ਸ਼ਬਦ ਦੀ ਹੀ ਪ੍ਰਾਪਤੀ ਹੋਵੇਗੀ ਪ੍ਰਮਾਤਮਾਂ ਦੀ ਪਰਾਪਤੀ ਫਿਰ ਵੀ ਨਹੀਂ, ਕਿਉਂਕਿ ਪਰਮਾਤਮਾਂ ਸ਼ਬਦ ਨਹੀਂ, ਸ਼ਬਦ ਵਿਚ ਪਰਮਾਤਮਾਂ ਦਾ ਜ਼ਿਕਰ ਹੈ ਤਾਂ ਤੇ ਪਰਮਾਤਮਾਂ ਅਲਗ ਹੈ ਅਤੇ ਜੇਕਰ ਭਾਈ ਗੁਰਦਾਸ ਜੀ ਦੇ 'ਗੁਰ ਮੂਰਤਿ ਗੁਰ ਸ਼ਬਦ ਹੈ' ਇਸ ਲਿਖੇ ਉਤੇ ਹੀ ਕੋਈ ਹਠ ਹੋਵੇ ਤਾਂ ਜਿਸ ਭਾਈ ਗੁਰਦਾਸ ਦੀ ਬਾਣੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਬਾਣੀ ਦੀ ਕੁੰਜੀ ਮੰਨ ਕੇ 'ਗੁਰ ਕੀ ਮੂਰਤਿ ਮਨ ਮਹਿ ਧਿਆਨ' ਵਿਚੋਂ 'ਗੁਰ ਕੀ ਮੂਰਤਿ' ਦਾ ਅਰਥ ਗੁਰ ਸ਼ਬਦ ਕਰ ਰਹੇ ਹਨ । ਉਸੇ ਭਾਈ ਗੁਰਦਾਸ ਜੀ ਦੀ ਬਾਣੀ (ਕਬਿਤ ਸਵਯੇ ਭਾਈ ਗੁਰਦਾਸ ਜੀ ਦੇ) ਕਬਿਤ ੧੨੫ ਵਿਚ ਲਿਖਿਆ ਹੈ ਕਿ-"ਦਰਸ ਧਿਆਨ ਸਰਗੁਣ ਅਕਾਲ ਮੂਰਤਿ ਪੂਜਾ ਫਲ ਫੂਲ ਚਰਣਾਂਮ੍ਰਿਤ ਬਿਸਵਾਸ ਹੈ" ਇਸ ਦਾ ਟੀਕਾ ਵੀ ਸ੍ਰੀ ਭਾਗ ਮਲ ਜੀ ਦੇ ਹਮ ਖਿਆਲੀ ਸ੍ਰੀ ਮਾਨ ਭਾਈ ਬਿਸ਼ਨ ਸਿੰਘ ਜੀ ਗਿਆਨੀ (ਸੁਹਾਣਾ) ਅਧਜਾਪਕ ਖਾਲਸਾ ਹਾਈ ਸਕੂਲ ਜਲੰਧਰ, ਲਿਖ ਰਹੇ ਹਨ ਕਿ, ਸਰਗੁਨ ਸਹਿਤ ਗੁਣਾਂ ਦੇ (ਸਰੀਰ ਸੰਜੁਗਤ) ਅਕਾਲ ਮੂਰਤਿ ਕਾਲ ਰਹਿਤ ਸਰੂਪ, ਬਿਸਵਾਸ, ਭਰੋਸਾ : ਅਰਥ ਸਤਿਗੁਰਾਂ ਦੇ ਦਰਸ਼ਨ ਦਾ ਧਿਆਨ ਜੇਹੜਾ ਕਰਨਾ ਹੈ, ਇਹ ਅਕਾਲ ਸਰੂਪ (ਵਾਹਿਗੁਰੂ) ਸਰਗੁਣ ਦਾ ਧਿਆਨ ਹੈ ਅਤੇ ਸਤਿਗੁਰ ਸਰਗੁਣ ਮੂਰਤੀ ਦੀ ਪੂਜਾ ਫਲ ਫੂਲਾਂ ਕਰਕੇ ਕਰਦੇ ਹਨ ਅਤੇ ਸਤਿਗੁਰਾਂ ਦੇ ਚਰਣਾਂਮ੍ਰਿਤ (ਅਰਥਾਂਤ ਚਰਨ ਪਾਹੁਲ) ਪੀਣ ਪਰ ਭਰੋਸਾ ਰਖਦੇ ਹਨ, ਇਸ ਵਿਚ ਕੋਈ ਵੀ ਅਜਿਹਾ ਲਖਸ਼ਣ ਨਹੀਂ ਜੇਹੜਾ ਸ੍ਰੀ ਭਾਗ ਮਲ ਜੀ ਦੇ ਕੀਤੇ ਗਏ, ਗੁਰ ਸ਼ਬਦ ਅਰਥ ਵਿੱਚ ਘਟ ਸਕੇ ਕਿਉਂਕਿ ਸ਼ਬਦ ਸਰੀਰ ਸੰਜੁਕਤ, ਨਹੀਂ ਔਰ ਗੁਰ ਸ਼ਬਦ ਰੂਪੀ ਸਤਿਗੁਰ ਸਰਗੁਣ ਮੂਰਤੀ ਦੀ ਪੂਜਾ ਵੀ ਫਲ ਫੂਲਾਂ ਕਰਕੇ ਨਹੀਂ ਕੀਤੀ ਜਾ ਸੱਕਣੀ ਕਿਉਂਕਿ ਸ਼ਬਦ ਕੋਈ ਸਰੀਰ ਧਾਰੀ ਨਹੀਂ, ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਸ਼ਬਦ, ਦੀ ਚਰਨ ਪਾਹੁਲ ਵੀ ਨਹੀਂ ਹੋ ਸਕਣੀ, ਚਰਨ ਪਾਹੁਲ ਜਿਸ ਪਾਣੀ ਨਾਲ ਚਰਨ ਧੋਤੇ ਜਾਣ ਉਸ ਨੂੰ ਕਿਹਾ ਜਾਂਦਾ ਹੈ, ਤਾਂਤੇ ਗੁਰ ਸ਼ਬਦ, ਨੂੰ ਪਾਣੀ ਨਾਲ ਧੋਤਾ ਨਹੀਂ ਜਾ ਸਕਦਾ, ਅਤੇ ਕਿਸੇ ਸ਼ਬਦ, ਦੇ ਲਿਖੇ ਹੋਇ ਅੱਖਰਾਂ ਨੂੰ ਧੋਤਾ ਜਾਵੇ ਤਾਂ ਉਹ ਗੁਰ ਸ਼ਬਦ ਨਹੀਂ, ਉਹ ਸਿਆਹੀ ਦੇ ਅੱਖਰ ਹੀ ਧੋਤੇ ਜਾ ਸਕਦੇ ਹਨ, ਉਸਦਾ ਨਾਮ ਚਰਨਾਂਮਿਤ੍ਰ ਨਹੀਂ ਹੋ ਸੱਕਣਾਂ, ਜੇਕਰ ਕੋਈ ਹੱਠ ਹੀ ਕੀਤਾ ਜਾਵੇ ਤਾਂ ਸਿਆਹੀ ਦੇ ਅੱਖਰ ਸਿਆਹੀ ਰੂਪ ਹੋਣ ਕਰਕੇ ਚੇਤਨ ਨਹੀਂ ਹੋ ਸਕਦੇ ਤਾਂ ਫਿਰ ਉਹਨਾਂ ਅੱਖਰਾਂ ਨੂੰ ਧੋ ਕੇ ਚਰਨਾਂਮ੍ਰਿਤ ਬਣਾਉਣਾ, ਜੜ੍ਹ ਪੱਥਰ ਦੀ ਮੂਰਤੀ ਦੇ ਚਰਨ ਧੋ ਕੇ ਚਰਨਾਂਮ੍ਰਿਤ ਬਣਾਉਣ ਦੇ ਤੁਲ ਹੀ ਸਿੱਧ ਹੋ ਜਾਵੇਗਾ ਫਿਰ ਵੀ ਸ੍ਰੀ ਭਾਗ ਮਲ ਜੀ ਮੂਰਤੀ ਪੂਜਾ ਦੇ ਅਸੂਲ ਤੋਂ ਬੱਚ ਨਹੀਂ ਸੱਕਣਗੇ।

ਬਾਕੀ ਸ਼ਬਦ, ਦਾ ਮਨ ਵਿੱਚ ਧਿਆਨ ਧਰਨੇ ਬਾਬਤ ਪਿਛੇ ਪ੍ਰਸ਼ਨ ਨੰਬਰ ੨ ਦੇ ਉਤਰ ਵਿਚ ਵਿਸ਼ੇਸ਼ ਖੋਲ੍ਹ ਕੇ ਦੱਸ ਆਏ ਹਾਂ ਓਥੋਂ ਵੇਖੋ ਕਿ ਕੇੜ੍ਹੇ ਸ਼ਬਦ, ਦਾ ਧਿਆਨ ਧਰੇ ਜਾਂ ਸ਼ਬਦ, ਦੇ ਅਰਥ ਦਾ ਜਾਂ ਕੇਵਲ ਸ਼ਬਦ ਮਾਤ੍ਰ ਦਾ ਹੀ ਧਿਆਨ ਧਰੇ ਆਦਕ, ਅਤੇ ਸ੍ਰੀ ਭਾਗ ਮਲ ਜੀ ਜੇਕਰ ਗੁਰ ਸ਼ਬਦ ਨੂੰ ਹੀ ਗੁਰੂ ਸਾਹਿਬਾਂ ਦੀ ਮੂਰਤੀ ਮੰਨਦੇ ਹਨ ਤਾਂ ਗੁਰ ਸ਼ਬਦ (ਗੁਰਬਾਣੀ) ਨੂੰ ਸਾਖਿਆਤ ਅਸਲ ਗੁਰੂ, ਕਿਵੇਂ ਮੰਨਣਗੇ, ਕਿਉਂਕਿ ਜਦ ਗੁਰੂ ਬਾਣੀ ਗੁਰੂ ਦੀ ਮੂਰਤੀ (ਫੋਟੋ) ਹੈ, ਤਾਂ ਅਸਲ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬ ਆਪੇ ਹੀ ਗੁਰੂ ਬਾਣੀ ਰੂਪੀ ਮੂਰਤੀ ਤੋਂ ਅਲਗ ਹਨ ਮੰਨਣੇ ਪੈਣਗੇ।

੩੫. ਪ੍ਰਸ਼ਨ--ਗੁਰ ਬਾਣੀ ਵਿਚ ਮੂਰਤੀ ਪੂਜਾ ਦੇ ਖੰਡਨ ਹਿਤ ਹੋਰ ਵੀ ਸ਼ਬਦ ਲਿਖੇ ਹੋਇ ਮਿਲਦੇ ਹਨ, ਯਥਾ: (ੳ) ਘਰ ਮਹਿ ਠਾਕੁਰ ਨਦਰਿ ਨ ਆਵੈ, ਗਲ ਮਹਿ ਪਾਹਣੁ ਲੈ ਲਟਕਾਵੈ, ਭਰਮੇਂ ਭੂਲਾ ਸਾਕਤ ਫਿਰਤਾ, ਨੀਰ ਬਿਰੋਲੈ ਖਪਿ ਖਪਿ ਮਰਤਾ, ਜਿਸ ਪਾਹਣ ਕਉ ਠਾਕੁਰ ਕਹਤਾ, ਉਹ ਪਾਹਣ ਲੈ ਉਸ ਕੋ ਡੁਬਤਾ, ਸੂਹੀ ਮ: ੫ (ਅ) ਜੋ ਪਾਥਰ ਕਉ ਕਹਿਤੇ ਦੇਵ, ਤਾਕੀ ਬ੍ਰਿਥਾ ਹੋਵੈ ਸੇਵ, ਜੋ ਪਾਥਰ ਕੀ ਪਾਈ ਪਾਇ, ਤਿਸਕੀ ਘਾਲ ਅਜਾਈ ਜਾਇ, ਠਾਕੁਰ ਹਮਰਾ ਸਦ ਬੋਲੰਤਾ, ਸਰਬ ਜੀਆ ਕਉ ਦਾਨ ਦੇਤਾ, ਅੰਤਰਿ ਦੇਉ ਨ ਜਾਣੈ ਅੰਧੁ, ਭਰਮ ਕਾ ਮੋਹਿਆ ਪਾਵੈ ਫੰਧੁ, ਨਾ ਪਾਥਰ ਬੋਲੈ ਨਾ ਕਿਛ ਦੇਇ, ਫੋਕਟ ਕਰਮ ਨਿਹਫਲ ਹੈ ਸੇਵ, ਭੈਰਉ ਮ: ੫ ਤਾਂਤੇ ਗੁਰੂ ਘਰ ਵਿਚ ਮੂਰਤੀ ਪੂਜਾ ਦਾ ਖੰਡਨ ਹੀ ਸਿੱਧ ਹੁੰਦਾ ਹੈ।

ਉਤਰ--ਇਨ੍ਹਾਂ ਸ਼ਬਦਾਂ ਵਿਚ ਵੀ ਮੂਰਤੀ ਪੂਜਾ ਦਾ ਖੰਡਨ ਨਹੀਂ, ਕਿੰਤੂ ਮੂਰਤੀ ਪੂਜਾ ਦਾ ਬਹਾਨਾ ਬਣਾ ਕੇ ਕਿਸੇ ਸੁਆਰਥ ਨੂੰ ਮੁਖ ਰਖਕੇ ਜੋ ਪਾਖੰਡ ਰੂਪ ਪੂਜਾ ਕਰਦੇ ਹਨ ਉਸ ਪਾਖੰਡ ਪੂਜਾ ਦਾ ਇਨ੍ਹਾਂ ਸ਼ਬਦਾਂ ਵਿਚ ਖੰਡਨ ਹੈ, ਜੋ ਹੋਣਾ ਚਾਹੀਦਾ ਵੀ ਹੈ, ਕਿਉਂਕਿ ਅਸਲੀ ਸਿਧਾਂਤ ਦਾ ਕਦਰ ਤਦ ਹੀ ਹੋ ਸਕਦਾ ਹੈ ਜਦ ਨਕਲੀ ਦਾ ਨਿਸ਼ੇਧ ਹੋਵੇ, (ੳ) ਇਸ ਵਿਚ ਵੀ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸਿਆ ਹੈ ਕਿ–"ਗਲ ਮਹਿ ਪਾਹਣ ਲੈ ਲਟਕਾਵੈ" ਪੱਥਰ ਦੇ ਠਾਕੁਰ ਲੈ ਕੇ ਗਲ ਵਿਚ ਪਾ ਕੇ ਲਟਕਾਈ ਫਿਰਦਾ ਹੈ, ਕਿ ਲੋਕ ਕਹਿਣ ਕਿ ਇਤਨਾ ਠਾਕੁਰ ਭਗਤ ਹੈ ਜੋ ਇਕ ਮਿੰਟ ਵੀ ਠਾਕੁਰਾਂ ਦਾ ਤਿਆਗ ਨਹੀਂ ਕਰਦਾ, ਕਿੰਤੂ ਜੇਕਰ ਲੋਕ ਵਿਖਲਾਵਾ ਨਾ ਕਰਨਾ ਹੁੰਦਾ ਤਾਂ ਉਸ ਨੂੰ ਗਲ ਵਿਚ ਠਾਕੁਰ ਮੂਰਤੀਆਂ ਪਾ ਕੇ ਰਖਣ ਦੀ ਕੀ ਲੋੜ ਸੀ, ਤਾਂ ਤੇ ਘਰ ਮਹਿ (ਅੰਤਾ : ਕਰਨ ਵਿਚ) ਠਾਕੁਰ ਨਦਰਿ (ਦ੍ਰਿਸ਼ਟੀ) ਵਿਚ ਹੀ ਨਹੀ ਆ ਰਿਹਾ, ਉਤੂੰ ਕਿਸੇ ਸੁਆਰਥ ਸਿੱਧੀ ਲਈ ਹਰ ਵਕਤ ਠਾਕੁਰ ਮੂਰਤੀਆਂ ਗਲ ਵਿਚ ਲਟਕਾਈ ਫਿਰਦਾ ਹੈ, ਇਸ ਲਈ ਉਹ ਸਾਕਤ (ਮਨਮੁਖ) ਭਰਮ ਵਿਚ ਭੁਲਾ ਹੋਇਆ ਪਾਣੀ ਨੂੰ ਰਿੜਕਣ ਦੀ ਤਰੈਂ ਖਪ ਖਪ ਕੇ ਮਰਦਾ ਫਿਰਦਾ ਹੈ ਭਾਵ ਉਸ ਨੂੰ ਪ੍ਰਲੌਕਕ ਕਲਿਆਨ ਰੂਪੀ ਲਾਭ ਪ੍ਰਾਪਤ ਵੀ ਨਹੀਂ ਹੋਣਾ ਤੇ ਇਥੇ ਵੀ ਪਾਜ ਉਘੜ ਜਾਣ ਕਰਕੇ ਲੋਕ ਵਿਚ ਨਿੰਦਿਆ ਹੀ ਹੋਵੇਗੀ, ਬਲਕਿ ਸੱਚੀ ਪੂਜਾ ਭਗਤੀ ਤੋਂ ਬਿਨਾਂ, ਜਿਸ ਪੱਥਰ ਨੂੰ ਉਹ ਠਾਕੁਰ ਕਹਿੰਦਾ ਹੈ ਉਹ ਪੱਥਰ ਉਸ ਨੂੰ ਲੈ ਡੁਬੇਗਾ, ਤਾਂਤੇ ਇਸ ਵਿਚ ਅਸਲੀ ਮੂਰਤੀ ਪੂਜਾ ਦਾ ਖੰਡਨ ਸੁਪਨੇ ਵਿਚ ਵੀ ਸਿਧ ਨਹੀਂ ਹੁੰਦਾ, ਕਿਉਂਕਿ ਮੂਰਤੀ ਪੂਜਕ ਲੋਗ ਜਿਤਨੇ ਵੀ ਦੁਕਾਨਦਾਰ ਜਾਂ ਕੋਈ ਹੋਰ ਵਿਹਾਰੀ ਲੋਕ ਹਨ ਉਹ ਕੋਈ ਵੀ ਠਾਕੁਰ ਮੂਰਤੀਆਂ ਪੂਜਾ ਦੀ ਥਾਂ ਗਲ ਵਿਚ ਨਹੀਂ ਲਟਕਾਈ ਫਿਰਦੇ ਔਰ ਨਾ ਹੀ ਆਰਯਾ ਸਮਾਜੀ ਹਰ ਵਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਦ ਪੜ੍ਹਨ ਦੀ ਥਾਵੇਂ ਆਪਣੇ ਗਲ ਵਿਚ ਪਾਈ ਫਿਰਦੇ ਹਨ ਅਤੇ ਨਾਂ ਹੀ ਕੋਈ ਮੁਸਲਮਾਨ ਹਰ ਵਕਤ ਆਪਣੇ ਗਲ ਵਿੱਚ ਕੁਰਾਂਨ ਸ਼ਰੀਫ ਪਾਈ ਫਿਰਦੇ ਹਨ ਅਤੇ ਨਾਂ ਹੀ ਕੋਈ ਸਿੱਖ ਆਪਣੀ ਕਿਸੇ ਗੁਰਬਾਣੀ ਦੇ ਗ੍ਰੰਥ ਨੂੰ ਪਾਠ ਕਰਨ ਦੀ ਥਾਂਵੇਂ ਗਲ ਵਿੱਚ ਪਾਉਣਾ ਚੰਗਾ ਸਮਝਦੇ ਹਨ।

ਕਿੰਤੂ ਕੋਈ ਆਪਣੇ ਗਲ ਵਿੱਚ ਹਰ ਵਕਤ ਲਟਕਾਈ ਫਿਰੇ ਤਾਂ ਉਸ ਨੂੰ ਸਮਝਦਾਰ ਪੁਰਸ਼ ਕਹਿ ਉਠੇਗਾ ਕਿ ਇੰਜ ਕਰਨ ਨਾਲ ਕਲਿਆਨ ਨਹੀਂ, ਤਾਂਤੇ ਗਲ ਵਿੱਚ ਹੀ ਠਾਕੁਰ ਮੂਰਤੀਆਂ ਨੂੰ ਲਟਕਾਈ ਫਿਰਨਾ ਕੋਈ ਮੂਰਤੀ ਪੂਜਕਾਂ ਦਾ ਨਿਯਮ ਨਹੀਂ, ਬਾਕੀ ਮੂਰਤੀ ਪੂਜਕ ਪੱਥਰ ਨੂੰ ਠਾਕੁਰ ਨਹੀਂ ਮੰਨਦੇ ਕਿੰਤੂ ਮੂਰਤੀ ਦੁਆਰਾ ਠਾਕੁਰ ਦੀ ਪੂਜਾ ਕਰਦੇ ਹਨ, ਔਰ ਠਾਕੁਰ ਪ੍ਰਮਾਤਮਾਂ ਨੂੰ ਮੂਰਤੀ ਤੋਂ ਵੱਖਰਾ ਹੀ ਨਿਸਚੇ ਕਰਦੇ ਹਨ, ਜਿਵੇਂ ਕਿਸੇ ਗ੍ਰੰਥ ਵਿੱਚ ਲਿਖਿਆ ਹੋਇਆ ਗਿਆਨ ਉਹ ਲਿਖੇ ਹੋਇ ਗ੍ਰੰਥ ਦੇ ਅੱਖਰਾਂ ਤੋਂ ਵੱਖਰਾ ਹੀ ਨਿਸਚੇ ਹੁੰਦਾ ਹੈ, ਪ੍ਰੰਤੂ ਗ੍ਰੰਥ ਦੇ ਲਿਖੇ ਹੋਇ ਅੱਖਰਾਂ ਦੁਆਰਾ ਗਿਆਨ ਗ੍ਰਿਹਣ ਕੀਤਾ ਜਾਂਦਾ ਹੈ, ਅੱਖਰਾਂ ਨੂੰ ਹੀ ਗਿਆਨ ਨਹੀਂ ਮੰਨਿਆਂ ਜਾਂਦਾ, ਤਿਵੇਂ ਮੂਰਤੀ ਦੁਆਰਾ ਪ੍ਰਮਾਤਮਾਂ ਦੀ ਪੂਜਾ ਹੀ ਨਿਸਚੇ ਹੁੰਦੀ ਹੈ, ਮੂਰਤੀ ਹੀ ਪ੍ਰਮਾਤਮਾਂ ਹੈ ਇਹ ਨਿਸਚੇ ਨਹੀਂ, ਹੁੰਦਾ, ਤਾਂਤੇ ਇਸ ਸ਼ਬਦ ਵਿੱਚ ਲਿਖਿਆ ਹੈ ਜੋ ਪੱਥਰ ਨੂੰ ਪ੍ਰਮਾਤਮਾਂ ਕਹਿੰਦਾ ਹੈ ਉਹ ਡੁਬਦਾ ਹੈ ਪ੍ਰੰਤੂ ਮੂਰਤੀ ਪੂਜਕ ਉਪ੍ਰੋਕਤ ਦੱਸੇ ਅਨੁਸਾਰ ਪੱਥਰ-ਮੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਪ੍ਰਮਾਤਮਾਂ ਨਿਸ਼ਚੇ ਨਹੀਂ ਕਰਦਾ ਤਾਂ ਉਹ ਡੁਬੇਗਾ ਕਿਵੇਂ, ਇਹ ਪਿਛੇ ਵੀ ਕਈ ਵੇਰ ਦੱਸਿਆ ਗਿਆ ਹੈ ਕਿ, ਮੂਰਤੀ ਪੂਜਕ ਆਰਤੀ, ਪ੍ਰਾਰਥਨਾਂ ਵਿੱਚ ਕਦੀਂ ਵੀ ਪੱਥਰ ਦੇ ਗੁਣ ਨਹੀਂ ਗਾਉਂਦੇ ਕਿੰਤੂ ਪ੍ਰਮਾਤਮਾਂ ਦੇ ਹੀ ਗੁਣ ਗਾਉਂਦੇ ਹਨ, ਵਿਸ਼ਵਾਧਾਰੰ ਗਗਨਸਦ੍ਰਸ਼ੰ, ਆਦਕ ਪਰ ਮੂਰਤੀ ਸਾਹਮਣੇ ਅਕਾਸ਼ ਵਤ ਨਹੀਂ, ਤਾਂ ਵੀ ਗਗਨ ਸਦ੍ਰਸ਼ੰ, ਆਦਕ ਉਪਮਾਂ ਕਰਦੇ ਸੁਣੇ ਜਾਂਦੇ ਹਨ, ਔਰ ਜੇਕਰ ਪੱਥਰ ਦੇ ਹੀ ਪੁਜਾਰੀ ਹੋਣ ਤਾਂ ਜਗਨ ਨਾਥ ਦੇ ਮੰਦਰ ਵਿਚ ਲਕੜੀ ਦੀ ਮੂਰਤੀ ਨਹੀਂ ਸੀ ਹੋਣੀ ਚਾਹੀਦੀ, ਜੇਕਰ ਮੂਰਤੀ ਦੇ ਹੀ ਪੁਜਾਰੀ ਹੋਣ ਤਾਂ ਮੂਰਤੀ ਦੇ ਟੁਟ ਭੱਜ ਜਾਣ ਕਰਕੇ ਉਨ੍ਹਾਂ ਨੂੰ ਰੋਂਣਾ ਚਾਹੀਦੀ ਸੀ ਕਿ, ਅਜ ਸਾਡਾ ਪ੍ਰਮਾਤਮਾਂ ਟੁਟ ਗਿਆ ਹੈ, ਪ੍ਰੰਤੂ ਇੰਜ ਨਹੀਂ ਕਰਦੇ ਅਤੇ ਜੇਕਰ ਪੱਥਰ ਦੇ ਹੀ ਪੁਜਾਰੀ ਹੁੰਦੇ ਤਾਂ ਪੱਥਰ ਦੀਆਂ ਬਣੀਆਂ ਪਕੀਆਂ ਸੜਕਾਂ ਤੇ ਮੂਰਤੀ ਪੂਜਕ ਲੋਕ ਕਦੀਂ ਪੈਰ ਨਾਂ ਧਰਦੇ ਉਲਟਾਂ ਉਨ੍ਹਾਂ ਦੀ ਪੂਜਾ ਹੀ ਕਰਦੇ ਰਹਿੰਦੇ, ਤਾਂ ਤੇ ਇਸ ਸ਼ਬਦ ਵਿਚ ਅਸਲ ਮੂਰਤੀ ਪੂਜਾ ਦੇ ਭਾਵ ਦਾ ਨਿਸ਼ੇਧ ਨਹੀ, ਪਖੰਡ ਪੂਜਾ ਦਾ ਨਿਸ਼ੇਧ ਹੈ।

ਜੇਕਰ ਇਥੇ ਇਹੀ ਹੱਠ ਕੀਤਾ ਜਾਵੇ ਕਿ ਜੋ ਪੱਥਰ ਨੂੰ ਪ੍ਰਮਾਤਮਾਂ ਕਹੈਗਾ ਉਸੇ ਨੂੰ ਹੀ ਪੱਥਰ ਲੈ ਡੁਬੇਗਾ ਹੀ ਅਰਥ ਹੈ ਤਾਂ ਉਹ ਪੱਥਰ ਕਿਥੇ ਲੈ ਡੁਬੇਗਾ ਕੀ, ਅਗੇ ਪ੍ਰਲੋਕ ਵਿਚ ਪੱਥਰ ਨਾਲ ਜਾਵੇਗਾ ਜਾਂ ਇਥੇ ਕਿਤੇ ਪਾਣੀ ਵਿਚ ਤਰਨਾ ਹੈ, ਜੇ ਨਹੀਂ, ਤਾਂ ਪਾਖੰਡ ਕਰਮ ਹੀ ਲੈ ਡੁਬੇਗਾ ਅਰਥ ਹੋਣਾ ਠੀਕ ਹੈ, ਜੇਕਰ ਇਥੇ ਇਹ ਅਰਥ ਕੀਤਾ ਜਾਵੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਜਿਨ੍ਹਾਂ ਨੂੰ ਘਰ ਮਹਿ = ਆਪਣੇ ਅੰਦਰ ਪ੍ਰਮਾਤਮਾਂ ਨਜ਼ਰ ਨਹੀਂ ਆਉਂਦਾ ਓਹੋ ਹੀ ਮੂਰਤੀ ਪੂਜਾ ਕਰਦੇ ਹਨ, ਤਾਂ ਇੰਜ ਜਿਨ੍ਹਾਂ ਨੂੰ ਆਪਣੇ ਅੰਦਰ ਹੀ ਪ੍ਰਮਾਤਮਾਂ ਨਜ਼ਰ ਆ ਜਾਵੇਗਾ ਉਨ੍ਹਾਂ ਨੂੰ ਕਿਸੇ ਮਸਜਿਦ, ਮੰਦਰ, ਗੁਰਦੁਆਰੇ ਵਿਚ ਜਾਣ ਦੀ ਲੋੜ ਕਿਵੇਂ ਹੋਵੇਗੀ, ਕਿਉਂਕਿ ਜਿਸ ਪ੍ਰਮਾਤਮਾਂ ਦਾ ਓਥੇ ਕੋਈ ਜ਼ਿਕਰ ਕਰਨ ਜਾਣਾ ਹੈ ਉਹ ਪ੍ਰਮਾਤਮਾਂ ਉਨ੍ਹਾਂ ਨੂੰ ਆਪਣੇ ਘਰ ਹੀ ਨਜ਼ਰ ਆ ਰਿਹਾ ਹੈ, ਤਾਂ ਤੇ ਇਸ ਅਰਥ ਕਰਨੇ ਸੇ ਗੁਰਦੁਆਰੇ ਆਦਕਾਂ ਵਿਚ ਹਰ ਰੋਜ ਜਾਣਾਂ ਵੀ ਖੰਡਨ ਹੋ ਜਾਂਦਾ ਹੈ, ਤਾਂਤੇ ਉਤੇ ਪਹਿਲੇ ਅਰਥ ਕੀਤਾ ਗਿਆ ਹੀ ਠੀਕ ਜੱਚਦਾ ਹੈ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਇਸ ਸ਼ਬਦ ਵਿਚ ਲਿਖਿਆ ਹੈ, ਗੁਨਹਾਗਾਰ ਲੂਣ ਹਰਾਮੀ, ਪਾਹਣ ਨਾਵ ਨ ਪਾਰ ਗ੍ਰਿਾਮੀ, ਗੁਰ ਮਿਲ ਨਾਨਕ ਠਾਕਰ ਜਾਤਾ, ਜਲ ਥਲਿ ਮਹੀਅਲ ਪੂਰਨ ਬਿਧਾਤਾ, ਇਸ ਲਈ ਮੂਰਤੀ ਪੂਜਾ ਦਾ ਸਪਸ਼ਟ ਖੰਡਨ ਹੋ ਰਿਹਾ ਹੈ ਕਿ ਮੂਰਤੀ ਪੂਜਕ ਗੁਨਹਾਗਾਰ— ਪਾਪੀ ਲੂਣ ਹਰਾਂਮੀ ਹਨ ਤਾਂ ਇਸ ਦਾ ਵੀ ਇਹ ਅਰਥ ਨਹੀਂ ਹੋ ਸਕਦਾ ਕਿ ਮੂਰਤੀ ਪੂਜਕ ਲੋਕ ਹੀ ਪਾਪੀ ਹਨ ਕਿੰਤੂ ਇਥੇ ਅਰਥ ਇਹ ਹੈ ਕਿ ਉਪ੍ਰੋਕਤ ਕਿਸੇ ਸੁਆਰਥ ਹਿਤ ਗਲ ਵਿਚ ਪੱਥਰ ਲਟਕਾਈ ਫਿਰਨ ਵਾਲਾ (ਜੋ ਗਲ ਵਿਚ ਪਥਰ ਦੇ ਠਾਕਰ ਲਟਕਾਈ ਫਿਰਨੇ ਕੋਈ ਮੂਰਤੀ ਪੂਜਕਾਂ ਦਾ ਨਿਯਮ ਨਹੀਂ) ਉਹ ਲੂਣ ਹਰਾਂਮੀ ਕੀ ਤਰੈਂ ਗੁਨਾਹ ਗਾਰ ਹੈ ਕਿਉਂਕਿ ਪਾਖੰਡੀ ਚਾਹੈ ਕਿਸੇ ਕਿਸਮ ਦਾ ਵੀ ਹੋਵੇ ਉਸਨੂੰ ਪਾਪੀ ਕਹਿਣਾ ਕੋਈ ਅਨੁਚਿਤ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਤਾਂਤੇ ਉਹ ਪੱਥਰ (ਪਖੰਡ) ਰੂਪੀ ਬੇੜੀ ਗਲ ਵਿਚ ਪਾਈ ਹੋਈ ਉਸਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਕਰਨੇ ਵਾਲੀ ਨਹੀਂ ਹੋਵੇਗੀ ਕਿੰਤੂ ਜਿਨ੍ਹਾਂ ਨੇ ਪੂਰਨ ਗੁਰੂ ਨੂੰ ਮਿਲ ਕੇ ਠਾਕੁਰ ਨੂੰ ਜਾਣਿਆ ਹੈ ਕਿ ਉਹ ਜਲ ਥਲ ਪ੍ਰਿਥਵੀ ਅਕਾਸ਼ ਵਿਚ ਬਿਧਾਤਾ ਪੂਰਨ ਹੈ, ਉਹ ਪਾਰ ਹੋਣਗੇ, ਇਸ ਲਈ ਇਸ ਵਿਚ ਕੋਈ ਅਜਿਹੀ ਗਲ ਨਹੀਂ ਗੁਰੂ ਜੀ ਨੇ ਦੱਸੀ ਜਿਸ ਨਾਲ ਮੂਰਤੀ ਪੂਜਾ ਦਾ ਨਿਸ਼ੇਧ ਕੀਤਾ ਜਾ ਸਕੇ ਕਿਉਂਕਿ ਮੂਰਤੀ ਪੂਜਾ ਦੇ ਅਸਲ ਭਾਵ ਦਾ ਪਤਾ ਵੀ ਪੂਰਨ ਗੁਰੂ ਨੂੰ ਮਿਲਨੇ ਸੇ ਹੀ ਲਗ ਸਕਦਾ ਹੈ ਤਾਂਤੇ ਗੁਰੂ ਨੂੰ ਮਿਲਕੇ ਪੂਰਨ ਪ੍ਰਮਾਤਮਾਂ ਨੂੰ ਜਾਣਨਾ ਵੀ ਮੂਰਤੀ ਪੂਜਕਾਂ ਦੇ ਵਿਰੁਧ ਗਲ ਨਹੀਂ।

ਜੇਕਰ ਕਿਹਾ ਜਾਵੇ ਕਿ ਮੂਰਤੀ ਪੂਜਕ ਜਲ ਥਲ ਪ੍ਰਿਥਵੀ ਆਕਾਸ਼ ਆਦਕਾਂ ਵਿਚ ਪ੍ਰਮਾਤਮਾਂ ਨੂੰ ਪੂਰਨ ਨਹੀਂ ਮੰਨ ਸਕਦੇ ਤਾਂ ਇਹ ਪਹਿਲੇ ਹੀ ਦਸ ਚੁਕੇ ਹਾਂ ਕਿ ਮੂਰਤੀ ਪੂਜਕ ਮੂਰਤੀ ਦੇ ਸਾਹਮਣੇ ਖੜੇ ਹੋ ਕੇ ਪੜ੍ਹਦੇ ਹਨ ਕਿ—'ਤੁਮ ਪੂਰਨ ਪ੍ਰਮਾਤਮ ਤੁਮ ਅੰਤ੍ਰਜਾਮੀ' ਅਥਵਾ ਗਗਨ ਸਦਰਸੰ = ਅਕਾਸ਼ ਦੀ ਤਰੈਂ ਸ੍ਰਵ ਵਿਆਪਕ ਪ੍ਰਮਾਤਮਾਂ ਆਪ, ਸ੍ਰਵਾਧਾਰੰ = ਸੰਸਾਰ ਦਾ ਆਧਾਰ ਹੋ। ਜੇਕਰ ਇਥੇ ਕਿਹਾ ਜਾਵੇ ਕਿ, ਮੇਘ ਵਰਣੰ ਸ਼ੁਭਾਗੰ, ਆਦਕ ਕਹਿਣ ਕਰਕੇ ਸ੍ਰਵ ਵਿਆਪਕਤਾ ਟੁਟ ਜਾਂਦੀ ਹੈ, ਤਾਂ ਇੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਹੀ ਐਸੇ ਸ਼ਬਦ ਹਨ ਜਿਨ੍ਹਾਂ ਵਿਚ ਪ੍ਰਮਾਤਮਾਂ ਨੂੰ ਰੂਪ ਰੰਗ ਵਾਲਾ ਲਿਖਿਆ ਹੈ ਜਿਵੇਂ—'ਸਾਰੰਗ ਜਿਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਗ ਧਰੈ ਠਿਮ ਠਿਮ' ਕਾਰਨ ਇਹ ਕਿ ਜਿਸ ਪ੍ਰਮਾਤਮਾਂ ਦੇ ਪੈਰ ਹੋਣਗੇ ਉਸ ਦੀ ਵੀ ਵਿਆਪਕਤਾ ਨਹੀਂ ਰਹੇਗੀ, ਤਥਾ ਸ੍ਰੀ ਰੰਗ ਬੈਕੁੰਠ ਕੇ ਵਾਸੀ, ਬੈਕੁੰਠ ਦੇ ਵਾਸੀ ਹੋਣ ਕਰਕੇ ਵੀ ਵਿਆਪਕਤਾ ਨੂੰ ਖਤਰਾ ਹੈ ਅਤੇ 'ਬਨ ਮਾਲਾ ਬਿਭੂਖਨ ਕਮਲ ਨੈਨ, ਸੁੰਦਰ ਕੁੰਡਲ ਮੁਕਟ ਬੈਨ' ਵਾਕ ਦੁਆਰਾ ਕਮਲ ਵਰਗੇ ਨੇਤ੍ਰ, ਸੁੰਦਰ ਕੁੰਡਲ ਤੇ ਮੁਕਟ ਵਾਲਾ ਹੋਣ ਕਰਕੇ ਵੀ ਸਰਬ ਵਿਆਪਕਤਾ ਟੁਟਦੀ ਹੈ ਬਾਕੀ ਸ੍ਰੀ ਦਸਮੇਸ਼ ਜੀ—'ਨੀਲ ਕੰਠ ਨਰਹਰਿ ਨਾਰਾਇਣ' ਤਥਾ : ਚਤੁਰ ਬਾਹ ਚਾਰੰ, ਆਦਕ ਵਾਕਾਂ ਵਿਚ ਪ੍ਰਮਾਤਮਾਂ ਨੂੰ ਨੀਲੇ ਕੰਠ ਵਾਲਾ ਅਥਵਾ ਚਹੁੰ ਬਾਹਵਾਂ ਵਾਲਾ ਆਦਕ ਲਿਖ ਰਹੇ ਹਨ ਇਸ ਲਈ ਜਿਵੇਂ ਮੇਘਵਰਣੰ, ਆਦਕ ਕਹਿਣੇ ਸੇ ਸ੍ਵ-ਵਿਆਪਕਤਾ ਨਹੀਂ ਰਹਿੰਦੀ ਤਿਵੇਂ ਉਪ੍ਰੋਕਤ ਚਹੁੰ ਬਾਂਹਵਾਂ ਵਾਲਾ ਆਦਕ ਕਹਿਣੇ ਸੇ ਵੀ ਸ੍ਵ ਵਿਆਪਕਤਾ ਕਾਇਮ ਨਹੀਂ ਰਹਿ ਸਕਣੀ, ਤਾਂ ਤੇ ਪ੍ਰਮਾਤਮਾਂ ਦੇ ਸਾਕਾਰ ਰੂਪ ਦਾ ਵਿਚ ਵਰਨਨ ਕਰਨੇ ਸੇ ਪਰਮਾਤਮਾਂ ਦੇ ਨਿਰਾਕਾਰ ਰੂਪ ਦੀ ਵਿਆਪਕਤਾ ਟੁੱਟ ਨਹੀਂ ਜਾਂਦੀ, ਇਸ ਲਈ ਮੂਰਤੀ ਪੂਜਕਾਂ ਦੇ, ਮੇਘ ਵਰਣੰ ਸ਼ੁਭਾਗੰ, ਆਦਕ ਸ਼ਬਦ ਕਹਿਣ ਕਰਕੇ ਵੀ ਸ੍ਵ ਵਿਆਪਕਤਾ ਵਿੱਚ ਕੋਈ ਫਰਕ ਨਹੀਂ ਪੈਂਦਾ।

ਜੇਕਰ ਇਥੇ ਇਹ ਕਿਹਾ ਜਾਵੇ ਕਿ, ਮੂਰਤੀ ਦੇ ਸਾਹਮਣੇ ਖੜੇ ਹੋ ਕੇ ਜਦ ਕਿਹਾ ਜਾਵੇ ਕਿ, ਆਪ ਸਭ ਕੇ ਪ੍ਰਾਨ ਪਤੀ ਹੋ ਜਗਦੀਸ਼ਰ ਹੋ ਤਾਂ ਇਸਦਾ ਮਤਲਬ ਇਹੀ ਸਮਝਿਆ ਜਾਂਦਾ ਹੈ ਕਿ ਮੂਰਤੀ ਨੂੰ ਹੀ ਸਭ ਕਾ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਨ ਪਤੀ, ਜਗਦੀਸ਼ਰ ਮੰਨ ਰਹੈ ਹਨ, ਤਾਂ ਇੰਜ ਕਹਿਣ ਨਾਲ ਕੇਵਲ ਮੂਰਤੀ ਨੂੰ ਹੀ ਪ੍ਰਮੇਸ਼ਰ ਨਹੀਂ ਮੰਨਿਆ ਜਾਂਦਾ ਜਿਵੇ ਹਿੰਦੁਸਤਾਨ ਦਾ ਨਕਸ਼ਾ ਵੇਖਣੇ ਸੇ ਵੇਖਣ ਵਾਲੇ ਲੋਕ ਉਸ ਨਕਸ਼ੇ ਵਿਚ ਉਂਗਲਾਂ ਲਾ ਲਾ ਕੇ ਕਹਿੰਦੇ ਹਨ ਕਿ ਇਸ ਪਾਸੇ ਇਹ ਹਿੰਦ ਮਹਾਂ ਸਾਗਰ ਹੈ ਤੇ ਇਧਰ ਇਹ ਅਰਬ ਸਾਗਰ ਹੈ ਔਰ ਇਹ ਪੰਜਾਬ ਹੈ ਤੇ ਇਹ ਯੂ. ਪੀ. ਹੈ ਤੇ ਇਹ ਸੀ. ਪੀ. ਹੈ ਪ੍ਰੰਤੂ ਇੰਜ ਕਹਿਣ ਨਾਲ ਵੀ ਉਨ੍ਹਾਂ ਦੇ ਨਿਸਚੇ ਵਿਚ ਏਹ ਨਹੀਂ ਹੁੰਦਾ ਕਿ ਏਸ ਨਕਸ਼ੇ ਵਿਚ ਹੀ ਪੰਜਾਬ ਤੇ ਯੂ. ਪੀ., ਸੀ. ਪੀ. ਦੀ ਆਬਾਦੀ ਹੈ ਤੇ ਨਦੀਆਂ ਅਤੇ ਸ਼ੈਹਰ ਤੇ ਹਿੰਦ ਮਹਾਂ ਸਾਗਰ, ਅਰਬ ਸਾਗਰ ਵੀ ਇਸ ਨਕਸ਼ੇ ਵਿਚ ਹੀ ਹਨ ਜੇਕਰ ਵਿਚ ਹੀ ਮੰਨਣ ਤਾਂ ਆਪਣੇ ਘਰਾਂ ਵਿਚ ਉਹ ਨਕਸ਼ਾ ਹੀ ਨਾ ਰਖਣ ਕਿ ਕਿਤੇ ਸਾਡੇ ਘਰ ਹੀ ਨਾ ਨਦੀਆਂ ਤੇ ਸਾਗਰ ਵਿਚ ਡੁਬ ਜਾਣ, ਤਾਂ ਤੇ ਮੂਰਤੀ ਦੇ ਸਾਹਮਣੇ ਖੜੇ ਹੋ ਕੇ ਤੂੰਹੀ ਜਗਦੀਸ਼ਰ ਅਦਕ ਕਹਿਣਾ ਇਸੀ ਰੀਤੀ ਅਨੁਸਾਰ ਹੀ ਹੁੰਦਾ ਹੈ, ਜਿਵੇਂ ਨਕਸ਼ੇ ਵਿਚ ਉਂਗਲਾਂ ਲਾ ਲਾ ਕੇ ਕਹਿੰਦੇ ਹਨ ਕਿ ਇਹ ਫਲਾਂਨੀ ਨਦੀ ਹੈ ਤੇ ਇਹ ਫਲਾਂਨਾ ਸ਼ੈਹਰ ਹੈ ਆਦਕ, ਇਸ ਲਈ ਤੂੰ ਹੀ ਜਗਦੀਸ਼ਰ ਹੈਂ ਆਦਿਕ ਕਹਿਣੇ ਸੇ ਮੂਰਤੀ, ਨਕਸ਼ੇ ਵਤ ਉਸ ਪ੍ਰਮਾਤਮਾਂ ਦੀ ਸੂਚਕ ਹੀ ਹੁੰਦੀ ਹੈ ਅਗਰ ਇਹ ਸ਼ੰਕਾ ਪੈਦਾ ਹੋਵੇ ਕਿ ਪ੍ਰਮਾਤਮਾਂ ਦੀ ਮੂਰਤੀ ਨਹੀਂ ਹੋ ਸਕਦੀ, ਤਾਂ ਇਹ ਪਿਛੇ ਦੱਸ ਆਏ ਹਾਂ ਕਿ ਟਾਈਮ ਨਿਰਾਕਾਰ ਦੀ ਮੂਰਤੀ ਬਣ ਸਕਦੀ ਹੈ ਤਾਂ ਪ੍ਰਮਾਤਮਾਂ ਦੇ ਨਿਰਾਕਾਰ ਸਰੂਪ ਦੀ ਮੂਰਤੀ ਬਣਨੀ ਕੋਈ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਸ਼ਕਲ ਨਹੀਂ ਤੇ ਪ੍ਰਮਾਤਮਾਂ ਦੇ ਕਿਸੇ ਸਾਕਾਰ ਸਰੂਪ ਦੀ ਮੂਰਤੀ ਬਣਨ ਵਿਚ ਕੋਈ ਸ਼ੰਕਾ ਹੀ ਨਹੀ, ਜੇਕਰ ਇਹ ਕਿਹਾ ਜਾਵੇ ਕਿ ਮੂਰਤੀ ਕਿਸੇ ਨੂੰ ਕਿਸੇ ਵਿਪਤਾ ਤੋਂ ਨਹੀਂ ਛੁੜਾਉਂਦੀ ਨਜ਼ਰ ਆਉਂਦੀ, ਇਸ ਲਈ ਜੋ ਪੱਥਰ ਨੂੰ ਪ੍ਰਮੇਸ਼ਰ ਕਹਿੰਦਾ ਹੈ ਉਸਨੂੰ ਉਹ ਪੱਥਰ ਲੈ ਡੁਬਦਾ ਹੈ ਕਿਹਾ ਹੈ, ਤਾਂ ਇੰਜ ਕਿਸੇ ਵੀ ਮਜ਼ਹਬ ਦੇ ਨਿਯਮ, ਅਸੂਲ ਨਿਜਮ ਕਰਕੇ ਕਿਸੇ ਵਿਪਤਾ ਤੋਂ ਛੁੜਾਉਂਦੇ ਸਾਹਮਣੇ ਨਜ਼ਰ ਨਹੀਂ ਆਉਂਦੇ ਕਿਉਂਕਿ ਸਾਰਿਆਂ ਮਜ਼ੁਬਾਂ ਵਾਲਿਆਂ ਨੂੰ ਹੀ ਤਕਲੀਫਾਂ ਆ ਜਾਂਦੀਆਂ ਪ੍ਰਤੱਖ ਵੇਖਣ ਵਿਚ ਆਉਂਦੀਆਂ ਹਨ ਤਾਂ ਤੇ ਇੰਜ ਸਾਰੇ ਮਜ਼ਹਬਾਂ ਦੇ ਅਸੂਲ, ਨਿਜਮ ਹੀ ਖੰਡਨ ਹੋ ਜਾਣ ਦਾ ਡਰ ਹੈ ਬਲਕਿ ਸ੍ਰਵ ਸ਼ਕਤੀਮਾਨ ਕੇਵਲ ਪ੍ਰਮਾਤਮਾਂ ਨੂੰ ਮੰਨਣ ਵਾਲਿਆਂ ਦੇ ਦੁਖ ਵੀ ਨਿਯਮ ਕਰਕੇ ਦੂਰ ਨਹੀਂ ਹੋ ਸਕੇ, ਉਹਨਾਂ ਨੂੰ ਵੀ ਕਰਮਾਂ ਦਾ ਫਲ ਭੋਗਨਾਂ ਹੀ ਪੈ ਜਾਂਦਾ ਹੈ, ਤਾਂਤੇ ਪਹਿਲੇ ਅਰਥ ਜੋ ਉਤੇ ਕੀਤਾ ਗਿਆ ਹੈ ਕਿ ਪਾਖੰਡ ਪੂਜਾ ਦਾ ਹੀ ਨਿਸ਼ੇਧ ਹੈ ਓਹੋ ਹੀ ਠੀਕ ਹੈ।

(ਅ) ਇਸ ਸ਼ਬਦ ਵਿਚ ਵੀ ਮੂਰਤੀ ਪੂਜਾ ਦਾ ਨਿਸ਼ੇਧ ਸਾਬਤ ਨਹੀਂ ਹੁੰਦਾ ਕਿਉਂਕਿ ਇਸ ਸ਼ਬਦ ਵਿੱਚ ਲਿਖਿਆ ਹੈ ਕਿ, ਕਹਤ ਕਬੀਰ ਹਉ ਕਹਉ ਪੁਕਾਰਿ, ਸਮਝ ਦੇਖ ਸਾਕਤ ਗਵਾਰ, ਦੂਜੇ ਭਾਇ ਬਹੁਤ ਘਰ ਗਾਲੇ, ਰਾਮ ਭਗਤ ਹੈ ਸਦਾ ਸੁਖਾਲੇ, ਇਸ ਵਿਚੋਂ ਇਹ ਸਿੱਧ ਹੁੰਦਾ ਹੈ ਕਿ, ਜੋ ਰਾਮ ਭਗਤੀ ਤੋਂ ਬੇਮੁਖ ਹੋ ਕੇ ਕਿਸੇ ਹੋਰ ਦੂਜੇ ਭਾਵ ਵਿੱਚ ਲੱਗੇ ਹੋਇ ਹਨ ਉਨ੍ਹਾਂ ਦਾ ਹੀ ਨਿਸ਼ੇਧ ਹੈ ਔਰ ਮੂਰਤੀ ਪੂਜਕ ਰਾਮ ਭਗਤੀ ਤੋਂ ਬੇਮੁਖ ਨਹੀਂ ਹੁੰਦੇ, ਉਲਟਾ ਰਾਂਮ ਭਗਤੀ ਵਾਸਤੇ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਹ ਮੂਰਤੀ ਪੂਜਾ ਕਰਦੇ ਹਨ, ਇਹ ਪਿਛੇ ਕਈ ਵੇਰ ਦੱਸਿਆ ਗਿਆ ਹੈ ਕਿ ਮੂਰਤੀ ਪੂਜਕ ਮੂਰਤੀ ਦੇ ਸਾਹਮਣੇ ਖੜੇ ਹੋਕੇ ਮੂਰਤੀ ਦੀ ਸਿਫਤ ਨਹੀਂ ਕਰਦੇ ਉਲਟਾ ਪ੍ਰਮਾਤਮਾਂ ਜਾਂ ਕਿਸੇ ਅਵਤਾਰ, ਦੇਵਤਾ, ਦੀ ਹੀ ਸਿਫਤ ਕਰਦੇ ਹਨ, ਬਲਕਿ ਜੋ ਮੂਰਤੀ ਪ੍ਰਮਾਤਮਾਂ ਦੇ ਕਿਸੇ ਅਵਤਾਰ ਜਾਂ ਕਿਸੇ ਗੁਰੂ, ਰਿਸ਼ੀ, ਦੇਵਤਾ, ਨਾਲ ਸਬੰਧ ਨਹੀਂ ਰਖਦੀ ਉਸਦੀ ਪੂਜਾ ਛੱਡ ਕੇ ਉਸਨੂੰ ਮੂਰਤੀ ਪੂਜਕ ਦੇਖਦੇ ਵੀ ਨਹੀਂ, ਤਾਂਤੇ ਮੂਰਤੀ ਪੂਜਕ ਮੂਰਤੀ ਦੁਆਰਾ ਰਾਮ ਭਗਤੀ ਕਰਦੇ ਹਨ ਇਸ ਲਈ ਇਸ ਸ਼ਬਦ ਦੁਆਰਾ ਮੂਰਤੀ ਪੂਜਾ ਦਾ ਨਸ਼ੇਧ ਨਹੀਂ ਕੀਤਾ ਜਾ ਸਕਦਾ, ਜੇਕਰ ਇਥੇ ਇਹ ਕਿਹਾ ਜਾਵੇ ਕਿ ਮੂਰਤੀ ਦੀ ਪੂਜਾ ਦੇ ਜ਼ਰੀਏ ਹੀ ਪ੍ਰਮਾਤਮਾਂ ਦੀ ਪੂਜਾ ਭਗਤੀ ਕਿਉਂ ਕਰਦੇ ਹਨ, ਤਾਂ ਇੰਜ ਸਾਰੇ ਹੀ ਕਿਸੇ ਨਾ ਕਿਸੇ ਦੇ ਜ਼ਰੀਏ ਹੀ ਪ੍ਰਮਾਤਮਾਂ ਦੀ ਭਗਤੀ ਕਰਦੇ ਹਨ ਕੋਈ ਕਿਸੇ ਬਾਣੀ ਦੇ ਪਾਠ ਦੁਆਰਾ ਹੀ ਭਗਤੀ ਕਰਦੇ ਹਨ ਅਤੇ ਕੋਈ ਹਵਨ ਯਗ ਦੁਆਰਾ ਕਰ ਰਹੇ ਹਨ, ਕੋਈ ਨਿਮਾਜ਼ਾਂ ਦਾ ਪੜ੍ਹਨਾ ਹੀ ਭਗਤੀ ਸਮਝਦੇ ਹਨ, ਕੋਈ ਤੀਰਥਾਂ ਦੇ ਇਸ਼ਨਾਨ ਦੁਆਰਾ ਕੋਈ ਰਾਗ (ਗਾਉਂਣੇ) ਦੁਆਰਾ ਹੀ ਭਗਤੀ ਕਰਨ ਦੀ ਦੱਮਕ ਮਾਰਦੇ ਹਨ, ਔਰ ਬਾਣੀ, ਹਵਨ ਯਗ, ਨਿਮਾਜ਼ਾ, ਤੀਰਥਾਂ ਆਦਕਾਂ ਤੋਂ ਅਸਲ ਪ੍ਰਮਾਤਮਾਂ ਨੂੰ ਅਲਗ ਵੀ ਮੰਨਦੇ ਹਨ, ਤਾਂਤੇ ਮੂਰਤੀ ਪੂਜਕ ਅਗਰ ਮੂਰਤੀ ਦੁਆਰਾ ਪੂਜਾ ਭਗਤੀ ਕਰਦੇ ਹਨ ਤਾਂ ਕੋਈ ਜੁਰਮ ਨਹੀਂ।

ਬਾਕੀ ਰਿਹਾ ਕਿ ਇਸ ਸ਼ਬਦ ਵਿਚ ਉਪ੍ਰੋਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਿਆ ਹੈ ਕਿ—'ਜੋ ਪਾਥਰ ਕਉ ਕਹਿਤੇ ਦੇਵ, ਤਾਕੀ ਬ੍ਰਿਥਾ ਹੋਵੈ ਸੇਵ' ਤਾਂ ਪਹਿਲੇ ਕਈ ਵਾਰੀ ਦੱਸਿਆ ਗਿਆ ਹੈ ਕਿ ਮੂਰਤੀ ਪੂਜਕ ਕਿਸੇ ਪੱਥਰ ਨੂੰ ਪ੍ਰਮਾਤਮਾਂ ਦੇਵ ਨਹੀਂ ਕਹਿੰਦੇ, ਉਹ ਇੰਜ ਹੀ ਕਹਿੰਦੇ ਹਨ ਕਿ ਜਿਵੇਂ ਬਹੁਤੇ ਆਦਮੀਆਂ ਦੀ ਇਕੱਠੀ ਛਪੀ ਹੋਈ ਤਸਵੀਰ ਵਿਚੋਂ ਵੇਖਕੇ ਕੋਈ ਆਦਮੀ ਉਂਗਲੀ ਲਾ ਕੇ ਕਹਿ ਰਿਹਾ ਹੋਵੇ ਕਿ ਇਨ੍ਹਾਂ ਵਿਚ ਇਹ ਗਲੇ ਵਿਚ ਹਾਰ ਪਾਈ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਖੜੇ ਹੋਏ ਹਨ ਪ੍ਰੰਤੂ ਉਸ ਆਦਮੀ ਦੇ ਨਿਸਚੇ ਵਿਚ ਹੁੰਦਾ ਹੈ ਕਿ ਇਸ ਤਸਵੀਰ ਵਿਚ ਅਸਲ ਮਾਸਟਰ ਤਾਰਾ ਸਿੰਘ ਜੀ ਪੂਰੇ ਹੀ ਨਹੀਂ ਆ ਸਕਦੇ ਕਿੰਤੂ ਤਸਵੀਰ ਵਿਚ ਉਪ੍ਰੋਕਤ ਮਾਸਟਰ ਜੀ ਦਾ ਕੋਈ ਸਤਿਕਾਰ ਜਾਂ ਤ੍ਰਿਸਕਾਰ ਕਰੇ ਤਾਂ ਉਹ ਸਤਿਕਾਰ ਜਾਂ ਤ੍ਰਿਸਕਾਰ ਅਸਲ ਮਾਸਟਰ ਜੀ ਦਾ ਹੀ ਹੋ ਰਿਹਾ ਸਮਝ ਵਿਚ ਆਉਂਦਾ ਹੈ, ਕੇਵਲ ਉਸ ਤਸਵੀਰ (ਮੂਰਤੀ) ਦਾ ਹੀ ਨਹੀਂ ਹੋ ਰਿਹਾ ਨਜ਼ਰ ਆਉਂਦਾ, ਇਸ ਦਾ ਅਸਲ ਅਰਥ ਇਹੀ ਬਣਦਾ ਹੈ ਕਿ ਜੋ ਅਸਲ ਰਾਮ ਭਗਤੀ ਤੋਂ ਬਿਨਾ ਕਿਸੇ ਸੁਆਰਥ ਹਿਤ ਪੱਥਰ ਦੀ ਮੂਰਤੀ ਨੂੰ ਦੇਵ ਦੇਵ ਲੋਕਾਂ ਨੂੰ ਸੁਣਾ ਕੇ ਕਹਿੰਦੇ ਰਹਿੰਦੇ ਹਨ ਤੇ ਉਤੂੰ ਸੇਵਾ ਪੂਜਾ ਵੀ ਕਰਦੇ ਨਜ਼ਰ ਆਉਂਦੇ ਹਨ ਉਨ੍ਹਾਂ ਦੀ ਉਹ ਸੁਆਰਥ ਹਿਤ ਪਾਖੰਡ ਦੀ ਸੇਵਾ ਭਗਤੀ ਕੀਤੀ ਹੋਈ ਨਿਸਫਲ ਹੀ ਹੁੰਦੀ ਹੈ ਕਿਉਂਕਿ ਇਸ ਲੋਕ ਵਿਚ ਪਾਜ ਉਘੜ ਜਾਣ ਕਰਕੇ ਵੀ ਉਹ ਜਸ ਦੇ ਭਾਗੀ ਨਹੀਂ ਰਹਿ ਸਕਦੇ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਪ੍ਰਲੋਕ ਵਿੱਚ ਪਾਖੰਡ ਦੀ ਪੂਜਾ ਭਗਤੀ ਕੀਤੀ ਹੋਈ ਕੋਈ ਸਹਾਇਤਾ ਨਹੀਂ ਕਰਦੀ, ਇਸ ਲਈ ਨਿਸ਼ਫਲ ਹੀ ਜਾਂਦੀ ਹੈ, ਔਰ ਜੋ ਪਾਹਨ ਕੀ ਪਾਈ ਪਾਇ, ਤਾਕੀ ਘਾਲ ਅਜਾਈ ਜਾਇ, ਵਾਕ ਸੇ ਹੀ ਮੂਰਤੀ ਪੂਜਾ ਦਾ ਨਿਸ਼ੇਧ ਭਾਸਦਾ ਹੋਵੇ ਤਾਂ ਮੂਰਤੀ ਪੂਜਕ ਪੱਥਰ ਦੇ ਪੈਰੀਂ ਨਹੀਂ ਪੈਂਦੇ ਅਤੇ ਨਾਂ ਹੀ ਕਿਸੇ ਪੱਥਰ ਦੇ ਪੈਰ ਹੁੰਦੇ ਹਨ, ਜੇਕਰ ਇਹ ਕਿਹਾ ਜਾਵੇ ਕਿ ਪੱਥਰ ਦੀ ਮੂਰਤੀ ਦੇ ਪੈਰ ਹੁੰਦੇ ਹਨ ਤਾਂ ਉਹ ਲੱਕੜੀ, ਮਿੱਟੀ, ਪਿੱਤਲ, ਸਿਆਹੀ, ਦੀ ਮੂਰਤੀ ਦੇ ਵੀ ਹੋ ਸਕਦੇ ਹਨ ਕਿੰਤੂ ਇਥੇ ਪੱਥਰ ਦੇ ਹੀ ਪੈਰੀਂ ਪੈਣਾ ਅਜਾਈਂ ਲਿਖਿਆ ਹੈ, ਔਰ ਕਿਸੇ ਵਿਅਕਤੀ ਦੀ ਮੂਰਤੀ ਬਣਾਈ ਜਾਵੇ ਤਾਂ ਉਸਦੇ ਪੈਰ ਹੁੰਦੇ ਹਨ ਪਰ ਉਹ ਪੈਰ ਪੱਥਰ ਜਾਂ ਸਿਆਹੀ ਦੇ ਸਮਝ ਕੇ ਹੀ ਮੂਰਤੀ ਪੂਜਕ ਪੈਰੀਂ ਨਹੀਂ ਪੈਂਦੇ ਕਿਉਂਕਿ ਇੰਜ ਤਾਂ ਹਜ਼ਾਰਾਂ ਨਰ ਨਾਰੀਆਂ ਦੀਆਂ ਤਸਵੀਰਾਂ ਛਾਪੀਆਂ ਹੋਈਆਂ ਜਾਂ ਅਜਾਇਬ ਘਰਾਂ ਵਿੱਚ ਜਾਕੇ ਮੂਰਤੀ ਪੂਜਕ ਵੀ ਵੇਖਦੇ ਹਨ ਪ੍ਰੰਤੂ ਕੋਈ ਵੀ ਕਿਸੇ ਤਸਵੀਰ (ਮੂਰਤੀ) ਦੇ ਪੈਰੀਂ ਪੈਂਦਾ ਅਸਾਂ ਅਜ ਤਕ ਨਹੀਂ ਵੇਖਿਆ, ਕਿੰਤੂ ਜੇਹੜੀ ਮੂਰਤੀ ਪ੍ਰਮਾਤਮਾਂ ਜਾਂ ਕਿਸੇ ਅਵਤਾਰ ਜਾਂ ਦੇਵਤਾ ਇਸ਼ਟ ਦੀ ਹੋਵੇ ਉਸੇ ਦੀ ਪੈਰੀਂ ਪੈਂਦੇ ਹਨ ਤਾਂਤੇ ਸਿੱਧ ਹੋਇਆ ਕਿ, ਮੂਰਤੀ ਪੂਜਕ ਲੋਗ ਨਿਸਚੇ ਵਿੱਚ ਅੰਦਰੋਂ ਮੂਰਤੀਆਂ ਦੇ ਪੈਰੀਂ ਨਹੀਂ ਪੈਂਦੇ ਕਿੰਤੂ ਮੂਰਤੀ ਵਾਲੇ ਦੇਵਤਾ ਆਦਕ ਦੀ ਪੈਰੀਂ ਪੈਂਦੇ ਹਨ, ਇਸ ਲਈ ਇਸ ਵਾਕ ਦੁਆਰਾ ਮੂਰਤੀ ਪੂਜਕਾਂ ਦਾ ਖੰਡਨ ਨਹੀਂ ਜੋ ਕਿਸੇ ਸੁਆਰਥ ਹਿਤ ਪੱਥਰ ਮੂਰਤੀ ਦੇ ਪੈਰੀਂ ਫਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਲੋਕਾਂ ਨੂੰ ਦਿਖਾ ਦਿਖਾ ਕੇ ਪੈਂਦੇ ਹਨ ਕਿ ਲੋਕ ਸਮਝਨ ਕਿ ਇਹ ਬੜਾ ਭਗਤ ਹੈ ਉਨ੍ਹਾਂ ਦੇ ਹੀ (ਸੁਆਰਥੀ-ਦੰਭ ਦਾ) ਪੈਰੀਂ ਪੈਣ ਦਾ ਨਿਸ਼ੇਧ ਅਰਥ ਬਣਦਾ ਹੈ।

ਔਰ ਜੇਕਰ ਇਥੇ ਇਹ ਕਿਹਾ ਜਾਵੇ ਕਿ ਮੂਰਤੀ ਪੂਜਾ ਰੂਪ ਸੇਵਾ ਦਾ ਫਲ ਹੁੰਦਾ ਹੀ ਕੋਈ ਨਹੀਂ ਚਾਹੇ ਸਚਾਈ ਨਾਲ ਕੀਤੀ ਜਾਵੇ ਚਾਹੇ ਪਾਖੰਡ ਭਾਵ ਸੇ ਕੀਤੀ ਜਾਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਸ੍ਰੀ ਰਵਿਦਾਸ ਜੀ ਦੀ ਬਾਣੀ ਦੁਆਰਾ ਲਿਖਿਆ ਹੈ ਕਿ, ਜੇ ਓਹ ਦੁਆਦਸ ਸਿਲਾ ਪੂਜਾਵੈ, ਜੇ ਓਹ ਕੂਪ ਤਟਾ ਦੇਵਾਵੈ, ਕਰੈ ਨਿੰਦ ਸਭ ਬਿਰਥਾ ਜਾਵੈ, ਗੌਂਡ, ਭਾਵ ਜੇ ਕਦੀਂ ਉਹ ਬਾਰਾਂ ਸ਼ਿਲਾ (ਮੂਰਤੀਆਂ) ਸ਼ਿਵਲਿੰਗ ਵੀ ਪੂਜੈ ਅਤੇ ਖੂਹ ਘਾਟ ਵੀ ਬਣਵਾਵੇ ਪ੍ਰੰਤੂ ਨਿੰਦਿਆ ਕਰਦਾ ਹੈ ਤਾਂ ਸਭ ਕੁਛ ਹੀ ਬਿਅਰਥ ਜਾਂਦਾ ਹੈ, ਭਾਵ ਕੁਛ ਵੀ ਫਲ ਨਹੀਂ ਮਿਲਦਾ, ਤਾਂਤੇ ਮੂਰਤੀ ਪੂਜਾ ਰੂਪ ਸੇਵਾ ਦਾ ਜੇਕਰ ਫਲ ਹੋਵੇ ਹੀ ਕੁਛ ਨਾ ਤਾਂ ਨਿੰਦਿਆ ਕਰਨੇ ਸੇ ਉਸਦਾ ਬਿਅਰਥ ਕੀ, ਜਾ ਸਕੇਗਾ ਇਥੋਂ ਸਾਬਤ ਹੁੰਦਾ ਹੈ ਕਿ ਨਿੰਦਿਆ ਕਰਨ ਤੋਂ ਪਹਿਲੇ ਮੂਰਤੀ ਪੂਜਾ ਦਾ ਫਲ ਹੈਸੀ ਪ੍ਰੰਤੂ ਨਿੰਦਿਆ ਕਰਮ ਸੇ ਉਹ ਫਲ ਖਤਮ ਹੋ ਗਿਆ।

ਬਾਕੀ ਇਸ ਵਿਚ ਲਿਖਿਆ ਹੈ ਕਿ, ਠਾਕੁਰ ਹਮਰਾ ਸਦ ਬੋਲੰਤਾ, ਸਰਬ ਜੀਆ ਕਉ ਦਾਨ ਦੇਤਾ, ਇਹ ਵਾਕ ਵੀ ਮੂਰਤੀ ਪੂਜਕਾਂ ਦੇ ਵਿਰੁਧ ਨਹੀਂ ਕਿਉਂਕਿ ਮੂਰਤੀ ਪੂਜਕ ਆਪਣੇ ਠਾਕੁਰ ਪ੍ਰਮਾਤਮਾਂ ਨੂੰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਬੋਲਨ ਵਾਲਾ (ਗੂੰਗਾ) ਨਹੀਂ ਸਮਝਦੇ, ਹਾਂ ਇਸ ਵਿਚੋਂ ਬੋਲਨ ਵਾਲਾ ਸਾਕਾਰ ਪਰਮਾਤਮਾਂ ਸਿਧ ਹੋ ਰਿਹਾ ਹੈ। ਨਿਰਾਕਾਰ ਸ੍ਵ-ਵਿਆਪਕ ਪਰਮਾਤਮਾਂ ਵਿਚ ਬੋਲਨ ਕ੍ਰਿਆ ਨਹੀਂ ਬਣ ਸਕਦੀ, ਜੇਕਰ ਬਣਾਈ ਵੀ ਜਾਵੇ ਤਾਂ ਫਿਰ ਸਰਬ-ਵਿਆਪਕ ਪਰਮਾਤਮਾਂ ਪੱਥਰਾਂ ਵਿਚ ਵੀ ਹੈ ਇਸ ਲਈ ਪੱਥਰ ਵਿਚ ਵੀ ਬੋਲਦਾ ਮੰਨਣਾ ਪਵੇਗਾ ਅਤੇ ਜੇਕਰ ਬੋਲਨ ਵਾਲੇ ਸਾਕਾਰ ਵਿਅਕਤੀ ਸਰੂਪ ਪਰਮਾਤਮਾਂ ਦਾ ਇਥੇ ਜ਼ਿਕਰ ਹੈ ਤਾਂ ਇਸ ਤੋਂ ਪਿਛਲੇ ਸ਼ਬਦ ਵਿਚ, 'ਜਲ ਥਲ ਮਹੀਅਲ ਪੂਰਨ ਬਿਧਾਤਾ' ਵਾਕ ਦਾ ਭਾਵ ਵੀ ਸਾਕਾਰ ਵਿਅਕਤੀ ਮਾਤ੍ਰ ਪਰਮਾਤਮਾਂ ਦੇ ਸਰੂਪ ਦੇ ਵਿਰੁਧ ਨਹੀਂ ਹੋ ਸਕੇਗਾ, ਬਾਕੀ ਜੇਕਰ ਇਥੇ ਇਹ ਭਾਵ ਲਿਆ ਜਾਵੇ ਕਿ ਮੂਰਤੀ ਪੂਜਕਾਂ ਦੀ ਮੂਰਤੀ ਬੋਲਦੀ ਨਹੀਂ ਤੇ ਆਪਣੇ ਪ੍ਰਮਾਤਮਾਂ = ਠਾਕੁਰ ਨੂੰ ਸਦਾ ਬੋਲਣ ਵਾਲਾ ਲਿਖਿਆ ਹੈ, ਇਸ ਲਈ ਮੂਰਤੀ ਪੂਜਾ ਦਾ ਨਿਸ਼ੇਧ ਹੈ, ਤਾਂ ਇੰਜ ਹਰ ਇਕ ਮਜ਼੍ਹਬ ਵਾਲਿਆਂ ਦਾ ਪਰਮਾਤਮਾਂ ਸਾਹਮਣੇ ਪਰਤੱਖ ਕਿਸੇ ਨਾਲ ਵੀ ਬੋਲਦਾ (ਗੱਲਾਂ ਕਰਦਾ) ਨਹੀਂ ਸੁਣਿਆ ਗਿਆ, ਬਲਕਿ ਮੂਰਤੀ ਪੂਜਕ ਭਗਤਾਂ ਵਿਚੋਂ ਕਿਸੇ ਕਿਸੇ ਦਾ ਕੋਈ ਇਤਿਹਾਸ ਮਿਲਦਾ ਹੈ ਕਿ ਪੱਥਰ ਮੂਰਤੀ ਨੇ ਦੁਧ ਪੀਤਾ ਜਾਂ ਗਲਾਂ ਵੀ ਕੀਤੀਆਂ, ਅਗਰ ਕਿਸੇ ਦੇ ਪਰਮਾਤਮਾਂ ਨੇ ਕਿਸੇ ਨਾਲ ਕੋਈ ਗਲ ਕੀਤੀ ਵੀ ਹੋਵੇਗੀ ਤਾਂ ਉਹ ਵੀ ਕਿਸੇ ਸ਼ਕਲ (ਮੂਰਤੀ) ਵਿਚ ਹੀ ਕੀਤੀ ਹੋਵੇਗੀ ਫਿਰ ਵੀ ਮੂਰਤੀ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਹੀ ਸਤਿਕਾਰ ਸਿਧ ਹੋਵੇਗਾ ਔਰ ਇਹ ਗਲ ਪਿਛੇ ਕਈ ਵੇਰ ਦੱਸੀ ਗਈ ਹੈ ਕਿ ਮੂਰਤੀ ਪੂਜਕ ਮੂਰਤੀ (ਨਾ ਬੋਲਨ ਵਾਲੀ) ਨੂੰ ਪਰਮਾਤਮਾਂ ਨਹੀਂ ਸਿੱਧ ਕਰਦੇ ਕਿੰਤੂ ਮੂਰਤੀ ਦੁਆਰਾ ਬੋਲਨ ਵਾਲੇ ਪ੍ਰਮਾਤਮਾਂ ਦੀ ਪੂਜਾ ਭਗਤੀ ਕਰਦੇ ਹਨ, ਪ੍ਰੰਤੂ ਇਥੇ ਪਿਛੇ ਦੱਸ ਆਏ ਹਾਂ ਕਿ ਕਿਸੇ ਸੁਆਰਥ ਸ਼ਿੱਧੀ ਹਿੱਤ ਜੋ ਦੰਭੀ ਮੂਰਤੀ ਪੂਜਾ ਕਰਦੇ ਹਨ ਉਹਨਾਂ ਨੂੰ ਕਿਹਾ ਹੈ ਕਿ ਸਾਡਾ ਪ੍ਰਮਾਤਮਾਂ ਸਦਾ ਹੀ ਬੋਲਦਾ ਹੈ ਇਹ ਨਹੀਂ ਕਿ, ਮੂਰਤੀ ਵਤ ਬੋਲੇਗਾ ਹੀ ਨਹੀਂ ਤੇ ਤੁਹਾਨੂੰ ਕੁਝ ਨਹੀਂ ਕਹੈਗਾ ਕਿਉਂਕਿ ਸਰਬ ਜੀਵਾਂ ਨੂੰ ਕਰਮਾਂ ਅਨੁਸਾਰ ਦਾਨ (ਦੇਣਾ) ਦਿੰਦਾ ਹੈ, ਭਾਵ ਨਿਆਇ ਕਾਰੀ ਹੈ ਤਾਂਤੇ ਤੁਹਾਡੇ ਵੀ ਕਰਮ ਦੇਖ ਰਿਹਾ ਹੈ, ਅਥਵਾ ਤੁਸੀਂ ਪ੍ਰਮਾਤਮਾਂ ਦੇ ਨਾਮ ਉਤੇ ਹਮੇਸ਼ਾਂ ਹੀ ਮੰਗਦੇ ਰਹਿੰਦੇ ਹੋ ਪ੍ਰੰਤੂ ਪ੍ਰਮਾਤਮਾਂ ਕੋਈ ਗਰੀਬ ਨਹੀਂ ਉਲਟਾ ਸਰਬ ਜੀਆਂ ਨੂੰ ਦਾਨ ਦੇਣ ਵਾਲਾ ਹੈ, ਤਾਂਤੇ ਉਹ ਦਾਤਾ ਹੈ।

ਮੂਰਤੀ ਪੂਜਕ ਵੀ ਪ੍ਰਮਾਤਮਾਂ ਨੂੰ ਨਿਆਇਕਾਰੀ ਅਤੇ ਦਾਤਾ ਮੰਨਦੇ ਹਨ ਔਰ ਮੂਰਤੀ ਪੂਜਕਾਂ ਦਾ ਇਹ ਕੋਈ ਨਿਯਮ ਵੀ ਨਹੀਂ ਕਿ ਮੂਰਤੀਆਂ ਵਾਸਤੇ ਲੋਕਾਂ ਕੋਲੋਂ ਕੁਝ ਜ਼ਰੂਰੀ ਦਾਨ ਮੰਗਣਾ ਹੈ ਜਿਸ ਦੇ ਉਲਟ, ਸਰਬ ਜੀਆਂ ਕਉ ਦਾਨ ਦੇਤਾ, ਵਾਕ ਦਾ ਭਾਵ ਲਿਆ ਜਾਵੇ ਕਿ ਸਾਡਾ ਪ੍ਰਮਾਤਮਾਂ ਕੁਝ ਮੰਗਦਾ ਨਹੀਂ, ਉਲਟਾ ਸਰਬ ਨੂੰ ਦਾਨ ਦਿੰਦਾ ਹੈ ਤਾਂਤੇ ਇਹਨਾਂ ਵਾਕਾਂ ਦਾ ਭਾਵ ਮੂਰਤੀ ਪੂਜਾ ਦੇ ਖੰਡਨ ਵਿਚ ਨਹੀਂ ਲਿਆ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦਾ, ਜੇਕਰ ਇਹ ਕਿਹਾ ਜਾਵੇ ਕਿ, ਮੂਰਤੀਆਂ ਵਾਸਤੇ ਬਸਤ੍ਰ, ਭੂਸ਼ਨ ਵਗੈਰਾ ਚਾਹੀਦੇ ਹੁੰਦੇ ਹਨ, ਤਾਂ ਇੰਜ ਹਰ ਇਕ ਮਜ਼ੁਬ ਵਾਲਿਆਂ ਦੀ ਪੂਜਾ ਭਗਤੀ ਵਾਸਤੇ ਸੁੱਚੇ ਰੁਮਾਲ, ਫੁੱਲਾਂ ਦੇ ਹਾਰ ਅਤੇ ਸਮਿਗਰੀ ਆਦਕ ਕੁਝ ਚਾਹੀਦਾ ਹੀ ਹੁੰਦਾ ਹੈ, ਤਾਂਤੇ ਹਰ ਇਕ ਦੀ ਪੂਜਾ ਭਗਤੀ ਦਾ ਨਿਸ਼ੇਧ ਅਰਥ ਹੋ ਜਾਵੇਗਾ, ਕਿੰਤੂ ਮੂਰਤੀ ਪੂਜਕ ਕਈਆਂ ਅਜਿਹੀਆਂ ਮੂਰਤੀਆਂ ਦੀ ਵੀ ਪੂਜਾ ਕਰਦੇ ਹਨ ਜਿਨ੍ਹਾਂ ਵਾਸਤੇ ਬਸਤ੍ਰ, ਭੂਸ਼ਣ ਆਦਕ ਕੁਛ ਵੀ ਨਹੀਂ ਚਾਹੀਦੇ ਤਾਂ ਵੀ ਉਨ੍ਹਾਂ ਮੂਰਤੀਆਂ ਦੀ ਪੂਜਾ ਦਾ ਨਿਸ਼ੇਧ ਨਹੀਂ ਹੋ ਸਕੇਗਾ, ਔਰ ਅੱਗੇ, ਅੰਤਰਿ ਦੇਉ ਨ ਜਾਣੈ ਅੰਧ, ਭਰਮ ਕਾ ਮੋਹਿਆ ਪਾਵੈ ਫੰਧੁ, ਦਾ ਵੀ ਮਤਲਬ ਇਹ ਹੈ ਕਿ, ਉਪ੍ਰੋਕਤ ਪਾਖੰਡ ਰੂਪ ਪੂਜਾ ਕਰਨ ਵਾਲਾ, ਅੰਤਰਿ = ਅੰਤਾ ਕਰਨ ਵਿਚ ਦੇਉ = ਪ੍ਰਮਾਤਮਾਂ ਨੂੰ ਜਾਣਦਾ ਹੀ ਨਹੀਂ ਭਾਵ ਪ੍ਰਮਾਤਮਾਂ ਦੀ ਪੂਜਾ ਭਗਤੀ ਦਾ ਅੰਦਰ ਭਾਵ ਹੀ ਨਹੀਂ, ਕਿੰਤੂ ਮਾਇਆ ਦੇ ਭਰਮ ਮੋਹ ਵਿਚ ਅੰਧਾ ਹੋਇਆ ਮੋਹਿਆ (ਫਸਿਆ) ਪਿਆ ਲੋਕਾਂ ਨੂੰ ਠੱਗਣ ਦੇ ਫੰਧ (ਢੰਗ) ਪਾ ਰਿਹਾ ਹੈ, ਇਸ ਵਿਚ ਵੀ ਕੋਈ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ ਕਿਉਂਕਿ ਮੂਰਤੀ ਪੂਜਕ ਲੋਗ, ਲੋਕਾਂ ਕੋਲੋਂ ਕੁਝ ਠਗਣ ਦੇ ਫੰਧ ਨਹੀਂ ਲਾ ਰਹੈ, ਜੇੜ੍ਹੇ ਕੁਝ ਠਗਣ ਦੇ ਫੰਧ ਲਾ ਰਹੈ ਹਨ ਉਹ ਮੂਰਤੀ ਪੂਜਕ ਨਹੀਂ ਕਹੈ ਜਾ ਸਕਦੇ ਉਹ ਦੰਭੀ ਕਹੈ ਜਾ ਸਕਦੇ ਹਨ, ਜੇਕਰ ਇਥੇ ਇਹ ਸ਼ੰਕਾ ਕੀਤੀ ਜਾਵੇ ਕਿ, ਅੰਦਰ ਦੇਉ = ਪ੍ਰਮਾਤਮਾਂ ਹੈ ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਧਾ ਜਾਣਦਾ ਨਹੀਂ, ਤਾਂ ਮੂਰਤੀ ਪੂਜਕ ਪ੍ਰਾਰਥਨਾਂ ਵਿਚ ਕਹਿੰਦੇ ਹਨ ਕਿ ਹੇ ਅੰਤਰਯਾਂਮੀ ਘਟ ਘਟ ਵਾਸੀ ਤਾਂਤੇ ਸਰਬ ਅੰਦਰ ਪ੍ਰਮਾਤਮਾਂ ਹੈ ਇਸ ਗਲ ਤੋਂ ਉਹ ਮੁਨਕਰ ਨਹੀਂ ਹਨ ਇਸ ਲਈ ਮੂਰਤੀ ਪੂਜਕਾਂ ਉਤੇ ਇਹ ਗਲ ਲਾਗੂ ਨਹੀਂ ਹੋ ਸਕਦੀ।

ਬਾਕੀ ਹਰ ਇਕ ਦੇ ਅੰਦਰ ਪ੍ਰਮਾਤਮਾਂ ਹੈ ਇਸ ਲਈ ਹਰ ਇਕ ਮਜ਼ਹਬ ਵਾਲੇ ਕਿਸੇ ਕਿਸਮ ਦੀ ਵੀ ਕੋਈ ਪ੍ਰਮਾਤਮਾਂ ਦੀ ਪੂਜਾ ਭਗਤੀ ਨਹੀਂ ਕਰ ਸਕੱਣਗੇ, ਕਿਉਂਕਿ ਜਦ ਪ੍ਰਮਾਤਮਾਂ ਨੂੰ ਆਪਣੇ ਅੰਦਰ ਹੀ ਸਭ ਨੇ ਜਾਣ ਲਿਆ ਤਾਂ ਬਾਹਰਲੇ ਕਿਸੇ ਕਿਸਮ ਦੇ ਵੀ ਪਾਠ, ਜਪ ਪੂਜਾ, ਭਗਤੀ, ਹਰਕਤ, ਚਿੰਤਨ, ਭਜੱਨ ਕਰਨੇ ਬਿਅਰਥ ਹੋ ਜਾਣਗੇ, ਕਾਰਨ ਇਹ ਕਿ ਪ੍ਰਮਾਤਮਾਂ ਨੂੰ ਅੰਦਰ ਜਾਣਨਾ ਹੈ ਤਾਂ ਬਾਹਰ ਮੂੰਹ ਵਿਚੋਂ ਬੋਲਕੇ ਪਾਠ ਵਗੈਰਾ ਕਰਨ ਦੀ ਕੀ ਲੋੜ ਹੋ ਸਕਦੀ ਹੈ, ਤਾਂ ਤੇ ਇਥੇ ਮੂਰਤੀ ਪੂਜਾ ਦਾ ਖੰਡਨ ਭਾਵ ਨਹੀਂ, ਅਤੇ ਅਗੇ ਲਿਖਿਆ ਹੈ ਕਿ, ਨਾ ਪਾਥਰ ਬੋਲੈ ਨਾ ਕਿਛ ਦੇਇ, ਫੋਕਟ ਕਰਮ ਨਿਹਫਲ ਹੈ ਸੇਵ, ਭਾਵ ਉਪ੍ਰੋਕਤ ਦੰਭੀ ਪੂਜਾਰੀ ਨੂੰ ਹੀ ਕਿਹਾ ਹੈ ਕਿ, ਇਥੇ ਤਾਂ ਇਹ ਪੱਥਰ ਮੂਰਤੀ ਬੋਲਦੀ ਕੁਝ ਨਹੀਂ ਅਤੇ ਨਾਂ ਹੀ ਤੈਨੂੰ ਕੁਝ ਸੱਜਾ ਹੀ ਦਿੰਦੀ ਹੈ ਪ੍ਰੰਤੂ ਇਹ ਦੰਭ ਕਰਮ ਇਸ ਲੋਕ ਵਿਚ ਪਾਜ ਉਘੜਨ ਕਰਕੇ ਬਿਅਰਥ ਸਿੱਧ ਹੋਵੇਗਾ ਤੇ ਤੇਰੀ ਦੰਭ ਰੂਪ ਇਹ ਸੇਵਾ = ਪੂਜਾ ਭਗਤੀ ਕੀਤੀ ਹੋਈ ਪ੍ਰਲੋਕ ਵਿਚ ਵੀ ਨਿਸ਼ਫਲ ਹੀ ਹੋਵੇਗੀ, ਕਿਉਂਕਿ ਓਥੇ ਪ੍ਰਮਾਤਮਾਂ ਨਿਆਈ ਕਾਰੀ ਬੋਲਦਾ ਵੀ ਹੈ, ਤੇ ਸਜ਼ਾ ਵੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੱਦਾ ਹੈ, ਤਾਂਤੇ ਇਸ ਵਿਚ ਵੀ ਮੂਰਤੀ ਪੂਜਾ ਦੇ ਵਿਰੁਧ ਕੁਛ ਨਹੀਂ, ਔਰ ਜੇਕਰ ਇਸ ਗਲ ਤੇ ਹਠ ਕੀਤਾ ਜਾਵੇ ਕਿ ਪੱਥਰ ਦੀ ਮੂਰਤੀ ਬੋਲਦੀ ਨਹੀਂ ਤੇ ਨਾਂ ਹੀ ਕਿਸੇ ਨੂੰ ਕੁਝ ਦਿੰਦੀ ਲੈਂਦੀ ਹੈ ਇਸ ਲਈ ਮੂਰਤੀ ਦੀ ਪੂਜਾ ਨਿਸ਼ਫਲ ਅਰਥ ਹੈ, ਤਾਂ ਇੰਜ ਬਾਕੀ ਦੇ ਹੋਰ ਜੇੜ੍ਹੇ ਮੂਰਤੀ ਪੂਜਾ ਨਹੀ ਕਰਦੇ ਉਨ੍ਹਾਂ ਦਾ ਪ੍ਰਮਾਤਮਾਂ ਕੇੜ੍ਹਾ ਕਿਸੇ ਦੇ ਸਾਹਮਣੇ ਪ੍ਰਤੱਖ ਬੋਲਦਾ ਸੁਣਿਆ ਜਾਂਦਾ ਜਾਂ ਨਜਰ ਆ ਰਿਹਾ ਹੈ, ਤੇ ਕੇੜ੍ਹਾ ਕਿਸੇ ਨੂੰ ਪ੍ਰਤੱਖ ਸਾਹਮਣੇ ਕੁਝ ਦਿੰਦਾ ਲੈਂਦਾ ਹੈ, ਜੇ ਕੁਝ ਦਿੰਦਾ ਲੈਂਦਾ ਹੋਵੇ ਤਾਂ ਉਨ੍ਹਾਂ ਲੋਕਾਂ ਨੂੰ ਹੋਰ ਕੁਝ ਵਿਹਾਰ ਜਾਂ ਕਿਸੇ ਦੀ ਨੌਕਰੀ ਆਦਕ ਰੁਜਗਾਰ ਕਰਨ ਦੀ ਕੀ, ਲੋੜ ਹੋਣੀ ਸੀ, ਪ੍ਰੰਤੂ ਉਹ ਲੋਕ ਨੌਕਰੀ, ਵਿਹਾਰ ਆਦਕ ਸਭ ਕੁਝ ਕਰਦੇ ਨਜ਼ਰ ਆ ਰਹੈ ਹਨ।

ਤਥਾ: ਜੇਕਰ ਇਹ ਕਿਹਾ ਜਾਵੇ ਕਿ, ਪ੍ਰਮਾਤਮਾਂ ਗੁਪਤ = ਅੰਦਰੂੰਨੀ ਬੋਲਦਾ ਤੇ ਸਭ ਕੁਝ ਦਿੰਦਾ, ਲੈਂਦਾ ਹੈ, ਤਾਂ ਮੂਰਤੀ ਪੂਜਕ ਵੀ ਕਹਿ ਸਕਦੇ ਹਨ ਕਿ ਮੂਰਤੀਆਂ ਵੀ ਅੰਦਰੂੰਨੀ ਗੁਪਤ ਬੋਲਦੀਆਂ ਹਨ ਤੇ ਸਭ ਕੁਝ ਦਿੰਦੀਆਂ ਲੈਂਦੀਆਂ ਵੀ ਹਨ, ਤਾਂ ਫਿਰ ਮੂਰਤੀ ਪੂਜਾ ਕੇਵਲ ਖੰਡਨ ਕਿਸ ਅਸੂਲ ਨੂੰ ਲੈਕੇ ਹੋ ਸਕਦੀ ਹੈ, ਅਤੇ ਜੇਕਰ ਇਸ ਵਿਚ, ਬੋਲਨ ਵਾਲੀ ਵਸਤੂ ਹੀ ਠਾਕੁਰ ਹੈ, ਇਸ ਤੇ ਹਠ ਕਰੀਏ ਤਾਂ ਸੰਸਾਰ ਵਿਚ ਜੋ ਵੀ, ਚੀਜਾਂ ਬੋਲਨ ਵਾਲੀਆਂ, ਮਨੁਸ਼, ਪੰਛੀ, ਕਾਰਖਾਨੇ, ਵਾਜੇ ਜੋੜੀਆਂ ਆਦਕ ਹਨ, ਉਹ ਸਾਰੀਆਂ ਹੀ ਠਾਕੁਰ ਸਰੂਪ ਹੋਣ ਕਰਕੇ ਪੂਜਨੇ ਯੋਗ ਸਿੱਧ ਹੋ ਜਾਣਗੀਆਂ, ਤਾਂ ਤੇ ਇਥੇ ਓਹੀ ਅਰਥ ਠੀਕ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਪਹਿਲੇ ਪਖ ਪਾਤ ਰਹਿਤ, ਦੰਭੀ ਪੂਜਾਰੀਆਂ ਦੀ ਪੂਜਾ ਦਾ ਨਿਸ਼ੇਧ ਹੈ, ਅਰਥ ਕੀਤਾ ਗਿਆ ਹੈ, ਇਸ ਵਿਚ ਮੂਰਤੀ ਪੂਜਾ ਦਾ ਖੰਡਨ ਅਰਥ ਬਣ ਹੀ ਨਹੀਂ ਸਕਦਾ।

੩੬. ਪ੍ਰਸ਼ਨ—ਸ੍ਰੀ ਦਸਮੇਸ਼ ਜੀ ਦੀ ਬਾਣੀ ਵਿਚੋਂ ਮੂਰਤੀ ਪੂਜਾ ਦਾ ਖੰਡਨ ਬਹੁਤ ਸਪਸ਼ਟ ਮਿਲਦਾ ਹੈ,

ਯਥਾ: (ੳ) ਕਹਾਂ ਭਯੋ ਜੋ ਅਤਿ ਹਿਤ ਚਿਤ ਕਰ ਬਹੁ ਬਿਧ ਸਿਲਾ ਪੁਜਾਈ, ਪਾਨ ਥਕਯੋ ਪਾਹਨ ਕਰ ਪ੍ਰਸਤ ਕਛੁ ਕਰ ਸਿੱਧ ਨ ਆਈ, ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ, ਤਾ ਮੈ ਕਹਾ ਸਿਧ ਹੈ ਰੇ ਜੜ੍ਹ ਤੋਹਿ ਕਹਾ ਬਰ ਦੈ ਹੈ, ਜੋ ਜੀਅ ਹੋਤ ਦੇਤ ਕਛੁ ਤੋਹਿ ਕੋ ਮਨ ਬਚ ਕਰਮ ਬਿਚਾਰ, ਕੇਵਲ ਏਕ ਸ਼ਰਣ ਸੁਆਮੀ ਬਿਨ ਯੋ ਨਹਿ ਕਤਹਿ ਉਧਾਰ, ਸ਼ਬਦ ਹਜ਼ਾਰੇ ਦੇਵ ਗੰਧਾਰੀ ਪਾ: ੧੦।

(ਅ) ਤਾਂਹਿ ਪਛਾਨਤ ਹੈ ਨ ਮਹਾਂ ਪਸੁ ਜਾਕੋ ਪ੍ਰਤਾਪ ਤਿਹੂੰ ਪੁਰ ਮਾਹੀ, ਪੂਜਤ ਹੈ ਪ੍ਰਮੇਸ਼ਰ ਕੈ ਜਹਿ ਕੇ ਪਰਸੇ ਪ੍ਰਲੋਕ ਪ੍ਰਾਹੀ, ਪਾਪ ਕਰੈ ਪ੍ਰਮਾਰਥ ਕੈ ਜਹਿ ਪਾਪਨ ਤੇ ਅਤਿ ਪਾਪ ਲਜਾਹੀ, ਪਾਇ ਪਰੋ ਪ੍ਰਮੇਸ਼ਰ ਕੈ ਜੜ੍ਹ ਪਾਹਨ ਮੈਂ ਪ੍ਰਮੇਸ਼ਰ ਨਾਹੀ, ਬਿਚਿਤ੍ਰ ਨਾਨਕ ਧਿਆ ੧।

(ੲ) ਕਾਹੇ ਕੋ ਪੂਜਤ ਪਾਹਨ ਕੋ ਕੁਛ ਪਾਹਨ ਮੈਂ ਪ੍ਰਮੇਸ਼ਰ ਨਾਹੀਂ, ਤਾਹੀ ਕੋ ਪੂਜ ਪ੍ਰਭੂ ਕਰਕੈ ਜਹਿ ਪੂਜਤ ਹੀ ਅਘ ਓਘ ਕਟਾਹੀ, ਆਧ ਬਿਆਧ ਕੇ ਬੰਧਨ ਜੇਤਕ ਨਾਮ ਕੇ ਲੇਤ ਸਭੈ ਛੁਟ ਜਾਹੀ, ਤਾਹੀ ਕੋ ਧਿਆਨ ਪ੍ਰਮਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਦਾ ਯਿਹ ਫੋਕਟ ਧਰਮ ਕਰੇ ਫਲ ਨਾਹੀ।

(ਸ) ਫੋਕਟ ਧਰਮ ਭਯੋ ਫਲ ਹੀਨ ਜੁ ਪੂਜ ਸਿਲਾ ਯੁਗ ਕੋਟ ਗਵਾਈ, ਸਿਧ ਕਹਾ ਸਿਲ ਕੇ ਪਰਸੇ ਬਲ ਬ੍ਰਧ ਘਟੀ ਨਵਨਿਧ ਨਾ ਪਾਈ, ਆਜ ਹੀ ਆਜ ਸਮੋਂ ਜੁ ਬਿਤਯੋ ਨਹਿ ਕਾਜ ਸਰਯੋ ਕੁਛ ਲਾਜ ਨ ਆਈ, ਸ੍ਰੀ ਭਗਵੰਤ ਭਜਿਓ ਨ ਅਰੇ ਜੜ੍ਹ ਐਸੇ ਹੀ ਐਸ ਸੁ ਬੈਸ ਗਵਾਈ, ੩੩ ਸਵਯੇ।

ਉਤਰ--(ੳ) ਇਸਦੀ ਆਖਰੀ ਤੁਕ ਵਿੱਚ ਸ੍ਰੀ ਦਸਮੇਸ਼ ਜੀ ਇਹ ਜਣਾ ਰਹੈ ਹਨ ਕਿ, ਕੇਵਲ ਏਕ ਸ਼ਰਣ ਸੁਆਮੀ ਬਿਨ ਕਦੀਂ ਉਧਾਰ ਨਹੀਂ ਹੋਣਾ, ਇਥੇ ਦੇਖਣਾ ਇਹ ਹੈ ਕਿ, ਮੂਰਤੀ ਪੂਜਕ ਲੋਕ ਇਕ ਪ੍ਰਮਾਤਮਾਂ ਦੀ ਸ਼ਰਣ ਤੋਂ ਬਿਨਾਂ ਹੁੰਦੇ ਹਨ ਕਿ ਨਹੀਂ, ਜੇਕਰ ਮੂਰਤੀ ਪੂਜਕ ਪ੍ਰਮਾਤਮਾਂ ਦੀ ਸ਼ਰਣ ਤੋਂ ਬਿਨਾਂ ਕੇਵਲ ਮੂਰਤੀਆਂ ਦੇ ਹੀ ਪੁਜਾਰੀ ਹੋਣ ਤਾਂ ਇਹ ਪਿਛੇ ਵੀ ਦੱਸਿਆ ਗਿਆ ਹੈ ਕਿ, ਉਨ੍ਹਾਂ ਨੂੰ ਹਜਾਰਾਂ ਹੀ ਨਰ ਨਾਰੀਆਂ ਦੀਆਂ ਮੂਰਤੀਆਂ ਦੇਖਣ ਵਿਚ ਆਉਂਦੀਆਂ ਹਨ ਤਾਂ ਉਨ੍ਹਾਂ ਦੀ ਉਹ ਥਾਂ ਥਾਂ ਤੇ ਪੂਜਾ ਕਰਨ ਲਗ ਪੈਂਣ, ਪ੍ਰੰਤੂ ਇੰਜ ਨਹੀਂ ਜਿਥੇ ਕਿਤੇ ਪ੍ਰਮਾਤਮਾਂ ਦੀ ਜਾਂ, ਪ੍ਰਮਾਤਮਾਂ ਦੇ ਕਿਸੇ ਅਵਤਾਰ ਜਾਂ ਸੰਤ ਭਗਤ ਦੀ ਮੂਰਤੀ ਵੇਖਦੇ ਹਨ ਉਸ ਦੀ ਪੂਜਾ ਸਤਿਕਾਰ ਕਰਦੇ ਹਨ, ਤਾਂ ਸਾਬਤ ਹੋਇਆ ਕੇਵਲ ਮੂਰਤੀਆਂ ਦੀ ਹੀ ਸ਼ਰਣ ਨਹੀਂ ਲੈਂਦੇ ਕਿੰਤੂ ਵਾਸਤਵ ਸ਼ਰਣ ਪ੍ਰਮਾਤਮਾਂ ਦੀ ਹੀ ਲੈਂਦੇ ਹਨ ਤਾਂਤੇ ਮੂਰਤੀ ਪੂਜਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮਾਤਮਾਂ ਦੀ ਸ਼ਰਣ ਤੋਂ ਬਿਨਾਂ ਨਹੀਂ ਹਨ, ਇਸ ਲਈ ਇਹ ਸ੍ਰੀ ਦਸਮੇਸ਼ ਜੀ ਦਾ ਵਾਕ ਮੂਰਤੀ ਪੂਜਕਾਂ ਉਤੇ ਲਾਗੂ ਨਹੀਂ ਹੁੰਦਾ, ਹਾਂ ਜੇੜ੍ਹੇ ਅੰਦਰੋਂ ਪ੍ਰਮਾਤਮਾਂ ਦੀ ਸ਼ਰਣ ਵਿਸ਼ਵਾਸ਼ ਤੋਂ ਬਿਨਾਂ ਹਨ ਤੇ ਉਤੂੰ ਮੂਰਤੀ ਪੂਜਾ ਲੋਕ ਦਿਖਲਾਵੇ ਹਿਤ ਆਪਣੇ ਪੇਟ ਰੁਜਗਾਰ ਲਈ ਹੀ ਕਰਦੇ ਹਨ ਉਨ੍ਹਾਂ ਉਤੇ ਇਹ ਸ਼ਬਦ ਲਾਗੂ ਹੋ ਸਕਦਾ ਹੈ ਜਿਸ ਲਈ ਅਸਲ ਮੂਰਤੀ ਪੂਜਾ ਦੇ ਭਾਵ ਦਾ ਖੰਡਨ ਨਹੀਂ ਹੋ ਸਕਦਾ, ਜੇਕਰ ਕਹੁ ਕਿ ਇਸ ਵਿਚ, ਕਹਾਂ ਭਯੋ ਜੋ ਅਤਿ ਹਿਤ ਚਿਤ ਕਰ ਬਹੁ ਬਿਧਿ ਸਿਲਾ ਪੁਜਾਈ, ਲਿਖਿਆ ਹੈ, ਤਾਂ ਇੰਜ ਪਾਖੰਡੀ ਲੋਗ ਹੀ ਅਤਿ = ਬਹੁਤ ਹਿਤ ਚਿਤ ਕਰਕੇ (ਲੋਕ ਸਮਝਣ ਕਿ ਇਹ ਬਹੁਤ ਹੀ ਸ਼ਰਧਾਲੂ ਹੈ) ਬਹੁਤ ਪ੍ਰਕਾਰ ਦੇ ਤਰੀਕੇ ਬਣਾਕੇ ਮੂਰਤੀ ਪੂਜਾ ਕਰਦੇ ਹਨ, ਕਿਉਂਕਿ ਤੀਰਥਾਂ ਦੇ ਮੇਲਿਆਂ ਤੇ ਅੱਜ ਕਲ ਵੀ ਦੇਖਣ ਵਿਚ ਆਉਂਦੇ ਹਨ ਕਿ ਕਈ ਦੇਵੀ, ਦੇਵਤੇ, ਵਿਸ਼ਨੂੰ ਆਦਕਾਂ ਦੀਆਂ ਮੂਰਤੀਆਂ ਬਹੁਤ ਹੀ ਸਜਾ ਸ਼ਿਗਾਰ ਕੇ ਕੋਲ ਬੈਠੇ ਅਖੀਂ ਬੰਦ ਕਰਕੇ ਟੱਲੀ ਵਜਾਉਂਦੇ ਰਹਿੰਦੇ ਬਜ਼ਾਰਾਂ ਵਿਚ ਬੈਠੇ ਹੁੰਦੇ ਹਨ, ਪ੍ਰੰਤੂ ਅੰਦਰੋਂ ਉਨ੍ਹਾਂ ਦੀ ਤੀਬਰ ਇਛਾ ਇਹ ਹੁੰਦੀ ਹੈ ਕਿ ਕਿਵੇਂ ਕੋਈ ਪੈਸਾ ਮੱਥਾ ਟੇਕੇ, ਤਾਂ ਤੇ ਅਜਿਹੀ ਮੂਰਤੀ ਪੂਜਾ ਦਾ ਖੰਡਨ ਕਰਨਾ ਉਪਕਾਰ ਹੈ, ਦੰਭ ਦਾ ਹਮੇਸ਼ਾ ਹੀ ਨਿਸ਼ੇਧ ਕਰਨਾ ਚਾਹੀਦਾ ਹੈ, ਪ੍ਰੰਤੂ ਦੰਭ ਨਿਸ਼ੇਧ ਦਾ ਆਸਰਾ ਲੈ ਕੇ ਅਸਲੀਅਤ ਦਾ ਵੀ ਨਿਸ਼ੇਧ ਕਰਨਾ ਇਹ ਬੁਧੀ ਮਤਾ ਨਹੀਂ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਕੀ ਰਿਹਾ, 'ਪਾਨ ਥਕਯੋ ਪਾਹਨ ਕਰ ਪ੍ਰਸਤ ਕਛੁ ਕਰ ਸਿਧ ਨ ਆਈ' ਇਹ ਵੀ ਉਪ੍ਰੋਕਤ ਪਖੰਡੀ ਪੁਜਾਰੀਆਂ ਹਿਤ ਹੀ ਕਥਨ ਹੈ ਕਿ, ਮੂਰਤੀਆਂ ਨੂੰ ਹਥਾਂ ਨਾਲ ਸ਼ਿੰਗਾਰ ਆਦਕ ਕਰਦਿਆਂ ਹਥ ਵੀ ਥਕ ਗਏ ਭਾਵ ਉਮਰ ਹੀ ਗੁਜ਼ਰ ਗਈ, ਪ੍ਰੰਤੂ ਉਨ੍ਹਾਂ ਹਥਾਂ ਵਿਚ ਕੁਝ ਵੀ ਸਿੱਧੀ ਨਹੀਂ ਆਈ ਭਾਵ ਉਹ ਹਥ ਅਜੇ ਵੀ ਪੈਸੇ ਪੈਸੇ ਲਈ ਭਟਕਦੇ ਹਨ, ਇਹ ਨਹੀਂ ਕਿ ਪੈਸੇ ਨਾਲ ਪੁਰ ਹੋ ਗਏ ਹਨ, ਇਸ ਲਈ ਇਸ ਦੰਭ ਦੀ ਪੂਜਾ ਨਾਲੋਂ ਜੇਕਰ ਪਰਮਾਤਮਾਂ ਦੀ ਸੱਚੇ ਦਿਲ ਸੇ ਪੂਜਾ ਭਗਤੀ ਕਰਦੇ ਤਾਂ ਮਨ ਵਿਚ ਸੰਤੋਖ ਵੀ ਆ ਜਾਂਦਾ, ਜਿਸ ਲਈ ਪੈਸੇ ਪੈਸੇ ਹਿਤ ਇਹ ਦੰਭ ਰੂਪ ਕਰਮ ਹੀ ਨਾ ਕਰਦੇ, ਜੇਕਰ ਇਥੇ ਅਸਲ ਮੂਰਤੀ ਪੂਜਾ ਦਾ ਹੀ ਖੰਡਨ ਕੀਤਾ ਜਾਵੇ ਤਾਂ ਇੰਜ ਜਿਹੜੇ ਮੂਰਤੀ ਪੂਜਾ ਨਹੀਂ ਕਰਦੇ ਉਨ੍ਹਾਂ ਦੇ ਹਥ ਵਿਚ ਕੀ ਸਿਧੀ ਆਈ ਹੋਈ ਹੈ ? ਕੀ ਉਹ ਲੋਹੇ ਨੂੰ ਹਥ ਲਾ ਦੇਣ ਤਾਂ ਉਹ ਸੋਨਾਂ ਬਣ ਜਾਂਦਾ ਹੈ ? ਜੇਕਰ ਨਹੀਂ ਤਾਂ ਇੰਜ ਉਨ੍ਹਾਂ ਦਾ ਵੀ ਇਥੇ ਖੰਡਨ ਸਿਧ ਹੋ ਜਾਵੇਗਾ ਤਥਾ: ਪ੍ਰਨਾਮੀ ਮਤ ਵਾਲੇ ਆਪਣੇ ਸ੍ਰੀ ਕੁਲਜਮ ਸਰੂਪ ਧਰਮ ਗ੍ਰੰਥ ਦੁਆਰਾ ਵੀ ਭਗਤੀ ਪੂਜਾ ਕਰ ਲੈਂਦੇ ਹਨ ਅਤੇ ਅਕਾਲੀ ਮਤ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ "ਪ੍ਰਗਟ ਗੁਰਾਂ ਕੀ ਦੇਹ" ਮੰਨਕੇ ਹਰ ਰੋਜ ਬੜੇ ਸਤਿਕਾਰ ਅਤੇ ਸ਼ਰਧਾ ਭਗਤੀ ਸੇ ਪ੍ਰਕਾਸ਼ ਕਰਦੇ ਤੇ ਸੁਖ ਆਸਨ ਵੀ ਕਰਦੇ ਔਰ ਪੂਜਾ ਭਗਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ ਪ੍ਰਤੱਖ ਦੇਖੇ ਜਾਂਦੇ ਹਨ ਔਰ ਮੁਸਲਮਾਨ ਵੀ ਕੁਰਾਂਨ ਸ਼ਰੀਫ ਨੂੰ ਖੁਦਾ ਦੀ ਕਲਾਮ, ਸਮਝਕੇ ਬੜੇ ਸਤਿਕਾਰ ਨਾਲ ਹਰ ਰੋਜ ਹਥ ਵੀ ਲਾਉਂਦੇ ਹਨ ਤਾਂ ਉਪ੍ਰੋਕਤ ਹਰ ਰੋਜ ਹਥ ਲਾਉਣ ਵਾਲਿਆਂ ਦੇ ਹਥਾਂ ਵਿਚ ਮੂਰਤੀ ਪੂਜਕਾਂ ਨਾਲੋਂ ਕੋਈ ਵਖਰੀ ਸਿੱਧੀ ਆਈ ਪ੍ਰਤੀਤ ਨਹੀਂ ਹੁੰਦੀ ਤਜਰਬਾ ਕਰਨੇ ਸੇ, ਮੌਲਵੀ, ਗ੍ਰੰਥੀ, ਔਰ ਮੰਦਰਾਂ ਦੇ ਪੁਜਾਰੀ ਪੰਡਤ, ਇਕੋ ਜਿਹੇ ਹੀ ਸਾਬਤ ਹੁੰਦੇ ਹਨ, ਤਾਂਤੇ ਇੰਜ ਇਥੇ ਉਪ੍ਰੋਕਤ ਕੇਵਲ ਮੂਰਤੀ ਪੂਜਾ ਦਾ ਹੀ ਖੰਡਨ ਨਹੀਂ ਹੋਵੇਗਾ ਬਲਕਿ ਨਾਲ ਹੀ ਅਕਾਲੀ, ਮੁਸਲ਼ਮਾਨ, ਆਦਕਾਂ ਦੀ ਵੀ ਰੀਤੀ (ਮ੍ਰਿਯਾਦਾ) ਦਾ ਨਿਸ਼ੇਧ ਅਰਥ ਹੋ ਜਾਵੇਗਾ, ਇਸ ਲਈ ਉਪ੍ਰੋਕਤ ਦੰਭੀ ਪੁਜਾਰੀਆਂ ਦੀ ਪੂਜਾ ਦਾ ਨਿਸ਼ੇਧ ਅਰਥ ਉਤੇ ਕੀਤਾ ਗਿਆ ਹੈ ਓਹੀ ਠੀਕ ਬੈਠਦਾ ਹੈ।

ਔਰ, 'ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈਂ' ਵਾਕ ਵਿਚ ਵੀ ਉਪ੍ਰੋਕਤ ਦੰਭੀ ਪੁਜਾਰੀਆਂ ਹਿਤ ਹੀ ਕਿਹਾ ਹੈ ਕਿ ਚੌਲ, ਧੂਪ, ਦੀਪ ਆਦਕ ਮੂਰਤੀਆਂ ਨੂੰ ਅਰਪਨ ਕਰਨ ਦੇ ਬਹਾਨੇ ਲੋਕਾਂ ਕੋਲੋਂ ਧਨ ਇਕਠਾ ਕਰਦੇ ਰਹਿੰਦੇ ਹਨ, ਪ੍ਰੰਤੂ ਪੱਥਰ ਮੂਰਤੀ ਕੁਝ ਖਾਂਦੀ ਨਹੀਂ, ਤਾਂ ਤੇ ਇਸ ਵਿਚ ਕੀ ਸਿਧੀ ਹੋਵੇਗੀ ? ਹੇ ਮੂਰਖ! ਤੈਨੂੰ ਕੀ ਵਰ ਦੇਵੇਗੀ! ਭਾਵ ਇਸ ਪਖੰਡ ਦੀ ਪੂਜਾ ਸੇ ਆਪ ਕੋ ਮੂਰਤੀ ਪੂਜਾ ਦਾ ਕੁਝ ਫਲ ਨਹੀਂ ਹੋਵੇਗਾ, ਜੇਕਰ ਇਥੇ ਕਿਹਾ ਜਾਵੇ ਕਿ ਮੂਰਤੀ ਕੁਝ ਨਹੀਂ ਖਾਂਦੀ ਅਤੇ ਕੋਈ ਵਰ ਨਹੀਂ ਦਿੰਦੀ ਲਿਖਿਆ ਹੈ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਸਾਫ ਮੂਰਤੀ ਪੂਜਾ ਦਾ ਖੰਡਨ ਹੋ ਰਿਹਾ ਹੈ, ਤਾਂ ਇਹ ਪਹਿਲੇ ਕਈ ਵੇਰ ਦੱਸ ਚੁਕੇ ਹਾਂ ਕਿ ਮੂਰਤੀ ਨਾਂ ਕੁਛ ਖਾਂਦੀ ਹੈ ਤੇ ਨਾਂ ਹੀ ਕੁਛ ਵਰ ਦਿੰਦੀ ਹੈ, ਇਹ ਮੂਰਤੀ ਪੂਜਕ ਮੰਨਦੇ ਹਨ ਪ੍ਰੰਤੂ ਮੂਰਤੀ ਪੂਜਕ ਮੂਰਤੀ ਵਾਲੇ ਦੇਵਤਾ ਹਿੱਤ ਹੀ ਭੋਗ ਪਦਾਰਥ ਅੱਗੇ ਰੱਖਦੇ ਹਨ ਤੇ ਕਿਸੇ ਵਰ ਪ੍ਰਾਪਤੀ ਦੀ ਇੱਛਾ ਵੀ ਉਹਨਾਂ ਨੂੰ ਮੂਰਤੀ ਵਾਲੇ ਦੇਵਤਾ ਦੀ ਪ੍ਰਸੰਨਤਾ ਦੇ ਹੀ ਅਧੀਨ ਹੁੰਦੀ ਹੈ ਜੇਕਰ ਇਥੇ ਹੱਠ ਕੀਤਾ ਜਾਵੇ ਤਾਂ ਜੇਹੜੇ ਮੂਰਤੀ ਪੂਜਾ ਨਹੀਂ ਕਰਦੇ ਉਹਨਾਂ ਦੇ ਭੋਗ ਪਦਾਰਥ ਪ੍ਰਮਾਤਮਾਂ ਦੇ ਅਰਪਨ ਕੀਤੇ ਹੋਇ, ਕੀ, ਪ੍ਰਮਾਤਮਾਂ ਖਾ ਜਾਂਦਾ ਹੈ, ਜੇਕਰ ਖਾ ਜਾਂਦਾ ਹੈ ਤਾਂ ਕਿਸ ਸ਼ਕਲ ਵਿੱਚ ਆ ਕੇ ਖਾਂਦਾ ਹੈ, ਅਤੇ ਉਹ ਸਾਨੂੰ ਕੋਲ ਸੱਦ ਕੇ ਪ੍ਰਤੱਖ ਖਾਂਦਾ ਦਿਖਾਉਣ ਜੇਕਰ ਕਹਿਣ ਗੁਪਤ ਹੀ ਖਾਂਦਾ ਹੈ ਤਾਂ ਇੰਜ ਮੂਰਤੀ ਪੂਜਕ ਵੀ ਕਹਿ ਸੱਕਣਗੇ ਕਿ ਸਾਡੀ ਮੂਰਤੀ ਵੀ ਗੁਪਤ ਹੀ ਖਾਂਦੀ ਹੈ, ਪ੍ਰਤੱਖ ਨਹੀਂ ਖਾਂਦੀ, ਤਾਂਤੇ ਇੰਜ ਮੂਰਤੀ ਪੂਜਕਾਂ ਦਾ ਖੰਡਨ ਨਹੀਂ ਬਣ ਸਕੇਗਾ।

ਜੇਕਰ ਕਿਹਾ ਜਾਵੇ ਕਿ, ਜੇਹੜੇ ਮੂਰਤੀ ਪੂਜਾ ਨਹੀਂ ਕਰਦੇ ਉਹ ਪ੍ਰਮਾਤਮਾਂ ਦੇ ਅਰਪਨ ਕੁਛ ਵੀ ਨਹੀਂ ਕਰਦੇ ਤੇ ਨਾਂ ਹੀ ਉਹ ਕੁਛ ਭੋਗ ਲਵਾਉਂਦੇ ਹਨ, ਤਾਂ ਇੰਜ ਆਰਯਾ ਸਮਾਜੀ ਵੀ ਸੋਮਰਸ ਦੇ ਭੋਗ ਲਵਾਉਣ ਵਾਸਤੇ ਪ੍ਰਮਾਤਮਾਂ ਅਗੇ ਪ੍ਰਾਰਥਨਾਂ ਕਰਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ, ਲਾਵਹੁ ਭੋਗੁ ਹਰਿ ਰਾਇ, ਲਿਖਿਆ ਹੈ ਹਰਿ ਰਾਇ—ਪ੍ਰਮਾਤਮਾਂ ਭੋਗ ਲਾਉਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਖਾਂਦਾ) ਹੋਵੇਗਾ ਤੇ ਤਦ ਹੀ ਲਾਵਹੁ ਭੋਗ ਹਰ ਰਾਇ, ਲਿਖਿਆ ਹੈ, ਇਸ ਲਈ ਜੇਕਰ ਪਰਮਾਤਮਾਂ ਦੇ ਭੋਗ ਹਿੱਤ ਕੁਛ ਪਦਾਰਥ ਅਰਪਨ ਕੀਤੇ ਜਾਣ ਤਾਂ ਉਹ ਪ੍ਰਮਾਤਮਾਂ ਪ੍ਰਤੱਖ ਭੋਗ ਲਾਉਂਦਾ ਹੈ ਕਿ ਗੁਪਤੀ ਹੀ ਖਾਂਦਾ ਹੈ, ਜੇਕਰ ਪ੍ਰਤੱਖ ਖਾਂਦਾ ਹੈ ਤਾਂ ਜਲ ਥਲ ਮਹੀਅਲ ਪੂਰਨ ਕਿਸੇ ਸ਼ਕਲ (ਮੂਰਤੀ) ਵਿਚ ਹੀ ਖਾਂਦਾਂ ਹੋਵੇਗਾ, ਤਾਂ ਵੀ ਮੂਰਤੀ ਪੂਜਾ ਖੰਡਨ ਨਹੀਂ ਹੋ ਸਕੇਗੀ ਜੇਕਰ ਪ੍ਰਤਖ ਹੋਕੇ ਨਹੀਂ ਖਾਂਦਾਂ ਤਾਂ ਮੂਰਤੀ ਵਤ ਨਹੀਂ ਖਾਂਦਾਂ ਹੋਣ ਕਰਕੇ ਪ੍ਰਮਾਤਮਾਂ ਹਿਤ ਕੁਛ ਭੋਗ ਪਦਾਰਥ ਅਰਪਨ ਕਰਨੇ ਵੀ ਨਾਲ ਹੀ ਨਿਸ਼ੇਧ ਹੋ ਜਾਣਗੇ, ਔਰ ਇਥੇ ਇਹ ਵੀ ਪ੍ਰਸ਼ਨ ਪੈਂਦਾ ਹੋਵੇਗਾ ਕਿ, ਜੇੜ੍ਹੇ ਮੂਰਤੀ ਪੂਜਾ ਨਹੀਂ ਕਰਦੇ ਉਨ੍ਹਾਂ ਨੂੰ ਪ੍ਰਮਾਤਮਾਂ ਕੋਈ ਵਰ ਦਿੰਦਾ ਹੈ ਕਿ ਨਹੀਂ, ਜੇਕਰ ਦਿੰਦਾ ਹੈ ਤਾਂ ਸਬੂਤ ਕੀ, ਕੇਵਲ ਕਹਿ ਦੇਣਾ ਹੀ ਹੈ ਜਾਂ ਕੁਝ ਹੋਰ ਵੀ, ਜੇਕਰ ਕੁਝ ਹੋਰ ਵੀ ਹੈ ਤਾਂ ਕੀ, ਕਿਉਂਕਿ ਪ੍ਰਤੱਖ ਵਰ ਦਿੰਦਾ ਅਸੀਂ ਕਦੀਂ ਨਹੀਂ ਸੁਣਿਆਂ, ਜੇਕਰ ਕਹੈ ਦੇਣਾ ਹੀ ਸਬੂਤ ਹੋਵੇਗਾ ਤਾਂ ਮੂਰਤੀ ਪੂਜਕ ਵੀ ਕਹੈ ਦੇਣਗੇ ਕਿ ਸਾਡੀ ਮੂਰਤੀ ਸਾਨੂੰ ਵਰ ਦਿੰਦੀ ਹੈ, ਅਤੇ ਜੇਕਰ ਪ੍ਰਮਾਤਮਾਂ ਪ੍ਰਤੱਖ ਵਰ ਨਹੀਂ ਦਿੰਦਾ ਤਾਂ ਇਸ ਦੋਸ਼ ਕਰਕੇ ਕੇਵਲ ਮੂਰਤੀ ਪੂਜਾ ਹੀ ਖੰਡਨ ਨਹੀਂ ਹੋਵੇਗੀ ਫਿਰ ਨਾਲ ਹੀ ਪ੍ਰਮਾਤਮਾਂ ਦੀ ਪੂਜਾ ਭਗਤੀ ਦਾ ਵੀ ਨਿਸ਼ੇਧ ਹੋ ਜਾਵੇਗਾ, ਤਾਂਤੇ ਉਪ੍ਰੋਕਤ ਅਰਥ ਜੋ ਦੰਭੀ ਪੁਜਾਰੀਆਂ ਦੇ ਅਰਪਨ ਦਾ ਨਿਸ਼ੇਧ ਕੀਤਾ ਗਿਆ ਹੈ ਓਹੋ ਹੀ ਠੀਕ ਬੈਠਦਾ ਹੈ।
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਕਿਹਾ ਜਾਵੇ ਕਿ ਇਥੇ ਸਾਫ ਲਿਖਿਆ ਹੈ ਕਿ–'ਜੋ ਜੀਅ ਹੋਤ ਦੇਤ ਕਛੁ ਤੋਹਿ ਕੋ ਮਨ ਬਚ ਕਰਮ ਬਿਚਾਰ' ਤਾਂ ਇਸ ਵਿਚ ਵੀ ਉਪ੍ਰੋਕਤ ਦੰਭੀ ਪੁਜਾਰੀਆਂ ਨੂੰ ਹੀ ਕਿਹਾ ਹੈ ਕਿ ਜੇਕਰ ਮੂਰਤੀ ਵਿਚ ਜੀਵ ਵੀ ਹੁੰਦਾ ਤਾਂ ਵੀ ਤੇਰੀ ਪਖੰਡ ਦੀ ਪੂਜਾ ਦਾ ਵਿਚਾਰ ਕੇ ਮਨ ਬਾਣੀ ਕਰਮ ਦੁਆਰਾ ਤੈਨੂੰ ਕੁਝ ਫਲ ਦਿੰਦਾ ਪ੍ਰੰਤੂ ਮੂਰਤੀ ਵਿਚ ਕੋਈ ਜੀਵ ਨਹੀਂ, ਇਸ ਲਈ ਤੈਨੂੰ ਕੋਈ ਉਲਟਾ ਫਲ ਨਹੀਂ ਮਿਲਿਆ, ਪਰ ਯਾਦ ਰਖ ਜਦ ਤਕ ਦੰਭ ਰੂਪ ਪੂਜਾ ਭਗਤੀ ਛਡ ਕੇ ਸੱਚੇ ਦਿਲ ਨਾਲ ਕੇਵਲ ਪਰਮਾਤਮਾਂ ਦੀ ਸ਼ਰਣ ਨਹੀਂ ਹੋਵੇਂਗਾ ਤਦ ਤਕ ਤੇਰਾ ਕਦੀਂ ਵੀ ਉਧਾਰ ਨਹੀਂ ਹੋਣਾ, ਇਸ ਵਿੱਚ ਵੀ ਮੂਰਤੀ ਪੂਜਾ ਜਿਸ ਭਾਵ ਨੂੰ ਲੈ ਕੇ ਕੀਤੀ ਜਾਂਦੀ ਹੈ ਉਸ ਦਾ ਕੋਈ ਨਿਸ਼ੇਧ ਨਹੀਂ ਬਣਦਾ, ਕਿਉਂਕਿ ਮੂਰਤੀ ਪੂਜਕ ਲੋਗ ਸਾਧਾਰਨ ਜੀਵ ਦੀ ਪੂਜਾ ਨਹੀਂ ਕਰਦੇ ਕਿੰਤੂ ਜਿਹੜੀ ਮੂਰਤੀ ਪ੍ਰਮਾਤਮਾਂ, ਅਵਤਾਰ ਕਿਸੇ ਦੇਵਤਾ ਦੀ ਹੋਵੇ ਉਸਨੂੰ ਮੰਨਦੇ ਹਨ, ਔਰ ਮੂਰਤੀ ਵਿਚ ਜੀਵ ਹੁੰਦਾ ਉਹ ਮੰਨਦੇ ਵੀ ਨਹੀਂ, ਜੇਕਰ ਮੰਨਦੇ ਹੋਣ ਤਾਂ ਜੈ ਪੁਰ ਵਿਚੋਂ ਮੂਰਤੀ ਪੇਟੀ ਵਿਚ ਬੰਦ ਕਰਕੇ ਪਾਰਸਲ ਕਦੀਂ ਵੀ ਨਾਂ ਕਰਵਾਇਆ ਕਰਨ, ਤਾਂਤੇ ਇਹ, ਜੋ ਜੀਅ ਹੋਤ ਦੇਤ ਕਛੁ ਤੋਹਿ ਕੋ, ਵਾਕ ਮੂਰਤੀ ਪੂਜਕਾਂ ਉਤੇ ਲਾਗੂ ਨਹੀਂ ਹੁੰਦਾ, ਜੇ ਕਦੀਂ ਹਠ ਹੀ ਕੀਤਾ ਜਾਵੇ ਤਾਂ ਜੇੜ੍ਹੇ ਮੂਰਤੀ ਪੂਜਾ ਨਹੀਂ ਕਰਦੇ ਉਨ੍ਹਾਂ ਦਾ ਪ੍ਰਮਾਤਮਾਂ ਉਨ੍ਹਾਂ ਨੂੰ ਕੀ ਪ੍ਰਤੱਖ ਹਥ ਵਿਚ ਦੇ ਦਿੰਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਕਰ ਗੁਪਤੀ ਤੌਰ ਤੇ ਕੁਛ ਦਿੰਦਾ ਕਹਿਣ ਤਾਂ ਇੰਜ ਮੂਰਤੀ ਪੂਜਕਾਂ ਨੂੰ ਵੀ ਕੁਛ ਗੁਪਤੀ ਮੂਰਤੀ ਕੋਲੋਂ ਮਿਲ ਜਾਂਦਾ ਹੋਵੇਗਾ, ਤਾਂ ਤੇ ਇੰਜ ਕੇਵਲ ਪ੍ਰਮਾਤਮਾਂ ਦੀ ਪੂਜਾ ਭਗਤੀ ਵੀ ਨਹੀਂ ਠਹਿਰ ਸਕੇਗੀ ਬਾਕੀ:

ਜੋੜ੍ਹੇ ਵੇਦ ਮੰਤ੍ਰ ਜਾਂ ਕਿਸੇ ਹੋਰ ਕਲਮੇਂ ਜਾਂ ਬਾਣੀ, ਗੁਰ ਮੰਤ੍ਰਾਂ ਦੇ ਪਾਠ (ਪੜ੍ਹਨ) ਦੁਆਰਾ ਭਗਤੀ ਪ੍ਰਮਾਤਮਾਂ ਦੀ ਕਰਦੇ ਹਨ, ਉਨ੍ਹਾਂ ਦੇ ਵੇਦ ਮੰਤ੍ਰ, ਕਲਮੇਂ, ਗੁਰ ਮੰਤ੍ਰਾਂ ਜਾਂ ਕਿਸੇ ਬਾਣੀ ਵਿਚ ਵੀ ਕੋਈ ਜੀਵ ਨਹੀਂ ਹੁੰਦਾ, ਤਾਂ ਉਨ੍ਹਾਂ ਨੂੰ ਵੀ ਕੁਛ ਫਲ ਨਹੀਂ ਮਿਲ ਸਕੇਗਾ, ਜੇ ਕਿਹਾ ਜਾਵੇ ਕਿ ਇਸ ਵਿਚ ਇਕ ਬਿਨ ਦੂਸਰ ਸੋ ਨਾ ਚਿਨਾਰ, ਦੁਆਰਾ ਕੇਵਲ ਇਕ ਪ੍ਰਮਾਤਮਾਂ ਨੂੰ ਮੰਨਣ ਦੀ ਹੀ ਪ੍ਰੇਰਨਾ ਕੀਤੀ ਹੈ, ਤਾਂ ਮੂਰਤੀ ਪੂਜਕ ਖੁਦ ਆਪਣੀ ਆਰਤੀ ਵਿਚ ਹਰ ਰੋਜ ਕਹਿੰਦੇ ਹਨ ਕਿ, ਤੁਧ ਬਿਨ ਅਵਰ ਨਾ ਦੂਜਾ ਆਸ ਕਰੂੰ ਕਿਸਕੀ, ਹੇ ਜਗਦੀਸ਼ਰ ਸਾਡਾ ਤੇਰੇ ਬਗੈਰ ਕੋਈ ਹੋਰ ਦੂਜਾ ਹੈ ਹੀ ਨਹੀਂ ਜਿਸਦੀ ਆਸ ਕਰੀਏ, ਤਾਂ ਮੂਰਤੀ ਪੂਜਕ ਜਦ ਪਹਿਲੇ ਹੀ ਕਿਸੇ ਦੂਜੇ ਦੀ ਆਸਾ ਨਹੀਂ ਰਖਦੇ, ਤਾਂ ਇਹ ਮੂਰਤੀ ਪੂਜਕਾਂ ਉਤੇ ਲਾਗੂ ਕਿਵੇਂ ਕੀਤਾ ਜਾ ਸਕਦਾ ਹੈ, ਜੇ ਕਿਹਾ ਜਾਵੇ ਕਿ ਉਹ ਇਹ ਮੂਰਤੀ ਨੂੰ ਕਹਿੰਦੇ ਹਨ, ਪ੍ਰਮਾਤਮਾਂ ਨੂੰ ਨਹੀਂ ਕਹਿੰਦੇ, ਤਾਂ ਮੂਰਤੀਆਂ ਉਸ ਮੂਰਤੀ ਵਰਗੀਆਂ, ਹੋਰ ਹਜਾਰਾਂ ਮਿਲ ਸਕਦੀਆਂ ਹਨ, ਫਿਰ ਮੂਰਤੀ ਨੂੰ ਕਹਿਣਾ ਕਿ ਤੇਰੇ ਬਿਨਾ ਸਾਨੂੰ ਕੋਈ ਹੋਰ ਦੂਜੀ ਨਹੀਂ ਮਿਲ ਸਕਦੀ ਇਹ ਬਿਅਰਥ ਸਿਧ ਹੋ ਜਾਂਦਾ ਹੈ, ਆਮ ਨਰ ਨਾਂਰੀਆਂ ਦੀਆਂ ਮੂਰਤੀਆਂ ਨੂੰ ਕਹਿੰਦੇ ਵੀ ਨਹੀਂ ਕਿੰਤੂ, ਪ੍ਰਮਾਤਮਾ, ਗੁਰੂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਵਤਾਰਾਂ ਆਦਕਾਂ ਦੀ ਮੂਰਤੀ ਅੱਗੇ ਹੀ ਕਹਿੰਦੇ ਹਨ ਤਾਂਤੇ ਸੱਚਾ ਭਾਵ ਕਹਿਣ ਦਾ ਇਹੀ ਹੈ ਕਿ ਹੇ ਪ੍ਰਮਾਤਮਾ ਤੇਰੇ ਬਿਨਾਂ ਸਾਡਾ ਹੋਰ ਕੋਈ ਨਹੀਂ, ਇਸ ਲਈ ਇਸ ਸੇ ਜੋ ਅੰਦਰੋਂ ਸਚੇ ਦਿਲ ਸੇ ਪ੍ਰਮਾਤਮਾਂ ਨੂੰ ਨਹੀਂ ਮੰਨਦੇ ਕਿੰਤੂ ਉਤੂੰ ਲੋਕ ਵਿਖਲਾਵੇ ਹਿਤ ਆਪਣੇ ਦੂਜੇ (ਪਦਾਰਥਾਂ ਦੀ) ਸੁਆਰਥ ਸਿਧੀ ਲਈ ਪੂਜਾ ਭਗਤੀ ਕਰਦੇ ਹਨ, ਉਨ੍ਹਾਂ ਦਾ ਹੀ ਨਿਸ਼ੇਧ ਅਰਥ ਬਣਦਾ ਹੈ।

(ਅ) ਇਸ ਸ਼ਬਦ ਵਿਚ ਵੀ ਕੋਈ ਅਜਿਹਾ ਵਾਕ ਨਹੀਂ ਜੋ ਮੂਰਤੀ ਪੂਜਕਾਂ ਉਤੇ ਲਾਗੂ ਹੁੰਦਾ ਹੋਵੇ ਕਿਉਂਕਿ ਇਸ ਵਿਚ ਪਹਿਲੇ ਹੈ ਕਿ, ਜਿਸਦਾ ਪ੍ਰਤਾਪ ਤਿੰਨਾਂ ਲੋਕਾਂ ਵਿਚ ਹੈ ਉਸਨੂੰ ਪਛਾਣਦੇ ਨਹੀਂ ਉਹ ਮਹਾਂ ਪਸ਼ੂ ਹਨ ਪ੍ਰੰਤੂ ਮੂਰਤੀ ਪੂਜਕ ਸ੍ਰੀ ਵਿਸ਼ਨੂੰ ਜੀ ਦੀ ਮੂਰਤੀ ਅੱਗੇ ਖੜੇ ਹੋ ਕੇ ਸਾਫ ਕਹਿੰਦੇ ਹਨ ਕਿ, ਵੰਦੇ ਵਿਸ਼ਣੂ ਭਵ ਭੈ ਹਰੰ ਸ੍ਰਵ ਲੋਕਈ ਕੇ ਨਾਥੰ, ਭਾਵ ਸਰਬ ਲੋਕਾਂ ਦੇ ਮਾਲਕ ਆਪ ਕੋ ਨਿਮਸਕਾਰ ਹੋ, ਤਾਂਤੇ ਮੂਰਤੀ ਪੂਜਕ ਪਸ਼ੂ ਨਹੀਂ ਸਾਬਤ ਹੋ ਸਕਦੇ ਕਿਉਂਕਿ ਉਹ ਸਰਬ ਲੋਕਾਂ ਵਿਚ ਹੀ ਉਸਦਾ ਪ੍ਰਤਾਪ-ਮਾਲਕੀ ਮੰਨਦੇ ਹਨ, ਜੇਕਰ ਕਿਹਾ ਜਾਵੇ ਕਿ ਮੂਰਤੀ ਪੂਜਕ ਅੰਦਰੋਂ ਸੱਚੇ ਦਿਲ ਸੇ ਨਹੀਂ ਕਹਿੰਦੇ ਕਿੰਤੂ ਉਤੂੰ ਜ਼ਬਾਨੀ ਜ਼ਬਾਨੀ ਹੀ ਇੰਜ ਕਹਿੰਦੇ ਹਨ, ਤਾਂ ਫਿਰ ਉਹ ਪਾਖੰਡੀ ਸਾਬਤ ਹੋ ਗਏ ਕਿਉਂਕਿ ਪਾਖੰਡੀ ਉਸੇ ਨੂੰ ਕਿਹਾ ਜਾਂਦਾ ਹੈ, ਜਿਸ ਦੇ ਦਿਲ ਵਿਚ ਕੁਝ ਹੋਰ ਹੋਵੇ ਤੇ ਜ਼ਬਾਨ ਵਿਚ ਕੁਝ ਹੋਰ ਹੋਵੇ, ਤਾਂਤੇ ਫਿਰ ਵੀ ਇਥੇ ਪਾਖੰਡ ਦੀ ਪੂਜਾ ਦਾ ਨਿਸ਼ੇਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥ ਸਿੱਧ ਹੋ ਗਿਆ, ਕਿੰਤੂ ਸੱਚੀ ਮੂਰਤੀ ਪੂਜਾ ਭਗਤੀ ਦਾ ਨਿਸ਼ੇਧ ਕਾਇਮ ਨਾ ਹੋ ਸਕਿਆ, ਜੇਕਰ ਕਿਹਾ ਜਾਵੇ ਕਿ ਉਹ ਮੂਰਤੀ ਮਾਤ੍ਰ ਨੂੰ ਹੀ ਸਰਬ ਲੋਕਾਂ ਦੇ ਮਾਲਕ ਆਦਕ ਕਹਿੰਦੇ ਹਨ, ਤਾਂ ਇਹ ਗਲਤ ਹੈ ਜੇਕਰ ਮੂਰਤੀ ਮਾਤ੍ਰ ਨੂੰ ਹੀ ਕਹਿੰਦੇ ਹੋਣ, ਤਾਂ ਕਿਸ ਬਿਧ ਮਿਲਉ ਗੋਸਾਈ, ਕਦੀਂ ਨਾ ਕਹਿਣ ਕਿਉਂਕਿ ਮੂਰਤੀ ਮਾਤ੍ਰ ਨੂੰ ਮਿਲਨਾ ਕੋਈ ਕੱਠਨ ਸਮੱਸਿਆ ਨਹੀਂ ਅਤੇ ਮੂਰਤੀ ਦੇ ਟੁੱਟ ਭੱਜ ਜਾਣ ਕਰਕੇ ਸਰਬ ਲੋਕਾਂ ਦਾ ਮਾਲਕ ਮਰ ਗਿਆ ਕਹਿਣ ਪ੍ਰੰਤੂ ਇੰਜ ਕਦੀਂ ਵੀ ਨਹੀਂ ਕਹਿੰਦੇ ਤਾਂਤੇ ਮੂਰਤੀ ਨੂੰ ਨਹੀਂ ਕਹਿੰਦੇ, ਮੂਰਤੀ ਵਾਲੇ ਨੂੰ ਹੀ ਸਭ ਕੁਝ ਕਹਿੰਦੇ ਹਨ, ਮੂਰਤੀ ਵਾਲੇ ਪ੍ਰਮਾਤਮਾਂ, ਅਵਤਾਰ ਆਦਕਾਂ ਦੀ ਪੂਜਾ ਭਗਤੀ ਕਰਨ ਵਾਲਾ ਪਸ਼ੂ ਨਹੀਂ ਹੋ ਸਕਦਾ।

ਬਾਕੀ, ਪੂਜਤ ਹੈ ਪ੍ਰਮੇਸ਼ਰ ਕੈ ਜਹਿ ਕੇ ਪਰਸੇ ਪ੍ਰਲੋਕ ਪ੍ਰਾਹੀ, ਪੂਜਦੇ ਹਨ ਪ੍ਰਮਾਤਮਾਂ ਨੂੰ ਜਿਨ੍ਹਾਂ ਦੇ ਸਪ੍ਰਸ਼ ਸੇ ਪ੍ਰਲੋਕ ਪ੍ਰਾਹੀ-ਪ੍ਰਾਜਤ ਹੋ ਜਾਂਦਾ ਹੈ ਭਾਵ ਪ੍ਰਲੋਕ ਦਾ ਡਰ ਹੀ ਨਹੀਂ ਰਹਿ ਜਾਂਦਾ ਇਹ ਵੀ ਮੂਰਤੀ ਪੂਜਕਾਂ ਦੇ ਵਿਰੁਧ ਨਹੀਂ ਕਿਉਂਕਿ ਮੂਰਤੀ ਪੂਜਕ ਪ੍ਰਮੇਸ਼ਰ ਨੂੰ ਹੀ ਪੂਜਦੇ ਹਨ, ਜੇਕਰ ਕਿਸੇ ਸੰਤ, ਭਗਤ, ਦੇਵੀ, ਦੇਵਤਾ, ਅਵਤਾਰ ਆਦਕ ਨੂੰ ਮੰਨਦੇ ਹਨ ਤਾਂ ਇਸ ਲਈ ਕਿ ਉਹ ਪ੍ਰਮਾਤਮਾਂ ਸਰੂਪ ਹਨ ਜਾਂ ਪ੍ਰਮਾਤਮਾਂ ਦੇ ਪਿਆਰੇ ਹਨ ਕਿੰਤੂ ਜੋ ਪ੍ਰਮਾਤਮਾਂ ਦੇ ਵਿਰੋਧੀ ਹਨ ਉਨ੍ਹਾਂ ਨੂੰ ਮੂਰਤੀ ਪੂਜਕ ਕਦੀਂ ਵੀ ਨਹੀਂ ਮੰਨਦੇ, ਤਾਂਤੇ ਵਾਸਤਵ ਉਹ ਪ੍ਰਮਾਤਮਾਂ ਨੂੰ ਹੀ ਮੰਨਦੇ ਪੂਜਦੇ ਹਨ ਔਰ ਜਿਨ੍ਹਾਂ ਦੇ ਸਪ੍ਰਸ਼ ਸੇ ਪ੍ਰਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਜਿਤ ਹੋ ਜਾਂਦਾ ਹੈ ਇਤਨਾਂ ਪ੍ਰਤਾਪ ਹੈ ਪ੍ਰਮਾਤਮਾਂ ਦੇ ਪੂਜਨ ਦਾ ਤਾਂ ਮੂਰਤੀ ਪੂਜਕ ਪ੍ਰਮਾਤਮਾਂ ਨੂੰ ਪੂਜਦੇ ਹੀ ਹਨ, ਅਤੇ ਹੋਰ ਪੂਜਨ ਵਾਲੇ ਵਿਸ਼ੇਸ, ਸੰਤਾਂ, ਭਗਤਾਂ ਦਾ ਸਪ੍ਰਸ਼ ਵੀ ਕਰਦੇ ਹਨ ਭਾਵ ਉਨ੍ਹਾਂ ਦੀ ਸੇਵਾ ਤੋਂ ਵੀ ਮੁਨਕਰ ਨਹੀਂ ਹਨ ਕਾਰਨ ਇਹ ਕਿ ਆਰਤੀ ਵਿਚ ਹੀ ਸੰਤਨ ਕੀ ਸੇਵਾ ਪ੍ਰਾਥਨਾਂ ਕਰਦੇ ਹਨ, ਜੇਕਰ ਇਥੇ ਇਹ ਅਰਥ ਕੀਤਾ ਜਾਵੇ ਕਿ ਜਿਸ ਪ੍ਰਮਾਤਮਾਂ ਦੇ ਸਪ੍ਰਸ਼ ਸੇ ਪ੍ਰਲੋਕ ਜਿਤਿਆ ਜਾਂਦਾ ਹੈ ਤਾਂ ਨਿਰਾਕਾਰ ਪ੍ਰਮਾਤਮਾਂ ਨਾਲ ਸਪ੍ਰਸ਼ ਹੋ ਨਹੀਂ ਸਕਣਾ ਔਰ ਪਰਮਾਤਮਾਂ ਦੇ ਕਿਸੇ ਵੀ ਸਾਕਾਰ ਸਰੂਪ ਨੂੰ ਮੰਨਣ ਪੂਜਣ ਤੋਂ ਮੂਰਤੀ ਪੂਜਕ ਪਹਿਲੇ ਹੀ ਇਨਕਾਰੀ ਨਹੀਂ ਹਨ।

ਜੇਕਰ ਇਥੇ ਕਿਹਾ ਜਾਵੇ ਕਿ ਅਸੀਂ ਅਰਥ ਇੰਜ ਕਰਦੇ ਹਾਂ ਕਿ ਜਿਸ ਦੇ ਸਪ੍ਰਸ਼ ਕਰਨੇ ਸੇ ਹੀ ਪ੍ਰਲੋਕ ਵਿੱਚੋਂ ਧੱਕਿਆ ਜਾਵੇ ਇਹ ਉਸ ਨੂੰ ਪ੍ਰਮੇਸ਼ਰ ਕਰਕੇ ਪੂਜਦੇ ਹਨ, ਤਾਂ ਵੀ ਵਿੱਚ ਮੂਰਤੀ ਦਾ ਨਾਮ ਨਹੀਂ ਪ੍ਰੰਤੂ ਮੂਰਤੀ ਵਿੱਚ ਅਜਿਹੀ ਬੁਰੀ ਕਿਹੜੀ ਚੀਜ਼ ਹੈ ਜਿਸ ਨੂੰ ਹੱਥ ਲੱਗਣ ਨਾਲ ਹੀ ਪਰਲੋਕ ਵਿੱਚੋਂ ਧੱਕੇ ਵੱਜਣ ਲਗ ਜਾਂਦੇ ਹਨ ਇਹ ਅਰਥ ਹੀ ਠੀਕ ਮੰਨ ਲਿਆ ਜਾਵੇ ? ਕੀ ਆਪਣੇ ਅਵਤਾਰ, ਦੇਵਤੇ, ਸੰਤ, ਭਗਤ, ਗੁਰੂ ਅਜਿਹੇ ਹੀ ਹਨ ਜਿਨ੍ਹਾਂ ਦੀ ਤਸਵੀਰ ਨੂੰ ਹੱਥ ਲਗ ਜਾਵੇ ਤਾਂ ਮਨੁਸ਼ ਪਰਲੋਕ ਤੋਂ ਹੀ ਧੱਕਿਆ ਜਾਂਦਾ ਅਰਥ ਹੋ ਸਕੇ ? ਜੇਕਰ ਇੰਜ ਹੀ ਹੋਵੇ ਤਾਂ ਉਨ੍ਹਾਂ ਸੰਤਾਂ, ਭਗਤਾਂ, ਗੁਰੂਆਂ ਆਦਕਾਂ ਦੇ ਉਪਦੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਅਸੀਂ ਕਿਵੇਂ ਤਰ ਜਾਵਾਂਗੇ ? ਤਾਂ ਉਹ ਕਿਹੜਾ ਹੋਵੇਗਾ ਜਿਸ ਦਾ ਕਦੀਂ ਕਿਸੇ ਗੁਰੂ, ਅਵਤਾਰ ਦੀ ਮੂਰਤੀ ਨੂੰ ਹੱਥ ਹੀ ਨਾ ਲੱਗਾ ਹੋਵੇਗਾ ਤਾਂਤੇ ਫਿਰ ਉਹ ਕਿਵੇਂ ਪਰਲੋਕ ਦੇ ਧੱਕਿਆ ਤੋ ਬਚੇਗਾ ? ਜੇਕਰ ਕੋਈ ਹੱਠ ਹੀ ਹੋਵੇ ਤਾਂ ਵੀ ਮੂਰਤੀ ਪੂਜਕਾਂ ਉਤੇ ਇਹ ਅਰਥ ਵੀ ਲਾਗੂ ਨਹੀਂ ਹੁੰਦਾ, ਕਿਉਂਕਿ ਪਹਿਲੇ ਕਈ ਵੇਰ ਚੇਤਾਵਨੀ ਦੇ ਚੁਕੇ ਹਾਂ ਕਿ ਮੂਰਤੀ ਪੂਜਕ ਕਿਸੇ ਮੂਰਤੀ ਮਾਤ੍ਰ ਨੂੰ ਹੀ ਪਰਮੇਸ਼ਰ ਕਰਕੇ ਨਹੀਂ ਮੰਨਦੇ ਕਿੰਤੂ ਮੂਰਤੀ ਦੁਆਰਾ ਪਰਮਾਤਮਾਂ ਦੀ ਪੂਜਾ ਭਗਤੀ ਕਰਦੇ ਹਨ ਇਹ ਵੀ ਪਿਛੇ ਦੱਸਿਆ ਜਾ ਚੁਕਾ ਹੈ ਕਿ ਜਿਹੜੇ ਮੂਰਤੀ ਦੁਆਰਾ ਪੂਜਾ ਭਗਤੀ ਨਹੀਂ ਕਰਦੇ ਉਹ ਵੀ ਮੂਰਤੀ ਵਤ ਕਿਸੇ ਨਾ ਕਿਸੇ ਜੜ੍ਹ, ਪ੍ਰਛਿੰਨ, ਕਲਪਤ ਵਸਤੂ ਦੁਆਰਾ ਹੀ ਪ੍ਰਮਾਤਮਾਂ ਦੀ ਪੂਜਾ ਭਗਤੀ, ਚਿੰਤਨ ਆਦਕ ਕਰ ਸਕਦੇ ਹਨ ਐਵੇਂ ਨਹੀਂ ।

ਕਿਉਂਕਿ ਵਧ ਤੋਂ ਵਧ, ਮਨ, ਬੁਧੀ ਦੁਆਰਾ ਪ੍ਰਮਾਤਮਾਂ ਦਾ ਚਿੰਤਨ ਕਰਨਗੇ, ਪ੍ਰੰਤੂ ਮਨ, ਬੁਧੀ, ਵੀ ਪ੍ਰਮਾਤਮਾਂ ਨਹੀ ਅਤੇ ਮਨ ਬੁਧੀ ਸਖੋਪਤੀ ਵਿਚ ਲੀਨ ਹੋ ਜਾਂਦੇ ਹਨ, ਔਰ ਮਨ ਬੁਧੀ ਨੂੰ ਕਈ ਵੇਰ ਗਲਤੀ ਵੀ ਲਗ ਜਾਂਦੀ ਹੈ ਇਸ ਲਈ ਅਭੁਲ ਨਹੀਂ, ਅਤੇ ਪ੍ਰਮਾਤਮਾਂ ਦੇ ਮੁਕਾਬਲੇ ਤੇ ਮਨ, ਬੁਧੀ ਚੇਤਨ ਵੀ ਨਹੀ, ਬਾਕੀ ਮਨ ਬੁਧੀ ਵੇਦਾਂਤ ਗ੍ਰੰਥਾਂ ਵਿਚ ਪੰਜਾਂ ਤੱਤਾਂ ਦੇ ਸਤੋਗੁਣ ਦਾ ਕਾਰਜ ਲਿਖੇ ਹਨ, ਇਸ ਲਈ ਵੀ ਚੇਤਨ ਨਹੀਂ ਮੰਨੇ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਣਗੇ ਕਿਉਂਕਿ ਪੰਜਾਂ ਤੱਤਾਂ ਨੂੰ ਕਿਸੇ ਆਸਤਕ ਮਤ ਵਾਲੇ ਨੇ ਵੀ ਚੇਤਨ ਨਹੀਂ ਮੰਨਿਆ, ਔਰ ਅਗਮ ਅਗੋਚਰ ਅਲਖ ਅਪਾਰਾ, ਆਦਕ ਵਾਕਾਂ ਦੁਆਰਾ ਪ੍ਰਮਾਤਮਾਂ ਮਨ, ਬੁਧੀ ਕੇ ਵਿਸ਼ਜ ਵੀ ਨਹੀਂ, ਅਤੇ ਮਨ, ਬੁਧੀ ਮਤਜ ਵੀ ਨਹੀਂ ਕਿਉਂਕਿ ਬਦਲਨੇ ਵਾਲੀ ਚੀਜ ਹੈ, ਤਾਂ ਮਨ ਬੁਧੀ ਦੁਆਰਾ ਪ੍ਰਮਾਤਮਾਂ ਦਾ ਕੀਤਾ ਹੋਇਆ ਚਿੰਤਨ ਭਗਤੀ ਆਦਕ ਮੂਰਤੀ ਪੂਜਕਾਂ ਨਾਲੋਂ ਕੀ, ਘਟ ਹੈ ਕਾਰਨ ਇਹ ਹੈ ਕਿ, ਮੂਰਤੀ ਟੁਟ ਭਜ ਜਾਂਦੀ ਹੈ ਤਾਂ ਮਨ, ਬੁਧੀ ਹਰ ਰੋਜ ਸਖੋਪਤੀ ਵਿਚ ਲੀਨ ਹੁੰਦੇ ਹਨ ਜੇਕਰ ਮੂਰਤੀ ਜੜ੍ਹ ਹੈ ਤਾਂ ਮਨ ਬੁਧੀ ਵੀ ਪ੍ਰਮਾਤਮਾਂ ਦੇ ਮੁਕਾਬਲੇ ਤੇ ਚੇਤਨ ਨਹੀਂ ਜੜ੍ਹ ਹੀ ਹਨ, ਜੇਕਰ ਮੂਰਤੀ ਵਿਚ ਮੂਰਤੀ ਵਾਲਾ ਦੇਵਤਾ, ਅਵਤਾਰ ਆਦਕ ਕੋਈ ਨਹੀ ਹੁੰਦਾ ਤਾਂ ਮਨ, ਬੁਧੀ ਦਾ ਵੀ ਪ੍ਰਮਾਤਮਾਂ ਵਿਸ਼ਜ ਨਹੀਂ ਇਸ ਲਈ ਮਨ ਬੁਧੀ ਤੋਂ ਵੀ ਪ੍ਰਮਾਤਮਾਂ ਪਰੇ ਹੈ, ਵਿਚ ਨਹੀ, ਜੇਕਰ ਸ੍ਰਵ ਵਿਆਪਕ ਹੋਣ ਕਰਕੇ ਮਨ ਬੁਧੀ ਵਿਚ ਵੀ ਹੈ ਕਿਹਾ ਜਾਵੇ ਤਾਂ ਇੰਜ ਸ੍ਰਵ ਵਿਆਪਕ ਹੋਣ ਦੇ ਨਾਤੇ ਸੇ ਫਿਰ ਪੱਥਰ ਮੂਰਤੀ ਵਿਚ ਵੀ ਵਿਆਪਕ ਹੈ ਫਿਰ ਕਿਵੇਂ ਕਿਹਾ ਜਾ ਸਕੇਗਾ ਕਿ, ਪਾਹਨ ਮੈਂ ਪ੍ਰਮੇਸ਼ਰ ਨਾਹੀ, ਤਾਂਤੇ ਇਥੇ ਪ੍ਰਮਾਤਮਾਂ ਦੀ ਵਿਆਪਕਤਾ ਦਾ ਜ਼ਿਕਰ ਨਹੀ, ਔਰ ਮੂਰਤੀ ਪੂਜਕਾਂ ਨੂੰ ਹੀ ਭੰਡਣਾ ਕੋਈ ਇਨਸਾਫ ਨਹੀਂ।

ਬਾਕੀ ਪਾਪ ਕਰੇ ਪ੍ਰਮਾਰਥ ਕੈ ਜਹਿ ਪਾਪਨ ਤੇ ਅਤੀ ਪਾਪ ਲਜਾਹੀ, ਫਿਰ ਵੀ ਕੋਈ ਮੂਰਤੀ ਪੂਜਾ ਦਾ ਜ਼ਿਕਰ ਨਹੀਂ ਕਿੰਤੂ ਲਿਖਿਆ ਹੈ ਕਿ, ਪ੍ਰਮਾਰਥ ਦਾ ਨਾਂ,
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈ ਕੇ ਪਾਪ ਕਰਦੇ ਹਨ ਜਿਨ੍ਹਾਂ ਪਾਪਾਂ ਨੂੰ ਵੇਖਕੇ ਅਤੀ ਪਾਪ ਵੀ ਲੱਜਾ ਵਾਨ ਹੋ ਜਾਣ, ਤਾਂਤੇ ਪ੍ਰਮਾਰਥ ਦਾ ਨਾਂ, ਲੈ ਕੇ ਕੋਈ ਮੂਰਤੀ ਪੂਜਕ ਹੀ ਨਹੀਂ ਪਾਪ ਕਰਦੇ ਕਿੰਤੂ ਹੋਰ ਵੀ ਪ੍ਰਮਾਰਥ ਦੇ ਨਾਂ ਉਤੇ ਕਈ ਪਾਪ ਹੋ ਰਹੇ ਹਨ, ਪ੍ਰੰਤੂ ਜੇਕਰ ਇਥੇ ਮੂਰਤੀ ਪੂਜਕਾਂ ਨੂੰ ਹੀ ਅੱਗੇ ਰਖ ਲਿਆ ਜਾਵੇ ਤਾਂ ਵੀ ਜੇਹੜੇ ਪ੍ਰਮਾਰਥ ਦਾ ਨਾਂ ਲੈ ਕੇ ਮੂਰਤੀ ਪੂਜਾ ਰੂਪ ਪਾਪ ਕਰਦੇ ਹਨ ਭਾਵ ਪਾਖੰਡ ਦੀ ਪੂਜਾ ਕਰਦੇ ਹਨ (ਅੰਦਰੋਂ ਹੋਰ ਤੇ ਬਾਹਰੋਂ ਲੋਕ ਵਿਖਲਾਵਾ ਹੋਰ ਕਰਦੇ ਹਨ) ਉਨ੍ਹਾਂ ਦਾ ਨਿਸ਼ੇਧ ਕਰਨੇ ਸੇ ਅਸਲੀ ਮੂਰਤੀ ਪੂਜਕ ਜੋ ਆਪਣੇ ਪ੍ਰਮਾਰਥ ਵਾਸਤੇ ਹੀ ਪੂਜਾ ਭਗਤੀ ਕਰਦੇ ਹਨ, ਉਨ੍ਹਾਂ ਦਾ ਇਸ ਵਿਚੋਂ ਨਿਸ਼ੇਧ ਅਰਥ ਕਿਵੇਂ ਨਿਕਲ ਸਕੇਗਾ ਤਾਂਤੇ ਪ੍ਰਮਾਰਥ ਦਾ ਨਾਂ ਲੈ ਕੇ ਜੋ ਵੀ ਕੋਈ ਪਾਖੰਡ ਕਰਦਾ ਹੈ ਉਹ ਵਡਾ ਪਾਪ ਹੈ ਕਿਉਂਕਿ ਉਸ ਨਾਲ ਲੋਕਾਂ ਨੂੰ ਧੋਖਾ ਮਿਲਦਾ ਹੈ ਅਗਰ ਕੋਈ ਉਤੂੰ ਪ੍ਰਮਾਰਥ ਦਾ ਨਾਮ ਲੈ ਕੇ ਵਡੇ ਪਾਠ ਕਰਦਾ ਹੈ ਤੇ ਅੰਦਰੋਂ ਉਸਦਾ ਕੋਈ ਹੋਰ ਨੀਚ ਸੁਆਰਥ ਹੈ ਤਾਂ ਉਹ ਵੀ ਵੱਡੇ ਪਾਪ ਵਿਚ ਹੀ ਸ਼ੁਮਾਰ ਹੋਵੇਗਾ, ਇਸ ਤਰ੍ਹਾਂ ਹੋਰ ਵੀ ਪ੍ਰਮਾਰਥ (ਮੁਕਤੀ) ਦੇ ਨਾਂ, ਉਤੇ ਕਈ ਪਾਪ (ਕਰਮ ਹੋ ਰਹੈ ਹਨ, ਉਹਨਾਂ ਸਾਰਿਆਂ ਦਾ ਹੀ ਇਥੇ ਨਿਸ਼ੇਧ ਅਰਥ ਹੋਵੇਗਾ ਔਰ ਮੂਰਤੀ ਪੂਜਾ ਪ੍ਰਮਾਰਥਕ ਪਾਪ ਨਹੀਂ ਕਿੰਤੂ ਪਰਮਾਰਥ ਦਾ ਇਕ ਸਾਧਨ ਹੈ।

ਬਾਕੀ ਪਾਇ ਪਰੋ ਪਰਮੇਸ਼ਰ ਕੈ ਜੜ੍ਹ ਪਾਹਨ ਮੈਂ ਪਰਮੇਸ਼ਰ ਨਾਹੀ, ਵਿਚ ਵੀ ਪਰਮਾਤਮਾਂ ਦੀ ਚਰਨੀ ਪਵੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ ਹੈ, ਮੂਰਤੀ ਪੂਜਕ ਪਰਮਾਤਮਾਂ ਤੋਂ ਬਿਨਾਂ ਕਿਸੇ ਦੇ ਚਰਨੀਂ ਪੈਂਦੇ ਹੀ ਨਹੀਂ ਕਿਉਂਕਿ ਪਿਛੇ ਦੱਸ ਆਏ ਹਾਂ ਕਦੀਂ ਮੂਰਤੀਆਂ ਦੇ ਹੀ ਪੈਰੀਂ ਪੈਂਦੇ ਹੋਣ ਤਾਂ ਹਜ਼ਾਰਾਂ ਨਰ ਨਾਰੀਆਂ ਦੀਆਂ ਮੂਰਤੀਆਂ ਹਨ ਪ੍ਰੰਤੂ ਕੋਈ ਮੂਰਤੀ ਪੂਜਕ ਕਿਸੇ ਦੇ ਪੈਰੀਂ ਪੈਂਦਾ ਨਹੀਂ ਦੇਖਿਆ, ਕਿੰਤੂ ਜੋ ਮੂਰਤੀ ਪਰਮਾਤਮਾਂ ਨਾਲ ਕੋਈ ਸਬੰਧ ਰੱਖਦੀ ਹੋਵੇ ਉਸੇ ਦੇ ਹੀ ਪੈਰੀਂ ਪੈਂਦੇ ਹਨ ਤਾਂ ਸਾਫ ਹੈ ਕਿ ਪਰਮਾਤਮਾਂ ਦੇ ਹੀ ਪੁਜਾਰੀ ਹਨ, ਮੂਰਤੀ ਮਾਤ੍ਰ ਦੇ ਪੁਜਾਰੀ ਨਹੀਂ ਹਨ, ਅਤੇ ਜੜ੍ਹ ਪਾਹਨ ਮੈਂ ਪ੍ਰਮੇਸ਼ਰ ਨਾਹੀ, ਮੂਰਤੀ ਪੂਜਕ ਵੀ ਠੀਕ ਜੜ੍ਹ ਪੱਥਰਾਂ ਵਿਚ ਪ੍ਰਮੇਸ਼ਰ ਨਹੀਂ ਮੰਨਦੇ ਇਹ ਵੀ ਪਿਛੇ ਦੱਸ ਆਏ ਹਾਂ ਕਿ ਜੇਕਰ ਪੱਥਰਾਂ ਵਿੱਚ ਹੀ ਪ੍ਰਮੇਸ਼ਰ ਮੰਨਣ ਤਾਂ ਪੱਕੀਆਂ ਸੜਕਾਂ ਤੇ ਮੂਰਤੀ ਪੂਜਕ ਕਦੀ ਪੈਰ ਹੀ ਨਾ ਧਰਨ ਬਲਕਿ ਪਹਾੜਾਂ ਵਿਚ ਕੋਈ ਕਦੀ ਪਿਸ਼ਾਬ ਤਕ ਵੀ ਨਾ ਕਰੇ, ਤਾਂਤੇ ਇਹ ਪਰਮਾਰਥ ਦੇ ਨਾਂ ਉਤੇ ਜੋ ਲੋਗ ਪਾਪ ਕਰਮ ਕਰਦੇ ਹਨ ਉਹਨਾਂ ਨੂੰ ਹੀ ਕਿਹਾ ਹੈ ਕਿ ਉਸ ਪਰਮਾਤਮਾਂ ਦੇ ਚਰਨੀਂ ਪਵੋ ਜੜ੍ਹ (ਮੂਰਖ) ਪਾਹਨ—ਪੱਥਰ ਵਤ ਬੋਝਲ ਦੰਭ ਕਰਮਾਂ ਵਿਚ ਪ੍ਰਮਾਤਮਾਂ ਦੀ ਪ੍ਰਾਪਤੀ ਨਹੀਂ ਹੈ, ਅਥਵਾ ਕੇਵਲ ਪੱਥਰ ਮੂਰਤੀਆਂ ਵਿਚ ਹੀ ਪ੍ਰਮਾਤਮਾਂ ਨਹੀਂ ਹੈ, ਪ੍ਰਮਾਤਮਾਂ ਸਚੇ ਪ੍ਰੇਮ ਭਾਵ ਵਿਚ ਹੈ, ਤਾਂਤੇ ਸੱਚੇ ਪ੍ਰੇਮ ਭਾਵ ਸੇ ਪ੍ਰਮਾਤਮਾਂ ਦੀ ਸ਼ਰਨੀ ਪਵੋ, ਸਚੇ ਪ੍ਰੇਮ ਭਾਵ ਤੋਂ ਬਿਨਾਂ (ਲੋਕ ਦਿਖਲਾਵੇ ਹਿਤ) ਕੇਵਲ ਮੂਰਤੀਆਂ ਦੇ ਚਰਨੀ ਪੈਂਣ ਮਾਤ੍ਰ ਵਿਚ ਹੀ ਪ੍ਰਮੇਸ਼ਰ ਨਹੀਂ, ਇਸ ਲਈ ਇਸ ਵਿਚ ਕੋਈ ਅਜਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਕ ਨਹੀਂ ਜੋ ਅਸਲ ਮੂਰਤੀ ਪੂਜਾ ਦਾ ਨਿਸ਼ੇਧ ਕਰਦਾ ਹੋਵੇ।

(ੲ) ਇਸ ਵਿਚ ਵੀ, ਫੋਕਟ ਧਰਮ ਕਰੋ ਫਲ ਨਾਹੀਂ, ਲਿਖਿਆ ਹੈ, ਜੋ ਦੰਭ ਕਰਕੇ ਧਰਮ ਕੀਤਾ ਜਾਵੇ ਓਹੋ ਹੀ ਫੋਕਟ = ਬਿਅਰਥ ਧਰਮ ਹੋ ਸਕਦਾ ਹੈ, ਜੇੜ੍ਹਾ ਸਚਾਈ ਨੂੰ ਮੁਖ ਰਖਕੇ ਕਰਮ ਕੀਤਾ ਜਾਵੇ ਉਹ ਫੋਕਟ ਨਹੀਂ ਕਿਹਾ ਜਾ ਸਕਦਾ, ਤਾਂਤੇ ਇਸ ਵਿਚ ਵੀ ਪਾਖੰਡ ਦੀ ਪੂਜਾ ਦਾ ਹੀ ਨਿਸ਼ੇਧ ਅਰਥ ਹੈ, ਜੇਕਹੁ ਕਿ ਇਸ ਵਿਚ ਸਾਫ ਲਿਖਿਆ ਹੈ ਕਿ, ਕਾਹੇ ਕੋ ਪੂਜਤ ਪਾਹਨ ਕੋ ਕੁਛ ਪਾਹਨ ਮੈਂ ਪ੍ਰਮੇਸ਼ਰ ਨਾਹੀ, ਤਾਂ ਪਿਛੇ ਦੱਸਿਆ ਗਿਆ ਹੈ ਕਿ ਮੂਰਤੀ ਪੂਜਕ ਪੱਥਰ ਮਾਤ੍ਰ ਨੂੰ ਹੀ ਨਹੀਂ ਮੰਨਦੇ ਪੂਜਦੇ ਅਤੇ ਪ੍ਰਮੇਸ਼ਰ ਨੂੰ ਪੱਥਰ ਵਿਚ ਹੀ ਨਹੀਂ ਮੰਨਦੇ, ਫਿਰ ਇਹ ਵਾਕ ਮੂਰਤੀ ਪੂਜਕਾਂ ਉਤੇ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ, ਕਿੰਤੂ ਮੂਰਤੀ ਪੂਜਕ ਉਸੇ ਪੱਥਰ ਦੀ ਪੂਜਾ ਕਰਦੇ ਹਨ ਜੋ ਪੱਥਰ ਪ੍ਰਮਾਤਮਾਂ ਦੇ ਕਿਸੇ ਸਰੂਪ ਦਾ ਬੋਧਕ ਮੁਕਰਰ ਕੀਤਾ ਗਿਆ ਹੋਯਾ ਹੋਵੇ ਤਾਂਤੇ ਮੂਰਤੀ ਪੂਜਕ ਪਥਰ ਪੂਜਕ ਨਹੀਂ ਕਹੈ ਜਾ ਸਕਦੇ, ਜਿਵੇਂ ਹੇਮ ਕੁੰਟ (ਬ੍ਰਫਾਨੀ) ਪਹਾੜ ਵਿਚ ਸਿਖਾਂ ਜਾਕੇ ਗੁਰਦੁਆਰਾ ਬਣਾਇਆ ਹੈ, ਕੀ, ਇੰਜ ਕਿਹਾ ਜਾ ਸਕਦਾ ਹੈ ਕਿ ਸਿਖ ਉਸ ਪਹਾੜ ਦੇ ਹੀ ਉਪਾਸ਼ਕ ਹਨ, ਕਿੰਤੂ ਨਹੀਂ ਕਿਹਾ ਜਾ ਸਕਦਾ, ਇਹੋ ਹੀ ਮੰਨਿਆਂ ਜਾਵੇਗਾ ਕਿ ਓਥੇ ਹੇਮਕੁੰਟ ਪਹਾੜ ਉਤੇ ਸ੍ਰੀ ਦਸਮੇਸ਼ ਜੀ ਨੇ ਤਪੱਸਿਆ ਕੀਤੀ ਸੀ ਇਸ ਲਈ ਉਸ ਪਹਾੜ ਉਤੇ ਜਾ ਕੇ ਗੁਰਦੁਆਰਾ ਬਣਾਉਣਾ ਪਿਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਤੇ ਸਿੱਖਾਂ ਦੇ ਉਸ ਪਹਾੜ ਉੱਤੇ (ਰਸਤੇ ਵਿੱਚ ਸੈਂਕੜੇ ਪਹਾੜ ਛੱਡ ਕੇ) ਜਾ ਕੇ ਗੁਰਦੁਆਰਾ ਬਣਾਉਣ ਕਰਕੇ ਵੀ ਸਿੱਖ ਉਸ ਪਹਾੜ ਦੇ ਪਰੇਮੀ ਨਹੀਂ, ਕਿੰਤੂ ਸ੍ਰੀ ਦਸਮੇਸ਼ ਜੀ ਦੇ ਹੀ ਪਰੇਮੀ ਸਿਧ ਹੁੰਦੇ ਹਨ ਕਿਉਂਕਿ ਸ੍ਰੀ ਦਸਮੇਸ਼ ਜੀ ਦੀ ਤਪੱਸਿਆ ਦਾ ਸੂਚਕ ਪਹਾੜ ਹੋਣ ਕਰਕੇ ਹੀ ਸਿਖ ਓਥੇ ਪਹੁੰਚੇ ਹਨ, ਨਹੀਂ ਤਾਂ ਸਿਖਾਂ ਨੂੰ ਉਸ ਪਹਾੜ ਨਾਲ ਕੋਈ ਪਰੇਮ ਨਹੀਂ ਸੀ, ਤਿਵੇਂ ਹੀ ਮੂਰਤੀ ਪੂਜਕ ਕਿਸੇ ਪੱਥਰ ਪਹਾੜ ਦੇ ਪੁਜਾਰੀ = ਪਰੇਮੀ ਨਹੀਂ ਹਨ ਕਿੰਤੂ ਜਿਹੜੀ ਪੱਥਰ, ਮਿੱਟੀ, ਪਿੱਤਲ, ਲਕੜੀ, ਕਾਗ਼ਜ਼ ਦੀ ਤਸਵੀਰ ਪ੍ਰਮਾਤਮਾਂ ਦੇ ਕਿਸੇ ਸਰੂਪ ਜਾਂ ਨਾਮ ਦੀ ਸੂਚਕ ਹੋਵੇ ਉਸੇ ਨਾਲ ਹੀ ਪਿਆਰ ਕਰਦੇ ਤੇ ਪੂਜਦੇ ਹਨ, ਬਾਕੀ ਕਿਸੇ ਨੂੰ ਨਹੀਂ ਮੰਨਦੇ ਪੂਜਦੇ, ਤਾਂ ਤੇ ਮੂਰਤੀ ਪੂਜਕ ਅਸਲ ਪੁਜਾਰੀ ਪ੍ਰਮਾਤਮਾਂ ਦੇ ਹੀ ਹਨ ਮੂਰਤੀ ਮਾਤ੍ਰ ਦੇ ਨਹੀਂ, ਜਦ ਨਹੀਂ ਤਾਂ–'ਕਾਹੇ ਕੋ ਪੂਜਤ ਪਾਹਨ ਕੋ' ਆਦਕ ਵਾਕ ਮੂਰਤੀ ਪੂਜਕਾਂ ਉਤੇ ਲਾਗੂ ਵੀ ਨਹੀਂ ਕੀਤੇ ਜਾ ਸਕਦੇ, ਕਿੰਤੂ ਇਹ ਦੰਭੀ ਪੁਜਾਰੀਆਂ ਉਤੇ ਹੀ ਲਾਗੂ ਹੋ ਸਕਦੇ ਹਨ ਕਿ ਲੋਕ ਦਿਖਲਾਵੇ ਹਿਤ ਕਿਸ ਲਈ ਪੱਥਰਾਂ ਨੂੰ ਪੂਜਦੇ ਹੋ ? ਕੋਈ ਪੱਥਰਾਂ ਦੇ ਪੂਜਣ ਮਾਤ੍ਰ ਵਿਚ ਹੀ ਪਰਮਾਤਮਾਂ ਦੀ ਪ੍ਰਾਪਤੀ ਨਹੀਂ, ਕਿਉਂਕਿ ਪਰਮਾਤਮਾਂ ਦੀ ਪਰਾਪਤੀ ਦੰਭ ਰਹਿਤ ਸਚੀ ਪੂਜਾ ਭਗਤੀ ਵਿਚ ਹੈ, ਇਸ ਲਈ ਉਸੀ ਪਰਮਾਤਮਾਂ ਨੂੰ ਪੂਜੋ ਦਿਲੋਂ ਆਪਣਾ ਪ੍ਰਭੂ = ਮਾਲਕ ਮੰਨਕੇ ਜਿਸ ਦੇ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਜਣ ਕਰਕੇ ਭਿਆਨਕ ਪਾਪ ਕਟੇ ਜਾਣਗੇ, ਹੋਰ ਜਿੰਨੇ ਵੀ ਆਧੀ ਵਿਆਧੀ ਆਦਕ ਬੰਧਨ ਹਨ ਜਿਸ ਪ੍ਰਮਾਤਮਾਂ ਦੇ ਨਾਮ ਲੈਣੇ ਕਰਕੇ ਹੀ ਛੁਟ ਜਾਂਦੇ ਹਨ ਤਾਂਤੇ ਉਸੇ ਪ੍ਰਮਾਤਮਾਂ ਦਾ ਹੀ ਦੰਭ ਰਹਿਤ ਹੋਕੇ ਸੱਚੀ ਭਾਵਨਾਂ ਨਾਲ ਧਿਆਨ ਕਰਨਾ ਹੀ ਪ੍ਰਮਾਣੀਕ ਹੈ।

ਬਾਕੀ ਇਹ ਫੋਕਟ ਧਰਮ = ਵਿਖਾਲਾਵੇ ਮਾਤ੍ਰ ਧਰਮ ਕਰਨੇ ਸੇ ਕੋਈ ਫਲ ਨਹੀਂ ਹੋਵੇਗਾ, ਇਸ ਵਿਚ ਪ੍ਰਮਾਤਮਾਂ ਦੇ ਨਾਮ ਲੈਣ ਕਰਕੇ ਸਾਰੇ ਆਧੀ ਵਿਆਧੀ ਆਦਕ ਬੰਧਨ ਛੁਟ ਜਾਂਦੇ ਹਨ, ਲਿਖਿਆ ਹੈ, ਪ੍ਰੰਤੂ ਮੂਰਤੀ ਪੂਜਕ ਆਰਤੀ ਪੂਜਾ ਦੇ ਸਮੇਂ ਪ੍ਰਮਾਤਮਾਂ ਦਾ ਹੀ ਨਾਮ ਲੈਂਦੇ ਹਨ, ਕਿਸੇ ਪੱਥਰ ਦਾ ਨਾਮ ਨਹੀਂ ਲੈਂਦੇ ਤਾਂ ਉਨ੍ਹਾਂ ਦੇ ਸਾਰੇ ਬੰਧਨ ਕਿਵੇਂ ਨਹੀ ਟੁਟ ਜਾਂਣਗੇ, ਜੇਕਰ ਕਿਹਾ ਜਾਵੇ ਕਿ, ਉਨ੍ਹਾਂ ਦੇ ਧਿਆਨ ਵਿਚ ਪ੍ਰਮਾਤਮਾਂ ਨਹੀਂ, ਤਾਂ ਉਨ੍ਹਾਂ ਦੇ ਧਿਆਨ ਵਿਚ ਕੋਈ ਪੱਥਰ ਦਾ ਢੇਲਾ ਵੀ ਨਹੀਂ, ਕਿਉਂਕਿ ਜਦ ਉਹ ਸ੍ਰੀ ਦਸਮੇਸ਼ ਜੀ ਦੇ, ਚਤੁਰ ਬਾਹ ਚਾਰੰ, ਕਿਰੀਟੰ, ਸੁਧਾਰੰ, ਗਦਾ ਸੰਖ ਚਕਰੰ, ਦਿਪੈ ਕਰੂਰ ਬਕਰੰ, ਆਦਕ ਵਾਕਾਂ ਅਨੁਸਾਰ, ਚਤੁਰ ਭੁਜ ਕਿਰੀਟ = ਮੁਕਟ ਧਾਰੀ ਗਦਾ ਸੰਖ, ਚਕਰ, ਸਹਿਤ ਸਰੂਪ ਦਾ ਧਿਆਨ ਧਰਦੇ ਹਨ ਤਾਂ ਉਹ ਧਿਆਨ ਪੱਥਰ ਦਾ ਕਿਵੇਂ ਮੰਨਿਆ ਜਾ ਸਕੇਗਾ ਜੇਕਹੁ ਕਿ ਉਹ ਪ੍ਰਮਾਤਮਾਂ ਦੇ ਨਾਮ, ਜੈ ਜਗਦੀਸ਼ ਹਰੇ, ਆਦਕ ਉਤੂੰ ਉਤੂੰ ਹੀ ਲੈਂਦੇ ਹਨ ਅੰਦਰ ਉਨ੍ਹਾਂ ਦੇ ਦਿਲ ਵਿਚ ਪੱਥਰ ਮੂਰਤੀ ਦਾ ਹੀ ਧਿਆਨ ਹੋ ਰਿਹਾ ਹੈ ਤਾਂ ਫਿਰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਹ ਪਾਖੰਡੀ ਸਾਬਤ ਹੋਏ ਜੋ ਮੂੰਹ ਵਿਚੋਂ ਪ੍ਰਮਾਤਮਾਂ ਦੇ ਨਾਮ ਲੈਂਦੇ ਹਨ ਤੇ ਅੰਦਰੋਂ ਉਹ ਪ੍ਰਮਾਤਮਾਂ ਦੇ ਵਿਰੁਧ ਪੱਥਰ ਮਾਤ੍ਰ ਦੇ ਹੀ ਪੁਜਾਰੀ ਹੋ ਰਹੇ ਹਨ, ਤਾਂਤੇ ਉਨ੍ਹਾਂ ਦੀ ਵੀ ਪਾਖੰਡ ਰੂਪ ਪੂਜਾ ਦਾ ਇਥੇ ਖੰਡਨ ਹੋਣਾ ਚਾਹੀਦਾ ਸੀ, ਪਾਖੰਡ ਦੀ ਪੂਜਾ ਭਗਤੀ ਦਾ ਖੰਡਨ ਅਸਲ ਸੱਚੀ ਪੂਜਾ ਭਗਤੀ ਦੇ ਮੰਡਨ ਹਿਤ ਹੀ ਹੁੰਦਾ ਹੈ।

ਜੇਕਰ ਇਹ ਕਿਹਾ ਜਾਵੇ ਕਿ ਮੂਰਤੀ ਪੂਜਾ ਨੂੰ ਹੀ ਇਥੇ ਫੋਕਟ ਧਰਮ ਕਿਹਾ ਹੈ ਮੂਰਤੀ ਤੋਂ ਬਿਨਾਂ ਉਸ ਪ੍ਰਭੂ ਦੇ ਧਿਆਨ ਨੂੰ ਪ੍ਰਮਾਣੀਕ ਕਿਹਾ ਹੈ, ਤਾਂ ਇਹ ਪਿਛੇ ਕਈ ਵੇਰ ਕਿਹਾ ਹੈ ਕਿ ਮੂਰਤੀ ਪੂਜਕ ਮੂਰਤੀ ਮਾਤ੍ਰ ਦਾ ਧਿਆਨ ਨਹੀਂ ਕਰਦੇ, ਉਹ ਬ੍ਰਿਤੀ ਵਿਚ ਧਿਆਨ ਉਸੇ ਪ੍ਰਭੂ ਦਾ ਹੀ ਧਰਦੇ ਹਨ ਜਿਸ ਦਾ ਉਥੇ ਸ੍ਰੀ ਦਸਮੇਸ਼ ਜੀ ਕਹਿ ਰਹੇ ਹਨ, ਜੇਕਰ ਮੂਰਤੀ ਮਾਤ੍ਰ ਦਾ ਹੀ ਧਿਆਨ ਧਰਨ ਤਾਂ ਪੂਜਾ ਸਮੇਂ ਹੋਰ ਹਜਾਰਾਂ ਨਰ ਨਾਰੀਆਂ ਦੀਆਂ ਮੂਰਤੀਆਂ ਨੂੰ ਧਿਆਨ ਵਿਚ ਲਿਆਉਂਣ ਪਰ ਨਹੀਂ ਲਿਆਉਂਦੇ, ਕਿੰਤੂ ਮੂਰਤੀ ਦੁਆਰਾ ਧਿਆਨ ਨੂੰ ਕਾਇਮ ਕਰਨਾ ਜਾਂ ਪੂਜਾ ਕਰਨੀ ਉਲਟਾ ਮੂਰਤੀ ਸਹਾਇਕ ਹੈ ਵਿਰੋਧੀ ਨਹੀਂ, ਤਾਂਤੇ ਮੂਰਤੀ ਪੂਜਾ ਫੋਕਟ ਧਰਮ ਨਹੀਂ, ਫੋਕਟ ਉਹ ਹੋ ਸਕਦਾ ਹੈ ਜੋ ਪ੍ਰਮਾਤਮਾਂ ਦੇ ਧਿਆਨ ਔਰ ਪੂਜਾ ਦੇ ਵਿਰੁਧ ਹੋਵੇ, ਦੰਭ ਦੀ ਪੂਜਾ ਭਗਤੀ ਹੀ ਪ੍ਰਮਾਤਮਾਂ ਦੇ ਧਿਆਨ, ਪੂਜਾ ਦੀ ਵਿਰੋਧੀ ਹੈ ਇਸ ਲਈ ਓਹੋ ਹੀ ਫੋਕਟ ਧਰਮ ਹੈ।

(ਸ) ਫੋਕਟ ਧਰਮ ਭਯੋ ਫਲ ਹੀਨ ਜੁ ਪੂਜ ਸਿਲਾ ਯੁਗ ਕੋਟ ਗਵਾਈ, ਇਸ ਵਿਚ ਵੀ ਉਪ੍ਰੋਕਤ ਦੰਭੀ ਪੁਜਾਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੂਰਤੀ ਪੂਜਾ ਦਾ ਨਿਸ਼ੇਧ ਹੈ ਜੋ ਮਥਰਾ, ਬ੍ਰਿੰਦਾ ਬਨ ਆਦਕ ਤੀਰਥਾਂ ਤੇ ਕਈ ਮੰਦਰਾਂ ਵਿਚ ਪੰਡੇ ਲੋਕ ਯਾਤਰੂਆਂ ਨੂੰ ਪ੍ਰੇਰਣਾ ਕਰਦੇ ਹਨ ਕਿ ਮੂਰਤੀ ਦੇ ਸਪ੍ਰਸ਼ ਕਰੋ ਢਾਈ ਰੁਪੈ ਦਖਸ਼ਣਾ ਦੇ ਕੇ, ਤੁਹਾਨੂੰ ਸਦਗਤੀ ਪ੍ਰਾਪਤਿ ਹੋਵੇਗੀ ਅਤੇ ਦਸ ਰੁਪੈ ਦਿਉਂ ਤਾਂ ਤੁਹਾਡੀ ਤਰਫੋਂ ਇਕ ਸਾਲ ਪੂਜਾ ਹੁੰਦੀ ਰਹੈਗੀ ਇਸ ਤਰਾਂ ਦੀ ਉਨ੍ਹਾਂ ਪੰਡਿਆਂ ਦੀ ਪਾਖੰਡ ਦੀ ਪੂਜਾ ਦਾ ਨਿਸ਼ੇਧ ਕੀਤਾ ਹੋਇਆ ਹੈ ਕਿ ਇਹ ਫੋਕਟ ਧਰਮ ਫਲ ਹੀਨ ਹੈ ਇਸਤ੍ਰਾਂ ਦੀ ਸਿਲਾ = ਮੂਰਤੀ ਦੀ ਪੂਜਾ ਚਾਹੇ ਕਰੋੜ ਯੁਗ ਵੀ ਕਰਦਿਆਂ ਗਵਾ ਦੇਵੇ, ਕਿਉਂਕਿ ਆਪਣੇ ਦਿਲ ਵਿੱਚ ਜਦ ਸੱਚਾ ਪ੍ਰੇਮ ਨਹੀਂ, ਤੇ ਉਤੂੰ ਪਾਖੰਡ ਦੀ ਪੂਜਾ ਕਦੀਂ ਵੀ ਕਲਿਆਨ ਨਹੀਂ ਕਰਦੀ, ਔਰ ਸੱਚੀ ਪੂਜਾ ਭਗਤੀ ਤੋਂ ਬਿਨਾਂ ਕੇਵਲ ਸਿਲ-ਮੂਰਤੀ ਦੇ ਸਪ੍ਰਸ਼ ਮਾਤ੍ਰ ਸੇ ਸਿੱਧੀ, ਕੀ ਮਿਲੇਗੀ, ਉਲਟਾ ਬੁੱਧੀ ਦਾ ਬਲ ਘਟ ਰਿਹਾ ਹੈ ਜੋ ਪਾਖੰਡ ਕਰਮ ਨੂੰ ਪੁਸ਼ਟੀ ਦਿਤੀ ਜਾ ਰਹੀ ਹੈ, ਤਾਂਤੇ ਨੌ ਨਿਧੀਆਂ ਵੀ ਪ੍ਰਾਪਤਿ ਨਹੀਂ ਹੋਈਆਂ ਜਿਸ ਕਰਕੇ ਧਨ ਦੀ ਤ੍ਰਿਸ਼ਨਾ ਖਤਮ ਹੋ ਗਈ ਹੋਵੇ, ਅਤੇ ਅੱਜ ਅੱਜ ਹੀ ਕਰਦਿਆਂ ਜੋ ਸਮਾਂ ਸੀ ਉਹ ਸਾਰਾ ਬਿਤੀਤ ਹੋ ਗਿਆ ਆਪਣੀ ਕਲਿਆਨ ਰੂਪੀ ਕਾਰਜ ਸਿੱਧ ਨਹੀਂ ਕੀਤਾ ਕੀ, ਕੁਛ ਸ਼ਰਮ ਵੀ ਨਹੀਂ ਆਈ, ਸੱਚੇ ਪ੍ਰੇਮ ਭਾਵ ਸੇ ਸ੍ਰੀ ਭਗਵਾਨ ਕੋ ਹੇ ਮੂਰਖ ਤੁਸਾਂ ਨਹੀਂ ਭਜਿਆ ਐਵੇਂ ਹੀ ਇਹਨਾਂ ਮਾਇਆ ਦੇ ਲਾਲਚ ਆਦਕ ਸੁਆਰਥਾਂ ਵਿਚ ਸ੍ਰਿਸ਼ਟ ਉਮਰ ਗਵਾ ਦਿੱਤੀ ਹੈ।

CC-0. In Public Domain. Gurukul Kangri Collection, Haridwar

ਇਸ ਵਿਚ ਕਈ ਗਲ ਵੀ ਅਜਿਹੀ ਨਹੀਂ ਜੋ

Digitized by Arya Samaj Foundation Chennai and eGangotri

ਮੂਰਤੀ ਪੂਜਾ ਦਾ ਨਿਸ਼ੇਧ ਕਰਦੀ ਹੋਵੇ ਕਿਉਂਕਿ ਇਸਦੀ ਆਖਰੀ ਤੁਕ ਵਿਚ ਹੈ ਕਿ ਸ੍ਰੀ ਭਗਵੰਤ ਭਜਿਓ ਨ ਅਰੇ ਜੜ੍ਹ, ਇਥੋਂ ਸਾਬਤ ਹੁੰਦਾ ਹੈ ਕਿ ਜੇਹੜੇ ਸ੍ਰੀ ਪਰਮਾਤਮਾਂ ਨੂੰ ਨਹੀਂ ਭੱਜਦੇ ਉਹਨਾਂ ਦੀ ਹੀ ਪੂਜਾ ਦਾ ਨਿਸ਼ੇਧ ਹੈ ਕਿੰਤੂ ਮੂਰਤੀ ਪੂਜਕ ਪਰਮਾਤਮਾਂ ਨੂੰ ਹੀ ਭੱਜਦੇ ਹਨ ਬਲਕਿ ਮੂਰਤੀ ਪੂਜਾ ਹੀ ਪਰਮਾਤਮਾਂ ਦੀ ਪੂਜਾ ਹਿਤ ਕਰਦੇ ਹਨ ਐਵੇਂ ਨਹੀਂ ਕਰਦੇ ਤਾਂ ਇਹ ਮੂਰਤੀ ਪੂਜਕਾਂ ਉਤੇ ਲਾਗੂ ਕਿਵੇਂ ਕੀਤਾ ਜਾਵੇਗਾ, ਤਾਂਤੇ ਜੋ ਪ੍ਰਮਾਤਮਾਂ ਨੂੰ ਅਸਲ ਨਹੀਂ ਭੱਜਦੇ, ਚਾਹੇ ਉਹ ਪਾਖੰਡ ਮਾਤ੍ਰ ਕਰੋੜ ਜੁਗ ਵੀ ਪੂਜਾ ਕਰਦੇ ਰਹਿਣ ਫਿਰ ਵੀ ਉਹ ਫਲ ਹੀਨ ਹੈ, ਉਹਨਾਂ ਉਤੇ ਹੀ ਇਹ ਲਾਗੂ ਹੁੰਦਾ ਹੈ ਅਤੇ ਮੂਰਤੀ ਪੂਜਕ ਮੂਰਤੀ ਦੇ ਸਪ੍ਰਸ਼ ਮਾਤ੍ਰ ਸੇ ਹੀ ਕਿਸੇ ਸਿੱਧੀ ਦੀ ਪਰਾਪਤੀ ਵੀ ਨਿਸਚੇ ਨਹੀਂ ਕਰਦੇ, ਜੇਕਰ ਕਰਨ ਤਾਂ ਫਿਰ ਉਨ੍ਹਾਂ ਪੂਜਾ ਭਗਤੀ, ਆਰਤੀ ਆਦਕ **ਕਿਸ ਵਾਸਤੇ** ਕਰਨੀ ਹੈ, ਫਿਰ ਤਾਂ ਉਹ ਹਰ ਵਕਤ ਮੂਰਤੀਆਂ ਨੂੰ ਹੀ ਪ੍ਰਸਦੇ ਰਹਿਣਗੇ, ਇਸ ਲਈ 'ਸਿਧ ਕਹਾਂ ਸਿਲ ਕੇ ਪ੍ਰਸੇ' ਇਹ ਵੀ ਮੂਰਤੀ ਪੂਜਕਾਂ ਉਤੇ ਲਾਗੂ ਨਹੀਂ, ਕਿੰਤੂ ਜਿਹੜੇ ਢਾਈ ਢਾਈ ਰੁਪੈ ਲੈਣ ਵਾਸਤੇ ਲੋਕਾਂ ਨੂੰ ਪਰੇਰਣਾ ਕਰਦੇ ਹਨ ਕਿ, ਮੂਰਤੀ ਨਾਲ ਇਕ ਵੇਰ ਸਪ੍ਰਸ਼ ਕਰੋ ਤਾਂ ਤੁਹਾਨੂੰ ਨੌ ਨਿੱਧੀਆਂ ਤੇ ਸਿਧੀਆਂ ਪਰਾਪਤ ਹੋ ਜਾਣਗੀਆਂ, ਉਨ੍ਹਾਂ ਉਤੇ ਹੀ ਇਹ ਲਾਗੂ ਹੁੰਦਾ ਹੈ।

ਤਥਾ ਜੇਕਰ ਇੱਥੇ ਹਠ ਹੀ ਕੀਤਾ ਜਾਵੇ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਮੂਰਤੀਆਂ ਦੇ ਪੂਜਨ ਹੀ ਅਰਥ ਸਿਧ ਹੁੰਦਾ ਹੈ, ਤਾਂ ਇੰਜ ਪਰਮਾਤਮਾਂ ਸਰਬ-ਵਿਆਪਕ ਹੈ ਸਰਬ ਵਿਚ ਵਿਆਪਕ ਹੋਣ ਕਰਕੇ ਸਾਰਿਆਂ ਦੀਆਂ ਮਨ ਬੁਧੀਆਂ, ਹਥਾਂ ਆਦਕਾਂ ਵਿਚ ਵੀ ਸਪ੍ਰਸ਼ (ਛੋਹਿਆ) ਹੋਇਆ ਹੈ ਤਾਂ ਕਿਉਂ ਨਹੀਂ ਕਿਸੇ ਦੇ ਹੱਥਾਂ ਵਿਚ ਕੋਈ ਵਿਸ਼ੇਸ਼ = ਸਿੱਧੀ ਆ ਗਈ ਤੇ ਕਿਉਂ ਨਹੀਂ ਸਭ ਲੋਕਾਂ ਦੇ ਮਨ, ਬੁਧੀ ਸ਼ੁਧ ਹੋ ਗਏ ਕਿਉਂਕਿ ਮੂਰਤੀ ਵਿਚ ਤਾਂ ਕਹਿ ਸਕਦੇ ਹਨ ਕਿ ਕੋਈ ਸ਼ਕਤੀ ਨਹੀਂ ਸੀ, ਪੱਥਰ ਹੀ ਸੀ ਇਸ ਲਈ ਉਸ ਨਾਲ ਸਪ੍ਰਸ਼ ਕਰਨੇ ਸੇ ਕੋਈ ਸਿਧੀ ਪਰਾਪਤ ਨਹੀਂ ਹੋਈ ਤਾਂ ਕੀ ਇਹ ਕਹਿ ਸਕਦੇ ਹਨ ਕਿ ਪਰਮਾਤਮਾਂ ਵਿਚ ਵੀ ਕੋਈ ਸ਼ਕਤੀ ਨਹੀਂ ਸੀ ਜਿਸ ਕਰਕੇ ਪਰਮਾਤਮਾਂ ਨਾਲ ਮਨ ਬੁਧੀ, ਹਥਾਂ ਆਦਕਾਂ ਦਾ ਸਪਰਸ਼ ਹੋਣ ਕਰਕੇ ਵੀ ਕੋਈ ਹਥਾਂ ਮਨ ਬੁਧੀ ਆਦਕਾਂ ਵਿਚ ਸਿਧੀ ਪਰਾਪਤ ਨਹੀਂ ਹੋਈ, ਤਾਂ ਤੇ ਇਥੇ ਇੰਜ ਪਰਮਾਤਮਾਂ ਦੀ ਪੂਜਾ ਭਗਤੀ ਦਾ ਵੀ ਨਿਸ਼ੇਧ ਅਰਥ ਹੋ ਜਾਵੇਗਾ, ਕੇਵਲ ਮੂਰਤੀ ਮਾਤ੍ਰ ਦਾ ਹੀ ਨਹੀ, ਜਾਂ ਇੰਜ ਕਹਿਣਾ ਪਵੇਗਾ ਕਿ ਪ੍ਰਮਾਤਮਾਂ ਸਰਵ ਵਿਆਪਕ ਨਹੀ, ਇਸ ਲਈ ਉਸਦਾ ਕਿਸੇ ਨਾਲ ਸਬੰਧ (ਸਪ੍ਰਸ਼) ਨਹੀਂ ਹੋਇਆ, ਇੰਜ ਕਹਿਣ ਨਾਲ, ਜਲ ਥਲ ਮਹੀਅਲ ਪੂਰਿਆ, ਆਦਕ ਵਾਕਾਂ ਨਾਲ ਵਿਰੋਧ ਹੋਵੇਗਾ ਅਤੇ ਕਿਸੇ ਮਜ਼ਹਬ ਦੀ ਵੀ ਕੋਈ ਅਜਿਹੀ ਚੀਜ ਸਿੱਧ ਨਹੀਂ ਹੁੰਦੀ ਜਿਸਦੇ ਸਪ੍ਰਸ਼ ਮਾਤ੍ਰ ਸੇ ਹੀ ਕੋਈ ਸਿੱਧੀ ਪ੍ਰਾਪਤਿ ਹੋ ਜਾਂਦੀ ਹੋਵੇ, ਜੇਕਰ ਹੋ ਜਾਂਦੀ ਹੋਵੇ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਨੂੰ ਵੀ ਕਿਸੇ ਪਾਠ, ਭਗਤੀ ਆਦਕ ਸਾਧਨ ਕਰਨ ਦੀ ਕੋਈ ਲੋੜ ਨਹੀਂ ਹੋ ਸਕਦੀ।

ਬਾਕੀ ਜੇੜ੍ਹੇ ਮੂਰਤੀ ਪੂਜਕ ਨਹੀਂ ਉਨ੍ਹਾਂ ਵੀ ਕਈਆਂ ਨੂੰ ਸਾਰੀ ਉਮਰ ਹੀ ਹੋ ਗਈ ਹੈ ਪਾਠ ਜਾਂ ਕੋਈ ਹੋਰ ਨਿਯਮ ਕਰਦਿਆਂ ਪ੍ਰੰਤੂ ਉਨ੍ਹਾਂ ਨੂੰ ਕੋਈ ਸਿੱਧੀ ਪ੍ਰਾਪਤਿ ਨਹੀ ਹੋਈ ਤੇ ਨਾਂ ਕੋਈ ਹੋਰ ਤਬਦੀਲੀ ਹੀ ਹੋਈ ਹੈ ਤਾਂ ਉਨ੍ਹਾਂ ਦੇ ਵੀ ਇੰਜ ਪਾਠ ਤੇ ਨਿਯਮ ਆਦਕ ਸਾਰੇ ਹੀ ਇਥੇ ਨਿਸ਼ੇਧ ਹੋ ਜਾਣਗੇ, ਤਾਂ ਤੇ ਉਪ੍ਰੋਕਤ ਜੋ ਅਰਥ ਕੀਤਾ ਹੈ ਕਿ ਦੰਭੀ ਪੂਜਾਰੀਆਂ ਦੀ ਪੂਜਾ ਦਾ ਹੀ ਨਿਸ਼ੇਧ ਹੈ ਵਾਸਤਵ ਸਚੀ ਮੂਰਤੀ ਪੂਜਾ ਦਾ ਇਸ ਵਿਚ ਨਿਸ਼ੇਧ ਸਿੱਧ ਨਹੀਂ ਹੋ ਸਕਦਾ, ਓਹੋ ਹੀ ਠੀਕ ਹੈ ਔਰ ਇਸ ਅਰਥ ਦੀ ਪੁਸ਼ਟੀ ਹੋਰ ਵੀ ਹੁੰਦੀ ਹੈ ਕਿ ਇਨ੍ਹਾਂ ਦੋਹਾਂ ਸਵਯਾਂ ਤੋਂ ਪਹਿਲੇ ਸਵਯੇ ਵਿਚ ਸ੍ਰੀ ਦਸ਼ਮੇਸ਼ ਜੀ ਸਾਫ ਪਖੰਡੀ, ਭੇਖੀਆਂ ਦਾ ਹੀ ਵਰਨਨ ਕਰ ਰਹੇ ਹਨ ਤਾਂ ਤੇ ਇਨ੍ਹਾਂ ਦੋਹਾਂ ਸਵਯਾਂ ਵਿਚ ਵੀ ਪਾਖੰਡ ਭੇਖ ਮਾਤ੍ਰ ਦਾ ਹੀ ਪ੍ਰਸੰਗ ਪਹਿਲੇ ਚਲਿਆ ਹੋਇਆ ਹੋਣ ਕਰਕੇ ਨਿਸ਼ੇਧ ਹੈ ਇਨ੍ਹਾਂ ਤੋਂ ਪਹਿਲਾ ਸਵਯਾ ਇਹ ਹੈ, ਕਾਹੇ ਕੋ ਡਿੰਭ ਕਰੈ ਮਨ ਮੂਰਖ ਡਿੰਭ ਕਰੇ ਆਪਨੀ ਪਤ ਖ੍ਵੈ ਹੈ, ਕਾਹੇ ਕੋ ਲੋਗ ਠਗੈ ਠਗ ਲੋਗਨ ਲੋਕ ਗਯੋ ਪ੍ਰਲੋਕ ਗਵੈ ਹੈਂ, ਦੀਨ ਦਯਾਲ ਕੀ ਠਉਰ ਜਹਾਂ ਤਿਹ ਠਉਰ ਬਿਖੈ ਤੁਹਿ ਠਉਰ ਨ ਐ ਹੈ, ਚੇਤ ਰੇ ਚੇਤ ਅਚੇਤ ਮਹਾਂ ਜੜ੍ਹ ਭੇਖ ਕੇ ਕੀਨੇ ਅਲੇਖ ਨ ਪੈ ਹੈ, ਇਸ ਵਿਚ ਸਪਸ਼ਟ ਹੈ ਕਿ ਡਿੰਭ (ਪਾਖੰਡ) ਕਿਸ ਲਈ ਕਰਦਾ ਹੈ ਤੇ ਕਿਸ ਲਈ ਲੋਕਾਂ ਨੂੰ ਠੱਗਦਾ ਹੈ, ਅਤੇ ਭੇਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਨੂੰ ਵਿਖਲਾਵੇ ਸੋ ਸ਼ਲੋਕ = ਪ੍ਰਮਾਤਮਾਂ ਦੀ ਪ੍ਰਾਪਤੀ ਨਹੀਂ ਤਾਂਤੇ ਕਾਹੇ ਕੋ ਪੂਜਤ ਪਾਹਨ ਕੋ ਆਦਕ ਇਨ੍ਹਾਂ ਦੋਹਾਂ ਸਵਯਾਂ ਵਿਚ ਵੀ ਪਾਖੰਡ, ਭੇਖ ਬਣਾ ਕੇ ਲੋਕਾਂ ਨੂੰ ਠਗਣ ਹਿਤ ਕੀਤੀ ਜਾਂਦੀ ਮੂਰਤੀ ਪੂਜਾ ਦਾ ਹੀ ਨਿਸ਼ੇਧ ਹੈ ਵਾਸਤਵ ਸੱਚੀ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ।

੩੬. ਪ੍ਰਸ਼ਨ—ਸ਼ਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤ ਤੁਲਸੀ ਮਾਲਾ, ਰਾਮ ਨਾਮੁ ਜਪਿ ਬੇੜਾ ਬਾਧਹੁ ਦਇਆ ਕਰਹੁ ਦਇਆਲਾ, ਕਾਹੇ ਕਲਰਾ ਸਿੰਚਹੁ ਜਨਮ ਗਵਾਵਹੁ, ਕਾਚੀ ਢਹਗਿ ਦਿਵਾਲ ਕਾਹੇ ਗਚ ਲਾਵਹੁ, ਬਸੰਤ ਮ: ੧ ਸ਼ਾਲ ਗ੍ਰਾਮ ਤੇ ਬ੍ਰਹਮਨ ਨੂੰ ਪੂਜਦੇ ਮਨਾਉਂਦੇ ਤੇ ਤੁਲਸੀ ਦੀ ਮਾਲਾ ਪਹਿਨ ਕੇ ਪੁੰਨ ਸਮਝਦੇ ਹੋ ਇਹ ਸਭ ਕਲਰ ਹੈ ਕਚੀ ਕੰਧ ਪਾਣੀ ਦੀ ਸਿਲ ਨਾਲ ਡਿਗ ਪਏਗੀ ਤੁਸੀਂ ਜਨਮ ਨਾਂ ਗਵਾਉ ਆਦਕ ਸ਼ਾਲ ਗ੍ਰਾਮ ਮੂਰਤੀ ਪੂਜਾ ਦਾ ਨਿਸ਼ੇਧ ਕੀਤਾ ਹੋਇਆ ਹੈ।

ਉੱਤਰ—ਇਸ ਵਿਚ ਮੂਰਤੀ ਪੂਜਾ ਦਾ ਨਿਸ਼ੇਧ ਨਹੀਂ ਕੀਤਾ ਹੋਇਆ ਕਿੰਤੂ ਇਕ ਬ੍ਰਹਮਣ ਨੂੰ ਉਪਦੇਸ਼ ਕੀਤਾ ਹੋਇਆ ਹੈ ਕਿ, ਹੇ ਬਿਪ = ਬ੍ਰਹਮਣ ਸ਼ਾਲ ਗ੍ਰਾਮ ਨੂੰ ਪੂਜ ਕੇ ਮਨਾਵੋ ਤੇ ਸੁਕ੍ਰਿਤ = ਸ੍ਰਿਸ਼ਟ ਕਰਮ ਕਰੋ ਔਰ ਤੁਲਸੀ ਮਾਲਾ ਦੁਆਰਾ ਰਾਮ ਨਾਮ ਨੂੰ ਜਪ ਕੇ ਆਪਣੇ ਤਰਨ ਲਈ ਬੇੜਾ ਬੰਨ੍ਹੋ ਤੇ ਬੇਨਤੀ ਕਰੋ ਕਿ ਹੇ ਦਯਾਲੂ ਪ੍ਰਮਾਤਮਾਂ ਦਯਾ ਕਰੋ ਇਹ ਨਹੀਂ ਕਿ ਤੁਲਸੀ ਮਾਲਾ ਲੋਕਾਂ ਨੂੰ ਹੀ ਦਿਖਾਉਣ ਵਾਸਤੇ ਗਲ ਵਿਚ ਪਾਈ ਫਿਰੋ, ਉਸ ਨਾਲ ਰਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਮ ਦਾ ਸਿਮਰਨ ਕਰੋ, ਬਾਕੀ ਵਿਸ਼ਿਆਂ ਰੂਪੀ ਕਲਰ ਨੂੰ ਸਿੰਚਨ ਵਿਚ ਹੀ ਕਿਉਂ ਜਨਮ ਗਵਾਉਂਦੇ ਹੋ, ਅਤੇ ਇਹ ਸ਼ਰੀਰ ਰੂਪੀ ਕਚੀ ਕੰਧ ਹੈ ਢਹੈਗੀ ਇਸਨੂੰ ਕਿਉਂ ਵਿਸ਼ੇਸ਼ ਖੀਰਾਂ ਆਦਕ ਖਵਾਉਂਣ ਤੇ ਸ਼ਿੰਗਾਰਨ ਰੂਪ ਗਚ = ਪੁਸ਼ਟੀ ਲਾ ਰਹੇ ਹੋ, ਇਸ ਵਿਚ ਮੂਰਤੀ ਪੂਜਾ ਦੇ ਨਿਸ਼ੇਧ ਦਾ ਕੋਈ ਨਾਮ ਨਿਸ਼ਾਨ ਨਹੀ, ਐਵੇਂ ਤੁਹਾਨੂੰ ਭਾਸ ਗਿਆ ਹੈ।

— ਸੰਪੂਰਨ —

ਗਿਆਨੀ ਗੁਰਚਰਨ ਸਿੰਘ 'ਸਾਖੀ' ਪ੍ਰਿੰਟਰ
ਪਬਲਿਸ਼ਰ ਨੇ ਨਰਿੰਦਰ ਪ੍ਰਿੰਟਿੰਗ ਪ੍ਰੈਸ
ਕਟੜਾ ਰਾਮਗੜੀਆਂ ਅੰਮ੍ਰਿਤਸਰ
ਵਿਚ ਛਾਪੀ ਤੇ ਸ੍ਰੀ ਮੁਰਾਰੀ ਲਾਲ
ਨੇ ਸ੍ਰੀ ਕਰਨਪੁਰ (ਰਾਜਸਥਾਨ)
ਤੋਂ ਪ੍ਰਕਾਸ਼ਤ ਕੀਤੀ।

CC-0. In Public Domain: Gurukul Kangri Collection, Haridwar

Digitized by Arya Samaj Foundation Chennai and eGangotri

ਨਵੀਨ ਧਾਰਮਕ, ਸਮਾਜਕ, ਇਤਹਾਸ ਤੇ
ਰਾਜਨੀਤਕ ਕਵਿਤਾਵਾਂ ਦਾ ਸੰਗ੍ਰਹਿ

ਮੁਸਾਫਰ ਰੀਝਾਂ

ਕਵਿਤਾਵਾਂ ਦੀ ਇਹ ਪੁਸਤਕ ਮਹੰਤ ਭਗਤ ਰਾਮ ਜੀ 'ਮੁਸਾਫਰ' ਨੇ ਠੇਠ ਪੰਜਾਬੀ ਵਿਚ ਲਿਖੀ ਹੈ ਜਿਸ ਵਿਚ ਦੇਸ਼ ਪਿਆਰ, ਦੇਸ਼ ਸੁਧਾਰ, ਫਿਰਕਾਂ ਪ੍ਰਸੱਤੀ ਛੂਤ ਛਾਤ ਤੇ ਭਾਰਤ ਦੇ ਮਜ਼ਦੂਰ ਕ੍ਰਿਸਾਨ ਦੀ ਤਸਵੀਰ ਨੂੰ ਚੰਗੀ ਤਰਾਂ ਉਕਰਿਆ ਹੈ। ਚਾਰ ਸੌ ਵੀਹ ਤੇ ਅਠ ਸੌ ਚਾਲੀ, ਉਹ ਹਕੂਮਤ ਨ ਰਹੀ ਜਿਨ ਸੰਤ ਦੁਖਾਏ, ਆਦੀ ਕਵਿਤਾਵਾਂ ਬੜੀਆਂ ਸੁਵਾਦਲੀਆਂ ਹਨ। ਸਾਰੀ ਪੁਸਤਕ ਪੜੇ ਬਿਨਾ ਛਡਣ ਨੂੰ ਜੀ ਨਹੀਂ ਕਰਦਾ। ਹੇਠ ਲਿਖੇ ਪਤੇ ਤੋਂ ੧॥) ਡੇਢ ਰੁਪੱਯਾ ਭੇਜਕੇ ਮੰਗਾਓ।

ਪਤਾ--ਮੈਨੇਜਰ ਸਪਤਾਹਿਕ ਮਹਾਤਮਾ

ਅਖਾੜਾ ਬ੍ਰਹਿਮ ਬੂਟਾ ਅੰਮ੍ਰਿਤਸਰ

ਪ੍ਰਾਰਥਿਕ—ਮੁਰਾਰੀ ਲਾਲ ਨਾਂਗ ਪਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਖ ਭਗਵਾਨ ਦਾ ਇਕੋ ਇਕ ਅਖਬਾਰ

ਸਪਤਾਹਿਕ **ਮਹਾਤਮਾ** ਅੰਮ੍ਰਿਤਸਰ

ਉਪ੍ਰੋਕਤ ਨਾਉਂ ਦਾ ਅਖਬਾਰ ਪੰਜਾਬੀ ਅਖਰਾਂ ਵਿਚ ਪੰਜ ਸਾਲ ਤੋਂ ਮਹੰਤ ਭਗਤ ਰਾਮ ਜੀ ਮੁਸਾਫਰ ਦੀ ਐਡੀਟਰੀ ਹੇਠ ਨਿਕਲ ਰਿਹਾ ਹੈ ਜਿਸ ਵਿਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਮਿਸ਼ਨ ਦਾ ਪ੍ਰਚਾਰ ਕੀਤਾ ਜਾਂਦਾ ਹੈ ਸਿਖਆ ਦਾਇਕ ਲੇਖ ਕਹਾਣੀਆਂ ਤੇ ਧਾਰਮਿਕ ਪਹਿਲੂ ਤੋਂ ਇਹ ਸਪਤਾਹਿਕ ਅਖਬਾਰਾਂ ਵਿਚੋਂ ਸਭ ਤੋਂ ਅਗੇ ਹੈ ਦੇਸ ਪ੍ਰਦੇਸ ਦੀਆਂ ਖਬਰਾਂ ਤੋਂ ਬਿਨਾ ਦਿਲ ਖਿਚਵੀਆਂ ਕਵਿਤਾਵਾਂ ਭੀ ਹਰ ਹਫਤੇ ਛਾਪੀਆਂ ਜਾਂਦੀਆਂ ਹਨ ਦੇਸ਼ ਕੌਮ ਦੀ ਸੇਵਾ ਲਈ ਇਹ ਸਭ ਤੋਂ ਅਗੇ ਹੈ ਏਸ ਲਈ ਭਾਰਤ ਵਾਸੀ ਨੂੰ ੬) ਰੁਪਏ ਸਾਲ ਦਾ ਚੰਦਾ ਭੇਜ ਕੇ ਮਹਾਤਮਾ ਜਰੂਰ ਮੰਗੌਣਾ ਚਾਹੀਦਾ ਹੈ।

ਦਾਸ ਮੈਨੇਜਰ—ਸੰਤ ਬਿਕ੍ਰਮ ਦਾਸ

ਅਖਬਾਰ ਮਹਾਤਮਾ ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

स्टॉक प्रमाणीकरण १९८४-१९८५

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾਕ ਖਰਚ ਲਈ

ਚਾਰ ਆਨੇ ਭੇਜ ਕੇ ਹੇਠਾਂ ਲਿਖੇ ਪਤਿਆਂ
ਤੋਂ ਇਹ ਪੁਸਤਕ ਮੁਫਤ
ਮੰਗਵਾ ਸਕਦੇ ਹੋ-

—:ਇਸ ਪੁਸਤਕ ਦੇ ਮਿਲਣ ਦੇ ਪਤੇ:—

੧. ਮੁਰਾਰੀ ਲਾਲ ਨਾਂਗਪਾਲ

ਸ੍ਰੀ ਕਰਨ ਪੁਰ (ਰਾਜਸਥਾਨ)

੨. ਗਿਆਨੀ ਗੋਬਿੰਦ ਦਾਸ

ਪ੍ਰਾਚੀਨ ਸ੍ਰੀ ਬਾਬਾ ਸ਼ਿਰੀ ਚੰਦ੍ਰ ਮੰਦਰ
ਕਨਖੱਲ: ਜ਼ਿਲਾ ਸਹਾਰਨਪੁਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

२५ प
२

पुस्तकालय

गुरुकुल कांगड़ी विश्वविद्यालय हरिद्वार

पुस्तक-वितरण की तिथि नीचे अंकित है। इस तिथि सहित १५ वें दिन तक यह पुस्तक पुस्तकालय में वापिस आ जानी चाहिए। अन्यथा ५ नये पैसे प्रतिदिन के हिसाब से विलम्ब दण्ड लगेगा। ४१, २१६

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय, गुरुकुल कांगड़ी विश्वविद्यालय,
हरिद्वार।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar